ਗ਼ਜ਼ਲ਼ ਦੀ ਬਣਤਰ ਅਤੇ ਅਰੂਜ਼

ਪ੍ਰਕਾਸ਼ਿਤ ਪੁਸਤਕਾਂ

- ਮਹਿਕ ਦੇ ਹਸਤਾਖਰ (ਗ਼ਜ਼ਲ-ਸੰਗ੍ਰਹਿ)
- ਤਲਖ਼ ਪਲ (ਗ਼ਜ਼ਲ-ਸੰਗ੍ਰਹਿ)
- ਜਲ-ਤਰੰਗ (ਗ਼ਜ਼ਲ-ਸੰਗ੍ਰਹਿ)
- ਵਿਅੰਗ ਲੀਲਾ (ਇੱਕੋ ਵਿਅੰਗ ਗ਼ਜ਼ਲ-ਸੰਗ੍ਰਹਿ)
- ਚੁੱਪ ਦਾ ਸੰਗੀਤ (ਗ਼ਜ਼ਲ-ਸੰਗ੍ਰਹਿ)
- ਸੋਨੇ ਦੀ ਸਲੀਬ ਤੋਂ (ਗ਼ਜ਼ਲ-ਸੰਗ੍ਰਹਿ)
- ਉਮਰ ਦੇ ਵਰਕੇ (ਗ਼ਜ਼ਲ-ਸੰਗ੍ਰਹਿ)

ਪ੍ਰਕਾਸ਼ਨ-ਅਧੀਨ ਪੁਸਤਕਾਂ

- ਦਾਇਰਿਆਂ ਤੋਂ ਪਾਰ (ਗ਼ਜ਼ਲ-ਸੰਗ੍ਰਹਿ)
- ਰਹਿ ਜਾਂਦੈ ਕੁੱਝ ਅਣ ਕਿਹਾ (ਦੋਹਾ-ਸੰਗ੍ਰਹਿ)

ਗ਼ਜ਼ਲ ਦੀ ਬਣਤਰ ਅਤੇ ਅਰੂਜ਼

ਕ੍ਰਿਸ਼ਨ ਭਨੋਟ

ਪ੍ਰੀਤ ਪਬਲੀਕੇਸ਼ਨ, ਨਾਭਾ

GAZAL DI BANTAR ATE ARUZ
(a book)
by
KRISHAN BHANOT
Surrey Bc V 3 v 6 m 9
Canada

ISBN 978-81-932763-3-4

2017

Price Rs. 350/-

Published by :
Preet Publications
Thuhi Road, 40 No. Phatak, Nabha-147201
Mob. 98141-01312, 98551-00712
Email : preetpublication16@gmail.com

Setting By : Jagtar Raipuria
Mob. 84377-36240, 98149-22098

Printed & Bound at:
Aarna Printing Solutions, Patiala

ਸਮਰਪਣ
ਦੇਸ਼ ਵਿਦੇਸ਼ ’ਚ ਬੈਠੇ ਉਹਨਾਂ ਸਾਰੇ ਜਗਿਆਸੂਆਂ ਦੇ ਨਾਂ,
ਜਿਹੜੇ ਗ਼ਜ਼ਲ ਕਹਿਣਾ ਚਾਹੁੰਦੇ ਹਨ।

ਵਿਸ਼ੇਸ਼ ਧੰਨਵਾਦ

ਮੈਂ ਧੰਨਵਾਦ ਕਰਦਾ ਹਾਂ, ਮੇਰੇ ਅਜ਼ੀਜ਼ ਸ਼ਾਇਰ ਰਾਜਵੰਤ ਰਾਜ ਦਾ, ਜਿਸਨੇ ਮੇਰਾ ਕੰਪਿਊਟਰ ਨਾਲ ਰਿਸ਼ਤਾ ਜੋੜਕੇ, ਸ਼ੋਸ਼ਲ ਮੀਡੀਏ ਨਾਲ ਤੁਆਰਫ਼ ਕਰਵਾਇਆ, ਤੇ ਇਸ ਪੁਸਤਕ ਦਾ ਬਹੁਤਾ ਮੈਟਰ ਆਪ ਟਾਈਪ ਕਰਕੇ ਸੋਧਿਆ।

ਮੈਂ ਧੰਨਵਾਦੀ ਹਾਂ, ਉਹਨਾਂ ਅਜ਼ੀਜ਼ਾਂ ਦਾ, ਜਿਨ੍ਹਾਂ ਦੇ ਸਹਿਯੋਗ ਨਾਲ ਇਹ ਪੁਸਤਕ ਪਾਠਕਾਂ ਦੇ ਹੱਥਾਂ ਤੀਕ ਪਹੁੰਚੀ।

ਆਪਣੀ ਹਮਸਫ਼ਰ ਆਸ਼ਾ ਭਨੋਟ ਤੇ ਬੇਟੀ ਕਮਲਪ੍ਰੀਤ ਦਾ, ਜਿਨ੍ਹਾਂ ਨੇ ਸਾਰੀਆਂ ਘਰੇਲੂ ਜ਼ਿੰਮੇਵਾਰੀਆਂ ਤੋਂ ਮੁਕਤ ਕਰਕੇ, ਮੈਨੂੰ ਲਿਖਦੇ ਰਹਿਣ ਵਾਸਤੇ ਸਮਾਂ ਦਿੱਤਾ।

"ਪ੍ਰੀਤ ਪਬਲੀਕੇਸ਼ਨਜ਼, ਨਾਭਾ' ਦਾ ਜਿਨ੍ਹਾਂ ਨੇ ਬਹੁਤ ਮਿਹਨਤ ਨਾਲ ਇਸ ਪੁਸਤਕ ਦੀ ਪ੍ਰਕਾਸ਼ਨਾਂ ਦਾ ਕਾਰਜ ਸਿਰੇ ਚੜ੍ਹਾਇਆ।

ਉਹਨਾਂ ਅਨੇਕਾਂ ਪਾਠਕਾਂ ਦਾ, ਜਿਨ੍ਹਾਂ ਦੇ ਹੁੰਗਾਰੇ ਤੇ ਉਤਸ਼ਾਹ ਨਾਲ ਇਹ ਪੁਸਤਕ ਲਿਖਣ ਦੇ ਯੋਗ ਹੋਇਆ।

ਮੁੱਖ ਬੰਦ

ਇਹ ਜੋ ਫ਼ਸਲਾਂ ਬੀਜਦੇ, ਯੁਗਾਂ ਤੱਕ ਲਹਿਰਾਣ,
ਲੇਖ਼ਕ ਹੁੰਦੇ ਕੌਮ ਦੇ, ਸ਼ਬਦਾਂ ਦੇ ਕਿਰਸਾਣ

ਸ਼ਬਦਾਂ ਦੀ ਫ਼ਸਲ ਬੀਜਣ ਜਾ ਰਹੇ ਪਿਆਰੇ ਲੇਖ਼ਕ, ਪਾਠਕ ਦੋਸਤੋ, ਤੁਹਾਡੀ ਕਚਹਿਰੀ 'ਚ ਆਪਣੀ ਪੁਸਤਕ "ਗ਼ਜ਼ਲ ਦੀ ਬਣਤਰ ਤੇ ਅਰੂਜ਼" ਲੈ ਕੇ ਪੇਸ਼ ਹੋਇਆਂ ਹਾਂ ਕਿਸੇ ਲੇਖਕ ਦਾ ਆਪਣੇ ਬਾਰੇ ਜਾਂ ਆਪਣੀ ਲਿਖਤ ਬਾਰੇ ਕਹਿਣਾ ਬਹੁਤ ਮੁਸ਼ਕਿਲ ਕਾਰਜ ਹੈ ਆਪਣੇ ਮੁਕੱਦਮੇ ਦੀ ਪੈਰਵਾਈ ਆਪ ਕਰਨ ਵਾਸਤੇ ਕਿਸੇ ਵਕੀਲ ਕੋਲ਼ ਵਿਸ਼ੇਸ਼ ਮੁਹਾਰਤ, ਹਾਜ਼ਿਰ ਜਵਾਬੀ , ਤਰਕ ਬੁੱਧੀ , ਵਿਦਵਤਾ ਤੇ ਪ੍ਰਭਾਵਸ਼ਾਲੀ ਪੇਸ਼ਕਾਰੀ ਜ਼ਰੂਰੀ ਹੈ , ਪਰ ਮੇਰੇ ਕੋਲ਼ ਇਹਨਾਂ ਵਿੱਚੋਂ ਕੋਈ ਵੀ ਗੁਣ ਨਹੀਂ ਜਦ ਵੀ ਕੋਈ ਲਿਖਤ ਪ੍ਰਕਾਸ਼ਿਤ ਹੋ ਜਾਂਦੀ ਹੈ ਤਾਂ ਉਹ ਲੇਖਕ ਦੀ ਨਾ ਰਹਿਕੇ, ਸਮਾਜਿਕ ਕਿਰਤ ਹੋ ਜਾਂਦੀ ਹੈ ਉਸਦੇ ਗੁਣਾਂ-ਔਗੁਣਾਂ ਨੂੰ ਨਿਰਖਣਾ-ਪਰਖਣਾ ਲੇਖਕ ਦਾ ਅਧਿਕਾਰ ਖੇਤਰ ਨਹੀਂ

ਮੇਰੇ ਖ਼ਿਆਲ ਵਿਚ "ਮੁਖਬੰਦ" ਦਾ ਅਰਥ, ਲੇਖਕ ਦਾ ਮੂੰਹ ਬੰਦ ਰਹਿਣਾ ਹੁੰਦਾ ਹੈ, ਕਿਉਂਕਿ ਘੁਮਾਰੀ ਦਾ ਆਪਣੇ ਭਾਂਡੇ ਨੂੰ ਸਰਾਹੁਣਾ, ਕੋਈ ਅਰਥ ਨਹੀਂ ਰੱਖਦਾ। ਲੇਖ਼ਕ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ-

ਸਿਫ਼ਤ ਕਰੇਂਗਾ ਏਸਦੀ , ਤੂੰ ਕਿਸ ਕਿਸ ਦੇ ਕੋਲ਼ ,
ਬੋਲਣ ਦੇ ਖ਼ੁਦ ਲਿਖਤ ਨੂੰ , ਤੂੰ ਹੁਣ ਆਪ ਨਾ ਬੋਲ

ਪਾਠਕਾਂ ਦੇ ਕੋਲ ਤਾਂ ਪੁਸਤਕ ਨੇ ਜਾਣਾ ਹੁੰਦਾ ਹੈ , ਤੇ ਪੁਸਤਕ ਨੇ ਹੀ ਬੋਲਣਾ ਹੁੰਦਾ ਹੈ

ਫ਼ੱਕਰ ਚਿੰਤਕ ਤੇ ਕਵੀ , ਚਿਤਰਕਾਰ , ਗੁਰਮੁੱਖ ,
ਇਹ ਸਭ ਖ਼ੁਸ਼ਬੂ ਵੰਡਦੇ , ਇਹ ਚੰਦਨ ਦੇ ਰੁੱਖ

ਸੋ ਚੰਦਨ ਦੇ ਰੁੱਖਾਂ ਵਰਗੇ ਪਾਠਕ ਤੇ ਲੇਖਕ ਦੋਸਤੋ , ਤੁਹਾਡੇ ਸਾਹਮਣੇ ਇਹ "ਥੋਹਰ" ਆਪਣਾ ਤੁਆਰਫ਼ ਕਿਸ ਤਰ੍ਹਾਂ ਕਰਵਾਏ

ਸਭ ਤੋਂ ਪਹਿਲਾਂ ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਇਲਮ -ਅਰੂਜ਼ ਜਾਂ ਪਿੰਗਲ ਬਾਰੇ ਜਾਣਕਾਰੀ ਹੋਣ ਨਾਲ ਹੀ ਕੋਈ ਵਿਅਕਤੀ ਸ਼ਾਇਰ ਨਹੀਂ ਬਣ ਜਾਂਦਾ, ਸ਼ਾਇਰੀ ਤਾਂ ਹਰ ਵਿਅਕਤੀ ਦੇ ਲਹੂ 'ਚ ਰਚੀ ਵਸੀ ਹੁੰਦੀ ਹੈ ਇਸ ਤੋਂ ਵੀ ਜ਼ਰੂਰੀ ਗੱਲ ਹੈ ਕਿ ਪਿੰਗਲ ਜਾਂ ਅਰੂਜ਼ ਦੀ ਮੁਹਾਰਤ ਹੋਣੀ ਸਿਰਫ਼ ਸ਼ਾਇਰ ਵਾਸਤੇ ਹੀ ਜ਼ਰੂਰੀ ਹੈ, ਪਾਠਕ ਜਾਂ ਸਰੋਤੇ ਦਾ ਵਜ਼ਨ-ਬਹਿਰ ਨਾਲ ਕੋਈ ਮਤਲਬ ਨਹੀਂ, ਉਸ ਤੇ ਤਾਂ ਤੁਹਾਡੇ ਖ਼ਿਆਲ ਦੀ ਪੇਸ਼ਕਾਰੀ ਦਾ ਅਸਰ ਹੀ ਪੈਣਾ ਹੈ

ਅਰੂਜ਼ ਜਾਂ ਪਿੰਗਲ ਸ਼ਾਇਰੀ ਦਾ ਇਕ ਅੰਗ ਤਾਂ ਹੈ, ਮੁਕੰਮਲ ਸ਼ਾਇਰੀ ਨਹੀਂ ਮੇਰੇ ਵਰਗੇ ਕੁੱਝ ਨਾਅਹਿਲ ਅਰੂਜ਼ ਦੇ ਕੁੱਝ ਨੁਕਤੇ ਸਿੱਖ ਕੇ ਜਲਦੀ ਸ਼ੁਹਰਤ ਹਾਸਿਲ ਕਰਨ ਵਾਸਤੇ ਕਾਹਲੇ ਪੈ ਜਾਂਦੇ ਨੇ ਸ਼ਾਇਰੀ ਦਾ ਜੋ ਹਸ਼ਰ ਹੁੰਦੈ ਉਹ ਇਹ ਕਿ-

ਕੁੱਝ ਇਕ ਇਲਮ ਅਰੂਜ ਦੇ , ਵੱਟੇ ਆਪਣੇ ਕੋਲ਼ ,
ਸ਼ਿਅਰ ਨਹੀਂ ਤਾਂ ਨਾ ਸਹੀ ਵੱਟੇ ਦਈਏ ਤੋਲ

ਪਿਆਰੇ ਦੋਸਤੋ, ਵਜ਼ਨ -ਬਹਿਰ ਤਾਂ ਇਕ ਬਰਤਨ ਹੈ, ਇਸ ਬਰਤਨ ਵਿਚ ਪਰੋਸਣਾ ਕੀ ਹੈ , ਅਹਿਮੀਅਤ ਉਸਦੀ ਹੈ ਜੇ ਸੋਨੇ ਦੇ ਬਰਤਨ 'ਚ ਗੋਬਰ ਪਰੋਸ ਦਿੱਤਾ ਜਾਵੇ, ਤਾਂ ਉਸਨੂੰ ਕੌਣ ਮੂੰਹ ਲਾਵੇਗਾ

ਇਲਮ -ਅਰੂਜ਼ ਬਾਰੇ ਲਿਖਣਾ ਭਾਵੇਂ ਕੋਈ ਸਿਰਜਣਾਤਮਕ ਕਾਰਜ ਤਾਂ ਨਹੀਂ, ਪਰ ਪੁਰਖਿਆਂ ਵੱਲੋਂ ਮਿਲਿਆ ਗਿਆਨ ਆਉਂਦੀਆਂ ਪੀੜ੍ਹੀਆਂ ਨੂੰ ਦੇਣਾ, ਸਾਡੀ ਨੈਤਿਕ ਜ਼ਿੰਮੇਵਾਰੀ ਹੈ ਮਰਹੂਮ ਜੋਗਿੰਦਰ ਸਿੰਘ ਜੀ, ਡਾ : ਸਾਧੂ ਸਿੰਘ ਹਮਦਰਦ ਜੀ, ਠਾਕੁਰ ਭਾਰਤੀ ਜੀ , ਡਾ. ਨਰੇਸ਼ ਜੀ, ਦੀਪਕ ਜੈਤੋਈ ਜੀ ਤੇ ਸੁਲੱਖਣ ਸਰਹੱਦੀ ਸਾਹਿਬ, ਡਾ. ਐਸ ਤਰਸੇਮ ਜੀ, ਅਮਰਜੀਤ ਸੰਧੂ ਸਾਹਿਬ ਦੀਆਂ ਪਿੰਗਲ ਤੇ ਅਰੂਜ਼ ਸਬੰਧੀ ਪੁਸਤਕਾਂ, ਮੇਰੀ ਨਜ਼ਰ 'ਚੋਂ ਲੰਘੀਆਂ ਹਨ , ਇਹਨਾਂ ਸਾਰੀਆਂ ਸ਼ਖ਼ਸ਼ੀਅਤਾਂ ਦਾ ਅਹਿਮ ਯੋਗਦਾਨ ਹੈ।

ਕ੍ਰਿਸ਼ਨ ਭਨੋਟ

ਸਵੈ-ਕਥਨ

"ਘੋਲ-ਕਿਤਾਬਾਂ ਪੀ ਗਿਆ, ਨਾ ਮਿਲਿਆ ਧਰਵਾਸ,
ਜਿਸ ਨੂੰ ਲੱਗੀ ਗਿਆਨ ਦੀ, ਕਦ ਬੁਝਦੀ ਹੈ ਪਿਆਸ"

ਪਿਆਰੇ ਦੋਸਤੋ ਮੈਂ ਲੁਧਿਆਣੇ ਜ਼ਿਲ੍ਹੇ ਦੇ ਨਿੱਕੇ ਜਿਹੇ ਪਰ ਇਤਿਹਾਸਕ ਮਹੱਤਤਾ ਵਾਲੇ ਪਿੰਡ ਭੈਣੀ ਸਾਹਿਬ ਦਾ ਜੰਮ-ਪਲ ਹਾਂ ਭੈਣੀ ਸਾਹਿਬ ਪਿੰਡ ਕੂਕਾ ਲਹਿਰ ਦੇ ਬਾਨੀ ਬਾਬਾ ਰਾਮ ਸਿੰਘ ਕਰਕੇ ਜਾਣਿਆ ਜਾਂਦਾ ਹੈ ਕਿਤਾਬਾਂ ਪੜ੍ਹਨ ਦੀ ਰੁਚੀ ਦਾ ਜਨਮ ਸ਼ਾਇਦ ਮੇਰੇ ਨਾਲ ਹੀ ਹੋ ਗਿਆ ਹੋਵੇ ਪ੍ਰਾਇਮਰੀ ਸਕੂਲ ਦਾ ਵਿਦਿਆਰਥੀ ਹੁੰਦਿਆਂ ਹੀ ਜਦ ਮੈਂ ਅੱਖਰ ਉਠਾਲਣ ਜੋਗਾ ਹੋਇਆ ਤਾਂ ਘਰ ਵਿਚ ਪਈਆਂ ਧਾਰਮਿਕ ਕਿਤਾਬਾਂ ਗੀਤਾ, ਰਮਾਇਣ, ਮਹਾਂਭਾਰਤ ਦੇ ਅੱਖਰਾਂ ਨਾਲ ਖੇਡਣ ਲੱਗ ਪਿਆ, ਭਾਵੇਂ ਮੈਨੂੰ ਇਹਨਾਂ ਮਹਾਨ ਗਰੰਥਾਂ ਦੇ ਅਰਥਾਂ ਦਾ ਕੋਈ ਗਿਆਨ ਨਹੀਂ ਸੀ

ਹਾਈ ਸਕੂਲ ਪੜ੍ਹਦਿਆਂ ਸਕੂਲ ਵਿਚ ਆਉਂਦੇ ਬੱਚਿਆਂ ਦੇ ਰਸਾਲਿਆਂ ਨਾਲ ਵਾਹ ਪਿਆ ਸਕੂਲ ਦੀ ਲਾਇਬ੍ਰੇਰੀ 'ਚੋਂ ਮਿਲਦੀਆਂ ਕਿਤਾਬਾਂ ਦਾ ਅਜਿਹਾ ਭੁਸ ਪਿਆ ਕਿ ਮੈਂ ਕਿਤਾਬੀ ਕੀੜਾ ਹੀ ਬਣ ਗਿਆ ਇਨ੍ਹਾਂ ਦਿਨਾਂ ਵਿਚ ਹੀ ਪੰਜਾਬੀ ਲਿਖਾਰੀ ਸਭਾ ਰਾਮਪੁਰ ਵੱਲੋਂ ਪ੍ਰਕਾਸ਼ਿਤ ਬਾਲ-ਸਾਹਿਤ ਬਾਰੇ ਪੁਸਤਕ 'ਮਹਾਨ ਬੱਚੇ' ਮੇਰੇ ਹੱਥ ਲੱਗ ਗਈ ਉਸ ਕਿਤਾਬ ਨੇ ਮੈਨੂੰ ਇੰਨਾ ਪ੍ਰਭਾਵਿਤ ਕੀਤਾ ਕਿ ਮੈਂ ਉਹ ਅਨੇਕਾਂ ਵਾਰੀ ਪੜ੍ਹੀ ਇਨ੍ਹਾਂ ਸਮਿਆਂ ਦੌਰਾਨ ਪਤਾ ਨਹੀਂ ਕਦੋਂ ਮੇਰੀ ਕਲ਼ਮ ਅੱਖਰਾਂ ਨਾਲ ਖੇਡਣ ਲੱਗ ਪਈ ਤੇ ਮੈਂ ਆਪ ਗੀਤ ਕਵਿਤਾਵਾਂ ਲਿਖਣ ਲੱਗ ਪਿਆ

ਕਾਲਜ ਪੜ੍ਹਦਿਆਂ ਕਾਲਜ ਦੇ ਸਾਹਿਤਕ ਮਾਹੌਲ ਕਾਰਨ ਲਿਖਣ ਦਾ ਜਨੂੰਨ ਹੋਰ ਜ਼ੋਰ ਫੜ ਗਿਆ ਮੇਰੀਆਂ ਰਚਨਾਵਾਂ ਕਾਲਜ ਦੇ ਮੈਗਜ਼ੀਨ ਵਿਚ ਛਪਣ ਤੋਂ ਇਲਾਵਾ ਨਿੱਕੇ ਮੋਟੇ ਰਸਾਲਿਆਂ ਅਖ਼ਬਾਰਾਂ ਵਿਚ ਵੀ ਛਪਣ ਲਗ ਪਈਆਂ ਇਉਂ ਲਿਖਣ ਦਾ ਹੌਸਲਾ ਹੋਰ ਵੱਧ ਗਿਆ

ਮੇਰੇ ਰਾਜਨੀਤਕ ਵਿਗਿਆਨ ਦੇ ਪ੍ਰੋਫੈਸਰ ਹਮਦਰਦਵੀਰ ਨੌਸ਼ਹਿਰਵੀ

(ਜਿਹੜੇ ਕਿ ਆਪ ਕਹਾਣੀਕਾਰ ਤੇ ਕਵੀ ਹਨ) ਰਾਹੀਂ ਮੈਂ ਪੰਜਾਬੀ ਲਿਖਾਰੀ ਸਭਾ ਰਾਮਪੁਰ ਨਾਲ ਜੁੜਿਆ ਪੰਜਾਬੀ ਲਿਖਾਰੀ ਸਭਾ ਰਾਮਪੁਰ ਪੰਜਾਬ ਵਿਚ ਸਥਾਪਤ ਸਭ ਤੋਂ ਪਹਿਲੀਆਂ ਸਾਹਿਤ ਸਭਾਵਾਂ ਵਿਚੋਂ ਇਕ ਹੈ , ਜਿਹੜੀ ਕਿ 1953 ਤੋਂ ਹੀ ਲੇਖਕਾਂ ਦੀ ਅਗਵਾਈ ਕਰਦੀ ਆ ਰਹੀ ਹੈ

ਪੰਜਾਬੀ ਲਿਖਾਰੀ ਸਭਾ ਰਾਮਪੁਰ ਵਿਚ ਪੰਜਾਬ ਦੇ ਸਿਰ-ਕੱਢ ਬੁੱਧੀ-ਜੀਵੀ, ਚਿੰਤਕ, ਕਵੀ, ਕਹਾਣੀਕਾਰ ਤੇ ਨਾਵਲਕਾਰਾਂ ਦਾ ਆਉਣ ਜਾਣ ਲੱਗਿਆ ਰਹਿੰਦਾ ਸੀ ਇਹ ਬੁੱਧੀ-ਜੀਵੀਆਂ ਦੀ ਸੁਹਬਤ ਨੇ ਮੇਰੀ ਲਿਖਣੀ ਨੂੰ ਸੇਧ ਦਿੱਤੀ ਨਿਖਾਰਿਆ, ਸੰਵਾਰਿਆ ਸ਼ੁਰੂ ਵਿਚ ਮੈਂ ਨਜ਼ਮ, ਗੀਤ, ਰੁਬਾਈ ਕਾਵਿ ਰੂਪਾਂ ਤੇ ਹੱਥ ਆਜ਼ਮਾਇਆ ਕੁੱਝ ਦੇਰ ਕਹਾਣੀ ਤੇ ਵੀ ਕਲ਼ਮ ਅਜ਼ਮਾਈ

ਇਤਫ਼ਾਕ ਨਾਲ ਉਨ੍ਹਾਂ ਦਿਨਾਂ ਵਿਚ ਪੰਜਾਬੀ ਦੇ ਕੁੱਝ ਨਾਮਵਰ ਗ਼ਜ਼ਲਗੋ ਜਿਨ੍ਹਾਂ ਵਿਚ ਅਜਾਇਬ ਚਿੱਤਰਕਾਰ, ਕੁਲਵੰਤ ਨੀਲੋਂ, ਮਹਿੰਦਰ ਦੀਪ ਗਰੇਵਾਲ, ਮਹਿੰਦਰ ਰਾਮਪੁਰੀ, ਰਾਮਨਾਥ ਸਰਵਰ ਪੰਜਾਬੀ ਲਿਖਾਰੀ ਸਭਾ ਦੇ ਸਰਗਰਮ ਮੈਂਬਰ ਸਨ ਇਨ੍ਹਾਂ ਤੋਂ ਇਲਾਵਾ ਸੁਰਜੀਤ ਰਾਮਪੁਰੀ, ਇੰਦਰਜੀਤ ਹਸਨਪੁਰੀ, ਸੁਖਮਿੰਦਰ ਰਾਮਪੁਰੀ, ਸੁਰਜੀਤ ਖੁਰਸ਼ੀਦੀ ਵਗੈਰਾ ਪੰਜਾਬੀ ਦੇ ਸਥਾਪਤ ਕਵੀਆਂ ਨਾਲ ਮਿਲਣ ਬੈਠਣ ਦਾ ਸੁਭਾਗ ਪ੍ਰਾਪਤ ਹੋਇਆ

ਉਪਰੋਕਤ ਗ਼ਜ਼ਲਗੋ ਜਦੋਂ ਆਪਣੀਆਂ ਗ਼ਜ਼ਲਾਂ ਪੜ੍ਹਦੇ ਤਾਂ ਮੈਂ ਇਨ੍ਹਾਂ ਦੀ ਸ਼ਾਇਰੀ ਦੇ ਜਾਦੂ ਨਾਲ ਮੰਤਰ-ਮੁਗਧ ਹੋ ਜਾਂਦਾ ਸ਼ਾਇਰੀ ਦੇ ਵਿਸਮਾਦ ਵਿਚ ਮੇਰੀ ਇਹ ਹਾਲਤ ਹੋ ਜਾਂਦੀ,

"ਮਨ ਤੇ ਤਾਰੀ ਹੋ ਗਿਆ, ਸ਼ਿਅਰਾਂ ਦਾ ਵਿਸਮਾਦ,
ਬੁੱਲ੍ਹ ਫਰਕਦੇ ਰਹਿ ਗਏ, ਕੀਕਣ ਦਿੰਦੇ ਦਾਦ"

ਜੇ ਪ੍ਰਕਾਸ਼ਿਤ ਪੁਸਤਕਾਂ ਦੀ ਗੱਲ ਕਰਨੀ ਹੋਵੇ ਤਾਂ ਹੁਣ ਤੱਕ ਮੇਰੀਆਂ ਗ਼ਜ਼ਲ ਦੀਆਂ ਸੱਤ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ ਇਸ ਤੋਂ ਇਲਾਵਾ ਇਕ ਗ਼ਜ਼ਲ ਸੰਗ੍ਰਿਹ ਅਤੇ ਦੋਹਿਆਂ ਦੀ ਇਕ ਪੁਸਤਕ ਪ੍ਰਕਾਸ਼ਨਾ ਅਧੀਨ ਹਨ ਅਨੇਕਾਂ ਗ਼ਜ਼ਲ ਸੰਗ੍ਰਿਹਾਂ ਵਿਚ ਗ਼ਜ਼ਲਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ ਪੰਜਾਬੀ ਵਿਚ ਛਪੇ ਅਨੇਕ ਗ਼ਜ਼ਲ ਸੰਗ੍ਰਿਹਾਂ ਦੇ ਮੁੱਖ-ਬੰਧ ਲਿਖਣ ਦਾ ਸੁਭਾਗ ਪ੍ਰਾਪਤ ਹੋਇਆ ਹੈ ਗ਼ਜ਼ਲ ਦੇ ਵਿਧੀ ਵਧਾਨ ਬਾਰੇ ਵੀ ਕੁੱਝ ਆਰਟੀਕਲ ਸਮੇਂ ਸਮੇਂ ਤੇ ਅਖ਼ਬਾਰਾਂ ਤੇ ਰਸਾਲਿਆਂ ਵਿਚ ਛਪੇ ਹਨ ਗਾਹੇ ਬਗਾਹੇ ਕਿਸੇ ਨਾ ਕਿਸੇ ਗ਼ਜ਼ਲ ਸੰਗ੍ਰਿਹ ਬਾਰੇ ਪੇਪਰ ਲਿਖਣ ਦਾ ਮੌਕਾ ਵੀ ਮਿਲਦਾ ਰਹਿੰਦਾ ਹੈ ਪੰਜਾਬ ਦੀਆਂ ਕਈ ਸਾਹਿਤ ਸਭਾਵਾਂ ਵਿਚ ਗ਼ਜ਼ਲ ਬਾਰੇ ਵਰਕਸ਼ਾਪ ਲਾਉਣ ਦਾ ਸੁਭਾਗ ਵੀ ਪ੍ਰਾਪਤ ਹੋਇਆ ਹੈ

ਕੁੱਝ ਗ਼ਜ਼ਲ ਲਿਖਣ ਦੇ ਚਾਹਵਾਨ ਮੈਥੋਂ ਸਲਾਹ ਲੈਣ ਦਾ ਮਾਣ ਵੀ ਮੈਨੂੰ ਦਿੰਦੇ ਰਹੇ ਹਨ ਅਤੇ ਉਹਨਾਂ ਵਿਚੋਂ ਕਈਆਂ ਨੇ ਅੱਜ ਗ਼ਜ਼ਲ ਵਿਚ ਆਪਣਾ

ਚੰਗਾ ਨਾਂ ਵੀ ਬਣਾ ਲਿਆ ਹੈ ਇਹਨਾਂ ਵਿਚੋਂ ਕਈ ਕਵੀ ਮੈਨੂੰ ਗਾਹੇ ਬਗਾਹੇ ਗ਼ਜ਼ਲ ਤੇ ਅਰੂਜ਼ ਬਾਰੇ ਆਪਣੇ ਅਨੁਭਵ ਲਿਖਣ ਲਈ ਪ੍ਰੇਰਦੇ ਰਹਿੰਦੇ ਹਨ ਉਹਨਾਂ ਦਾ ਹੁਕਮ ਮੰਨਦੇ ਹੋਏ ਮੈਂ ਇਹ ਯਤਨ ਕਰ ਰਿਹਾ ਹਾਂ ਅਤੇ ਇਸ ਬਾਰੇ ਕੁੱਝ ਆਰਟੀਕਲ ਲਿਖ ਰਿਹਾ ਹਾਂ

ਦੋਸਤੋ ਮੈਂ ਤਾਂ ਖੁਦ ਵੀ ਸਿਖਿਆਰਥੀ ਹਾਂ ਗ਼ਜ਼ਲ ਮੇਰਾ ਪੈਸ਼ਨ ਹੈ ਪ੍ਰੋਫੈਸ਼ਨ ਨਹੀਂ ਅਰੂਜ਼ ਦਾ ਗਿਆਨ ਅਸੀਂ ਆਪਣੇ ਪੁਰਖ਼ਿਆਂ ਤੋਂ ਪ੍ਰਾਪਤ ਕੀਤਾ ਹੈ ਵਿਅਕਤੀਗਤ ਤੌਰ ਤੇ ਵੀ ਤੇ ਕਿਤਾਬਾਂ ਰਾਹੀਂ ਵੀ ਜੇ ਮੈਂ ਇਹ ਪੁਰਖ਼ਿਆਂ ਦਾ ਗਿਆਨ ਆਪਣੀਆਂ ਆਉਣ ਵਾਲੀਆਂ ਨਸਲਾਂ ਤੱਕ ਪਹੁੰਚਾ ਸਕਾਂ ਤਾਂ ਇਹ ਮੇਰੇ ਲਈ ਸੁਭਾਗ ਦੀ ਗੱਲ ਹੋਵੇਗੀ ਪੁਰਖ਼ਿਆਂ ਵੱਲੋਂ ਪ੍ਰਾਪਤ ਗਿਆਨ ਆਪਣੇ ਤੱਕ ਹੀ ਸੀਮਤ ਰੱਖਣਾ ਸਾਹਿਤਿਕ ਬੇਈਮਾਨੀ ਹੋਵੇਗੀ ਤੇ ਨਾਲ ਹੀ ਜਿਨ੍ਹਾਂ ਕੋਲੋਂ ਮੈਂ ਇਹ ਗਿਆਨ ਸਿੱਖਿਆ ਹੈ ਉਹਨਾਂ ਨਾਲ ਵੀ ਅਕ੍ਰਿਤਘਣਤਾ ਹੋਵੇਗੀ ਖਾਸ ਕਰਕੇ ਉਦੋਂ ਜਦੋਂ ਸਾਡੇ ਕੋਲ ਆਪਣੇ ਖ਼ਿਆਲ ਪ੍ਰਗਟ ਕਰਨ ਦਾ ਹੁਨਰ ਹੋਵੇ ਜੇ ਗਿਆਨ ਪ੍ਰਾਪਤ ਕਰਨ ਲਈ ਅਸੀਂ ਸੌ ਤਰੱਦਦ ਕਰ ਸਕਦੇ ਹਾਂ ਤਾਂ ਗਿਆਨ ਵੰਡਣ ਵਾਸਤੇ ਕਿਉਂ ਨਹੀਂ

"ਏਸ ਨੂੰ ਵੰਡੋ ਨਹੀਂ ਤਾਂ ਸਾੜ ਦੇਵੇਗੀ ਤੁਹਾਨੂੰ,
ਲੋਚਦੇ ਹੋ ਰੌਸ਼ਨੀ ਆਪਣੇ ਮਨਾਂ ਵਿਚ ਬੰਦ ਕਰਨਾ"

ਸਾਡੇ ਸਭਿਆਚਾਰ ਵਿਚ ਸਪੁੱਤਰ ਉਸ ਨੂੰ ਸਮਝਿਆ ਜਾਂਦਾ ਹੈ ਜਿਹੜਾ ਆਪਣੇ ਵਿਰਸੇ ਵਿਚ ਮਿਲੀ ਜਾਇਦਾਦ ਨੂੰ ਨਾ ਸਿਰਫ਼ ਸਾਂਭੇ ਸਗੋਂ ਉਸ ਵਿਚ ਆਪਣਾ ਬਣਦਾ ਯੋਗਦਾਨ ਪਾ ਕੇ ਆਪਣੀਆਂ ਅਗਲੀਆਂ ਨਸਲਾਂ ਨੂੰ ਦੇਵੇ

ਇਹ ਮੇਰੀ ਧਾਰਨਾ ਨਹੀਂ ਕਿ ਮੈਂ ਆਪਣੀਆਂ ਲਿਖ਼ਤਾਂ ਰਾਹੀਂ ਮਾਂ ਬੋਲੀ ਦੀ ਕੋਈ ਸੇਵਾ ਕਰ ਰਿਹਾਂ ਸਾਨੂੰ ਮਾਂ ਬੋਲੀ ਨੇ ਸ਼ਬਦਾਂ ਦੀ ਅਥਾਹ ਪੂੰਜੀ ਬਖ਼ਸ਼ੀ ਹੈ ਮੈਂ ਤਾਂ ਬਸ ਆਪਣੇ ਵਿਚਾਰ ਲਿਖ ਕੇ ਆਪਣੀ ਮਾਂ ਬੋਲੀ ਦਾ ਕਰਜ਼ਾ ਉਤਾਰ ਰਿਹਾ ਹਾਂ

ਅਰਬੀ ਜ਼ੁਬਾਨ ਵਿਚ ਹੋਣ ਕਰਕੇ, ਗ਼ਜ਼ਲ ਦੇ ਤਕਨੀਕੀ ਸ਼ਬਦ ਪੜ੍ਹਨ ਵਾਸਤੇ ਤੇ ਚੇਤੇ ਰੱਖਣ ਵਾਸਤੇ ਥੋੜੇ ਔਖੇ ਲਗਦੇ ਹਨ ਤੁਹਾਡੀ ਸਹੂਲਤ ਵਾਸਤੇ ਮੈਂ ਅਰੂਜ਼ ਦੇ ਕੁੱਝ ਔਖੇ ਸ਼ਬਦਾਂ ਨੂੰ ਛੰਦ-ਬਧ ਕਰਕੇ ਕਾਵਿਕ ਰੂਪ ਦਿੱਤਾ ਹੈ ਜਿਹੜਾ ਪੜ੍ਹਦਿਆਂ ਹੀ ਤੁਹਾਨੂੰ ਯਾਦ ਹੋ ਜਾਵੇਗਾ ਕਵਿਤਾ ਤੁਹਾਡੇ ਆਪਣੇ ਲਹੂ 'ਚ ਰਚੀ ਬਸੀ ਹੈ ਜਿਸ ਨੇ ਮੌਕਾਂ ਪਾ ਕੇ ਫੁੱਟ ਨਿਕਲਣਾ ਹੈ , ਮੈਂ ਤਾਂ ਤੁਹਾਨੂੰ ਰਸਤਾ ਹੀ ਦੱਸ ਸਕਦਾ ਹਾਂ ਕਵੀ ਤਾਂ ਤੁਸੀਂ ਪਹਿਲਾਂ ਹੀ ਹੋ , ਤੁਹਾਨੂੰ ਕਵੀ ਬਣਾਉਣਾ ਮੇਰੇ ਹੱਥ-ਵੱਸ ਨਹੀਂ ਸ਼ਬਦ ਖ਼ਿਆਲ ਉਡਾਰੀ ਤਾਂ ਤੁਹਾਡੇ ਕੋਲ ਹੈ ਫਿਰ ਚਲੋ ਇਸ ਨੂੰ ਗ਼ਜ਼ਲ ਦਾ ਰੂਪ ਦੇਈਏ

"ਕਹਿੰਦੇ ਨੇ ਇਸ ਨੂੰ ਗ਼ਜ਼ਲ, ਸੋਹਣੇ ਸੂਖਮ ਖ਼ਿਆਲ,
ਜੜਨੇ ਬਸ ਤਰਤੀਬ ਵਿਚ, ਸ਼ਬਦ ਸਲੀਕੇ ਨਾਲ
ਖੰਭ ਕਦੇ ਨਾ ਆਪਣੇ ਆਪ ਉਡਾਰੀ ਲਾਣ
ਉੱਡਣ ਦੀ ਇੱਛਾ ਭਰੇ, ਖੰਭਾਂ ਦੇ ਵਿਚ ਤਾਣ

ਪਾਠਕ ਅਤੇ ਸਰੋਤਿਆਂ ਕੋਲੋਂ ਹੋਈ ਦੂਰ,
ਪੰਜਾਬੀ ਕਵਿਤਾ ਰਹੀ ਹੁਣ ਕਵੀਆਂ ਤੇ ਝੂਰ

ਆਧੁਨਿਕ ਪੰਜਾਬੀ ਕਵਿਤਾ ਦਾ ਦੁਖਾਂਤ

ਪਿਆਰੇ ਦੋਸਤੋ ਜੇ ਅਸੀਂ ਪੰਜਾਬੀ ਕਵਿਤਾ ਦੇ ਇਤਿਹਾਸ ਤੇ ਝਾਤ ਮਾਰੀਏ ਤਾਂ, ਭਗਤ ਬਾਣੀ ਜੋ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਉਹ ਸਾਰੀ ਰਾਗਾਂ ਤੇ ਅਧਾਰਿਤ ਹੈ , ਭਾਵ ਛੰਦ -ਬਧ ਰੂਪ ਵਿਚ ਹੈ ਰਾਗਾਂ ਤੇ ਅਧਾਰਤ ਹੋਣ ਕਰਕੇ ਹੀ ਉਹ ਗਾਈ ਜਾ ਸਕਦੀ ਹੈ ਗੁਰਬਾਣੀ ਦੀ ਇਸੇ ਖ਼ੂਬੀ ਨੇ ਕਈ ਰਾਗੀ ਪੈਦਾ ਕੀਤੇ ਹਨ

ਇਸ ਦੇ ਮਗਰੋਂ ਪੰਜਾਬੀ ਕਵਿਤਾ ਵਿਚ ਕਿੱਸਾ-ਕਾਰੀ ਦਾ ਦੌਰ ਆਰੰਭ ਹੁੰਦਾ ਹੈ ਪੰਜਾਬ ਦੇ ਸਾਰੇ ਕਿੱਸੇ ਛੰਦਾਂ ਵਿਚ ਰਚੇ ਹੋਏ ਹਨ ਛੰਦਾਂ ਵਿਚ ਰਚੇ ਹੋਣ ਕਰਕੇ ਬਹੁਤੇ ਪੰਜਾਬੀ ਕਿੱਸੇ ਲੋਕਾਂ ਦੇ ਮੂੰਹ ਤੇ ਚੜ੍ਹੇ ਹੋਏ ਹਨ ਹਾਲ਼ੀ ਹਲ਼ ਵਾਹੁੰਦਿਆਂ, ਚਰਵਾਹਾ ਡੰਗਰ ਚਾਰਦੇ ਹੋਏ, ਅਤੇ ਰਾਹੀ ਰਾਹ ਨਿਬੇੜਦੇ ਹੋਇਆਂ ਤੇ ਗਰਮੀਆਂ ਦੀਆਂ ਲੰਮੀਆਂ ਦੁਪਹਿਰਾਂ ਨੂੰ ਪਿੰਡਾਂ ਦੀਆਂ ਸੱਥਾਂ ਵਿਚ ਜਦੋ ਕੋਈ ਲੋਕ-ਗਵੱਈਆਂ ਆਪਣੇ ਕੰਨ ਤੇ ਹੱਥ ਰੱਖ ਕੇ ਆਪਣੀ ਹਿੱਕ ਦੇ ਜ਼ੋਰ ਕੋਈ ਪ੍ਰਸੰਗ ਛੋਂਹਦਾ, ਤਾਂ ਸਰੋਤਿਆਂ ਦਾ ਥਕੇਵਾਂ ਲਹਿ ਜਾਂਦਾ ਸੀ

ਇਸੇ ਤਰ੍ਹਾਂ ਹੀ ਸਾਡੇ ਸੂਫ਼ੀ ਕਵੀਆਂ ਦੀ ਸਾਰੀ ਕਵਿਤਾ ਛੰਦਾਂ-ਬੰਦੀ ਵਿਚ ਹੁੰਦੀ ਸੀ ਅਧਿਆਤਮਵਾਦ ਦੇ ਗੰਭੀਰ ਰਹੱਸਾਂ ਨੂੰ ਸੂਫ਼ੀ ਕਵੀ ਸਹਿਜੇ ਹੀ ਆਪਣੀ ਕਵਿਤਾ ਵਿਚ ਢਾਲ਼ ਲੈਂਦੇ ਸਨ ਸਧਾਰਣ ਲੋਕ ਵੀ ਅਧਿਆਤਮ ਵਾਦ ਦੇ ਗੰਭੀਰ ਰਹੱਸਾਂ ਨੂੰ ਸਮਝ ਲੈਂਦੇ ਸਨ

ਅੱਜ ਤੋਂ ਅੱਧੀ ਸਦੀ ਪਹਿਲਾਂ ਸਟੇਜੀ ਕਵੀਆਂ ਦਾ ਬੋਲ-ਬਾਲਾ ਰਿਹਾ ਹੈ ਇਹ ਸਟੇਜੀ ਕਵੀ ਪਿੰਡਾਂ ਵਿਚ ਲਾਈਆਂ ਖੁੱਲ੍ਹੀਆਂ ਸਟੇਜਾਂ ਤੇ ਆਪਣੀਆਂ ਕਵਿਤਾਵਾਂ ਪੜ੍ਹਦੇ ਸਨ ਅਤੇ ਸਰੋਤਿਆਂ ਨੂੰ ਝੂਮਣ ਲਾ ਦਿੰਦੇ ਸਨ ਇਸ ਦਾ ਕਾਰਣ ਵੀ ਇਹੋ ਸੀ ਕਿ ਉਹਨਾਂ ਦੀ ਕਵਿਤਾ ਛੰਦ-ਬਧ ਹੋਣ ਕਰਕੇ ਸਰੋਤਿਆਂ ਦੇ ਦਿਲ ਨੂੰ ਛੂੰਹਦੀ ਸੀ ਅੱਜ ਕਲ ਦੇ ਕਵੀ ਸਰੋਤੇ ਨੂੰ ਬਾਰ ਬਾਰ ਧਿਆਨ ਦੇਣ ਲਈ ਆਖਦੇ ਹਨ, ਜਿਸਦਾ ਮਤਲਬ ਹੈ ਉਹ ਸਰੋਤੇ ਤੋਂ ਦਾਦ ਮੰਗਦੇ ਹਨ ਪਰ-

"ਮੰਗੇ ਤੋਂ ਮਿਲਦੀ ਨਹੀਂ, ਇਹ ਗੱਲ ਰੱਖੀਂ ਯਾਦ,
ਆਪ-ਮੁਹਾਰੇ ਕ੍ਰਿਸ਼ਨ ਖ਼ੁਦ, ਦੇਣ ਸਰੋਤੇ ਦਾਦ "

ਅੱਜ ਭਾਵੇਂ ਅਸੀਂ ਸਟੇਜੀ ਸ਼ਾਇਰਾਂ ਦੀ ਗਿਣਤੀ ਕਵੀਆਂ ਵਿਚ ਨਹੀਂ ਕਰਦੇ, ਪਰ ਉਹਨਾਂ ਦੇ ਯੋਗਦਾਨ ਨੂੰ ਅਸੀਂ ਭੁਲਾ ਨਹੀਂ ਸਕਦੇ ਅੱਜ ਭਾਵੇਂ ਲੋਕਾਂ ਦੇ ਮਨੋਰੰਜਨ ਦੇ ਅਨੇਕਾਂ ਸਾਧਨਾਂ ਦਾ ਵਿਕਾਸ ਹੋਣ ਕਰਕੇ ਇਹ ਪਰੰਪਰਾ ਨਹੀਂ ਰਹੀ ਪਰ ਅੱਜ ਵੀ ਗਾਹੇ ਬਗਾਹੇ ਧਾਰਮਿਕ ਸਟੇਜਾਂ ਤੇ ਅਜਿਹੇ ਕਵੀ ਅਕਸਰ ਮਿਲ ਜਾਂਦੇ ਹਨ ਕਵੀਸ਼ਰ ਤੇ ਢਾਡੀ ਜੱਥੇ ਵੀ ਇਸ ਲੋਕ ਪਰੰਪਰਾ ਨੂੰ ਅੱਗੇ ਤੋਰਦੇ ਹਨ

ਅਧੁਨਿਕ ਕਵਿਤਾ ਦੇ ਮੋਢੀ ਕਹੇ ਜਾਂਦੇ ਕਵੀ ਭਾਈ ਵੀਰ ਸਿੰਘ ਦੀ ਕਵਿਤਾ ਵਿਚ ਵੀ ਸਰੋਦੀ ਅੰਸ਼ ਮੌਜੂਦ ਹਨ ਇਸੇ ਤਰ੍ਹਾਂ ਪ੍ਰੋਫੈਸਰ ਮੋਹਣ ਸਿੰਘ ਅਤੇ ਅਮ੍ਰਿਤਾ ਪ੍ਰੀਤਮ ਦੀ ਕਵਿਤਾ ਵਿਚ ਵੀ ਲੈਅ-ਬੱਧਤਾ ਮਿਲਦੀ ਹੈ ਭਾਵੇਂ ਕਿ ਮਗਰਲੇ ਦੌਰ ਵਿਚ ਇਹ ਗੁਣ ਉਹਨਾਂ ਦੀ ਕਵਿਤਾ ਵਿੱਚੋਂ ਸੰਘਣੇ ਤੌਰ ਵਿਚ ਨਹੀਂ ਮਿਲਦਾ

ਪਿਆਰੇ ਦੋਸਤੋ ਪਿਛਲੀ ਸਦੀ ਦੇ ਛੇਵੇਂ ਦਹਾਕੇ ਮਗਰੋਂ ਜਦੋਂ ਮੋਹਣ ਸਿੰਘ ਅਤੇ ਅਮ੍ਰਿਤਾ ਪ੍ਰੀਤਮ ਦੀ ਰੁਮਾਂਟਿਕ ਪ੍ਰਗਤੀਵਾਦੀ ਕਵਿਤਾ ਦਾ ਦੌਰ ਆਪਣੇ ਪਤਨ ਵੱਲ ਜਾ ਰਿਹਾ ਸੀ, ਤਾਂ ਪੱਛਮੀ ਕਵਿਤਾ ਦੇ ਪ੍ਰਭਾਵ ਹੇਠ ਕੁੱਝ ਪੰਜਾਬੀ ਕਵੀਆਂ ਨੇ ਪ੍ਰਯੋਗਵਾਦੀ, ਅਸਿਤਤਵਵਾਦੀ, ਸਰੰਚਨਾ ਵਾਦੀ ਨਾਵਾਂ ਹੇਠ ਕੁੱਝ ਨਵੇਂ ਤਜ਼ਰਬੇ ਕੀਤੇ ਇਸ ਤਰ੍ਹਾਂ ਪੰਜਾਬੀ ਕਵਿਤਾ ਵਿਚ ਐਬਸਰਡਵਾਦੀ ਦੌਰ ਸ਼ੁਰੂ ਹੋਇਆ ਪੰਜਾਬੀ ਕਵਿਤਾ ਸਮਾਜਿਕ ਸਰੋਕਾਰਾਂ ਕੋਲੋਂ ਟੁੱਟ ਕੇ ਵਿਅਕਤੀ ਵਾਦੀ ਸਰੋਕਾਰਾਂ ਤੱਕ ਸੀਮਤ ਹੋ ਕੇ ਰਹਿ ਗਈ ਆਮ ਲੋਕਾਂ ਦਾ ਕਵਿਤਾ ਨਾਲੋਂ ਰਾਬਤਾ ਲੱਗਭਗ ਟੁੱਟ ਹੀ ਗਿਆ

ਕਵੀ ਦਰਬਾਰ ਜਿਹੜੇ ਕਿ ਪਹਿਲਾਂ ਪਿੰਡਾਂ ਦੀ ਖੁੱਲ੍ਹੀ ਸਟੇਜ ਤੇ ਹੁੰਦੇ ਸਨ, ਸਿਰਫ ਗਿਣਤੀ ਦੇ ਲੋਕਾਂ ਤਕ ਸੀਮਤ ਹੋ ਕੇ ਰਹਿ ਗਏ ਕਹਿੰਦੇ ਨੇ ਕਿਸੇ ਸਾਹਿਤ ਸਭਾ ਨੇ ਪਿੰਡ ਵਿਚ ਕਵੀ ਦਰਬਾਰ ਕਰਵਾਉਣ ਦਾ ਫੈਸਲਾ ਕੀਤਾ ਇਸ ਫੈਸਲੇ ਤਹਿਤ ਉਹਨਾਂ ਨੇ ਇਲਾਕੇ ਦੇ ਕਵੀਆਂ ਤੋਂ ਇਲਾਵਾ ਕੁੱਝ ਬਾਹਰਲੇ ਪ੍ਰਸਿੱਧ ਕਵੀਆਂ ਨੂੰ ਬੁਲਾਉਣ ਦਾ ਫੈਸਲਾ ਕੀਤਾ ਜਦ ਕਵੀ ਦਰਬਾਰ ਸ਼ੁਰੂ ਹੋਇਆ ਤਾਂ ਇਕ ਖੁੱਲ੍ਹੀ ਕਵਿਤਾ ਵਾਲਾ ਕਵੀ ਕਿੰਨਾਂ ਚਿਰ ਬਾਹਾਂ ਉਲਾਰ ਉਲਾਰ ਕੇ ਬੋਲਦਾ ਰਿਹਾ , ਅੱਕ ਕੇ ਕੁੱਝ ਸਰੋਤੇ ਬਾਹਾਂ ਚੜ੍ਹਾਉਂਦੇ ਹੋਏ ਸਟੇਜ ਵੱਲ ਵਧੇ ਉਹਨਾਂ ਨੂੰ ਸਟੇਜ ਵੱਲ ਵਧਦੇ ਦੇਖ ਕੇ ਕਵੀ ਸ੍ਰਾਬ ਪੁੱਛਣ ਲੱਗੇ ਕੀ ਗੱਲ ਭਾਈ ਸ੍ਰਾਬ ਮੈਥੋਂ ਕੋਈ ਗੁਸਤਾਖ਼ੀ ਹੋ ਗਈ ਸਟੇਜ ਵੱਲ ਵਧਦੇ ਹੋਏ ਸਰੋਤੇ ਬੋਲੇ ਨਹੀਂ ਜੀ ਤੁਸੀਂ ਲੱਗੇ ਰਹੋ, ਤੁਸੀਂ ਤਾਂ ਸਾਡੇ ਮਹਿਮਾਨ ਹੋ, ਅਸੀਂ ਤਾਂ ਉਸ ਭੜੂਏ ਨੂੰ ਲਭਦੇ ਹਾਂ ਜਿਸ ਨੇ ਤੁਹਾਨੂੰ ਬੁਲਾਇਆ ਹੈ

ਇਸੇ ਤਰ੍ਹਾਂ ਇਕ ਹੋਰ ਸਾਹਿਤ ਸਭਾ ਨੇ ਇਕ ਪਿੰਡ ਵਿਚ ਕਵੀ ਦਰਬਾਰ ਕਰਵਾਇਆ ਬਾਹਰੋਂ ਨਾਮਵਰ ਕਵੀ ਬੁਲਾਏ ਕਵੀ ਦਰਬਾਰ ਸੁਣਨ ਵਾਸਤੇ ਪਿੰਡ ਚੋਂ ਕੁੱਝ ਸਰੋਤੇ ਵੀ ਤਸ਼ਰੀਫ ਲਿਆਏ ਹੋਏ ਸਨ ਜਦੋਂ ਕਵੀ ਦਰਬਾਰ ਸ਼ੁਰੂ ਹੋਇਆ ਤਾਂ ਹੌਲੀ ਹੌਲੀ ਸਰੋਤੇ ਕਵੀ ਦਰਬਾਰ ਚੋਂ ਉੱਠਣੇ ਸ਼ੁਰੂ ਹੋ ਗਏ ਆਖ਼ਰ ਵਿਚ ਜਦੋਂ ਬਾਹਰੋਂ ਬੁਲਾਏ ਗਏ ਮਹਿਮਾਨ ਕਵੀ ਦੀ ਵਾਰੀ ਆਈ ਤਾਂ ਉਸ ਨੇ ਪਿੱਛੇ ਰਹਿ ਗਏ ਗਿਣਤੀ ਦੇ ਬੰਦਿਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਤੁਹਾਡਾ ਅਤਿ ਧੰਨਵਾਦੀ ਹਾਂ ਜਿਨ੍ਹਾਂ ਨੇ ਏਨੇ ਸਬਰ ਨਾਲ ਸਾਰੇ ਕਵੀਆਂ ਨੂੰ ਸੁਣਿਆ ਤੇ ਆਪਣਾ ਕੀਮਤੀ ਵਕਤ ਕਵਿਤਾ ਦੇ ਲੇਖੇ ਲਾਇਆ ਤੁਹਾਡੇ ਵਰਗੇ ਗੰਭੀਰ ਅਤੇ ਸੁਹਿਰਦ ਸਰੋਤਿਆਂ ਕਰਕੇ ਹੀ ਪੰਜਾਬੀ ਕਵਿਤਾ ਦਾ ਭਵਿੱਖ ਸੁਰੱਖਿਅਤ ਹੈ ਜਦੋਂ ਮਹਿਮਾਨ ਕਵੀ ਧੰਨਵਾਦੀ ਸ਼ਬਦ ਬੋਲ ਕੇ ਹਟੇ ਤਾਂ ਮੂਹਰੇ ਬੈਠੇ ਸਰੋਤਿਆਂ ਚੋਂ ਇਕ ਨੇ ਉੱਠ ਕੇ ਕਿਹਾ, ਭਾਈ ਸ੍ਰਾਬ ਅਸੀਂ ਤਾਂ ਸਟੇਜ ਲਾਉਣ ਵਾਲੇ ਹਾਂ ਤੁਹਾਡਾ ਪ੍ਰੋਗਰਾਮ ਖ਼ਤਮ ਹੋਣ ਤੇ ਦਰੀਆਂ ਤੇ ਕੁਰਸੀਆਂ ਦੇ ਚੁੱਕਣ ਦੀ ਉਡੀਕ ਚ ਬੈਠੇ ਹਾਂ ਕਵਿਤਾ ਕੀ ਬਲਾ ਹੈ ਅਸੀਂ ਨਹੀਂ ਜਾਣਦੇ

ਇਸੇ ਤਰ੍ਹਾਂ ਹੀ ਦੋ ਅਧੁਨਿਕ ਕਵੀ ਇਕ ਥਾਂ ਮਿਲ ਪਏ ਇਕ ਦੂਜੇ ਦਾ ਹਾਲ ਚਾਲ ਪੁੱਛਣ ਤੋਂ ਬਾਦ ਇਕ ਦੂਜੇ ਦੀਆਂ ਰਚਨਾਵਾਂ ਸੁਣਨ ਦਾ ਵਾਅਦਾ ਹੋਇਆ ਜਦੋਂ ਪਹਿਲੇ ਕਵੀ ਨੇ ਦੂਜੇ ਕਵੀ ਨੂੰ ਆਪਣੀਆਂ ਰਚਨਾਵਾਂ ਸੁਣਾ ਲਈਆਂ ਤਾਂ ਦੂਜਾ ਕਵੀ ਸੁਣਾਉਣ ਲਈ ਆਪਣੀਆਂ ਜ਼ੇਬਾਂ ਫਰੋਲਣ ਲੱਗਾ ਜਦੋਂ ਉਸ ਨੇ ਕਾਗਜ਼ਾਂ ਦਾ ਪੁਲੰਦਾ ਕੱਢਿਆ ਤਾਂ ਉਸ ਨੇ ਦੇਖਿਆ ਕਿ ਪਹਿਲਾ ਕਵੀ ਤਾਂ ਭੱਜਿਆ ਜਾ ਰਿਹਾ ਉਹ ਉਸ ਦੇ ਮਗਰ ਭੱਜ ਉੱਠਿਆ ਏਨੇ ਨੂੰ ਉਹਨਾਂ ਦਾ ਕੋਈ ਤੀਜਾ ਜਾਣੂ ਮਿਲ ਪਿਆ ਤੇ ਮੂਹਰੇ ਭੱਜੇ ਜਾਂਦੇ ਕਵੀ ਨੂੰ ਕਹਿਣ ਲੱਗਾ,"ਦਰਦੀ ਸਾਹਿਬ ਇੰਨੀ ਸ਼ੂਟ ਕਿਉਂ ਵੱਟੀ ਹੈ, ਤੁਹਾਡੇ ਪਿੱਛੇ ਉਹ ਜਖ਼ਮੀ ਸ੍ਰਾਬ ਵੀ ਸਾਹੋ ਸਾਹੀ ਹੋਏ ਆ ਰਹੇ ਹਨ " ਭੱਜੇ ਜਾਂਦੇ ਹੋਏ ਦਰਦੀ ਸਾਹਿਬ ਰੁਕੇ ਨਹੀਂ ਪਰ ਪਿੱਛੇ ਭੱਜਾ ਆਉਂਦਾ ਜਖ਼ਮੀ ਸ੍ਰਾਬ ਕਹਿਣ ਲਗਾ ," ਦੇਖੋ ਨਾ ਪੰਛੀ ਸ੍ਰਾਬ ਆਹ ਦਰਦੀ ਸਾਹਬ ਆਪਣੀਆਂ ਕਵਿਤਾਵਾਂ ਤਾਂ ਸੁਣਾ ਗਏ ਹੁਣ ਜਦੋਂ ਮੇਰੀ ਵਾਰੀ ਆਈ ਤਾਂ ਭੱਜ ਨਿਕਲੇ "

ਉਦਾਹਰਣਾਂ ਤਾਂ ਹੋਰ ਵੀ ਬਹੁਤ ਦਿੱਤੀਆਂ ਜਾ ਸਕਦੀਆਂ ਹਨ ਪਰ ਤੁਸੀਂ ਸਾਰੇ ਹੀ ਸਮਝਦਾਰ ਹੋ , ਅਤੇ ਸਮਝਦਾਰਾਂ ਨੂੰ ਇਸ਼ਾਰਾ ਹੀ ਕਾਫ਼ੀ ਹੁੰਦਾ ਹੈ ਅਸੀਂ ਪ੍ਰਕਾਸ਼ਕਾਂ ਨੂੰ ਪੱਲਿਉਂ ਪੈਸੇ ਦੇ ਕੇ ਕਵਿਤਾ ਦੀਆਂ ਕਿਤਾਬਾਂ ਛਪਵਾ ਲੈਂਦੇ ਹਾਂ, ਪਰ ਉਹ ਪਾਠਕਾਂ ਦੇ ਹੱਥਾਂ ਤਕ ਨਹੀਂ ਪਹੁੰਚਦੀਆਂ ਅਸੀਂ ਇਕ ਦੂਜੇ ਨੂੰ

ਮਠਿਆਈ ਦੇ ਡੱਬਿਆਂ ਵਾਂਗ ਕਿਤਾਬਾਂ ਭੇਂਟ ਕਰ ਦਿੰਦੇ ਹਾਂ ਪਰ ਇਹਨਾਂ ਵਿਚੋਂ ਬਹੁਤੀਆਂ ਕਿਤਾਬਾਂ ਬਿਨਾ ਪੜ੍ਹੇ ਹੀ ਰੱਦੀ ਦੀ ਭੇਂਟ ਚੜ੍ਹ ਜਾਂਦੀਆਂ ਹਨ   ਸਾਡੀਆਂ ਪੁਸਤਕਾਂ ਦੀ ਇਸ ਦੁਰਦਸ਼ਾ ਦੇ ਭਾਵੇਂ ਹੋਰ ਵੀ ਕਈ ਕਾਰਣ ਹੋਣਗੇ ਪਰ ਸਭ ਤੋਂ ਵੱਡਾ ਕਾਰਣ ਇਹੋ ਹੀ ਹੈ ਕਿ ਅੱਜ ਪੰਜਾਬੀ ਕਵਿਤਾ ਸਰੋਤੇ ਜਾਂ ਪਾਠਕ ਨੂੰ ਕੀਲਣ ਦੀ ਸਮਰੱਥਾ ਗੁਆ ਬੈਠੀ ਹੈ ਤੇ ਪੰਜਾਬੀ ਕਵਿਤਾ ਦਾ ਇਹ ਸਭ ਤੋਂ ਵੱਡਾ ਦੁਖਾਂਤ ਹੋ ਨਿੱਬੜਿਆ ਹੈ।

.ਗ਼ਜ਼ਲ ਸਿੱਖਣ ਵਾਸਤੇ...ਮੇਰੀ ਜੱਦੋ ਜਹਿਦ

ਪਿਆਰੇ ਦੋਸਤੋ ਅੱਜ ਕੱਲ੍ਹ ਅਰੂਜ਼ ਸਿੱਖਣ ਵਾਸਤੇ ਬਹੁਤ ਸਾਰੀਆਂ ਪੁਸਤਕਾਂ ਮਿਲ ਜਾਂਦੀਆਂ ਹਨ ਇਹ ਪੁਸਤਕਾਂ ਅਰੂਜ਼ ਬਾਰੇ ਸਿਧਾਂਤਕ ਜਾਣਕਾਰੀ ਤਾਂ ਦਿੰਦੀਆਂ ਹਨ ਪਰ ਸਿਰਫ਼ ਸਿਧਾਂਤਕ ਜਾਣਕਾਰੀ ਨਾਲ .ਗ਼ਜ਼ਲ ਦੀ ਸਿਰਜਣਾ ਨਹੀਂ ਹੋ ਸਕਦੀ   .ਗ਼ਜ਼ਲ ਬਾਰੇ ਜਾਣਕਾਰੀ ਤਾਂ ਤੁਸੀਂ ਇਨ੍ਹਾਂ ਪੁਸਤਕਾਂ ਵਿੱਚੋਂ ਪੜ੍ਹੀ ਹੋਵੇਗੀ, ਜਾਂ ਪੜ੍ਹ ਲਵੋਗੇ   ਮੈਂ .ਗ਼ਜ਼ਲ ਲਿਖਣ ਦੇ ਕੁੱਝ ਅਸਲੀ ਤਜ਼ੁਰਬੇ ਤੁਹਾਡੇ ਨਾਲ ਸਾਂਝੇ ਕਰ ਰਿਹਾਂ   ਇਹਨਾਂ ਤਜ਼ੁਰਬਿਆਂ ਤੋਂ ਤੁਸੀਂ ਫਾਇਦਾ ਉੱਠਾ ਸਕਦੇ ਹੋ ਤੇ ਘੱਟੋ-ਘੱਟ ਜਿਹੜੀਆਂ ਗਲ਼ਤੀਆਂ ਮੈਂ ਕੀਤੀਆਂ ਤੁਸੀਂ ਉਹਨਾਂ ਤੋਂ ਬਚ ਸਕਦੇ ਹੋ   ਮੰਜ਼ਿਲ ਸਿਰਫ਼ ਤਾਂ ਹੀ ਮਿਲ ਸਕਦੀ ਹੈ ਜੇ ਰਸਤਾ ਸਹੀ ਚੁਣਿਆ ਹੋਵੇ   ਭਟਕਣ ਦੀ ਕੋਈ ਮੰਜ਼ਿਲ ਨਹੀਂ ਹੁੰਦੀ   .ਗ਼ਜ਼ਲ ਸਿੱਖਣ ਤੋਂ ਪਹਿਲਾਂ ਮੈਂ ਹਨੇਰੇ 'ਚ ਹੱਥ-ਪੈਰ ਮਾਰਦਾ ਰਿਹਾ ਕਿਉਂਕਿ ਮੈਨੂੰ ਕੋਈ ਰਾਹ-ਦਸੇਰਾ ਨਹੀਂ ਮਿਲਿਆ, ਮੈਂ ਗਲ਼ਤ ਦਿਸ਼ਾ ਵਿੱਚ ਕਾਫ਼ੀ ਅੱਗੇ ਵੱਧ ਚੁੱਕਿਆ ਸੀ   ਮੈਨੂੰ ਪਿੱਛੇ ਮੁੜ ਕੇ ਸਫ਼ਰ ਦੁਬਾਰਾ ਸ਼ੁਰੂ ਕਰਨਾ ਪਿਆ, ਕਾਸ਼ ਸਫ਼ਰ ਦੇ ਸ਼ੁਰੂ ਵਿੱਚ ਹੀ ਕੋਈ ਪਥ-ਪ੍ਰਦਰਸ਼ਕ ਮਿਲ ਜਾਂਦਾ

ਹਰ ਇਨਸਾਨ ਨੂੰ ਕੁਦਰਤ ਨੇ ਖੰਭ ਦਿੱਤੇ ਹਨ   ਸੋਚ ਦੇ ਖੰਭ, ਸੁਪਨਿਆਂ ਦੇ ਖੰਭ, ਹਿੰਮਤ ਦੇ ਖੰਭ, ਇਛਾਵਾਂ ਉਮੰਗਾਂ ਦੇ ਖੰਭ   ਇਨਸਾਨ ਨੇ ਜਿੰਨ੍ਹੀ ਵੀ ਤਰੱਕੀ ਕੀਤੀ ਹੈ ਇਹਨਾਂ ਖੰਭਾਂ ਦੇ ਸਦਕੇ ਹੀ ਕੀਤੀ ਹੈ ਇਨਾਂ ਖੰਭਾਂ ਦੇ ਕਰਕੇ ਹੀ ਇਨਸਾਨ ਦੂਸਰੀਆਂ ਜੂਨਾਂ ਦੇ ਮੁਕਾਬਲੇ ਸਰਵੋਤਮ ਹੈ   ਲੋੜ ਇਹਨਾਂ ਖੰਭਾਂ ਨੂੰ ਪਛਾਣ ਅਤੇ ਪਰਵਾਜ਼ ਦੇਣ ਦੀ ਹੈ   ਜੇ ਖੰਭਾਂ ਨੂੰ ਪ੍ਰਵਾਜ ਦਾ ਮੌਕਾ ਨਾ ਦਿੱਤਾ ਜਾਵੇ ਤਾਂ ਇਹ ਖੰਭ ਉੱਡਣਾ ਭੁੱਲ ਜਾਂਦੇ ਹਨ   ਕਹਿੰਦੇ ਨੇ ਇਕ ਸ਼ਿਕਾਰੀ ਨੇ ਇਕ ਪੰਛੀ ਸਾਲਾਂ-ਬੱਧੀ ਪਿੰਜਰੇ ਚ ਡੱਕੀ ਰੱਖਿਆ   ਪੰਛੀ ਇਸ ਲਈ ਖ਼ੁਸ਼ ਸੀ ਕਿ ਉਸ ਨੂੰ ਚੰਗੀ ਖ਼ੁਰਾਕ ਮਿਲਦੀ ਸੀ   ਇਕ ਵਾਰ ਉਸ ਆਦਮੀ ਦਾ ਇਕ ਮਿੱਤਰ ਉਸ ਨੂੰ ਮਿਲਣ ਆਇਆ ਤਾਂ ਉਸ ਆਦਮੀ ਨੇ ਇਹ ਪੰਛੀ ਉਸ ਨੂੰ ਦਿਖਾਇਆ   ਤਾਂ ਉਹ ਮਿੱਤਰ ਕਹਿਣ ਲੱਗਾ ਦੋਸਤ ਤੂੰ ਬਹੁਤ ਪਾਪ ਕਮਾ ਰਿਹਾਂ ਹੈਂ   ਤੈਨੂੰ ਇਹ ਪੰਛੀ ਅਜ਼ਾਦ ਕਰ ਦੇਣਾ ਚਾਹੀਦਾ , ਤਾਂ ਕਿ ਇਹ ਵੀ ਆਪਣੀ ਮਰਜ਼ੀ ਨਾਲ ਉੱਡ ਸਕੇ   ਆਪਣੇ ਮਿੱਤਰ ਦੀ ਇਹ ਗੱਲ ਸੁਣ ਕੇ ਸ਼ਿਕਾਰੀ ਨੇ ਪਿੰਜਰਾ ਖੋਲ੍ਹ ਦਿੱਤਾ

ਇਹ ਪੰਛੀ ਪਿੰਜਰੇ ਵਿਚੋਂ ਨਿਕਲਿਆ ਤਾਂ ਸਹੀ ਪਰ ਫਿਰ ਵਿਹੜੇ ਵਿਚ ਹੀ ਘੁੰਮਦਾ ਰਿਹਾ ਫਿਰ ਜਦੋਂ ਖ਼ੁਰਾਕ ਦਾ ਵਕਤ ਹੋਇਆ ਤਾਂ ਫਿਰ ਦੁਬਾਰਾ ਆਪਣੇ ਪਿੰਜਰੇ 'ਚ ਆ ਵੜਿਆ ਸ਼ਿਕਾਰੀ ਦੋਸਤ ਨੇ ਆਪਣੇ ਮਹਿਮਾਨ ਦੋਸਤ ਨੂੰ ਕਿਹਾ ਲੈ ਮੈਂ ਇਸ ਨੂੰ ਅਜ਼ਾਦ ਤਾਂ ਕਰ ਦਿੱਤਾ ਸੀ ਪਰ ਇਹ ਉੱਡਿਆ ਹੀ ਨਹੀਂ ਤੇ ਆਣ ਕੇ ਦੁਬਾਰਾ ਪਿੰਜਰੇ 'ਚ ਵੜ ਗਿਆ ਹੈ ਮਹਿਮਾਨ ਦੋਸਤ ਨੇ ਕਿਹਾ ਦੋਸਤਾ ਅਸਲ ਵਿਚ ਇਸ ਪੰਛੀ ਨੂੰ ਤੂੰ ਏਨਾਂ ਚਿਰ ਪਿੰਜਰੇ ਚ ਪਾ ਕੇ ਇਸ ਦੀ ਉੱਡਣ ਦੀ ਇੱਛਾ ਅਤੇ ਸਮਰੱਥਾ ਹੀ ਮਾਰ ਦਿੱਤੀ ਹੈ

ਪਿਆਰੇ ਦੋਸਤੋ ਆਪਣੇ ਖ਼ਿਆਲਾਂ ਨੂੰ ਉੱਡਣ ਦਾ ਮੌਕਾ ਦਿਉ, ਕਿਤੇ ਇਹ ਉੱਡਣ ਦੀ ਜਾਚ ਨਾ ਭੁੱਲ ਜਾਣ ਉਡਣ ਵਾਸਤੇ ਖੰਭਾਂ ਦਾ ਅਕਾਰ ਕੋਈ ਅਰਥ ਨਹੀਂ ਰੱਖਦਾ, ਲੋੜ ਖੰਭਾਂ ਵਿਚ ਤਾਣ ਭਰਨ ਦੀ ਹੈ ਉਡਣ ਵਾਸਤੇ ਕੋਈ ਜ਼ਰੂਰੀ ਨਹੀਂ ਖੰਭ ਬਹੁਤ ਵੱਡੇ ਵੱਡੇ ਹੋਣ ਆਮ ਤੌਰ ਤੇ ਦੇਖਿਆ ਗਿਆ ਹੈ ਕਿ ਵੱਡੇ ਖੰਭਾਂ ਵਾਲੇ ਜਾਨਵਰ ਜ਼ਿਆਦਾ ਉੱਚਾ ਨਹੀਂ ਉਡ ਸਕਦੇ ਮੋਰ ਅਤੇ ਸ਼ੁਤਰਮੁਰਗ ਦੇ ਖੰਭ ਬਹੁਤ ਵੱਡੇ ਹੁੰਦੇ ਹਨ ਪਰ ਉਹਨਾਂ ਵਿਚ ਜ਼ਿਆਦਾ ਉੱਚੇ ਉਡਣ ਦੀ ਸਮਰੱਥਾ ਨਹੀਂ ਹੁੰਦੀ ਇਕ ਉਦਾਹਰਣ ਨਾਲ ਮੈਂ ਤੁਹਾਨੂੰ ਸਪਸ਼ਟ ਕਰਦਾ ਹਾਂ ਕਿ ਮੇਰੇ ਇਕ ਬਹੁਤ ਹੀ ਵਿਦਵਾਨ ਦੋਸਤ ਸਨ ਸਾਰੀ ਉਮਰ ਹੀ ਉਹਨਾਂ ਅਨੇਕਾਂ ਵਿਦਿਆਰਥੀਆਂ ਨੂੰ ਗਿਆਨ ਦਿੱਤਾ ਉਹਨਾਂ ਦੇ ਪੜ੍ਹਾਏ ਵਿਦਿਆਰਥੀ ਬਹੁਤ ਅੱਛੇ ਲੇਖਕ ਬਣੇ ਅਸੀਂ ਕਈ ਵਾਰ ਉਸ ਵਿਦਵਾਨ ਦੋਸਤ ਨੂੰ ਇਹ ਬੇਨਤੀ ਕੀਤੀ ਕਿ ਪ੍ਰੋਫੈਸਰ ਸ੍ਹਾਬ ਤੁਸੀਂ ਏਨੇ ਵੱਡੇ ਵਿਦਵਾਨ ਹੋ, ਤੁਸੀਂ ਸਾਹਿਤ ਸਿਰਜਣਾ ਕਿਉਂ ਨਹੀਂ ਕਰਦੇ, ਤਾਂ ਉਹਨਾਂ ਦਾ ਜਵਾਬ ਹੁੰਦਾ ਸੀ ਕਿ ਮੈਂ ਇਕ ਚੰਗਾ ਬੁਲਾਰਾ ਹਾਂ, ਲੇਖਕ ਨਹੀਂ ਜੇ ਮੈਂ ਵੇਲੇ ਸਿਰ ਕਲਮ ਚਲਾਉਂਦਾ ਤਾਂ ਸ਼ਾਇਦ ਸਿੱਖ ਲੈਂਦਾ, ਦੋਸਤੋ ਮੈਂ ਤਾਂ ਉਹ ਖੰਭਾਂ ਵਾਲਾ ਸ਼ਤਰਮੁਰਗ ਹਾਂ ਜੋ ਦੌੜ ਤਾਂ ਬਥੇਰਾ ਸਕਦਾ ਹੈ ਪਰ ਉਡ ਨਹੀਂ ਸਕਦਾ

"ਖੰਭਾਂ ਦੇ ਅਕਾਰ ਨਾ, ਨਿਸ਼ਚਿਤ ਕਰਨ ਉਡਾਣ,
ਉੱਚ ਉਡਾਰੀ ਲਾਉਣਗੇ, ਜੇ ਖੰਭਾਂ ਵਿਚ ਹੈ ਤਾਣ "

ਹਰ ਪਤੰਗ ਉਡ ਸਕਦਾ ਹੈ ਲੋੜ ਸਿਰਫ ਉਸ ਨੂੰ ਕੰਨੀ ਦੇਣ ਦੀ ਹੈ ਕੰਨੀ ਦੇਣ ਵਾਸਤੇ ਦੂਸਰੇ ਬੰਦੇ ਦੀ ਜ਼ਰੂਰਤ ਪੈਂਦੀ ਹੈ ਆਪਣੇ ਪਤੰਗ ਨੂੰ ਆਪ ਕੰਨੀ ਨਹੀਂ ਦਿੱਤੀ ਜਾਂਦੀ ਜੇ ਤੁਹਾਡੇ ਵਿਚ ਉਡਣ ਦੀ ਸਮਰੱਥਾ ਹੈ ਤਾਂ ਕੰਨੀ ਦੇਣ ਵਾਸਤੇ ਦੂਸਰੇ ਨੂੰ ਅਵਾਜ਼ ਮਾਰਨੀ ਕੋਈ ਮਾੜੀ ਗੱਲ ਨਹੀਂ ਮੇਰਾ ਇਸ ਮਜ਼ਮੂਨ ਤੋਂ ਮਤਲਬ ਤੁਹਾਡੇ ਅੰਦਰ ਅੰਗੜਾਈਆਂ ਲੈ ਰਹੀ ਸਿਰਜਣ ਸਮਰੱਥਾ ਨੂੰ ਕੰਨੀ ਦੇਣਾ ਹੀ ਹੈ ਉਡ ਤਾਂ ਤੁਸੀਂ ਆਪ ਹੀ ਪੈਣਾ ਹੈ

"ਚੜ੍ਹਦੀ ਗੁਡੀ ਓਸ ਦੀ ਜਿਸ ਦੇ ਖ਼ਿਆਲ ਬੁਲੰਦ,
ਬਸ ਕੰਨੀ ਦੀ ਲੋੜ ਹੈ, ਆਪੇ ਉਡਣ ਪਤੰਗ "

ਮੈਂ ਆਪਣੇ ਤੋਂ ਹੀ ਗੱਲ ਸ਼ੁਰੂ ਕਰਦਾ ਹਾਂ ਲਿਖਣ ਦਾ ਸ਼ੌਕ ਮੈਨੂੰ ਵਿਦਿਆਰਥੀ ਜੀਵਨ ਤੋਂ ਹੀ ਸੀ ਮੁਢਲੇ ਦੌਰ ਵਿਚ ਮੈਂ ਕਵਿਤਾ, ਗੀਤ, ਕਹਾਣੀ ਤੇ ਹੱਥ ਆਜ਼ਮਾਇਆ ਪੰਜਾਬੀ ਲਿਖਾਰੀ ਸਭਾ ਰਾਮਪੁਰ ਨਾਲ ਸਬੰਧ ਜੁੜਨ ਨਾਲ ਮੇਰਾ ਝੁਕਾ ਗ਼ਜ਼ਲ ਵੱਲ ਹੋ ਗਿਆ ਏਥੇ ਇਸ ਦਾ ਇਹ ਮਤਲਬ ਵੀ ਨਹੀਂ ਕਿ ਮੈਂ ਪੈਂਦੀ ਸੱਟੇ ਹੀ ਗ਼ਜ਼ਲ ਵੱਲ ਹੋ ਤੁਰਿਆ ਕਵਿਤਾ ਕਹਾਣੀ ਤੋਂ ਗ਼ਜ਼ਲ ਦੇ ਰਾਹ ਪੈਣ ਦੇ ਦੌਰਾਨ ਮੇਰਾ ਕਈ ਕਠਿਨਾਈਆਂ ਨਾਲ ਵਾਸਤਾ ਪਿਆ ਇਹ ਰਾਹ ਏਨਾਂ ਸੁਖਾਲ਼ਾ ਨਹੀਂ ਸੀ

ਇਸ ਗੱਲ ਨੂੰ ਮਹਿਸੂਸ ਕਰਕੇ ਕਿ ਛੰਦ-ਬਧ ਕਵਿਤਾ, ਖਾਸ ਕਰਕੇ ਗ਼ਜ਼ਲ ਪਾਠਕ ਦੇ ਮਨ ਤੇ ਜ਼ਿਆਦਾ ਅਸਰ ਕਰਦੀ ਹੈ, ਮੈਂ ਵੀ ਗ਼ਜ਼ਲ ਲਿਖਣ ਦਾ ਮਨ ਬਣਾਇਆ ਪਹਿਲਾਂ ਪਹਿਲਾਂ ਗ਼ਜ਼ਲ ਲਿਖਣ ਦੀ ਮੇਰੀ ਹਿੰਮਤ ਨਹੀਂ ਪਈ ਮੈਂ ਰੁਬਾਈ ਲਿਖਣ ਦੀ ਕੋਸ਼ਿਸ਼ ਕੀਤੀ ਰੁਬਾਈ ਬਾਰੇ ਥੋੜ੍ਹੀ ਬਹੁਤ ਜਾਣਕਾਰੀ ਮੈਂ ਪੰਜਾਬੀ ਦੀ ਪਾਠ ਪੁਸਤਕ ਵਿਚ ਹੀ ਪੜ੍ਹ ਲਈ ਸੀ ਮੈਂ ਕਾਫ਼ੀ ਰੁਬਾਈਆਂ ਲਿਖੀਆਂ ਵੀ ਤੇ ਸਾਹਿਤਿਕ ਮਹਿਫ਼ਲਾਂ ਵਿਚ ਪੜ੍ਹੀਆਂ ਵੀ ਇਹਨਾਂ ਵਿੱਚੋਂ ਕੁੱਝ ਸਾਹਿਤਿਕ ਰਸਾਲਿਆਂ ਵਿਚ ਛਪੀਆਂ ਵੀ, ਤੇ ਮੈਨੂੰ ਭਰਪੂਰ ਹੁੰਗਾਰਾ ਵੀ ਮਿਲਿਆ

ਦੋਸਤਾਂ ਮਿੱਤਰਾਂ ਤੇ ਸਾਹਿਤਿਕ ਹਲਕਿਆਂ ਵਿੱਚੋਂ ਮਿਲਣ ਵਾਲੇ ਇਸ ਹੁੰਗਾਰੇ ਨਾਲ ਮੇਰੀ ਹਿੰਮਤ ਵਧੀ ਤੇ ਮੈਂ ਗ਼ਜ਼ਲ ਲਿਖਣ ਦਾ ਮਨ ਬਣਾਇਆ ਰੁਬਾਈ ਛੱਡ ਕੇ ਮੈਂ ਪੰਜ ਸੱਤ ਸ਼ਿਅਰ ਲਿਖ ਲੈਣੇ ਤੇ ਸੁਣਾ ਦੇਣੇ ਇਨ੍ਹਾਂ ਸ਼ਿਅਰਾਂ ਦਾ ਤੁਕਾਂਤ ਮਿਲਣ ਕਰਕੇ ਮੈਂ ਆਪਣੀ ਤੁਕਬੰਦੀ ਨੂੰ ਗ਼ਜ਼ਲ ਕਹਿਣ ਦਾ ਭੁਲੇਖਾ ਪਾਲ਼ ਬੈਠਾ ਮੈਨੂੰ ਇਹ ਪੱਕਾ ਯਕੀਨ ਹੋ ਗਿਆ ਕਿ ਮੈਂ ਗ਼ਜ਼ਲਗੋ ਬਣ ਗਿਆ ਹਾਂ ਇਹ ਪ੍ਰਸ਼ੰਸਾ ਮਿਲਦੀ ਦੇਖ ਕੇ ਮੈਨੂੰ ਲੱਗਾ ਕਿ ਗ਼ਜ਼ਲ ਨੂੰ ਲੋਕ ਐਵੇਂ ਹਊਆ ਬਣਾਈ ਬੈਠੇ ਹਨ ਇਸ ਵਿਚ ਭਲਾ ਕੀ ਔਖਾ ਹੈ ਇਸ ਤਰ੍ਹਾਂ ਮੈਂ ਕਾਫ਼ੀ ਦੇਰ ਗ਼ਜ਼ਲ ਦੇ ਨਾਮ ਹੇਠ ਤੁਕਬੰਦੀ ਕਰਦਾ ਰਿਹਾ ਇਹਨਾਂ ਸਮਿਆਂ ਦੌਰਾਨ ਮੈਨੂੰ ਗ਼ਜ਼ਲ ਦੀ ਤਕਨੀਕ ਬਾਰੇ ਅਰੂਜ਼ ਇਲਮ ਬਾਰੇ ਅਤੇ ਵਜ਼ਨ ਬਹਿਰ ਬਾਰੇ ਕੋਈ ਜਾਣਕਾਰੀ ਨਹੀਂ ਸੀ ਹਾਲਾ ਕਿ ਮੇਰੇ ਆਲੇ ਦੁਆਲੇ ਕਾਫ਼ੀ ਸ਼ਾਇਰ ਸਨ ਜਿਨ੍ਹਾਂ ਨੂੰ ਇਲਮ ਅਰੂਜ਼ ਬਾਰੇ ਜਾਣਕਾਰੀ ਸੀ ਪਰ ਉਨ੍ਹਾਂ ਵਿੱਚੋਂ ਕਿਸੇ ਨੇ ਵੀ ਮੈਨੂੰ ਇਸ ਇਲਮ ਬਾਰੇ ਜਾਣਕਾਰੀ ਦੇਣੀ ਜ਼ਰੂਰੀ ਨਹੀਂ ਸਮਝੀ, ਪਤਾ ਨਹੀਂ ਕਿਉਂ ਕਿਸੇ ਨੇ ਮੇਰੀ ਉਂਗਲ ਨਾ ਫੜੀ ਸ਼ਾਇਦ ਉਹਨਾਂ ਦੇ ਮਨਾਂ ਵਿਚ ਮੇਰੀ ਗ਼ਜ਼ਲ ਸਮਰੱਥਾ ਬਾਰੇ ਕੋਈ ਸ਼ੰਕਾ ਹੋਵੇ ਗਿਆਨ ਆਪਣੇ ਤਕ ਰੱਖਣ ਦੀ ਬਿਰਤੀ ਵੀ ਸਾਨੂੰ ਸ਼ਾਇਦ ਵਿਰਸੇ 'ਚ ਹੀ ਮਿਲੀ ਹੈ ਸੰਸਕ੍ਰਿਤ ਵਰਗੀ ਅਮੀਰ ਭਾਸ਼ਾ, ਜਿਸ ਦੇ ਜਾਣਕਾਰ ਨੂੰ ਪੰਡਿਤ ਦਾ ਰੁਤਬਾ ਦਿੱਤਾ ਜਾਂਦਾ ਸੀ ਇਹ ਭਾਸ਼ਾ ਵੀ ਸਾਡੀ ਇਸੇ ਬਿਰਤੀ ਦੀ ਭੇਟ ਚੜ੍ਹ ਗਈ

ਪੰਡਿਤ ਲੋਕਾਂ ਨੇ ਗਿਆਨ ਲੋਕਾਂ ਤੱਕ ਪਹੁੰਚਣ ਨਹੀਂ ਦਿੱਤਾ ਤੇ ਸਾਡਾ ਅਮੀਰ ਵਿਰਸਾ ਆਪਣੇ ਨਾਲ ਹੀ ਲੈ ਡੁੱਬੇ

ਕੁੱਝ ਮੇਰੀ ਅਗਿਆਨਤਾ ਨੇ, ਕੁੱਝ ਬੇਲੋੜੀ ਪ੍ਰਸ਼ੰਸਾ ਨੇ ਕੁੱਝ ਗ਼ਜ਼ਲ ਬਾਰੇ ਜਾਣਕਾਰ ਲੋਕਾਂ ਦੀ ਮੱਕਾਰੀ ਨੇ ਮੈਨੂੰ ਗ਼ਜ਼ਲਗੋ ਹੋਣ ਦਾ ਭੁਲੇਖਾ ਪਾ ਦਿੱਤਾ

"ਚੁੱਕ ਦਿੰਦੀ ਹੈ ਪੈਰ ਉਹ, ਜਦ ਮਿਲਦੀ ਵਾਹ ਵਾਹ,
ਪਰਸ਼ੰਸਾ ਵੀ ਦੋਸਤੋ, ਕਰ ਦਿੰਦੀ ਗੁਮਰਾਹ "

ਮੇਰਾ ਇਹ ਭੁਲੇਖਾ ਪਤਾ ਨਹੀ ਕਿੰਨਾਂ ਕੁ ਚਿਰ ਬਣਿਆ ਰਹਿੰਦਾ ਕਿ ਇਕ ਦਿਨ ਮੇਰੇ ਸ਼ਾਇਰ ਦੋਸਤ ਨੇ ਮੈਨੂੰ ਝੰਜੋੜਿਆ ਤੇ ਮੇਰੀ ਗਲ਼ਤੀ ਦਾ ਅਹਿਸਾਸ ਕਰਵਾਇਆ ਮੈਨੂੰ ਅਸਮਾਨ ਚ ਭਟਕਦੇ ਨੂੰ ਫੜ ਕੇ ਜ਼ਮੀਨ ਤੇ ਲਿਆ ਖੜ੍ਹਾਇਆ ਦੋਸਤੋ ਕਿਤੇ ਤੁਹਾਡੇ ਨਾਲ ਵੀ ਇਹ ਭਾਣਾ ਨਾ ਵਰਤੇ ਇਸ ਕਰਕੇ ਹੀ ਮੈਂ ਆਪਣੇ ਅਨੁਭਵ ਤੁਹਾਡੇ ਨਾਲ ਸਾਂਝੇ ਕਰਦਾ ਹਾਂ , ਨਹੀ ਤਾਂ ਆਪੇ ਆਪਣੀ ਮਿੱਟੀ ਕੌਣ ਪੁੱਟਦੈ

ਹੋਇਆ ਇਉਂ ਕਿ ਇਕ ਦਿਨ ਸਾਹਿਤਿਕ ਮੀਟਿੰਗ ਪਿੱਛੋਂ ਨਿੱਜੀ ਗੱਲਬਾਤ ਕਰਦਿਆਂ ਮਰਹੂਮ ਮਹਿੰਦਰ ਰਾਮਪੁਰੀ ਕਹਿਣ ਲੱਗਾ,"ਕ੍ਰਿਸ਼ਨ ਤੇਰੇ ਕੋਲ ਖ਼ਿਆਲ ਬੜੇ ਖ਼ੂਬਸੂਰਤ ਹਨ ਤੇ ਕਹਿਣ ਦਾ ਤਰੀਕਾ ਵੀ ਹੈ ਮੈਂ ਤੇਰੇ ਤੋਂ ਬੜਾ ਪ੍ਰਭਾਵਿਤ ਹਾਂ ਪਰ ਗੁੱਸਾ ਨਾ ਕਰੀਂ ਇਕ ਗੱਲ ਕਹਾਂ "ਇਹ ਗੱਲ ਕਹਿ ਕੇ ਉਹ ਮੇਰੇ ਮੂੰਹ ਵੱਲ ਦੇਖਣ ਲੱਗਾ, ਸ਼ਾਇਦ ਮੇਰੇ ਚਿਹਰੇ ਦੇ ਹਾਵ ਭਾਵ ਪੜ੍ਹ ਰਿਹਾ ਸੀ ਮੈਂ ਕਿਹਾ,"ਮਹਿੰਦਰ ਸਾਹਿਬ ਗੁੱਸਾ ਕਾਹਤੋਂ ਕਰਨਾ, ਤੁਸੀਂ ਕੁੱਝ ਕਹੋਗੇ ਤਾਂ ਚੰਗਾ ਹੀ ਕਹੋਗੇ, ਮੈਂ ਤਾਂ ਸਗੋਂ ਤੁਹਾਡਾ ਸ਼ੁਕਰ-ਗੁਜ਼ਾਰ ਹੋਵਾਂਗਾ ਅਗਰ ਤੁਸੀਂ ਮੈਨੂੰ ਕੋਈ ਸੇਧ ਦੇ ਸਕੋਂ "ਮਹਿੰਦਰ ਰਾਮਪੁਰੀ ਬੜੀ ਸੰਜੀਦਗੀ ਨਾਲ ਕਹਿਣ ਲੱਗਾ, "ਕ੍ਰਿਸ਼ਨ ਜੇ ਤੇਰਾ ਮਨ ਪੱਕੇ ਤੌਰ ਤੇ ਗ਼ਜ਼ਲਗੋ ਬਣਨ ਦਾ ਹੈ ਤਾਂ ਤੈਨੂੰ ਗ਼ਜ਼ਲ ਬਾਰੇ ਜਾਣਕਾਰੀ ਲੈਣੀ ਚਾਹੀਦੀ ਹੈ ਗ਼ਜ਼ਲ ਲਿਖਣ ਵਾਸਤੇ ਅਰੂਜ਼ੀ ਬਹਿਰਾਂ ਦੀ ਜਾਣਕਾਰੀ ਹੋਣੀ ਬਹੁਤ ਜ਼ਰੂਰੀ ਹੈ ਕਿਉਂਕਿ ਗ਼ਜ਼ਲ ਅਰੂਜ਼ੀ ਬਹਿਰਾਂ ਵਿਚ ਹੀ ਲਿਖੀ ਜਾਂਦੀ ਹੈ ਜਿਸ ਤਰ੍ਹਾਂ ਪਿੰਗਲ ਵਿਚ ਗਣ ਹੁੰਦੇ ਹਨ ਅਰੂਜ਼ ਵਿਚ ਰੁਕਨ ਹੁੰਦੇ ਹਨ ਅਤੇ ਇਹਨਾਂ ਰੁਕਨਾਂ ਤੋਂ ਹੀ ਬਹਿਰਾਂ ਬਣਦੀਆਂ ਹਨ ਮੈਨੂੰ ਅਰੂਜ਼ ਬਾਰੇ ਕੋਈ ਬਹੁਤੀ ਜਾਣਕਾਰੀ ਤਾਂ ਨਹੀ ਪਰ ਮੈਂ ਤੈਨੂੰ ਕੁੱਝ ਰੁਕਨ ਦਸ ਦਿੰਦਾ ਹਾਂ ਇਹਨਾਂ ਰੁਕਨਾਂ ਅਨੁਸਾਰ ਲਿਖ ਕੇ ਤੂੰ ਗ਼ਜ਼ਲ ਲਿਖ ਸਕੇਂਗਾ ਤੇਰੇ ਕੋਲ ਦੋ ਰਸਤੇ ਹਨ ਜਾਂ ਤਾਂ ਅਰੂਜ਼ ਬਾਰੇ ਜਾਣਕਾਰੀ ਲੈ ਤੇ ਗ਼ਜ਼ਲ ਲਿਖ ਜਾਂ ਫਿਰ ਗ਼ਜ਼ਲ ਲਿਖਣੀ ਛੱਡ ਦੇਹ ਤੇ ਐਵੇਂ ਜਗ ਹਸਾਈ ਨਾ ਕਰਵਾ "

ਉਹ ਕਹਿਣ ਲੱਗਾ, "ਮੈਨੂੰ ਪਤਾ ਤੇਰੇ ਕੋਲ ਕਿਤਾਬ ਜੋਗਾ ਮਸਾਲਾ ਲਿਖਿਆ ਪਿਆ ਜੇ ਤੂੰ ਕੱਚ-ਘਰੜ ਗ਼ਜ਼ਲਾਂ ਦੇ ਨਾਮ ਹੇਠ ਛਪਵਾ ਲਿਆ ਤਾਂ ਗ਼ਜ਼ਲ ਵਾਲਿਆਂ ਨੇ ਤੇਰੇ ਪਰਖ਼ਚੇ ਉਡਾ ਦੇਣੇ ਨੇ ਜਿਨ੍ਹਾਂ ਪਾਠਕਾਂ ਨੇ ਤੁਹਾਡੀਆਂ ਇਹ ਕੱਚ-ਘਰੜ ਲਿਖਤਾਂ ਪੜ੍ਹ ਲਈਆਂ ਉਹਨਾਂ ਮੁੜਕੇ ਤੁਹਾਡੀ ਕਿਤਾਬ ਨੂੰ

ਚਿਮਟੇ ਨਾਲ ਵੀ ਨਹੀ ਛੂਹਣਾ ਲੇਖਕ ਦੀ ਪਹਿਲੀ ਕਿਤਾਬ ਨਾਲ ਹੀ ਲੇਖਕ ਦਾ ਨਾਮ ਬਣਦੈ "

ਪਹਿਲੀ ਪੁਸਤਕ ਹੀ ਕਰੇ, ਹਰ ਲੇਖਕ ਦਾ ਨਾਮ,
ਜਾਂ ਉਹ ਬਣਦੈ ਨਾਮਵਰ, ਜਾਂ ਹੁੰਦੈ ਗੁਮਨਾਮ "

ਮਹਿੰਦਰ ਰਾਮਪੁਰੀ ਹੁਰਾਂ ਨੇ ਮੈਨੂੰ ਅਰੂਜ਼ ਦੇ ਚਾਰ ਰੁਕਨ ਦੱਸੇ ਫਾਇਲਾਤੁਨ, ਮੁਫਾਈਲੁਨ, ਫਾਇਲੁਨ, ਫਊਲੁਨ ਉਨ੍ਹਾਂ ਨੇ ਮੈਨੂੰ ਇਹ ਵੀ ਪੁੱਛਿਆ ਕਿ ਕ੍ਰਿਸ਼ਨ ਜੇ ਤੈਨੂੰ ਪਿੰਗਲ ਦੇ ਲਘੂ, ਗੁਰੂ ਦੀ ਜਾਣਕਾਰੀ ਹੈ ਤਾਂ ਮੈਂ ਤੈਨੂੰ ਪਿੰਗਲ ਅਨੁਸਾਰ ਇਹਨਾਂ ਰੁਕਨਾਂ ਦੀ ਜਾਣਕਾਰੀ ਦੇ ਸਕਦਾਂ ਪਿੰਗਲ ਦੇ ਲਘੂ ਗੁਰੂ ਬਾਰੇ ਜਾਣਕਾਰੀ ਮੈਂ ਆਪਣੀਆਂ ਪੰਜਾਬੀ ਦੀਆਂ ਪਾਠ ਪੁਸਤਕਾਂ ਵਿਚ ਪੜ੍ਹ ਚੁੱਕਾ ਸਾਂ ਮੈਂ ਉਹਨਾਂ ਨੂੰ ਬੇਨਤੀ ਕੀਤੀ ਕਿ ਇਹਨਾਂ ਰੁਕਨਾਂ ਬਾਰੇ ਮੈਨੂੰ ਸੌਖੇ ਢੰਗ ਨਾਲ ਸਮਝਾਉ ਇਸ ਤਰ੍ਹਾਂ ਉਹਨਾਂ ਨੇ ਮੈਨੂੰ ਪਿੰਗਲ ਦੇ ਲਘੂ ਗੁਰੂ ਅਨੁਸਾਰ ਮੈਨੂੰ ਇਹਨਾਂ ਰੁਕਨਾਂ ਦੀ ਬਣਤਰ ਦੱਸ ਦਿੱਤੀ ਨਾਲ ਹੀ ਬਹਿਰ ਦੀ ਤਕਤੀਹ ਕਰਨ ਦਾ ਗੁਰ ਵੀ ਦੱਸ ਦਿੱਤਾ

ਮਹਿੰਦਰ ਰਾਮਪੁਰੀ ਦੇ ਕਹਿਣ ਤੇ ਹੀ ਮੈਂ ਅਜ਼ਾਇਬ ਚਿਤਰਕਾਰ ਦੀਆਂ ਗ਼ਜ਼ਲਾਂ ਦੀ ਤਕਤੀਹ ਕਰਕੇ ਦੇਖੀ ਫਿਰ ਉਸ ਹਿਸਾਬ ਨਾਲ ਪਹਿਲੀ ਗ਼ਜ਼ਲ ਲਿਖੀ ਮਰਹੂਮ ਅਜ਼ਾਇਬ ਚਿਤਰਕਾਰ ਉਹਨਾਂ ਦਿਨਾਂ ਵਿਚ ਪੰਜਾਬੀ ਲਿਖਾਰੀ ਸਭਾ ਰਾਮਪੁਰ ਦੇ ਪ੍ਰਧਾਨ ਸਨ

ਇਸ ਤਰ੍ਹਾਂ ਦੋਸਤੋ ਮਹਿੰਦਰ ਰਾਮਪੁਰੀ ਮੇਰੇ ਗੁਰੂ ਸਾਬਿਤ ਹੋਏ ਉਹਨਾਂ ਨੇ ਮੈਨੂੰ ਮੇਰੀ ਮੰਜ਼ਿਲ ਦੀ ਸੇਧ ਦਿੱਤੀ ਉਸ ਸ਼ਖਸ ਦੇ ਜਿਉਂਦੇ ਜੀ ਉਸ ਦੀ ਸਿਰਫ਼ ਇਕ ਕਾਵਿ ਪੁਸਤਕ ਹੀ ਛਪ ਸਕੀ ਜਿਸ ਵਿਚ ਉਸ ਦੀਆਂ ਕੁੱਝ ਗ਼ਜ਼ਲਾਂ, ਨਜ਼ਮਾਂ, ਦੋਹੇ ਤੇ ਗੀਤ ਸ਼ਾਮਿਲ ਸਨ ਅੱਜ ਸ਼ਾਇਦ ਬਹੁਤ ਘੱਟ ਲੋਕਾਂ ਨੂੰ ਮਹਿੰਦਰ ਰਾਮਪੁਰੀ ਦਾ ਨਾਮ ਚੇਤੇ ਹੋਵੇਗਾ ਪਰ ਮੇਰੇ ਲਈ ਉਹ ਹਮੇਸ਼ਾ ਚਾਨਣ ਮੁਨਾਰੇ ਰਹਿਣਗੇ ਹੁਣ ਜਦੋਂ ਮੈਂ ਆਪਣੀ ਗ਼ਜ਼ਲ ਸਿਰਜਣਾ ਬਾਰੇ ਤੁਹਾਡੇ ਨਾਲ ਵਿਚਾਰ ਸਾਂਝੇ ਕਰਨ ਲੱਗਾ ਹਾਂ ਤਾਂ ਆਪਣੇ ਉਸਤਾਦ ਬਾਰੇ ਸੋਚ ਕੇ ਮੇਰਾ ਸਿਰ ਝੁਕਦਾ ਹੈ ਜੇ ਵੇਲੇ ਸਿਰ ਮੈਨੂੰ ਰਾਹ ਦਿਸੇਰਾ ਨਾ ਮਿਲਦਾ ਤਾਂ ਸ਼ਾਇਦ ਮੈਂ ਗ਼ਜ਼ਲਗੋ ਦੇ ਤੌਰ ਤੇ ਤੁਹਾਡੇ ਰੂਬਰੂ ਨਾ ਹੁੰਦਾ

ਮਹਿੰਦਰ ਰਾਮਪੁਰੀ ਵੱਲੋਂ ਦਿੱਤੀ ਅਰੂਜ਼ ਸਬੰਧੀ ਜਾਣਕਾਰੀ ਅਨੁਸਾਰ ਜਦੋਂ ਮੈਂ ਆਪਣੀਆਂ ਲਿਖੀਆਂ ਗ਼ਜ਼ਲਾਂ ਨੂੰ ਪਰਖ਼ਿਆ ਤਾਂ ਮੇਰੀ ਕੋਈ ਵੀ ਗ਼ਜ਼ਲ ਬਹਿਰ ਵਜ਼ਨ ਅਨੁਸਾਰ ਸਹੀ ਨਹੀਂ ਸੀ ਮੈਂ ਪਹਿਲਾਂ ਲਿਖੀਆਂ ਸਾਰੀਆਂ ਰਚਨਾਵਾਂ ਨੂੰ ਅਲਵਿਦਾ ਕਹਿ ਕੇ ਨਵੇਂ ਸਿਰੇ ਤੋਂ ਆਪਣੀ ਸ਼ਾਇਰੀ ਦੀ ਸ਼ੁਰੂਆਤ ਕੀਤੀ ਇਹ ਗੱਲ ਤਕਰੀਬਨ 1977 ਦੇ ਸ਼ੁਰੂ ਦੀ ਹੈ

"ਨ ਇਸ ਗੱਲ ਵਿਚ ਸ਼ੱਕ ਹੈ, ਨ ਇਸ ਗੱਲ ਵਿਚ ਭੇਦ,
ਜੇ ਮੰਜ਼ਿਲ ਤੇ ਪਹੁੰਚਣਾ, ਬਹੁਤ ਜ਼ਰੂਰੀ ਸੇਧ "

ਆਪਣੇ ਉਸਤਾਦ ਵੱਲੋਂ ਦਿੱਤੇ ਅਰੂਜ਼ ਸਬੰਧੀ ਗਿਆਨ ਮੈਂ ਆਪਣੇ ਇਕ ਹੋਰ ਸਾਹਿਤਕਾਰ ਦੋਸਤ ਗੁਰਦਿਆਲ ਦਲਾਲ ਹੋਰਾਂ ਨਾਲ ਸਾਂਝਾ ਕੀਤਾ, ਜੋ ਉਹਨਾਂ ਦਿਨਾਂ ਵਿਚ ਕਵਿਤਾ ਲਿਖਦੇ ਹੁੰਦੇ ਸਨ, ਤੇ ਅੱਜ ਕੱਲ੍ਹ ਇਕ ਕਹਾਣੀਕਾਰ ਅਤੇ ਵਿਅੰਗਕਾਰ ਵਜੋਂ ਜਾਣੇ ਜਾਂਦੇ ਹਨ ਅਸੀਂ ਦੋਹਾਂ ਨੇ ਮਿਲ ਕੇ ਅਰੂਜ਼ੀ ਬਹਿਰਾਂ ਵਿਚ ਗ਼ਜ਼ਲਾਂ ਲਿਖਣ ਦਾ ਅਭਿਆਸ ਸ਼ੁਰੂ ਕੀਤਾ ਪਹਿਲਾਂ ਪਹਿਲਾਂ ਇਸ ਤਰ੍ਹਾਂ ਕਰਨਾ ਬਹੁਤ ਔਖਾਂ ਲਗਦਾ ਸੀ ਸਾਨੂੰ ਮਹਿਸੂਸ ਹੁੰਦਾ ਸੀ ਕਿ ਅਸੀਂ ਤਾਂ ਪੁੱਠਾ ਪੰਗਾ ਲੈ ਲਿਆ ਜੇ ਵਜ਼ਨ ਪੂਰਾ ਕਰਨ ਦੀ ਕੋਸ਼ਿਸ਼ ਕਰਦੇ ਤਾਂ ਖ਼ਿਆਲ ਹੱਥੋਂ ਨਿਕਲ ਜਾਂਦਾ, ਜੇ ਖ਼ਿਆਲ ਪ੍ਰਗਟਾਉਣ ਦੀ ਕੋਸ਼ਿਸ਼ ਕਰਦੇ ਤਾਂ ਬਹਿਰ ਵਜ਼ਨ ਉਖੜ ਜਾਂਦੇ ਸਥਿਤੀ ਬੜੀ ਹਾਸੋ ਹੀਣੀ ਬਣ ਜਾਂਦੀ

"ਨਾ ਖ਼ੁਦਾ ਹੀ ਮਿਲਾ, ਨਾ ਵਿਸਾਲੇ ਸਨਮ,
ਨਾ ਇਧਰ ਕੇ ਰਹੇ, ਨਾ ਉਧਰ ਕੇ ਰਹੇ "

ਕੁੱਝ ਦੇਰ ਮਗਰੋਂ ਗੁਰਦਿਆਲ ਦਲਾਲ ਤਾਂ ਸਾਰਾ ਕੁੱਝ ਛੱਡ ਕੇ ਕਹਾਣੀ ਲਿਖਣ ਵੱਲ ਹੋ ਗਏ ਤੇ ਮੈਂ ਚੰਗਾ ਭਲਾ ਕਹਾਣੀ ਲਿਖਦਾ ਲਿਖਦਾ ਗ਼ਜ਼ਲ ਤੇ ਅੜਿਆ ਰਿਹਾ ਬੜਾ ਹੀ ਦਿਲਚਸਪ ਤਜ਼ੁਰਬਾ ਸੀ ਕਿਉਂ ਕਿ..

"ਕਹਿਣੀ ਸੌਖੀ ਨਾ ਗ਼ਜ਼ਲ, ਕੌਣ ਸਹੇ ਤਕਲੀਫ,
ਤੰਗ ਕਰੇ ਇਹ ਕਾਫੀਆ, ਅੜੀਆਂ ਕਰੇ ਰਦੀਫ "

ਪਹਿਲਾਂ ਪਹਿਲਾਂ ਕਾਫੀਆ ਤੰਗ ਹੋਣ ਦਾ ਮੁਹਾਵਰਾ ਤਾਂ ਸੁਣਿਆ ਸੀ ਪਰ ਕਾਫੀਏ ਨਾਲ ਕਦੇ ਵਾਹ ਨਹੀਂ ਸੀ ਪਿਆ ਗ਼ਜ਼ਲਗੋ ਹੋਣ ਨਾਲ ਕਾਫੀਆ ਤੰਗ ਹੋਣ ਦਾ ਅਸਲ ਤਜ਼ੁਰਬਾ ਹਾਸਲ ਹੋਇਆ ਉਖਲੀ 'ਚ ਸਿਰ ਦਿੱਤਾ ਤਾਂ ਮੋਹਲਿਆਂ ਦਾ ਕੀ ਡਰ, ਮੈਂ ਵੀ ਗ਼ਜ਼ਲ ਲਿਖਣ ਦਾ ਖਹਿੜਾ ਨਹੀਂ ਛੱਡਿਆ ਸੋਚਿਆ ਕਿ ਜੇ ਮੁੱਲਾਂ ਸਬਕ ਨਾ ਦਊ ਤਾਂ ਭਲਾ ਘਰ ਵੀ ਨਾ ਆਉਣ ਦਊ ਜੇ ਗ਼ਜ਼ਲ ਨਾ ਲਿਖੀ ਗਈ ਤਾਂ ਕਹਾਣੀ ਤਾਂ ਕਿਤੇ ਗਈ ਹੀ ਨਹੀਂ

ਬਹਿਰਾਂ ਤੇ ਨਿਰੰਤਰ ਅਭਿਆਸ ਦੌਰਾਨ ਚਮਤਕਾਰ ਹੋਣ ਲੱਗਿਆ ਬਹਿਰਾਂ ਮੇਰੀ ਤਬੀਅਤ ਵਿਚ ਰਚ ਵਸ ਗਈਆਂ ਮੇਰੇ ਖ਼ਿਆਲ ਆਪਣੇ ਆਪ ਬਹਿਰਾਂ ਅਨੁਸਾਰ ਢਲਣ ਲੱਗੇ ਗ਼ਜ਼ਲ ਮਹਿਬੂਬ ਵਾਂਗ ਮੇਰੇ ਤੇ ਮਿਹਰਬਾਨ ਹੋਣ ਲੱਗੀ ਪਤਾ ਨਹੀਂ ਕਿ ਗ਼ਜ਼ਲ ਨੇ ਮੇਰੀ ਤਬੀਅਤ ਨੂੰ ਅਪਣਾ ਲਿਆ ਜਾਂ ਮੇਰੀ ਤਬੀਅਤ ਨੇ ਗ਼ਜ਼ਲ ਨੂੰ ਕਿਸੇ ਵੀ ਮਾਸਿਕ ਰਸਾਲੇ ਵਿਚ ਜਿਹੜੀ ਵੀ ਗ਼ਜ਼ਲ ਪ੍ਰਕਾਸ਼ਿਤ ਹੋਣੀ ਮੈਂ ਤਕਤੀਹ ਕਰਕੇ ਬਹਿਰ ਕੱਢ ਲੈਣੀ ਕਈ ਵਾਰ ਮੈਂ ਗ਼ਜ਼ਲ ਦੀ ਬਹਿਰ ਕੱਢਣ ਵਿਚ ਕਾਮਯਾਬ ਹੋ ਜਾਣਾ ਤੇ ਕਈ ਵਾਰੀ ਨਹੀਂ ਇਸ ਦੇ ਦੋ ਕਾਰਣ ਸਨ ਪਹਿਲਾ ਤਾਂ ਇਹ ਕਿ ਮੇਰਾ ਅਰੂਜ਼ ਬਾਰੇ ਗਿਆਨ ਅਜੇ ਲੁਧਿਆਣੇ

ਤੋਂ ਲੌਂਢੂਵਾਲ ਤਕ ਹੀ ਸੀ, ਭਾਵ ਬਹੁਤ ਥੋੜ੍ਹਾ ਸੀ ਮੈਂ ਬਹੁਤ ਸਾਰੀਆਂ ਬਹਿਰਾਂ ਬਾਰੇ ਜਾਣਦਾ ਹੀ ਨਹੀਂ ਸੀ ਦੂਸਰਾ ਕਾਰਣ ਇਹ ਸੀ ਕਿ ਹੋਰ ਬਹੁਤ ਸਾਰੇ ਗ਼ਜ਼ਲਗੋ ਵੀ ਮੇਰੇ ਵਾਂਗ ਗ਼ਜ਼ਲ ਨੂੰ ਜਾਣਦੇ ਹੀ ਨਹੀਂ ਸਨ ਤੇ ਬਸ ਤੁਕਬੰਦੀ ਨੂੰ ਗ਼ਜ਼ਲ ਦਾ ਨਾਮ ਦੇ ਰਹੇ ਸਨ

ਮੇਰੀ ਸਿਰਜਣ ਪਰਕ੍ਰਿਆ ਦਾ ਆਲਮ ਇਹ ਸੀ ਕਿ ਮੈਂ ਜਦੋਂ ਵੀ ਕਿਸੇ ਨਵੀਂ ਬਹਿਰ ਵਿਚ ਲਿਖਣ ਦਾ ਮਨ ਬਣਾਉਂਦਾ ਤਾਂ ਮੈਂ ਕਿਸੇ ਉਸਤਾਦ ਸ਼ਾਇਰ ਦੀ ਉਸੇ ਬਹਿਰ ਵਿਚ ਲਿਖੀ ਗ਼ਜ਼ਲ ਨੂੰ ਗੁਣਗੁਣਾਉਂਦਾ ਰਹਿੰਦਾ ਹੌਲੀ ਹੌਲੀ ਮੈਂ ਉਸੇ ਬਹਿਰ ਵਿਚ ਆਪਣੀ ਗ਼ਜ਼ਲ ਦੇ ਸ਼ਿਅਰ ਕਹਿ ਲੈਂਦਾ ਕਿਉਂਕਿ ਤਦ ਤਕ ਉਹ ਬਹਿਰ ਮੇਰੇ ਮਨ 'ਚ ਰਚ ਵਸ ਗਈ ਹੁੰਦੀ ਸੀ ਹੁਣ ਬਹਿਰ ਵਿਚ ਲਿਖਣਾ ਮੈਨੂੰ ਔਖਾ ਨਹੀਂ ਲਗਦਾ ਸੀ

ਇਹਨਾਂ ਦਿਨਾਂ ਵਿਚ ਹੀ ਮੇਰੀ ਮੁਲਾਕਾਤ ਇਕ ਹੋਰ ਫੱਕਰ ਤਬੀਅਤ ਸ਼ਾਇਰ ਰਾਮਨਾਥ ਸਰਵਰ ਨਾਲ ਹੋਈ ਮੈਂ ਉਹਨਾਂ ਨੂੰ ਅਰੂਜ਼ ਸਬੰਧੀ ਆਪਣੀ ਅਧੂਰੀ ਜਾਣਕਾਰੀ ਦਾ ਜ਼ਿਕਰ ਕੀਤਾਂ ਤਾਂ ਉਹਨਾਂ ਨੇ ਮੈਨੂੰ ਅਰੂਜ਼ ਦੇ ਇਕ ਹੋਰ ਰੁਕਨ ਮੁਸਤਫਇਲੁਨ ਦੀ ਦੱਸ ਪਾਈ ਤੇ ਨਾਲ ਹੀ ਕਿਹਾ ਕਿ ਅਰੂਜ਼ ਦੇ ਅੱਠ ਰੁਕਨ ਹਨ ਪਰ ਪੰਜਾਬੀ ਵਿਚ ਕੇਵਲ ਪੰਜ ਹੀ ਨਿਭਦੇ ਹਨ ਤੇ ਬਾਕੀ ਦੇ ਰੁਕਨ ਫਾਰਸੀ ਵਾਸਤੇ ਹਨ ਸੋ ਮੈਂ ਆਪਣੇ ਆਪ ਨੂੰ ਇਸ ਫ਼ੱਕਰ ਤਬੀਅਤ ਸ਼ਾਇਰ ਦਾ ਵੀ ਦੇਣਦਾਰ ਮੰਨਦਾ ਹਾਂ ਉਸ ਫ਼ਕੀਰਾਨਾ ਸ਼ਾਇਰ ਦੀ ਬੜੀ ਇੱਛਾ ਸੀ ਕਿ ਆਪਣੀਆਂ ਗ਼ਜ਼ਲਾਂ ਨੂੰ ਪੁਸਤਕ ਦਾ ਰੂਪ ਦੇ ਸਕੇ ਅਫਸੋਸ ਕਿ ਉਸ ਦੀ ਇਹ ਇੱਛਾ ਪੂਰੀ ਨਾ ਹੋ ਸਕੀ ਤੇ ਉਹ ਆਪਣੀ ਸੰਸਾਰ ਯਾਤਰਾ ਪੂਰੀ ਕਰਕੇ ਇਸ ਦੁਨੀਆਂ ਤੋਂ ਚਲੇ ਗਿਆ, ਤੇ ਉਸ ਦੀ ਸ਼ਾਇਰੀ ਸਮਿਆਂ ਦੀ ਧੂੜ ਵਿਚ ਹੀ ਗੁੰਮ ਗੁਆਚ ਗਈ ਕਿਉਂ ਕਿ ਪੰਜਾਬੀ ਦੀ ਪੁਸਤਕ ਪ੍ਰਕਾਸ਼ਿਤ ਕਰਨਾ ਘਰ ਫੂਕ ਕੇ ਤਮਾਸ਼ਾ ਦੇਖਣ ਵਾਲੀ ਗੱਲ ਹੈ

"ਸ਼ਾਇਰ ਸਾਹਿਬ ਆ ਸਕੇ, ਹਾਲੇ ਤਕ ਨਾ ਤਾਬ,
ਘਰ ਦੇ ਭਾਂਡੇ ਵਿਕ ਗਏ, ਬੈਠੇ ਛਾਪ ਕਿਤਾਬ "

ਮੇਰੇ ਮਨ ਵਿਚ ਅਰੂਜ਼ ਦੀ ਮੁਕੰਮਲ ਜਾਣਕਾਰੀ ਦੀ ਬੜੀ ਜਗਿਆਸਾ ਸੀ ਮੈਨੂੰ ਕਿਸੇ ਪਾਸਿਉਂ ਇਹ ਦੱਸ ਪਈ ਕਿ ਪੰਜਾਬੀ ਵਿਚ ਇਕ ਪੁਸਤਕ ਸਰਦਾਰ ਜੋਗਿੰਦਰ ਸਿੰਘ ਦੀ ਪਿੰਗਲ ਤੇ ਅਰੂਜ਼ ਪ੍ਰਕਾਸ਼ਿਤ ਹੋਈ ਹੈ ਮੈਂ ਇਸ ਪੁਸਤਕ ਨੂੰ ਪ੍ਰਾਪਤ ਕਰਨ ਦੇ ਬੜੇ ਯਤਨ ਕੀਤੇ ਪਰ ਕਾਮਯਾਬੀ ਨਾ ਮਿਲੀ ਕਿਉਂ ਕਿ ਇਹਨੀ ਦਿਨੀ ਇਸ ਪੁਸਤਕ ਦਾ ਐਡੀਸ਼ਨ ਖਤਮ ਹੋ ਚੁਕਿਆ ਸੀ ਅਰੂਜ਼ ਸਬੰਧੀ ਥੋੜੀ ਬਹੁਤ ਜਾਣਕਾਰੀ ਕਦੀ ਕਦਾਈਂ ਪੰਜਾਬੀ ਦੇ ਕਿਸੇ ਅਖ਼ਬਾਰ ਜਾਂ ਰਸਾਲੇ ਵਿਚ ਪ੍ਰਕਾਸ਼ਿਤ ਹੁੰਦੀ ਦੀਪਕ ਜੈਤੋਈ ਤੇ ਠਾਕਰ ਭਾਰਤੀ ਦੇ ਗ਼ਜ਼ਲ ਸਬੰਧੀ ਕੁੱਝ ਆਰਟੀਕਲ ਪੜ੍ਹੇ ਜਾਂ ਫਿਰ ਡਾ: ਸਾਧੂ ਸਿੰਘ ਹਮਦਰਦ ਅਜੀਤ ਦੇ ਕਾਲਮ ਗ਼ਜ਼ਲ

ਫੁਲਵਾੜੀ ਵਿਚ ਗ਼ਜ਼ਲ ਬਾਰੇ ਕੁੱਝ ਜਾਣਕਾਰੀ ਛਾਪਦੇ ਰਹਿੰਦੇ ਗ਼ਜ਼ਲ ਦੇ ਸਬੰਧ ਵਿਚ ਜਿੰਨੀ ਵੀ ਜਾਣਕਾਰੀ ਮੈਨੂੰ ਮਿਲਦੀ, ਮੈਂ ਨਾ ਸਿਰਫ਼ ਆਪ ਉਸ ਤੇ ਅਮਲ ਕਰਦਾ ਬਲਕਿ ਆਪਣੇ ਸੰਪਰਕ ਵਿਚ ਆਉਣ ਵਾਲੇ ਹੋਰ ਦੋਸਤਾਂ ਮਿੱਤਰਾਂ ਨਾਲ ਵੀ ਸਾਂਝੀ ਕਰਦਾ ਇਸ ਤਰ੍ਹਾਂ ਮੇਰੇ ਸਿਰ ਉੱਤੇ ਗ਼ਜ਼ਲਾਂ ਦਾ ਜਨੂਨ ਸਵਾਰ ਹੋ ਗਿਆ

"ਅਕਲ ਸਹਾਰੇ ਹੀ ਨਹੀਂ, ਕੱਟੀ ਜਾਂਦੀ ਜੂਨ,
ਅਕਲ ਨ ਜਿੱਥੇ ਪਹੁੰਚਦੀ, ਪਹੁੰਚੇ ਕ੍ਰਿਸ਼ਨ ਜਨੂਨ "

ਸਿੱਖਣ ਸਿਖਾਉਣ ਦੇ ਇਸ ਜਨੂਨ ਤਹਿਤ ਮੈਂ ਨਾ ਸਿਰਫ ਆਪ ਗ਼ਜ਼ਲ ਕਹਿਣ ਦੇ ਯੋਗ ਹੋ ਸਕਿਆ, ਸਗੋਂ ਆਪਣੇ ਸੰਪਰਕ ਵਿਚ ਆਏ ਗ਼ਜ਼ਲ ਸਿੱਖਣ ਦੇ ਕੁੱਝ ਚਾਹਵਾਨਾਂ ਨੂੰ ਵੀ ਗ਼ਜ਼ਲ ਦਾ ਜਾਗ ਲਾਉਣ ਵਿਚ ਕਾਮਯਾਬ ਹੋਇਆ , ਜੋ ਕਿ ਅਸਲ ਵਿਚ ਹੁਣ ਤੀਕਰ ਵੀ ਜਾਰੀ ਹੈ ਇਸ ਅਮਲ ਦੌਰਾਨ ਕੁੱਝ ਖੱਟੇ ਮਿੱਠੇ ਤਜ਼ੁਰਬੇ ਵੀ ਹਾਸਿਲ ਹੋਏ ਤੇ ਇਸੇ ਦੌਰਾਨ ਹੀ ਮੈਨੂੰ ਮਰਹੂਮ ਜੋਗਿੰਦਰ ਸਿੰਘ ਦੀ ਪੁਸਤਕ ਪਿੰਗਲ ਤੇ ਅਰੂਜ਼ ਪ੍ਰਾਪਤ ਹੋਈ ਜਿਹੜੀ ਪੁਸਤਕ ਮੇਰੇ ਲਈ ਕਾਫ਼ੀ ਦੁਰਲਭ ਬਣੀ ਰਹੀ ਹੋਇਆ ਇਉਂ ਕਿ ਜਦੋਂ ਪੰਜਾਬੀ ਕਵੀ ਹਰਭਜਨ ਸਿੰਘ ਮਾਂਗਟ (ਜਿਹੜੇ ਕਿ ਅਜਕਲ ਸਰ੍ਹੀ ਦੇ ਨਿਵਾਸੀ ਹਨ) ਆਪਣੀ ਫੌਜੀ ਸੇਵਾ ਤੋਂ ਮੁਕਤ ਹੋ ਕੇ ਆਏ ਪੰਜਾਬੀ ਲਿਖਾਰੀ ਸਭਾ ਰਾਮਪੁਰ ਵਿਚ ਉਹਨਾਂ ਨਾਲ ਮਿਲਣ ਦਾ ਸਬੱਬ ਬਣਿਆਂ ਉਹ ਮੈਨੂੰ ਇਕ ਚੰਗਾ ਗ਼ਜ਼ਲਗੋ ਸਮਝਦੇ ਸਨ ਤੇ ਆਪਣੀ ਗ਼ਜ਼ਲ ਸਬੰਧੀ ਮੇਰੇ ਤੋਂ ਰਾਇ ਲੈ ਲੈਂਦੇ ਸਨ

ਇਕ ਵਾਰ ਉਹਨਾਂ ਦੇ ਘਰ ਬੈਠਿਆਂ ਉਹਨਾਂ ਨੇ ਇਕ ਪੁਸਤਕ ਮੇਰੇ ਹੱਥਾਂ ਵਿਚ ਦੇ ਦਿੱਤੀ ਤੇ ਕਹਿਣ ਲੱਗੇ ਕ੍ਰਿਸ਼ਨ ਅਰੂਜ਼ ਸਬੰਧੀ ਇਹ ਪੁਸਤਕ ਤਾਂ ਮੇਰੇ ਕੋਲ ਹੈ ਪਰ ਇਹ ਇੰਨੀ ਔਖੀ ਹੈ ਕਿ ਇਸ ਵਿੱਚੋਂ ਮੈਨੂੰ ਬਹੁਤੀ ਸਮਝ ਨਹੀਂ ਪੈਂਦੀ ਤੂੰ ਇਸ ਨੂੰ ਪੜ੍ਹ ਕੇ ਦੇਖ ਲੈ ਸ਼ਾਇਦ ਤੇਰੇ ਕੰਮ ਦੀ ਹੋਵੇ ਹਰਭਜਨ ਸਿੰਘ ਮਾਂਗਟ ਦੀ ਪੁਸਤਕ ਨੂੰ ਜਦੋਂ ਮੈਂ ਉਲਟ ਪੁਲਟ ਕੇ ਦੇਖਿਆ ਤਾਂ ਇਹ ਜੋਗਿੰਦਰ ਸਿੰਘ ਦੀ ਪੁਸਤਕ ਪਿੰਗਲ ਤੇ ਅਰੂਜ਼ ਸੀ ਇਸ ਪੁਸਤਕ ਦੀ ਮੈਨੂੰ ਬਹੁਤ ਦੇਰ ਤੋਂ ਭਾਲ ਸੀ ਅੱਜ ਇਹ ਪੁਸਤਕ ਇਤਫਾਕਨ ਮੇਰੇ ਹੱਥਾਂ ਵਿਚ ਸੀ ਇਸ ਪੁਸਤਕ ਨੇ ਮੇਰੇ ਲਈ ਅਰੂਜ਼ ਦੀ ਜਾਣਕਾਰੀ ਦੇ ਦਰ ਖੋਲ੍ਹ ਦਿੱਤੇ , ਤੇ ਮੈਂ ਇਹ ਕਈ ਵਾਰ ਪੜ੍ਹੀ ਇਹ ਪੁਸਤਕ ਮੇਰੇ ਕੋਲ ਕਿੰਨਾ ਚਿਰ ਰਹੀ ਫਿਰ ਪਤਾ ਨਹੀਂ ਕਿਹੜਾ ਦੋਸਤ ਲੈ ਗਿਆ ਅੱਜ ਤਕ ਨਹੀਂ ਮੁੜੀ ਬਹੁਤ ਸਾਲਾਂ ਬਾਦ ਅਜਿਹਾ ਇਤਫ਼ਾਕ ਫੇਰ ਹੋਇਆ ਜਨਮੇਜਾ ਸਿੰਘ ਜੌਹਲ ਦੀ ਮਾਰਫਤ ਮੇਰੀ ਮੁਲਾਕਾਤ ਇਕ ਸਾਹਿਤਿਕ ਮਿੱਤਰ ਨਾਲ ਹੋਈ ਤੇ ਉਸ ਨੇ ਮੈਨੂੰ ਇਹ ਪੁਸਤਕ ਦੁਬਾਰਾ ਤੋਂ ਭੇਂਟ ਕਰ ਦਿੱਤੀ ਜੋ ਕਿ ਅਜੇ ਵੀ ਮੇਰੀ ਲਾਇਬਰੇਰੀ ਦਾ ਸ਼ਿੰਗਾਰ ਹੈ, ਹਾਲਾਂਕਿ ਇਹਨਾਂ ਸਮਿਆਂ ਦੌਰਾਨ ਅਰੂਜ਼ ਦੀਆਂ ਕਈ ਪੁਸਤਕਾਂ ਮੇਰੀ ਨਜ਼ਰ ਵਿੱਚੋਂ ਲੰਘ ਚੁੱਕੀਆਂ ਹਨ

ਇਸ ਤਰ੍ਹਾਂ ਮੈਂ ਕਿੰਨੇ ਹੀ ਸਾਲ ਅਰੂਜ਼ ਸਬੰਧੀ ਜਾਣਕਾਰੀ ਲੈਂਦਾ ਤੇ

ਸਿਰਜਣਾਤਮਕ ਅਮਲ ਰਾਹੀਂ ਪੱਕੇ ਪੈਰੀਂ ਗ਼ਜ਼ਲ ਦੇ ਰਾਹ ਪੈ ਗਿਆ ਪ੍ਰਚੱਲਿਤ ਬਹਿਰਾਂ ਨਿਭਾਉਣ ਦੇ ਨਾਲ ਨਾਲ ਮੈਂ ਕੁੱਝ ਨਵੀਆਂ ਬਹਿਰਾਂ ਤੇ ਤਜ਼ੁਰਬੇ ਵੀ ਕਰਨ ਲਗ ਪਿਆ ਇਕ ਗ਼ਜ਼ਲਗੋ ਦੇ ਤੌਰ ਤੇ ਮੇਰੀ ਕੁੱਝ ਕੁੱਝ ਪਛਾਣ ਬਣਨ ਲੱਗ ਪਈ ਪਰ ਮੰਜ਼ਿਲ ਅਜੇ ਬਹੁਤ ਦੂਰ ਸੀ ਹੌਲੀ ਹੌਲੀ ਗ਼ਜ਼ਲ ਬਾਰੇ ਅਪਣੀ ਜਾਣਕਾਰੀ ਮੈਂ ਹੋਰਾਂ ਨਾਲ ਸਾਂਝੀ ਕਰਨ ਲੱਗ ਪਿਆ ਜਿੱਥੇ ਜਿੱਥੇ ਗ਼ਜ਼ਲ ਬਾਰੇ ਕੋਈ ਗੱਲ ਤੁਰਦੀ ਮੈਂ ਵਿਚਾਰ ਚਰਚਾ 'ਚ ਹਿੱਸਾ ਲੈਂਦਾ ਰਿਹਾ ਸਾਹਿਤਿਕ ਹਲਕਿਆਂ ਵਿੱਚ ਗ਼ਜ਼ਲ ਸਬੰਧੀ ਮੇਰੇ ਵਿਚਾਰਾਂ ਨੂੰ ਅਹਿਮੀਅਤ ਦਿੱਤੀ ਜਾਣ ਲੱਗੀ ਸ਼ੁਰੂ ਸ਼ੁਰੂ ਵਿਚ ਜਿਹੜੇ ਵਿਦਵਾਨ ਮੈਥੋਂ ਦੂਰੀ ਬਣਾ ਕੇ ਰੱਖਦੇ ਸਨ ਉਹਨਾਂ ਦੀ ਨੇੜਤਾ ਦਾ ਨਿੱਘ ਮਿਲਣ ਲੱਗਿਆ

"ਰਸਤੇ ਸਨ ਇਹ ਅਜਨਬੀ, ਮੈਂ ਕੋਰਾ ਅਣਜਾਣ,
ਹੌਲੀ ਹੌਲੀ ਹੋ ਗਈ, ਰਾਹਾਂ ਦੀ ਪਹਿਚਾਣ "

ਪਹਿਲਾਂ ਪਹਿਲਾਂ ਇਲਾਕੇ ਦੀਆਂ ਸਾਹਿਤ ਸਭਾਵਾਂ ਜਿਵੇਂ ਪੰਜਾਬੀ ਲਿਖਾਰੀ ਸਭਾ ਰਾਮਪੁਰ, ਸਾਹਿਤ ਸਭਾ ਸਮਰਾਲਾ, ਸਾਹਿਤ ਸਭਾ ਦੋਰਾਹਾ, ਸਾਹਿਤ ਸਭਾ ਮਾਛੀਵਾੜਾ, ਮੇਰਾ ਕਰਮ ਖੇਤਰ ਬਣੀਆਂ ਹੌਲੀ-ਹੌਲੀ ਪੰਜਾਬ ਦੀਆਂ ਦੂਰ ਨੇੜੇ ਦੀਆਂ ਸਾਰੀਆਂ ਸਭਾਵਾਂ ਵਿਚ ਜਾਣ ਦਾ ਅਵਸਰ ਬਣਿਆ ਅਤੇ ਸਾਰਾ ਪੰਜਾਬ ਹੀ ਮੇਰਾ ਕਰਮ ਖੇਤਰ ਬਣ ਗਿਆ ਇਸ ਤਰ੍ਹਾਂ ਇਕ ਗ਼ਜ਼ਲਗੋ ਅਤੇ ਨਾਲ ਨਾਲ ਹੀ ਇਕ ਅਰੂਜ਼ੀ ਦੇ ਤੌਰ ਤੇ ਮੇਰੀ ਪਛਾਣ ਬਣ ਗਈ ਸਾਡੇ ਇਲਾਕੇ ਦੇ ਨਾਮਵਰ ਸ਼ਾਇਰ ਕੁਲਵੰਤ ਨੀਲੋਂ ਦਾ ਗ਼ਜ਼ਲ ਸੰਗ੍ਰਹਿ ' ਆਪਣਾ ਅਤੇ ਪਰਾਇਆ ਸੂਰਜ' ਕਲਾ ਸੰਗਮ ਨੀਲੋਂ ਪੁਲ ਵੱਲੋਂ ਰਿਲੀਜ਼ ਕੀਤਾ ਜਾ ਰਿਹਾ ਸੀ ਉਸ ਸੰਗ੍ਰਿਹ ਸਬੰਧੀ ਇਲਾਕੇ ਦੇ ਇਕ ਵਿਦਵਾਨ ਨੂੰ ਪੇਪਰ ਪੜ੍ਹਨ ਲਈ ਕਿਹਾ ਗਿਆ ਉਸ ਨੇ ਕੁਲਵੰਤ ਨੀਲੋਂ ਦੇ ਅਨੇਕਾਂ ਸ਼ਿਅਰਾਂ ਵਿਚ ਸਕਤੇ ਹੋਣ ਦਾ ਸੰਕੇਤ ਦਿੱਤਾ ਸਕਤੇ ਦਾ ਅਰਥ ਰੁਕਾਵਟ ਜਾਂ ਦੋਸ਼ ਹੁੰਦਾ ਹੈ ਜਦੋਂ ਮੁੜਕੇ ਮੇਰੀ ਬੋਲਣ ਦੀ ਵਾਰੀ ਆਈ ਤਾਂ ਮੈਂ ਉਸ ਸਕਤੇ ਦੱਸਣ ਵਾਲੇ ਦੋਸਤ ਨੂੰ ਬੇਨਤੀ ਕੀਤੀ ਕਿ ,"ਜਨਾਬ ਜਿਨ੍ਹਾਂ ਸਕਤਿਆਂ ਬਾਰੇ ਤੁਸੀਂ ਆਪਣੇ ਪੇਪਰ ਵਿਚ ਜ਼ਿਕਰ ਕੀਤਾ ਹੈ ਉਹਨਾਂ ਬਾਰੇ ਸਾਨੂੰ ਖੋਲ੍ਹ ਕੇ ਦੱਸੋ ਕਿ ਉਹ ਗ਼ਜ਼ਲ ਕਿਸ ਬਹਿਰ ਵਿਚ ਲਿਖੀ ਗਈ ਹੈ ਤੇ ਉਸ ਵਿਚ ਕਿਸ ਕਿਸਮ ਦਾ ਸਕਤਾ ਜਾਂ ਦੋਸ਼ ਹੈ ਕੀ ਉਹ ਐਬ ਏ ਤਨਾਫਰ ਹੈ ਜਾਂ ਐਬ ਸ਼ੁਤਰ ਗੁਰਬਾ ਹੈ ਜਾਂ ਕੋਈ ਕਾਫੀਏ ਦਾ ਦੋਸ਼ ਹੈ, ਜਾਂ ਜੁਬਾਨਦਾਨੀ ਦਰੁਸਤ ਨਹੀਂ, ਜਾਂ ਹੋਰ ਕੋਈ ਦੋਸ਼ ਤੇ ਇਹ ਵੀ ਦੱਸੋ ਉਹ ਦੋਸ਼ ਕਿਸ ਤਰ੍ਹਾਂ ਦੂਰ ਕੀਤਾ ਜਾ ਸਕਦਾ ਹੈ ਫਿਰ ਮੈਂ ਕੁੱਝ ਸ਼ਿਅਰਾਂ ਵਿਚ ਦੋਸ਼ਾਂ ਦਾ ਜ਼ਿਕਰ ਕੀਤਾ ਤੇ ਸੁਝਾਅ ਦਿੱਤੇ

ਮੇਰੇ ਮਗਰੋਂ ਸ਼ਾਇਰ ਦੋਸਤ ਐਸ ਤਰਸੇਮ ਜਿਨ੍ਹਾਂ ਨੇ ਬਾਦ ਵਿਚ ਪੀ ਐਚ ਡੀ ਕੀਤੀ ਅਤੇ ਅਰੂਜ਼ ਸਬੰਧੀ ਪੁਸਤਕ ਵੀ ਲਿਖੀ, ਨੇ ਬੋਲਦਿਆਂ ਹੋਇਆਂ ਕਿਹਾ ਭਨੋਟ ਸ੍ਹਾਬ ਤੁਹਾਡਾ ਨਾਮ ਬਦਲ ਕੇ ਅੱਜ ਤੋਂ ਮਧੋਲ ਸਾਹਿਬ ਰੱਖ ਲਿਆ ਤੁਸੀਂ

ਸਾਡੇ ਵਿਦਵਾਨ ਅਲੋਚਕ ਨੂੰ ਮਧੋਲ਼ ਸੁੱਟਿਆ ਇਹ ਸੁਣ ਕੇ ਸਾਰੀ ਮਹਿਫਿਲ ਵਿਚ ਹਾਸਾ ਬਿਖਰ ਗਿਆ

ਇਸ ਮਗਰੋਂ ਅਸੀਂ ਜਦੋਂ ਵੀ ਪੰਜਾਬ ਦੀ ਕਿਸੇ ਦੂਰ ਨੇੜੇ ਵਾਲੀ ਸਾਹਿਤਿਕ ਮੀਟਿੰਗ ਵਿਚ ਜਾਣਾ ਤਾਂ ਮਰਹੂਮ ਸ਼ਾਇਰ ਸੁਰਜੀਤ ਰਾਮਪੁਰੀ ਜੀ ਨੇ ਬਾਕੀ ਸਾਹਿਤਕਾਰਾਂ ਨਾਲ ਮੇਰੀ ਜਾਣ ਪਛਾਣ ਇਹ ਕਹਿ ਕੇ ਕਰਵਾਉਣੀ ਕਿ ਇਹ ਸਾਡੇ ਡਾ: ਭਨੋਟ ਸ੍ਹਾਬ ਹਨ ਜਦੋਂ ਮੈਂ ਸੁਰਜੀਤ ਰਾਮਪੁਰੀ ਸਾਹਬ ਨੂੰ ਪੁੱਛਣਾ ਕਿ ਤੁਸੀਂ ਮੇਰੇ ਨਾਮ ਨਾਲ ਡਾਕਟਰ ਕਿਉਂ ਲਾਉਂਦੇ ਹੋ ਤਾਂ ਉਹਨਾਂ ਨੇ ਹੱਸ ਕੇ ਕਹਿਣਾ ਕ੍ਰਿਸ਼ਨ ਤੂੰ ਸਾਡਾ ਗ਼ਜ਼ਲ ਦਾ ਡਾਕਟਰ ਹੈਂ

ਪੰਜਾਬ ਦੀਆਂ ਕਈ ਸਾਹਿਤਿਕ ਸਭਾਵਾਂ ਵਿਚ ਗ਼ਜ਼ਲ ਦੀ ਵਰਕਸ਼ਾਪ ਲਾਉਣ ਦਾ ਮਾਣ ਵੀ ਮੈਨੂੰ ਮਿਲਦਾ ਰਿਹਾ ਹੈ ਅਨੇਕਾਂ ਸ਼ਾਇਰਾਂ ਦੇ ਗ਼ਜ਼ਲ ਸੰਗ੍ਰਿਹਾਂ ਦੇ ਮੁੱਖ ਬੰਧ ਲਿਖਣ ਦਾ ਮਾਣ ਵੀ ਮੈਨੂੰ ਮਿਲਿਆ ਹੈ ਅਤੇ ਬਹੁਤ ਸਾਰੀਆਂ ਗ਼ਜ਼ਲ ਪੁਸਤਕਾਂ ਤੇ ਪੇਪਰ ਵੀ ਮੈਂ ਪੜ੍ਹੇ ਹਨ ਚੰਡੀਗੜ੍ਹ ਤੋਂ ਡਾਕਟਰ ਗੁਰਚਰਨ ਸਿੰਘ ਸਾਕੀ ਤ੍ਰੈ ਮਾਸਿਕ ਪੱਤਰ ਸੂਲ ਸੁਰਾਹੀ ਸੰਪਾਦਿਤ ਕਰਿਆ ਕਰਦੇ ਸਨ ਉਹਨਾਂ ਨੇ ਇਕ ਵਾਰ ਗ਼ਜ਼ਲ ਸਬੰਧੀ ਇਕ ਮੇਰਾ ਲੰਮਾ ਆਰਟੀਕਲ ਵੀ ਛਾਪਿਆ ਜਿਹੜਾ ਕਿ ਕਾਫ਼ੀ ਸਰਾਹਿਆ ਗਿਆ ਸਮੇਂ ਸਮੇਂ ਤੇ ਮਿਲਦੇ ਅਜਿਹੇ ਮੌਕਿਆਂ ਨੇ ਜਿੱਥੇ ਮੇਰੇ ਸਵੈ ਵਿਸ਼ਵਾਸ ਵਿਚ ਵਾਧਾ ਕੀਤਾ ਉੱਥੇ ਮੇਰੀ ਗ਼ਜ਼ਲ ਸਿਰਜਣਾ ਵਿਚ ਵੀ ਨਿਖਾਰ ਲਿਆਂਦਾ ਮੇਰੇ ਵਿਚ ਵਿਸ਼ਵਾਸ ਪ੍ਰਗਟ ਕਰਨ ਵਾਲੀਆਂ ਸਾਰੀਆਂ ਸ਼ਖ਼ਸੀਅਤਾਂ ਦਾ ਮੈਂ ਹਮੇਸ਼ਾ ਰਿਣੀ ਰਹਾਂਗਾ ਮੇਰੀ ਸਫ਼ਲਤਾ ਵਿਚ ਵੱਡਾ ਹਿੱਸਾ ਮੈਨੂੰ ਹੱਲਾ ਸ਼ੇਰੀ ਦੇਣ ਵਾਲਿਆਂ ਦਾ ਹੈ ਤੇ ਕੁੱਝ ਮੇਰੀ ਮਿਹਨਤ ਦਾ ਜਿਹੜਾ ਬੰਦਾ ਕਦੇ ਗ਼ਜ਼ਲ ਕਹਿਣ ਤੋਂ ਵੀ ਡਰਦਾ ਸੀ ਉਹ ਪੱਕੇ ਤੌਰ ਤੇ ਗ਼ਜ਼ਲ ਦਾ ਹੋ ਕੇ ਰਹਿ ਗਿਆ

"ਹੌਲੀ ਹੌਲੀ ਬੋਟ ਜਿਉਂ ਸਿਖ ਲੈਂਦੇ ਪਰਵਾਜ਼,
ਨਿੱਖਰਦਾ ਜਾਂਦੈ ਹੁਨਰ, ਕਰ ਕਰ ਨਿੱਤ ਰਿਆਜ਼ "

ਪਿਆਰੇ ਦੋਸਤੋ ਮੈਂ ਗ਼ਜ਼ਲ ਦੀ ਸਿਰਜਣ ਪਰਕ੍ਰਿਆ ਵਿਚ ਤਾਂ ਪਿਆ ਰਿਹਾ ਪਰ ਆਪਣੀਆਂ ਗ਼ਜ਼ਲਾਂ ਨੂੰ ਕਿਤਾਬੀ ਰੂਪ ਦੇਣ ਦਾ ਕਦੇ ਸੁਪਨਾ ਵੀ ਨਹੀਂ ਲਿਆ ਸੀ ਮੇਰੇ ਵਿਚ ਕਿਤਾਬ ਛਪਵਾਉਣ ਦੀ ਸਮਰੱਥਾ ਹੀ ਨਹੀਂ ਸੀ ਮੇਰੀਆਂ ਕਿਤਾਬਾਂ ਦੇ ਪ੍ਰਕਾਸ਼ਨ ਦੇ ਨਾਲ ਕਈ ਇਤਫਾਕ ਜਾ ਸਬੱਬ ਜੁੜੇ ਹੋਏ ਹਨ ਜੋ ਕਿ ਸ਼ਾਇਦ ਪੰਜਾਬੀ ਦੇ ਕਈ ਹੋਰ ਕਵੀਆਂ ਦੇ ਹਿੱਸੇ ਨਹੀਂ ਆਏ ਮੇਰੀ ਜ਼ਿੰਦਗੀ 'ਚ ਵਾਪਰੇ ਕੌਤਕਾਂ ਦੀ ਮੈਨੂੰ ਕਦੇ ਸਮਝ ਨਹੀਂ ਆਈ ਕਈ ਵਾਰ ਸੁਪਨੇ ਹਕੀਕਤ ਵਾਂਗ ਲੱਗਣ ਲੱਗ ਜਾਂਦੇ ਹਨ ਤੇ ਕਈ ਵਾਰ ਹਕੀਕਤ ਸੁਪਨਿਆਂ ਵਾਂਗ

"ਇਸ ਕੌਤਕ ਦਾ ਨਾ ਕਦੇ ਆਇਆ ਸਮਝ ਹਿਸਾਬ,
ਖ਼ਾਬ ਹਕੀਕਤ ਜਾਪਦੇ, ਕ੍ਰਿਸ਼ਨ ਹਕੀਕਤ ਖ਼ਾਬ "

ਮੇਰੀਆਂ ਕਿਤਾਬਾਂ ਦੇ ਪ੍ਰਕਾਸ਼ਨ ਲਈ ਬਣੇ ਸਬੱਬਾਂ ਦਾ ਜ਼ਿਕਰ ਮੈਂ ਜ਼ਰੂਰ

ਕਰਨਾ ਚਾਹਾਂਗਾ ਤੁਹਾਨੂੰ ਮੇਰੇ ਨਾਲ ਵਾਪਰੇ ਕੁੱਝ ਇਤਫਾਕਾਂ ਤੇ ਸ਼ਾਇਦ ਯਕੀਨ ਹੀ ਨਾ ਆਵੇ ਪਹਿਲਾਂ ਪਹਿਲਾਂ ਮੈਨੂੰ ਵੀ ਨਹੀਂ ਸੀ ਆਉਂਦਾ

1988 ਵਿਚ ਸਾਹਿਤ ਸਭਾ ਮਾਛੀਵਾੜਾ ਨੇ ਮੈਨੂੰ ਆਪਣਾ ਪ੍ਰਧਾਨ ਚੁਣ ਲਿਆ ਸਾਹਿਤ ਸਭਾ ਮਾਛੀਵਾੜਾ ਦੇ ਦੋ ਸਿਰ ਕੱਢ ਮੈਂਬਰ , ਸ੍ਰੀ ਸੁਖਜੀਤ ਜਿਹੜੇ ਕਿ ਹੁਣ ਸਥਾਪਤ ਕਹਾਣੀਕਾਰ ਬਣ ਚੁੱਕੇ ਹਨ ਅਤੇ ਹਰਬੰਸ ਮਾਛੀਵਾੜਾ ਜਿਨ੍ਹਾਂ ਦੀ ਹੁਣ ਸਥਾਪਤ ਗ਼ਜ਼ਲਗੋ ਦੇ ਤੌਰ ਤੇ ਪਹਿਚਾਣ ਬਣ ਚੁੱਕੀ ਹੈ, ਨੇ ਇਕ ਦਿਨ ਅਚਾਨਕ ਮੇਰੇ ਸ੍ਹਾਮਣੇ ਪ੍ਰਸਤਾਵ ਰੱਖਿਆ ਕਿ ਉਹ ਸਾਹਿਤ ਸਭਾ ਮਾਛੀਵਾੜਾ ਵੱਲੋਂ ਮੇਰਾ ਗ਼ਜ਼ਲ ਸੰਗ੍ਰਿਹ ਛਾਪਣਾ ਚਾਹੁੰਦੇ ਹਨ ਇਹ ਸੁਣ ਕੇ ਮੈਨੂੰ ਹੈਰਾਨੀ ਭਰੀ ਖ਼ੁਸ਼ੀ ਹੋਈ ਮੈਂ ਹਾਲੇ ਆਪਣੀ ਸ਼ਾਇਰੀ ਨੂੰ ਪ੍ਰਕਾਸ਼ਿਤ ਹੋਣ ਦੇ ਯੋਗ ਤਾਂ ਨਹੀਂ ਸੀ ਸਮਝਦਾ ਪਰ ਇਨ੍ਹਾਂ ਦੋਨਾਂ ਮਿੱਤਰਾਂ ਦੇ ਇਸਰਾਰ ਸਾਹਮਣੇ ਮੈਂ ਇਨਕਾਰ ਨਹੀਂ ਕਰ ਸਕਿਆ ਅੰਨ੍ਹਾਂ ਕੀ ਭਾਲੇ ਦੋ ਅੱਖਾ, ਮੈ ਆਪਣੀਆਂ ਲਿਖਤਾਂ ਦਾ ਖਰੜਾ ਤਿਆਰ ਕਰਕੇ ਇਨ੍ਹਾਂ ਮਿੱਤਰਾਂ ਨੂੰ ਸੌਂਪ ਦਿੱਤਾ ਇਸ ਤਰ੍ਹਾਂ ਮੇਰਾ ਪਹਿਲਾ ਗ਼ਜ਼ਲ ਸੰਗ੍ਰਿਹ 'ਮਹਿਕ ਦੇ ਹਸਤਾਖ਼ਰ' ਪੰਜਾਬੀ ਪਾਠਕਾਂ ਦੇ ਹੱਥਾਂ ਤਕ ਪਹੁੰਚਿਆ

ਇਸ ਸੰਗ੍ਰਿਹ ਦੇ ਮੁੱਖ ਬੰਦ ਦੋ ਨਾਮਵਰ ਸ਼ਾਇਰਾਂ, ਡਾ ਰਣਧੀਰ ਚੰਦ ਅਤੇ ਸੁਰਜੀਤ ਰਾਮਪੁਰੀ ਹੋਣਾਂ ਨੇ ਲਿਖੇ ਸਨ ਜੋ ਕਿ ਮੇਰੇ ਵਰਗੇ ਨੌ-ਸਿਖੀਏ ਲਈ ਮਾਣ ਵਾਲੀ ਗੱਲ ਸੀ ਸਾਹਿਤਿਕ ਜਗਤ ਨਾਲ ਮੇਰੀ ਜਾਣ ਪਛਾਣ ਕਰਵਾਉਣ ਵਾਲੀਆਂ ਇਹਨਾਂ ਦੋ ਸ਼ਖ਼ਸੀਅਤਾਂ ਦਾ ਮੈ ਹਮੇਸ਼ਾ ਰਿਣੀ ਰਹਾਂਗਾ

ਸੁਖਜੀਤ ਅਤੇ ਹਰਬੰਸ ਮਾਛੀਵਾੜਾ ਨੇ ਮੇਰੀ ਸ਼ਾਇਰੀ ਦੀ ਬੇੜੀ ਨੂੰ ਬੰਨ੍ਹੇ ਲਾਇਆ ਜੇ ਇਹ ਸਮੇਂ ਸਿਰ ਮੇਰਾ ਹੱਥ ਨਾ ਫੜਦੇ ਤਾਂ ਪਤਾ ਨਹੀਂ ਸਮੇਂ ਦੀ ਹਨ੍ਹੇਰੀ ਮੇਰੀਆਂ ਲਿਖਤਾਂ ਨੂੰ ਕਿੱਧਰ ਉੱਡਾ ਕੇ ਲੈ ਜਾਂਦੀ ਮੈਂ ਆਪਣੀ ਸਾਹਿਤਿਕ ਬੇੜੀ ਦੇ ਇਨ੍ਹਾਂ ਦੋਹਾਂ ਮਲਾਹਾਂ ਦਾ ਬੇਹੱਦ ਸ਼ੁਕਰ ਗੁਜ਼ਾਰ ਹਾਂ

ਕਹਿੰਦੇ ਹਨ ਕਿ ਇਤਫ਼ਾਕ ਤੇ ਸਬੱਬ ਵਾਰ ਵਾਰ ਕਿਸੇ ਦੀ ਜ਼ਿੰਦਗੀ 'ਚ ਨਹੀਂ ਵਾਪਰਦੇ ਪਰ ਮੇਰੇ ਸਾਹਿਤਿਕ ਸਫ਼ਰ ਦੌਰਾਨ ਵਾਪਰੇ ਹਨ ਸਾਡੇ ਇਲਾਕੇ ਦੀ ਸਾਹਿਤਕ ਸੰਸਥਾ ਕਲਾ ਸੰਗਮ ਨੀਲੋਂ ਪੁਲ ਦੇ ਮੈਂ ਤੇ ਮੇਜਰ ਮਾਂਗਟ ਜਿਹੜੇ ਹੁਣ ਸਥਾਪਤ ਕਹਾਣੀਕਾਰ ਵਜੋਂ ਜਾਣੇ ਜਾਂਦੇ ਹਨ ਤੇ ਅੱਜ ਕੱਲ੍ਹ ਟੋਰਾਂਟੋ ਰਹਿੰਦੇ ਹਨ ਕਈ ਵਾਰ ਪ੍ਰਧਾਨ ਤੇ ਜਨਰਲ ਸਕੱਤਰ ਰਹੇ ਹਾਂ 1990 ਵਿਚ ਜਦੋਂ ਮੇਜਰ ਮਾਂਗਟ ਪ੍ਰਵਾਸ ਕਰਕੇ ਕਨੇਡਾ ਆਏ ਤਾਂ ਮੇਰੀ ਕਿਤਾਬ ਮਹਿਕ ਦੇ ਹਸਤਾਖ਼ਰ ਦੀਆਂ ਕੁੱਝ ਕਾਪੀਆਂ ਕਨੇਡਾ ਆਪਣੇ ਨਾਲ ਲਿਆਏ ਮੇਜਰ ਮਾਂਗਟ ਰਾਹੀਂ ਟੋਰਾਂਟੋ ਦੇ ਸਾਹਿਤਕ ਹਲਕਿਆਂ ਤਕ ਮੇਰੀਆਂ ਕਿਤਾਬਾਂ ਪਹੁੰਚੀਆਂ ਮੇਰਾ ਗ਼ਜ਼ਲ ਸੰਗ੍ਰਿਹ ਪੜ੍ਹ ਕੇ ਸ਼ਾਇਰ ਕੁਲਵਿੰਦਰ ਖਹਿਰਾ ਜਿਨ੍ਹਾਂ ਦਾ ਹੁਣ ਇਕ ਗ਼ਜ਼ਲ ਸੰਗ੍ਰਿਹ ਵੀ ਪ੍ਰਕਾਸ਼ਿਤ ਹੋ ਚੁੱਕਿਆ ਹੈ, ਨੇ ਉਚੇਚਾ ਇੰਡੀਆ ਟੈਲੀਫੋਨ ਕੀਤਾ ਕਿ ਭਨੋਟ ਸ੍ਹਾਬ ਮੈਂ ਤੁਹਾਡਾ ਗਜ਼ਲ ਸੰਗ੍ਰਿਹ ਮਹਿਕ ਦੇ ਹਸਤਾਖ਼ਰ ਪੜ੍ਹਿਆ ਹੈ ਮੈਨੂੰ ਇਹ ਸੁਣ ਕੇ ਬਹੁਤ ਚੰਗਾ ਲੱਗਿਆ ਆਪਣੀ ਗੱਲ ਜਾਰੀ ਰੱਖਦਿਆਂ ਉਹਨਾਂ ਨੇ

ਕਿਹਾ ਕਿ ਭਨੋਟ ਸ੍ਹਾਬ ਜੇ ਤੁਹਾਡੇ ਕੋਲ ਤੁਹਾਡੀਆਂ ਕੁੱਝ ਅਣਛਪੀਆਂ ਰਚਨਾਵਾਂ ਹਨ ਤਾਂ ਉਨ੍ਹਾਂ ਦਾ ਖਰੜਾ ਤਿਆਰ ਕਰਕੇ ਕਿਸੇ ਪ੍ਰਕਾਸ਼ਕ ਤੋਂ ਖਰਚਾ ਪੁੱਛ ਕੇ ਦੱਸੋ ਮੈਂ ਤੁਹਾਡੀ ਕਿਤਾਬ ਛਪਵਾਉਣੀ ਚਹੁੰਦਾ ਹਾਂ ਮੈਂ ਕੁਲਵਿੰਦਰ ਖਹਿਰਾ ਨੂੰ ਜ਼ਾਤੀ ਤੌਰ ਤੇ ਜਾਣਦਾ ਨਹੀਂ ਸਾਂ ਮੈਂ ਸੋਚਿਆ ਕਿ ਕਈ ਵਾਰ ਬੰਦਾ ਭਾਵੁਕ ਹੋ ਕੇ ਕਈ ਗੱਲਾਂ ਕਰ ਜਾਂਦਾ , ਇਸ ਲਈ ਮੈਂ ਉਹਨਾਂ ਦੀ ਪੇਸ਼ਕਸ਼ ਨੂੰ ਗੰਭੀਰਤਾ ਨਾਲ ਨਾ ਲਿਆ

ਕੋਈ ਦੋ ਕੁ ਹਫ਼ਤੇ ਬਾਦ ਟੈਲੀਫੋਨ ਦੀ ਫੇਰ ਘੰਟੀ ਵੱਜੀ, ਮੈਂ ਰਸੀਵਰ ਚੁੱਕਿਆ ਤਾਂ ਅੱਗੋਂ ਕੁਲਵਿੰਦਰ ਖਹਿਰਾ ਪੁੱਛ ਰਿਹਾ ਸੀ ਭਨੋਟ ਸ੍ਹਾਬ ਤੁਸੀਂ ਖਰੜਾ ਤਿਆਰ ਕਰਕੇ ਪ੍ਰਕਾਸ਼ਕ ਨਾਲ ਗੱਲ ਕਰ ਲਈ ਕਿ ਨਹੀਂ ਮੈਂ ਸ਼ਰਮਿੰਦਾ ਜਿਹਾ ਹੋ ਕੇ ਬਹਾਨਾ ਬਣਾਇਆ ਕਿ ਮੈਂ ਇਨ੍ਹਾਂ ਦਿਨਾਂ ਵਿਚ ਬਹੁਤ ਰੁੱਝਿਆ ਹੋਇਆ ਸੀ ਕੁਲਵਿੰਦਰ ਖਹਿਰਾ ਨੇ ਫਿਰ ਤਾਕੀਦ ਕੀਤੀ ਕਿ ਅਗਲੇ ਹਫ਼ਤੇ ਮੈਂ ਫਿਰ ਫੋਨ ਕਰਾਂਗਾ ਜਦ ਤਕ ਤਿਆਰੀ ਕਰ ਲਵੋ ਅਗਲੇ ਹਫ਼ਤੇ ਜਦ ਉਹਨਾਂ ਦਾ ਫੋਨ ਆਇਆ ਤਾਂ ਮੈਂ ਸਥਿਤੀ ਸਪਸ਼ਟ ਕਰ ਦਿੱਤੀ ਉਨ੍ਹਾਂ ਅਗਲੇ ਹਫ਼ਤੇ ਹੀ ਵੈਸਟਰਨ ਯੂਨੀਅਨ ਰਾਹੀਂ ਦੋ ਕਿਤਾਬਾਂ ਦੀ ਪ੍ਰਕਾਸ਼ਨਾ ਦਾ ਖਰਚਾ ਭੇਜ ਦਿੱਤਾ ਇਸ ਤਰ੍ਹਾਂ ਕੁਲਵਿੰਦਰ ਖਹਿਰਾ ਰਾਹੀਂ ਮੇਰੇ ਦੋ ਗ਼ਜ਼ਲ ਸੰਗ੍ਰਿਹ 'ਤਲਖ਼ ਪਲ' ਅਤੇ 'ਜਲ ਤਰੰਗ' ਪਾਠਕਾਂ ਦੇ ਹੱਥਾਂ ਤਕ ਪਹੁੰਚੇ ਮੇਰੀ ਸਾਹਿਤਿਕ ਬੇੜੀ ਨੂੰ ਬੰਨੇ ਲਾਉਣ ਲਈ ਇਹ ਤੀਜਾ ਮਲਾਹ ਵੀ ਆਪ-ਮੁਹਾਰੇ ਆ ਬਹੁੜਿਆ

ਇਹ ਦੋ ਕਿਤਾਬਾਂ ਛਪਣ ਮਗਰੋਂ ਹਾਲਾਤ ਕੁੱਝ ਅਜਿਹੇ ਬਣ ਗਏ ਕਿ ਮੇਰਾ ਆਪਣਾ ਕਨੇਡਾ ਪ੍ਰਵਾਸ ਕਰਨ ਦਾ ਸਬੱਬ ਬਣ ਗਿਆ ਕਨੇਡਾ ਪ੍ਰਵਾਸ ਕਰਨ ਤੋਂ ਪਹਿਲਾਂ ਦੋ ਹੋਰ ਗ਼ਜ਼ਲ ਸੰਗ੍ਰਿਹ 'ਚੁਪ ਦੀ ਆਵਾਜ਼' ਤੇ 'ਵਿਅੰਗ ਲੀਲਾ' ਦੀ ਪ੍ਰਕਾਸ਼ਨਾ ਵੇਲੇ ਮੇਰੀ ਆਰਥਿਕ ਹਾਲਤ ਅਜਿਹੀ ਬਣ ਗਈ ਸੀ ਕਿ ਮੈਂ ਇਹ ਕਿਤਾਬਾਂ ਖ਼ੁਦ ਪ੍ਰਕਾਸ਼ਤ ਕਰ ਸਕਿਆ

2 ਸਤੰਬਰ 2000 ਵਿਚ ਮੈਂ ਪ੍ਰਵਾਸੀ ਹੋ ਕੇ ਟੋਰਾਂਟੋ ਪਹੁੰਚਿਆ ਟੋਰਾਂਟੋ ਦੇ ਸਾਹਿਤਿਕ ਹਲਕਿਆਂ ਵਿਚ ਮੈਂ ਪਹਿਲਾਂ ਹੀ ਜਾਣਿਆ ਜਾਂਦਾ ਸਾਂ ਜਿਸ ਦਾ ਜ਼ਿਕਰ ਮੈਂ ਕਰ ਹੀ ਚੁੱਕਿਆ ਹਾਂ ਮੇਜਰ ਮਾਂਗਟ ਤੇ ਕੁਲਵਿੰਦਰ ਖਹਿਰਾ ਰਾਹੀਂ ਮੇਰੀ ਸ਼ਾਇਰੀ ਏਥੇ ਪਹੁੰਚ ਹੀ ਚੁੱਕੀ ਸੀ ਰਹਿੰਦੀ ਕਸਰ ਟੋਰਾਂਟੋ ਦੇ ਸੁਰੀਲੇ ਗਾਇਕ ਕੁਲਦੀਪ ਪ੍ਰਦੇਸੀ ਨੇ ਸਾਹਿਤਕ ਹਲਕਿਆਂ ਵਿਚ ਆਪਣੀ ਸੁਰੀਲੀ ਅਵਾਜ਼ ਰਾਹੀਂ ਮੇਰੀਆਂ ਕੁੱਝ ਗ਼ਜ਼ਲਾਂ ਗਾ ਕੇ ਪੂਰੀ ਕਰ ਦਿੱਤੀ ਇਉਂ ਟੋਰਾਂਟੋ ਦੇ ਸਾਹਿਤਿਕ ਹਲਕਿਆਂ ਵਿਚ ਮੇਰੀ ਚੰਗੀ ਜਾਣ ਪਛਾਣ ਬਣ ਗਈ

ਪਿਆਰੇ ਦੋਸਤੋ ਪਿਛਲੇ ਪੈਂਤੀ ਕੁ ਸਾਲ ਤੋਂ ਗ਼ਜ਼ਲ ਨਾਲ ਮੇਰਾ ਵਾਹ-ਵਾਸਤਾ ਰਿਹਾ ਹੈ ਇਨ੍ਹਾਂ ਸਮਿਆਂ ਦੌਰਾਨ ਮੈਂ ਗ਼ਜ਼ਲ ਦੀ ਮਿਕਨਾਤੀਸੀ ਖਿੱਚ ਦੇ ਭੇਤ ਜਾਣਨ ਦੀ ਕੋਸ਼ਿਸ਼ ਕਰ ਰਿਹਾ ਹਾਂ ਜਿੰਨੀ ਵੀ ਗ਼ਜ਼ਲ ਦੀ ਖ਼ੂਬਸੂਰਤੀ ਨੂੰ ਜਾਨਣ ਦੀ ਕੋਸ਼ਿਸ਼ ਕੀਤੀ ਹੈ ਇਹ ਮੇਰੇ ਲਈ ਓਨੀ ਹੀ ਰਹੱਸਮਈ ਹੁੰਦੀ ਗਈ ਹੈ ਕਿਸੇ ਕਲਾ ਵਿਚ ਸੰਪੂਰਣ ਹੋਣ ਦਾ ਦਾਅਵਾ ਕਰਨਾ ਆਪਣੇ ਆਪ ਨੂੰ ਧੋਖਾ ਦੇਣਾ ਹੈ ਮੈਂ ਆਪਣੇ ਆਪ ਨਾਲ ਇਹ ਦਗ਼ਾ ਨਹੀਂ ਕਰ ਸਕਦਾ ਜਿਵੇਂ ਜਿਵੇਂ ਤੁਸੀਂ ਗਿਆਨ ਹਾਸਲ ਕਰਦੇ ਜਾਓਗੇ, ਗਿਆਨ ਦਾ ਖੇਤਰ ਹੋਰ ਵਿਸ਼ਾਲ ਹੁੰਦਾ ਜਾਵੇਗਾ ਤੇ ਤੁਹਾਨੂੰ ਆਪਣੀ ਅਗਿਆਨਤਾ ਦਾ ਅਹਿਸਾਸ ਹੋਰ ਵੀ ਸ਼ਿੱਦਤ ਨਾਲ ਮਹਿਸੂਸ ਹੋਵੇਗਾ, ਕਿਉਂ ਕਿ ਗਿਆਨ ਦੀ ਕੋਈ ਸੀਮਾਂ ਨਹੀਂ ਹੁੰਦੀ

ਆਪਣੇ ਅਜ਼ੀਜ ਦੋਸਤਾਂ ਕਮਲਦੇਵ ਪਾਲ ਅਤੇ ਰਾਜਵੰਤ ਬਾਗੜੀ ਨਾਲ ਗ਼ਜ਼ਲ ਬਾਰੇ ਵਿਚਾਰ ਚਰਚਾ ਕਰਦਿਆਂ ਅਸੀਂ ਇਹ ਬੜੀ ਸ਼ਿੱਦਤ ਨਾਲ ਮਹਿਸੂਸ ਕੀਤਾ ਕਿ ਆਪਸ ਵਿਚ ਚਰਚਾ ਕਰਨ ਦੇ ਨਾਲ ਨਾਲ ਇਸ ਦਾ ਦਾਇਰਾ ਵਿਸ਼ਾਲ ਕਰਦਿਆਂ, ਕਿਉਂ ਨਾ ਗ਼ਜ਼ਲ ਨਾਲ ਮੋਹ ਰੱਖਣ ਵਾਲੇ ਹੋਰ ਮਿੱਤਰਾਂ ਦੋਸਤਾਂ ਨਾਲ ਸੰਵਾਦ ਸ਼ੁਰੂ ਕੀਤਾ ਜਾਵੇ, ਤਾਂ ਕਿ ਇਕ ਦੂਜੇ ਨਾਲ ਜਾਣਕਾਰੀ ਸਾਂਝੀ ਕੀਤੀ ਜਾ ਸਕੇ

ਗ਼ਜ਼ਲ ਦਿਨੋ ਦਿਨ ਪੰਜਾਬੀ ਵਿਚ ਹਰਮਨ ਪਿਆਰੀ ਹੁੰਦੀ ਜਾ ਰਹੀ ਹੈ ਬਹੁਤ ਸਾਰੇ ਨਵੇਂ ਸ਼ਾਇਰ ਗ਼ਜ਼ਲ ਲਿਖਣਾ ਚਾਹੁੰਦੇ ਹਨ, ਪਰ ਗ਼ਜ਼ਲ ਦੇ ਵਿਧੀ ਵਿਧਾਨ ਬਾਰੇ ਤਕਨੀਕੀ ਜਾਣਕਾਰੀ ਦੀ ਘਾਟ ਕਾਰਨ ਦਿੱਕਤ ਮਹਿਸੂਸ ਕਰਦੇ ਹਨ ਖਾਸ ਕਰਕੇ ਬਹੁਤ ਸਾਰੇ ਪ੍ਰਵਾਸੀ ਸ਼ਾਇਰ ਜਿਹੜੇ ਦੂਰ-ਦੁਰਾਡੇ ਬੈਠੇ ਹਨ ਤੇ ਨਿਜੀ ਤੌਰ ਤੇ ਇਕ ਦੂਜੇ ਨਾਲ ਮਿਲ ਕੇ ਵਿਚਾਰ ਸਾਂਝੇ ਨਹੀਂ ਕਰ ਸਕਦੇ ਉਨ੍ਹਾਂ ਦੀ ਗ਼ਜ਼ਲ ਦੇ ਵਿਧਾਨ ਬਾਰੇ ਲਿਖੀਆਂ ਕਿਤਾਬਾਂ ਤਕ ਪਹੁੰਚ ਵੀ ਨਹੀਂ ਹੁੰਦੀ

ਗ਼ਜ਼ਲ ਵਾਸਤੇ ਇਲਮ ਅਰੂਜ਼ ਦੀ ਜਾਣਕਾਰੀ ਬੇਹੱਦ ਜ਼ਰੂਰੀ ਹੈ ਅਰੂਜ਼ ਕਿਉਂ ਕਿ ਇਕ ਵਿਦੇਸ਼ੀ ਭਾਸ਼ਾ ਅਰਬੀ ਦਾ ਛੰਦ-ਵਿਧਾਨ ਜਾਂ ਪਿੰਗਲ ਹੈ, ਇਸ ਲਈ ਇਸ ਦੀ ਸ਼ਬਦਾਵਲੀ ਸਾਨੂੰ ਓਪਰੀ ਲਗਦੀ ਹੈ ਥੋੜੀ ਦੇਰ ਇਸ ਨਾਲ ਵਾਹ-ਵਾਸਤਾ ਪੈਣ ਨਾਲ ਇਹ ਓਪਰੀ ਨਾ ਰਹਿ ਕੇ ਜਾਣੀ ਪਛਾਣੀ ਤੇ ਆਪਣੀ ਆਪਣੀ ਜਾਪਣ ਲਗਦੀ ਹੈ ਦੇਸ਼ਾ ਵਿਦੇਸ਼ਾਂ ਵਿਚ ਬੈਠੇ ਦੋਸਤਾਂ ਦਾ ਕਿੰਨੀਆਂ ਹੀ ਭਾਸ਼ਾਵਾਂ ਨਾਲ ਵਾਹ-ਵਾਸਤਾ ਪੈਂਦਾ ਹੈ ਤੁਸੀਂ ਸਾਰੇ ਵੱਖ ਵੱਖ ਭਾਸ਼ਾਵਾਂ ਨੂੰ ਥੋੜਾ ਬਹੁਤ ਸਮਝ ਵੀ ਲੈਂਦੇ ਹੋਵੋਗੇ, ਬੋਲ ਵੀ ਲੈਂਦੇ ਹੋਵੋਗੇ ਤੇ ਥੋੜੀ ਬਹੁਤ ਲਿਖ ਵੀ ਲੈਂਦੇ ਹੋਵੋਗੇ ਤੁਸੀਂ ਸਾਰੇ ਤੀਖ਼ਣ ਬੁੱਧੀ ਵਾਲੇ ਹੋ ਅਤੇ ਤੀਖ਼ਣ ਬੁੱਧੀ ਦਾ

ਕਰਕੇ ਹੀ ਤੁਸੀਂ ਸ਼ਾਇਰੀ ਦਾ ਖ਼ੇਤਰ ਚੁਣ ਸਕੇ ਹੋ ਤੁਹਾਡੇ ਵਾਸਤੇ ਅਰੂਜ਼ ਦੇ ਕੁਛ ਸ਼ਬਦ ਯਾਦ ਰੱਖਣਾ ਮੁਸ਼ਕਲ ਨਹੀਂ ਹੋਵੇਗਾ

ਕੁੱਝ ਦੋਸਤ ਇਹ ਸਵਾਲ ਪੁੱਛਦੇ ਹਨ ਕਿ ਜਦੋਂ ਸਾਡੇ ਕੋਲ ਪੰਜਾਬੀ ਦਾ ਆਪਣਾ ਛੰਦ -ਵਿਧਾਨ ਪਿੰਗਲ ਮੌਜੂਦ ਹੈ ਤਾਂ ਅਸੀਂ ਅਰੂਜ਼ ਕਿਉਂ ਅਪਣਾਈਏ ਸਿਧਾਂਤਕ ਤੌਰ ਤੇ ਤੁਸੀਂ ਠੀਕ ਹੋ ਸਕਦੇ ਹੋ ਪਰ ਜਦ ਅਸੀਂ ਪਿੰਗਲ ਤੇ ਅਰੂਜ਼ ਦੀ ਅਮਲੀ ਤੌਰ ਤੇ ਤੁਲਨਾ ਕਰਾਂਗੇ ਤਾਂ ਤੁਸੀਂ ਮਹਿਸੂਸ ਕਰੋਗੇ ਕਿ ਅਰੂਜ਼ ਪਿੰਗਲ ਨਾਲੋਂ ਜ਼ਿਆਦਾ ਸਰਲ ਤੇ ਵਿਗਿਆਨਕ ਵਿਧੀ ਹੈ ਆਪਾਂ ਆਪਣੀ ਗੱਲ ਇਸ ਨੁਕਤੇ ਤੋਂ ਹੀ ਸ਼ੁਰੂ ਕਰਾਂਗੇ ਕਿ ਗ਼ਜ਼ਲ ਵਾਸਤੇ ਅਰੂਜ਼ ਕਿਉਂ ਜ਼ਰੂਰੀ ਹੈ

ਪੈਂਤੀ ਕੁ ਸਾਲਾਂ ਦੇ ਅਰਸੇ ਦੌਰਾਨ ਇਕ ਸ਼ਾਇਰ ਦੇ ਤੌਰ ਤੇ ਜਿੰਨੀ ਜਾਣਕਾਰੀ ਮੈਂ ਹਾਸਲ ਕਰ ਸਕਿਆ, ਤੁਹਾਡੇ ਨਾਲ ਸਾਂਝੀ ਕਰਕੇ ਖ਼ੁਸ਼ੀ ਮਹਿਸੂਸ ਹੋਵੇਗੀ, ਕਿਉਂਕਿ ਮੇਰਾ ਇਹ ਮਤ ਹੈ ਕਿ ਗਿਆਨ ਦਾ ਅਦਾਨ-ਪ੍ਰਦਾਨ ਹੁੰਦਾ ਰਹਿਣਾ ਚਾਹੀਦਾ ਹੈ

"ਭਰ ਭਰ ਵੰਡੋ ਮੁੱਠੀਆਂ, ਵਿਰਸੇ ਦਾ ਪ੍ਰਸ਼ਾਦ,
ਗਿਆਨ ਕਿਸੇ ਦੀ ਆਪਣੀ, ਨਾ ਜੱਦੀ ਜਾਇਦਾਦ"

ਅਗਰ ਤੁਹਾਡੀ ਇਜ਼ਾਜਤ ਹੋਵੇ ਤਾਂ........................

ਗ਼ਜ਼ਲ ਵਾਸਤੇ ਅਰੂਜ਼ ਕਿਉਂ ਜ਼ਰੂਰੀ

"ਬੇਸ਼ੱਕ ਭਾਵੇਂ ਮੋਤੀਆਂ, ਵਰਗੇ ਹੋਣ ਵਿਚਾਰ,
ਛੰਦਾਂ ਵਿੱਚ ਪਰੋਣ ਤੇ, ਬਣ ਜਾਂਦੇ ਨੇ ਹਾਰ"

ਪਿਆਰੇ ਦੋਸਤੋ ਖ਼ੂਬਸੂਰਤ ਵਿਚਾਰ ਭਾਵੇਂ ਕਿਸੇ ਤਰ੍ਹਾਂ ਵੀ ਪ੍ਰਗਟਾਏ ਜਾਣ, ਉਹ ਸੁਣਨ ਵਾਲੇ ਤੇ ਆਪਣਾ ਅਸਰ ਜ਼ਰੂਰ ਪਾਉਂਦੇ ਹਨ, ਪਰ ਜੇ ਉਹ ਛੰਦਾਬੰਦੀ 'ਚ ਬੱਝ ਜਾਣ ਤਾਂ ਸੋਨੇ ਤੇ ਸੁਹਾਗੇ ਦਾ ਕੰਮ ਕਰਦੇ ਹਨ ਹੁਣ ਅਸੀਂ ਇਸ ਨੁਕਤੇ ਤੇ ਵਿਚਾਰ ਚਰਚਾ ਕਰਾਂਗੇ ਕਿ ਅਸੀਂ ਕਿਹੜੇ ਛੰਦ ਸ਼ਾਸਤਰ ਨੂੰ ਅਪਣਾਈਏ, ਜਿਸ ਨਾਲ ਸਾਡੇ ਵਿਚਾਰ ਸੁਣਨ ਵਾਲਿਆਂ ਤੇ ਜ਼ਿਆਦਾ ਅਸਰ ਪਾ ਸਕਣ ਜਿਸ ਤਰ੍ਹਾਂ ਸਾਡੇ ਕੋਲ ਛੰਦਾਬੰਦੀ ਨਾਲ ਸਬੰਧਿਤ ਛੰਦ ਸ਼ਾਸਤਰ ਪਿੰਗਲ ਮੌਜੂਦ ਹੈ, ਅਰਬੀ ਭਾਸ਼ਾ ਵਾਲਿਆਂ ਕੋਲ ਅਰਬੀ ਪਿੰਗਲ ਹੈ, ਜਿਸ ਨੂੰ ਇਲਮ ਅਰੂਜ਼ ਕਿਹਾ ਜਾਂਦਾ ਹੈ ਇਸ ਦਾ ਜ਼ਿਕਰ ਵਾਰਿਸ ਸ਼ਾਹ ਵੀ ਆਪਣੀ ਰਚਨਾ ਹੀਰ ਵਿਚ ਕਰਦਾ ਹੈ

ਜਾਹਲ ਸ਼ਾਇਰਾਂ ਨੂੰ ਜ਼ਰਾ ਸਮਝ ਆਏ,
ਸ਼ਿਅਰ ਮੌਜ਼ੂੰ ਲਿਖ ਸੁਣਾਈਏ ਜੀ
ਇਲਮ ਸ਼ਾਇਰੀ ਦਾ ਜਿਸ ਨੂੰ ਪਤਾ ਨਾਹੀਂ,
ਉਸ ਨੂੰ ਇਲਮ ਅਰੂਜ਼ ਪੜ੍ਹਾਈਏ ਜੀ

ਜਦ ਅਸੀਂ ਪਿੰਗਲ ਤੇ ਅਰੂਜ਼ ਦੀ ਤੁਲਨਾ ਕਰਦੇ ਹਾਂ ਤਾਂ ਸਾਨੂੰ ਪਤਾ ਲਗਦਾ ਹੈ ਕਿ ਅਰੂਜ਼ ਦੇ ਮੁਕਾਬਲੇ ਪਿੰਗਲ ਬੇਹੱਦ ਗੁੰਝਲਦਾਰ ਤੇ ਮੁਸ਼ਕਿਲ ਹੈ ਕਿਉਂ ? ਆਉ ਪੜਤਾਲ ਕਰੀਏ

ਪਿੰਗਲ ਅਨੁਸਾਰ ਛੰਦਾਂ ਦੀਆਂ ਤਿੰਨ ਕਿਸਮਾਂ ਹੁੰਦੀਆਂ ਹਨ

1. ਵਰਣਕ ਛੰਦ — ਵਰਣਕ ਛੰਦ ਉਹ ਹੁੰਦੇ ਹਨ ਜਿਨ੍ਹਾਂ ਦੀ ਚਾਲ ਵਰਣਾਂ (ਅੱਖਰਾਂ) ਰਾਹੀਂ ਨਿਰਧਾਰਿਤ ਕੀਤੀ ਜਾਂਦੀ ਹੈ, ਜਿਸ ਤਰ੍ਹਾਂ ਕੋਰੜਾ, ਕਬਿਤ ਆਦਿਕ ਛੰਦ

ਵਰਣਕ ਛੰਦਾਂ ਦੀਆਂ ਅੱਗੋਂ ਤਿੰਨ ਕਿਸਮਾਂ ਦੱਸੀਆਂ ਜਾਂਦੀਆਂ ਹਨ (ੳ) ਸੰਵ੍ਰਿਤ ਛੰਦ (ਅ) ਅਰਧ ਸੰਵ੍ਰਿਤ ਛੰਦ (ੲ) ਵਿਖਮ ਵ੍ਰਿਤ ਛੰਦ ਇਨ੍ਹਾਂ ਛੰਦਾਂ ਦੀਆਂ ਅੱਗੋਂ ਹੋਰ ਵੰਨਗੀਆਂ, ਤੇ ਉਸ ਤੋਂ ਅੱਗੇ ਇਨ੍ਹਾਂ ਦੀਆਂ ਹੋਰ ਉਪ-ਵੰਨਗੀਆਂ ਮਿਸਾਲ ਦੇ ਤੌਰ ਤੇ ਇਕੱਲੇ ਸੰਵ੍ਰਿਤ ਛੰਦ ਦੀਆਂ ਇਕ ਹਜ਼ਾਰ ਤੋਂ ਉੱਪਰ ਵੰਨਗੀਆਂ ਦੱਸੀਆਂ ਜਾਂਦੀਆਂ ਹਨ

2. ਮਾਤਰਾ ਛੰਦ — ਇਹ ਉਹ ਛੰਦ ਨੇ ਜਿਨ੍ਹਾਂ ਦੀ ਚਾਲ ਮਾਤਰਾ ਦੁਆਰਾ ਨਿਸ਼ਚਿਤ ਕੀਤੀ ਜਾਂਦੀ ਹੈ ਜਿਵੇਂ ਬੈਂਤ, ਦੋਹਾ, ਕੁੰਡਲੀਆ ਆਦਿ ਮਾਤ੍ਰਿਕ ਛੰਦਾਂ ਦੀ ਗਿਣਤੀ ਸੁਣ ਕੇ ਤਾਂ ਸਿਰ ਚਕਰਾਉਣ ਲਗਦਾ ਹੈ ਪਿੰਗਲ ਦੇ ਛੰਦਾਂ ਵਿਚ ਇਕ ਮਾਤਰਾ ਤੋਂ ਲੈ ਕੇ ਬੱਤੀ ਮਾਤਰਾ ਤਕ ਛੰਦ ਵਰਤੇ ਜਾਂਦੇ ਹਨ ਮੈਂ ਸਿਰਫ਼ ਬੱਤੀ ਮਾਤਰਾ ਵਾਲੇ ਛੰਦ ਦੀਆਂ ਵੰਨਗੀਆਂ ਦੀ ਗਿਣਤੀ ਸਾਂਝੀ ਕਰਨੀ ਚਾਹਾਂਗਾ ਪਿੰਗਲ ਸ਼ਸਤਰ ਦੇ ਅਨੁਸਾਰ ਇਕੱਲੇ ਬੱਤੀ ਮਾਤਰਾ ਵਾਲੇ ਛੰਦ ਦੇ ਹੀ ਪੈਂਤੀ ਲੱਖ ਚੌਵੀ ਹਜ਼ਾਰ ਪੰਜ ਸੌ ਸਤੱਤਰ ਰੂਪ ਹੋ ਸਕਦੇ ਹਨ

"ਗਿਣ ਗਿਣ ਕੰਨੇ ਬਿੰਦੀਆਂ, ਅੱਧਕ ਟਿੱਪੀ ਲਾਮ,
ਪੰਸਾਰੀ ਬਣ ਬੈਠਿਆ, ਸ਼ਾਇਰ ਬੇਲੀ ਰਾਮ"

3. ਗਣ ਛੰਦ— ਇਨ੍ਹਾਂ ਛੰਦਾਂ ਵਿਚ ਗਣਾਂ ਦੀ ਗਿਣਤੀ ਨਾਲ ਛੰਦ ਦੀ ਚਾਲ ਨਿਰਧਾਰਿਤ ਕੀਤੀ ਜਾਂਦੀ ਹੈ ਜਿਵੇਂ ਭੁਜੰਗ ਪ੍ਰਯਾਤ, ਸਾਰੰਗੀ, ਚਾਮਰ ਵਗੈਰਾ

ਭਾਵੇਂ ਪਿੰਗਲ ਤੇ ਅਰੂਜ਼ ਦੇ ਰੁਕਨਾਂ ਜਾਂ ਗਣਾਂ ਦੀ ਗਿਣਤੀ ਅੱਠ, ਅੱਠ ਹੀ ਹੈ (ਗਣ ਜਾਂ ਰੁਕਨਾਂ ਬਾਰੇ ਜਾਣਕਾਰੀ ਅੱਗੇ ਜਾ ਕੇ ਦਿਆਂਗੇ) ਪਰ ਇਨ੍ਹਾਂ ਵਿਚ ਬੁਨਿਆਦੀ ਤੌਰ ਤੇ ਬਹੁਤ ਫਰਕ ਹੈ ਅਰੂਜ਼ ਦੇ ਗਣਾਂ ਜਾਂ ਰੁਕਨਾਂ ਦੀ ਬਣਤਰ ਦਾ ਉਨ੍ਹਾਂ ਨੂੰ ਬੋਲਣ ਜਾਂ ਲਿਖਣ ਵੇਲੇ ਝੱਟ ਹੀ ਪਤਾ ਲਗ ਜਾਂਦਾ ਹੈ ਜਦ ਕਿ ਪਿੰਗਲ ਦੇ ਗਣਾਂ ਜਾਂ ਰੁਕਨਾਂ ਨੂੰ ਲਿਖਣ ਤੇ ਬੋਲਣ ਵੇਲੇ ਉਨ੍ਹਾਂ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ

ਅਰੂਜ਼ ਦੀ ਵੱਖ ਵੱਖ ਬਹਿਰਾਂ ਅਰੂਜ਼ ਦੇ ਵੱਖ ਵੱਖ ਰੁਕਨਾਂ (ਅਰੂਜ਼ ਦੇ ਰੁਕਨਾਂ ਦੀ ਜਾਣਕਾਰੀ ਅੱਗੇ ਚਲ ਕੇ ਦਿਆਂਗੇ) ਦੇ ਮੇਲ ਨਾਲ ਬਣਦੀਆਂ ਹਨ ਜਦੋਂ ਅਸੀਂ ਕਿਸੇ ਬਹਿਰ ਦਾ ਨਾਮ ਲੈਂਦੇ ਹਾਂ ਤਾਂ ਸਾਨੂੰ ਝਟ ਹੀ ਪਤਾ ਲਗ ਜਾਂਦਾ ਹੈ ਕਿ ਇਸ ਵਿਚ ਕਿਹੜੇ ਕਿਹੜੇ ਰੁਕਨ ਵਰਤੇ ਗਏ ਹਨ , ਤੇ ਇਸ ਬਹਿਰ ਨੂੰ ਕਿਸ ਤਰ੍ਹਾਂ ਪੜ੍ਹਨਾ ਜਾਂ ਗਾਉਣਾ ਹੈ ਜੇ ਇਸ ਦੇ ਮੁਕਾਬਲੇ ਪਿੰਗਲ ਬਾਰੇ ਜ਼ਿਕਰ ਕਰੀਏ ਤਾਂ ਪਿੰਗਲ ਦੇ ਸਾਰੇ ਛੰਦਾਂ ਦਾ ਨਾਮ ਕਲਪਿਤ ਹੈ ਪਿੰਗਲ ਦੇ ਛੰਦਾਂ ਦੇ ਨਾਵਾਂ ਤੋਂ ਇਹ ਜਾਣਕਾਰੀ ਨਹੀਂ ਮਿਲਦੀ ਕਿ ਇਹ ਕਿਹੜੀ ਕਿਸਮ ਦਾ ਛੰਦ ਹੈ, ਭਾਵ ਮਾਤਰਕ ਛੰਦ ਹੈ, ਗਣ ਛੰਦ ਹੈ ਜਾਂ ਵਰਣ ਛੰਦ ਹੈ

ਇਸ ਤੋਂ ਇਲਾਵਾ ਪਿੰਗਲ ਦੇ ਇਕੋ ਛੰਦ ਦੇ ਕਈ ਕਈ ਨਾਂ ਵੀ ਪ੍ਰਚਲਿਤ ਹਨ ਮਿਸਾਲ ਦੇ ਤੌਰ ਤੇ ਜਿਵੇਂ ਪਿੰਗਲ ਦੇ ਇਕ ਛੰਦ ਦਾ ਨਾਮ ਹੰਸ-ਗਤੀ ਹੈ ਹੁਣ ਹੰਸ-ਗਤੀ ਨਾਂ ਪੜ੍ਹ ਕੇ ਸਾਨੂੰ ਇਹ ਪਤਾ ਨਹੀਂ ਲਗਦਾ ਇਸ ਵਿਚ ਕਿੰਨੀਆਂ ਮਾਤਰਾਵਾਂ ਹਨ, ਕਿੱਥੇ ਕਿੱਥੇ ਵਿਸ਼ਰਾਮ ਹੈ ਤੇ ਇਹ ਕਿੰਨੀਆਂ ਸਤਰਾਂ ਦਾ ਛੰਦ ਹੈ

ਇਸੇ ਤਰ੍ਹਾਂ ਹੀ ਭੁਜੰਗ ਪ੍ਰਯਾਤ ਜਿਸਦਾ ਮਤਲਬ ਸੱਪ ਦਾ ਚਲਣਾ ਹੈ ਅਤੇ ਇਹ ਗਣ ਛੰਦ ਹੈ, ਪਰ ਭੁਜੰਗ ਪ੍ਰਯਾਤ ਕਹਿਣ ਨਾਲ ਸਾਨੂੰ ਇਹ ਪਤਾ

ਨਹੀਂ ਲਗਦਾ ਕਿ ਇਸ ਦੀ ਬਣਤਰ ਕਿਨ੍ਹਾਂ ਗਣਾਂ ਤੇ ਅਧਾਰਤ ਹੈ ਕਬਿਤ ਆਮ ਤੌਰ ਤੇ ਕਵਿਤਾ ਲਈ ਵਰਤਿਆ ਜਾਂਦਾ ਹੈ ਪਰ ਕਬਿਤ ਪਿੰਗਲ ਵਿਚ ਇਕ ਵਰਣਕ ਛੰਦ ਹੈ ਪਰ ਸਿਰਫ਼ ਕਬਿਤ ਕਹਿਣ ਨਾਲ ਸਾਨੂੰ ਇਹ ਪਤਾ ਨਹੀਂ ਲਗਦਾ ਕਿ ਇਸ ਛੰਦ ਵਿਚ ਕਿੰਨੇ ਵਰਣ ਹੁੰਦੇ ਹਨ ਅਤੇ ਕਿੰਨੇ ਵਰਣਾਂ ਮਗਰੋਂ ਵਿਸ਼ਰਾਮ ਹੈ

ਪਿੰਗਲ ਦੀ ਇਕ ਇਹ ਸਮੱਸਿਆ ਹੈ ਕਿ ਇਸ ਦੇ ਇੱਕੋ ਛੰਦ ਦੇ ਕਈ ਨਾਂ ਪ੍ਰਚਲਤ ਹਨ ਜਿਵੇਂ ਪਿੰਗਲ ਦਾ ਇਕ ਛੰਦ ਰੋਲਾ ਹੈ ਇਸ ਨੂੰ ਰਸਾਵਲੀ ਛੰਦ ਵੀ ਕਿਹਾ ਜਾਂਦਾ ਹੈ ਇਸੇ ਤਰਾਂ ਦਵੈਯਾ ਛੰਦ ਨੂੰ ਬੈਂਤ ਖੁਰਦ ਅਤੇ ਡਿਉਢ ਛੰਦ ਨੂੰ ਮਦਨਹਰ ਛੰਦ ਵੀ ਕਿਹਾ ਜਾਂਦਾ ਹੈ ਹੋਰ ਵੀ ਬਹੁਤ ਸਾਰੇ ਛੰਦਾਂ ਦੇ ਕਈ ਕਈ ਨਾਂ ਪ੍ਰਚਲਤ ਹਨ ਇਸ ਤੋਂ ਇਹ ਗਲ ਸਪਸ਼ਟ ਹੋ ਜਾਂਦੀ ਹੈ ਕਿ ਪਿੰਗਲ ਇਕ ਗੁੰਝਲਦਾਰ ਛੰਦ ਵਿਧਾਨ ਹੈ

"ਸਮਝਣ ਲਗਿਆਂ ਇਸ ਨੂੰ, ਹੋ ਜਾਈਏ ਬੇਹਾਲ,
ਪਿੰਗਲ ਹੈ ਜਾਂ ਇਹ ਕੋਈ, ਅਲਜ਼ਬਰੇ ਦਾ ਸਵਾਲ"

ਇਹੋ ਕਾਰਣ ਹੈ ਕਿ ਅੱਜ ਕੱਲ੍ਹ ਹਰ ਅਖ਼ਬਾਰ ਰਸਾਲੇ ਵਿਚ ਗੀਤ, ਗ਼ਜ਼ਲ, ਰੁਬਾਈ ਵਗੈਰਾ ਹੀ ਛਪਦੇ ਹਨ ਕਿਉਂ ਕਿ ਇਹ ਅਰੂਜ਼ ਦੇ ਅਨੁਸਾਰ ਲਿਖੇ ਜਾਂਦੇ ਹਨ ਤੇ ਪਿੰਗਲ ਦਾ ਕੋਈ ਛੰਦ ਨਹੀਂ ਛਪਦਾ

''ਅਰੂਜ਼ ਕੀ ਹੈ'' ?

ਦੋਸਤੋ ਜਿਸ ਤਰ੍ਹਾਂ ਪਹਿਲਾਂ ਵੀ ਆਪਾਂ ਜ਼ਿਕਰ ਕਰ ਚੁੱਕੇ ਹਾਂ ਕਿ ਜਿਵੇਂ ਸਾਡੀ ਭਾਰਤੀ ਛੰਦ ਸ਼ਾਸਤਰ ਪਿੰਗਲ ਦੀ ਰਚਨਾ ਰਿਸ਼ੀ ਪਿੰਗਲ ਦੁਆਰਾ ਕੀਤੀ ਗਈ ਮੰਨੀ ਜਾਂਦੀ ਹੈ, ਓਸੇ ਤਰ੍ਹਾਂ ਹੀ ਅਰਬੀ ਭਾਸ਼ਾ ਵਿਚ ਰਚਿਆ ਛੰਦ ਸ਼ਾਸਤਰ ਜਾਂ ਅਰਬੀ ਪਿੰਗਲ ਹੈ ਜਿਸ ਨੂੰ ਇਲਮ ਅਰੂਜ਼ ਕਿਹਾ ਜਾਂਦਾ ਹੈ   ਇਲਮ ਅਰੂਜ਼ ਦਾ ਕਰਤਾ ਖਲੀਲ ਬਿਨ ਅਹਿਮਦ ਨੂੰ ਮੰਨਿਆ ਜਾਂਦਾ ਹੈ, ਜਿਹੜਾ ਕਿ ਅੱਠਵੀਂ ਸਦੀ ਵਿਚ ਹੋਇਆ ਹੈ

ਖਲੀਲ ਬਿਨ ਅਹਿਮਦ ਪ੍ਰਸਿੱਧ ਭਾਸ਼ਾ ਵਿਗਿਆਨੀ ਹੋਇਆ ਹੈ ਜਿਸ ਨੇ ਅਰਬੀ ਕੋਸ਼ ਤੇ ਅਰਬੀ ਵਿਆਕਰਣ ਦੀ ਰਚਨਾ ਕੀਤੀ   ਉਹ ਸੰਗੀਤ ਦਾ ਵੀ ਮਾਹਿਰ ਸੀ, ਉਸ ਦੀਆਂ ਸੰਗੀਤ ਬਾਰੇ ਲਿਖੀਆਂ ਪੁਸਤਕਾਂ ਵੀ ਮਿਲਦੀਆਂ ਹਨ

ਖਲੀਲ ਬਿਨ ਅਹਿਮਦ ਨੇ ਇਲਮ ਅਰੂਜ਼ ਦੀ ਰਚਨਾ ਕਿਸ ਤਰ੍ਹਾਂ ਕੀਤੀ ਇਸ ਬਾਰੇ ਵੀ ਦਿਲਚਸਪ ਕਹਾਣੀ ਮਿਲਦੀ ਹੈ   ਕਹਿੰਦੇ ਹਨ ਕਿ ਇਕ ਵਾਰੀ ਉਹ ਬਸਰਾ ਸ਼ਹਿਰ ਦੇ ਠਠੇਰਿਆਂ (ਭਾਂਡੇ ਬਣਾਉਣ ਵਾਲੇ) ਦੇ ਬਜ਼ਾਰ ਵਿਚ ਦੀ ਲੰਘ ਰਿਹਾ ਸੀ   ਠਠੇਰੇ ਇਕ ਥਾਲ ਚਿੱਤ ਰਹੇ ਸਨ   ਉਹਨਾਂ ਦੇ ਹਥੌੜਿਆਂ ਨਾਲ ਇਕ ਦਕ ਦਕ ਦਕਕ ਦਕਕ ਦੀ ਅਵਾਜ਼ ਪੈਦਾ ਹੋ ਰਹੀ ਸੀ   ਖਲੀਲ ਕਿਉਂ ਕਿ ਸੰਗੀਤ ਦਾ ਵੀ ਜਾਣਕਾਰ ਸੀ ਉਸ ਨੂੰ ਇਹ ਅਹਿਸਾਸ ਹੋਇਆ ਕਿ ਹਥੌੜਿਆਂ ਦੀ ਅਵਾਜ਼ ਇਕ ਲੈਅ-ਬਧ ਸੰਗੀਤਮਈ ਧੁਨੀ ਪੈਦਾ ਕਰ ਰਹੀ ਹੈ   ਉਸ ਦਾ ਇਹ ਅਹਿਸਾਸ ਹੀ ਅਰੂਜ਼ ਦੇ ਇਲਮ ਦੀ ਬੁਨਿਆਦ ਸਾਬਿਤ ਹੋਇਆ   ਅਰੂਜ਼ ਦੇ ਰੁਕਨਾਂ ਦੀ ਬਣਤਰ ਵੀ ਕੁੱਝ ਅਜਿਹੀ ਹੀ ਹੈ ਕਿ ਇਨ੍ਹਾਂ ਰੁਕਨਾਂ ਨੂੰ ਤਰਤੀਬ -ਬਧ ਕਰਦਿਆਂ ਹੀ ਆਪ-ਮੁਹਾਰੇ ਹੀ ਲੈਅ-ਬਧਤਾ ਪੈਦਾ ਹੋ ਜਾਂਦੀ ਹੈ   ਲੈਅ ਪੈਦਾ ਕਰਨਾ ਹੀ ਛੰਦ-ਬੰਦੀ ਦਾ ਮੰਤਵ ਹੈ

ਦੋਸਤੋ ਬਸਰਾ ਸ਼ਹਿਰ ਅਰਬ ਦਾ ਅਜਿਹਾ ਸ਼ਹਿਰ ਹੈ ਜਿਸਦਾ ਜ਼ਿਕਰ ਪੰਜਾਬੀ ਗੀਤਾਂ ਵਿਚ ਅਕਸਰ ਮਿਲਦਾ ਹੈ

ਬਸਰੇ ਦੀ ਲਾਮ ਟੁਟ ਜਾਏ ਨੀ ਮੈਂ ਰੰਡੀਓਂ ਸੁਹਾਗਣ ਹੋਵਾਂ

ਇਸ ਲੋਕ ਗੀਤ ਦਾ ਪਿਛੋਕੜ ਇਹ ਹੈ ਕਿ ਦੂਜੀ ਸੰਸਾਰ ਜੰਗ ਵਿਚ ਬਰਤਾਨੀਆਂ ਦੀਆਂ ਫੌਜਾਂ ਵਿਚ ਬਹੁਤ ਸਾਰੇ ਪੰਜਾਬੀ ਫੌਜੀ ਵੀ ਸਨ   ਬਸਰੇ ਸ਼ਹਿਰ ਵਿਚ ਬਰਤਾਨੀਆਂ ਤੇ ਉਸ ਦੀਆਂ ਇਤਹਾਦੀ ਫੌਜਾਂ ਨਾਲ ਵਿਰੋਧੀ ਫੌਜਾਂ ਦੀ

ਜ਼ਬਰਦਸਤ ਟੱਕਰ ਹੋਈ, ਸਾਡੀਆਂ ਪੰਜਾਬੀ ਮੁਟਿਆਰਾਂ ਜਿਨ੍ਹਾਂ ਦੇ ਕੰਤ ਉਸ ਲੜਾਈ ਵਿਚ ਗਏ ਹੋਏ ਸਨ ਉਹਨਾਂ ਨੇ ਆਪਣੇ ਦਿਲ ਦਾ ਦਰਦ ਇਸ ਲੋਕ-ਗੀਤ ਰਾਹੀਂ ਉਜਾਗਰ ਕੀਤਾ ਹੈ   ਭਾਵੇਂ ਕਿ ਅਰੂਜ਼ ਨਾਲ ਇਸ ਘਟਨਾਂ ਦਾ ਕੋਈ ਸਬੰਧ ਨਹੀਂ ਪਰ ਅਰੂਜ਼ ਵਰਗੇ ਖੁਸ਼ਕ ਵਿਸ਼ੇ ਨਾਲ ਮਗਜ਼-ਖਪਾਈ ਕਰਦਿਆਂ ਜੇ ਕੋਈ ਰੌਚਿਕ ਗੱਲ ਕਰ ਲਈ ਜਾਵੇ ਤਾਂ ਅਕੇਵਾਂ ਪੈਦਾ ਨਹੀਂ ਹੁੰਦਾ   ਖੁਸ਼ਕ, ਰੁੱਖੀ ਤੇ ਅਕਾਊ ਲਿਖ਼ਤ ਪਾਠਕ ਭਜਾਊ ਹੋ ਨਿੱਬੜਦੀ ਹੈ   ਕਿਉਂਕਿ ਆਪਾਂ ਜਾਣਦੇ ਹਾਂ

"ਪਾਠਕ ਮੂੰਹ ਨਾ ਲਾਉਣਗੇ, ਨਾ ਹੋਣੀ ਪਰਵਾਨ,
ਲਿਖ਼ਤਾਂ ਵਿਚ ਨਾ ਵਰਤੀਏ, ਰੁੱਖੀ ਖੁਸ਼ਕ ਜ਼ੁਬਾਨ''

ਖਲੀਲ ਬਿਨ ਅਹਿਮਦ ਦੀ ਮਾਤ ਭਾਸ਼ਾ ਅਰਬੀ ਸੀ   ਅਰੂਜ਼ ਦੀਆਂ ਸਾਰੀਆਂ ਟੈਕਨੀਕਲ ਟਰਮਜ਼ ਅਰਬੀ ਭਾਸ਼ਾ ਵਿਚ ਹਨ   ਜੋ ਸਾਨੂੰ ਪੜ੍ਹਦਿਆਂ ਸਾਰ ਹੀ ਓਪਰੀਆਂ ਜੇਹੀਆਂ ਮਹਿਸੂਸ ਹੁੰਦੀਆਂ ਹਨ   ਆਉ ਦੇਖੀਏ ਕਿ ਇਹਨਾਂ ਟੈਕਨੀਕਲ ਟਰਮਜ਼ ਦੇ ਅਰਬੀ ਵਿਚ ਸ਼ਾਬਦਿਕ ਅਰਥ ਕੀ ਹਨ   ਇਨ੍ਹਾਂ ਦਾ ਜ਼ਿਕਰ ਕਰਨਾਂ ਵੀ ਵਿਸ਼ੇ ਨੂੰ ਰੋਚਕ ਬਣਾਉਂਦਾ ਹੈ

ਜਦੋਂ ਅਸੀਂ ਅਰੂਜ਼ ਨਾਲ ਸਬੰਧਤ ਭਾਰੇ ਭਾਰੇ ਜਾਪਦੇ ਸ਼ਬਦਾਂ ਦੇ ਅਰਬੀ ਭਾਸ਼ਾ ਵਿਚ ਸ਼ਾਬਦਿਕ ਅਰਥ ਜਾਣ ਲੈਂਦੇ ਹਾਂ ਤਾਂ ਸਾਨੂੰ ਬੜੀ ਰੌਚਕ ਜਾਣਕਾਰੀ ਮਿਲਦੀ ਹੈ   ਅਸੀਂ ਇਹ ਦੇਖ ਕੇ ਬਹੁਤ ਹੈਰਾਨ ਹੁੰਦੇ ਹਾਂ ਕਿ ਇਹ ਸ਼ਬਦ ਅਰਬੀ ਲੋਕਾਂ ਦੀ ਰੋਜ਼-ਮਰ੍ਹਾ ਦੇ ਕਿੰਨੇ ਨੇੜੇ ਹਨ   ਤੁਹਾਡੀ ਰੌਚਕਤਾ ਲਈ ਕੁੱਝ ਸ਼ਬਦਾਂ ਦੇ ਅਰਥ ਦਰਸਾ ਰਹੇ ਹਾਂ

ਆਪਾਂ ਜਾਣਦੇ ਹਾਂ ਕਿ ਅਰਬ ਦੇਸ਼ਾਂ ਦਾ ਵੱਡਾ ਹਿੱਸਾ ਮਾਰੂਥਲ ਜਾਂ ਰੇਗਿਸਤਾਨੀ ਹੈ   ਚਾਰੇ ਪਾਸੇ ਰੇਤ ਦੇ ਟਿੱਬੇ ਹੀ ਟਿੱਬੇ ਨਜ਼ਰ ਆਉਂਦੇ ਹਨ   ਅਜੋਕੇ ਦੌਰ ਵਿਚ ਅਰਬ ਮੁਲਕ ਤੇਲ ਦੇ ਭੰਡਾਰਾਂ ਦੀ ਵਜ੍ਹਾ ਨਾਲ ਬਹੁਤ ਤਰੱਕੀ ਕਰ ਗਏ ਹਨ   ਖ਼ਲੀਲ ਬਿਨ ਅਹਿਮਦ ਦਾ ਸਮਾਂ ਅੱਠਵੀ ਸਦੀ ਦਾ ਸਮਾਂ ਸੀ   ਇਨ੍ਹਾਂ ਸਮਿਆਂ ਵਿਚ ਅਰਬ ਮੁਲਕਾਂ ਵਿਚ ਜ਼ਿੰਦਗੀ ਅੱਜ ਦੀ ਜ਼ਿੰਦਗੀ ਵਰਗੀ ਨਹੀਂ ਸੀ   ਲੋਕ ਖਾਨਾਬਦੋਸ਼ਾਂ ਵਾਂਗ ਵਿਚਰਦੇ ਸਨ ਅਤੇ ਤੰਬੂ-ਨੁਮਾ ਘਰਾਂ ਵਿਚ ਰਹਿੰਦੇ ਸਨ

ਜਦੋਂ ਅਸੀ ਅਰੂਜ਼ ਦੇ ਪਰਿਭਾਸ਼ਿਕ ਸ਼ਬਦਾਂ ਦੀ ਅਰਬੀ ਵਿਚਲੇ ਸ਼ਾਬਦਿਕ ਅਰਥਾਂ ਦੀ ਜਾਂਚ ਕਰਦੇ ਹਾਂ ਤਾਂ ਸਾਨੂੰ ਇਹ ਦੇਖ ਕੇ ਹੈਰਾਨੀ ਹੁੰਦੀ ਹੈ ਕਿ ਅਰੂਜ਼ ਨਾਲ ਸਬੰਧਿਤ ਸਾਰੇ ਸ਼ਬਦ ਉਹਨਾਂ ਦੇ ਤੰਬੂ-ਨੁਮਾਂ ਘਰ ਨਾਲ ਹੀ ਸਬੰਧਿਤ ਹਨ   ਆਉ ਜ਼ਰਾ ਇਨ੍ਹਾਂ ਸ਼ਬਦਾਂ ਦੀ ਘੁੰਡੀ ਖੋਲ੍ਹੀਏ,

ਅਰੂਜ਼—ਅਰੂਜ਼ ਦਾ ਅਰਬੀ ਭਾਸ਼ਾ ਵਿਚ ਖ਼ੈਮੇਂ (ਤੰਬੂ-ਨੁਮਾ ਘਰ) ਦੇ ਵਿਚਕਾਰਲੀ ਚੋਭ ਨੂੰ ਕਿਹਾ ਜਾਂਦਾ ਹੈ, ਜਿਸ ਦੇ ਸਹਾਰੇ ਤੰਬੂ ਖੜ੍ਹਦਾ ਹੈ

ਸ਼ਿਅਰ—ਸ਼ਿਅਰ ਦਾ ਸ਼ਾਬਦਿਕ ਅਰਥ ਏਹੋ ਖ਼ੈਮਾਂ , ਜਾਂ ਏਹੋ ਘਰ ਹੁੰਦਾ ਹੈ

ਮਿਸਰਾ— ਮਿਸਰਾ ਦਰਵਾਜੇ ਦੇ ਇਕ ਪਾਟ ਨੂੰ ਕਿਹਾ ਜਾਂਦਾ ਹੈ   ਜਿਵੇਂ ਕਿ ਦੋ ਪਾਟ ਜੋੜ ਕੇ ਦਰਵਾਜ਼ਾ ਬਣਦਾ ਹੈ ਇਵੇਂ ਹੀ ਦੋ ਮਿਸਰੇ ਜੋੜ ਕੇ ਇਕ ਸ਼ਿਅਰ ਬਣਦਾ ਹੈ

ਅਰੂਜ਼ੀਆਂ ਨੇ ਸ਼ਿਅਰ ਨੂੰ ਛੇ ਹਿੱਸਿਆਂ ਵਿਚ ਵੰਡਿਆ ਹੈ

ਸਦਰ   ਹਸ਼ਵ   ਅਰੂਜ਼
ਇਬਤਦਾ   ਹਸ਼ਵ   ਜ਼ਰਬ

ਹਰੇਕ ਸ਼ਿਅਰ ਵਿਚ ਪਹਿਲੇ ਮਿਸਰੇ ਦਾ ਅਖ਼ੀਰਲਾ ਪਦ ਤੰਬੂ ਦੇ ਵਿਚਾਕਰਲੀ ਨੋਕ ਵਾਂਗ ਸਥਿਰ ਰਹਿੰਦਾ ਹੈ ਗ਼ਜ਼ਲ ਦੇ ਸਾਰੇ ਸ਼ਿਅਰ ਹੀ ਪਹਿਲੇ ਮਿਸਰੇ ਦੇ ਅਖ਼ੀਰਲੇ ਪਦ ਨਾਲ ਹੀ ਬੱਝੇ ਹੁੰਦੇ ਹਨ ਮਿਸਾਲ ਦੇ ਤੌਰ ਤੇ

ਜ਼ਿੰਦਗੀ ਆਪਣੀ 'ਚ ਖ਼ੁਦ ਹੀ ਜ਼ਹਿਰ ਭਰਨਾ ਯਾਦ ਹੈ
ਇਸ਼ਕ ਦੇ ਰਾਹਾਂ 'ਚ, ਪਹਿਲਾ ਪੈਰ ਧਰਨਾ ਯਾਦ ਹੈ
ਜ਼ਿੰਦਗੀ 'ਚੋਂ ਗ਼ਮ ਨਫੀ ਹੋਣਾ ਸੀ ਉਸ ਨੂੰ ਭੁੱਲ ਕੇ,
ਬੇਖ਼ੁਦੀ ਵਿਚ ਰਾਜ ਨੂੰ ਫਿਰ ਯਾਦ ਕਰਨਾ ਯਾਦ ਹੈ

(ਰਾਜਵੰਤ ਬਾਗੜੀ)

ਰਾਜਵੰਤ ਬਾਗੜੀ ਦੀ ਇਸ ਗ਼ਜ਼ਲ ਵਿਚ ਪਹਿਲੇ ਮਿਸਰੇ ਦਾ ਅਖ਼ੀਰਲਾ ਪਦ 'ਭਰਨਾ ਯਾਦ ਹੈ' ਬਣਦਾ ਹੈ ਗ਼ਜ਼ਲ ਦੇ ਬਾਕੀ ਸ਼ਿਅਰ ਵੀ ਇਸੇ ਪਦ ਨਾਲ ਬੱਝਣਗੇ ਜਿਵੇਂ ਭਰਨਾ ਯਾਦ ਹੈ, ਧਰਨਾ ਯਾਦ ਹੈ, ਕਰਨਾ ਯਾਦ ਹੈ

ਸਬੱਬ—ਅਰੂਜ਼ ਵਿਚ ਦੋ ਹਰਫ਼ੀ ਸ਼ਬਦਾਂਗ ਨੂੰ ਸਬੱਬ ਕਹਿੰਦੇ ਹਨ ਅਰਬੀ ਭਾਸ਼ਾ ਵਿਚ ਸਬੱਬ ਰੱਸੇ ਨੂੰ ਕਹਿੰਦੇ ਹਨ ਜਿਸ ਨਾਲ ਤੰਬੂ ਬੰਨ੍ਹਿਆ ਹੁੰਦਾ ਹੈ

ਵਤਦ— ਵਤਦ ਤਿੰਨ ਅੱਖਰੀ ਸ਼ਬਦਾਂ ਦੇ ਸ਼ਬਦਾਂਗ ਨੂੰ ਕਿਹਾ ਜਾਂਦਾ ਹੈ ਪਰ ਅਰਬੀ ਭਾਸ਼ਾ ਵਿਚ ਵਤਦ ਦਾ ਅਰਥ ਕਿੱਲਾ ਹੁੰਦਾ ਹੈ ਜਿਸ ਨਾਲ ਤੰਬੂ ਦੇ ਰੱਸੇ ਨੂੰ ਬੰਨ੍ਹਿਆਂ ਜਾਂਦਾ ਹੈ

ਰੁਕਨ— ਰੁਕਨ ਜਾਂ ਗਣ ਉਹ ਮਾਪ ਹਨ ਜਿਹਨਾਂ ਨਾਲ ਅਰੂਜ਼ ਦੀਆਂ ਬਹਿਰਾਂ ਮਾਪੀਆਂ ਤੋਲੀਆਂ ਜਾਂਦੀਆਂ ਹਨ ਅਰਬੀ ਭਾਸ਼ਾ ਵਿਚ ਰੁਕਨ ਥੰਮ ਨੂੰ ਕਹਿੰਦੇ ਹਨ ਜਿਸ ਦੇ ਸਹਾਰੇ ਤੰਬੂ ਖੜ੍ਹਦਾ ਹੈ

ਦੋਸਤੋ ਤੁਸੀਂ ਦੇਖ ਹੀ ਲਿਆ ਹੈ ਕਿ ਅਰਬੀ ਭਾਸ਼ਾ ਦੇ ਪਰਿਭਾਸ਼ਿਕ ਸ਼ਬਦ ਅਰਬੀ ਲੋਕਾਂ ਦੇ ਜੀਵਨ ਦੇ ਨਾਲ ਕਿੰਨੇ ਨੇੜਿਉਂ ਜੁੜੇ ਹੋਏ ਹਨ

ਪਿੰਗਲ ਤੇ ਅਰੂਜ਼ ਵਿਚ ਫ਼ਰਕ ਤੇ ਸਮਾਨਤਾ

ਪਿਆਰੇ ਦੋਸਤੋ ਭਾਰਤੀ ਛੰਦ ਵਿਧਾਨ ਨੂੰ ਪਿੰਗਲ ਕਿਹਾ ਜਾਂਦਾ ਹੈ ਤੇ ਅਰਬੀ ਛੰਦ ਵਿਧਾਨ ਨੂੰ ਇਲਮ ਅਰੂਜ਼ ਆਉ ਅਸੀਂ ਪਹਿਲਾਂ ਇਹ ਪੜਤਾਲ ਕਰੀਏ ਕਿ ਪਿੰਗਲ ਤੇ ਅਰੂਜ਼ ਵਿਚ ਕਿਹੜੇ ਕਿਹੜੇ ਫ਼ਰਕ ਹਨ

ਦੋਸਤੋ ਪਿੰਗਲ ਅਤੇ ਅਰੂਜ਼ ਵਿਚ ਕਈ ਬੁਨਿਆਦੀ ਫ਼ਰਕ ਹਨ ਪਹਿਲਾ ਫ਼ਰਕ ਤਾਂ ਇਹੋ ਹੈ ਕਿ ਪਿੰਗਲ ਦੇ ਛੰਦਾਂ ਦੀਆਂ ਤਿੰਨ ਕਿਸਮਾਂ ਹਨ (1) ਵਰਣਕ ਛੰਦ (2) ਮਾਤਰਕ ਛੰਦ (3) ਗਣ ਛੰਦ

ਅਰੂਜ਼ ਕੇਵਲ ਗਣ ਛੰਦ ਤੇ ਹੀ ਅਧਾਰਤ ਹੈ ਅਰੂਜ਼ੀ ਬਹਿਰਾਂ ਵਿਚ ਸਿਰਫ ਅੱਖਰ ਹੀ ਗਿਣੇ ਜਾਂਦੇ ਹਨ ਅਰਬੀ ਵਰਣਮਾਲਾ ਸ਼ਾਹਮੁਖੀ ਵਿਚ ਪੰਜਾਬੀ ਵਰਣਮਾਲਾ ਵਾਂਗ ਮਾਤਰਾ ਨਹੀਂ ਹੁੰਦੀਆਂ ਅੰਗਰੇਜ਼ੀ ਭਾਸ਼ਾ ਦੀ ਰੋਮਨ ਲਿਪੀ ਵਾਂਗ ਅਰਬੀ ਭਾਸ਼ਾ ਵਿਚ ਅੱਖਰ ਹੀ ਲਗਾਂ ਮਾਤਰਾਵਾਂ ਦਾ ਕੰਮ ਕਰਦੇ ਹਨ ਅਰਬੀ ਭਾਸ਼ਾ ਵਿਚ ਸਿਰਫ ਤਿੰਨ ਹਰਕਤਾਂ ਜ਼ਬਰ ਜੇਰ ਤੇ ਪੇਸ਼ ਹਨ ਜਿਨ੍ਹਾਂ ਨੂੰ ਹਰਫ਼-ਏ- ਇੱਲਤ ਕਿਹਾ ਜਾਂਦਾ ਹੈ ਜਿਹੜੇ ਅੱਖਰਾਂ ਨਾਲ ਇਹ ਹਰਕਤਾਂ ਲਗਦੀਆਂ ਹਨ ਉਹ ਮੁਤਹੱਰਕ ਹੋ ਜਾਂਦਾ ਹੈ

ਪੰਜਾਬੀ ਪਿੰਗਲ ਵਿਚ ਇਕ ਤੁਕ ਨੂੰ ਉਚਾਰਣ ਸਮੇਂ ਜਿੰਨਾਂ ਸਮਾਂ ਖਰਚ ਹੁੰਦਾ ਹੈ ਉਸ ਨੂੰ ਮਾਪਿਆ ਜਾਂਦਾ ਹੈ ਪੰਜਾਬੀ ਵਰਣਮਾਲਾ ਵਿਚ ਦੋ ਤਰ੍ਹਾਂ ਦੇ ਅੱਖਰ ਹਨ ਸਵਰ ਤੇ ਵਿਅੰਜਨ ੳ, ਅ, ੲ ਤਿੰਨ ਸਵਰ ਹਨ ਤੇ ਬਾਕੀ ਸਾਰੇ ਵਿਅੰਜਨ ਇਸੇ ਤਰ੍ਹਾਂ ਪੰਜਾਬੀ ਵਿਚ ਦੋ ਤਰ੍ਹਾਂ ਦੀਆਂ ਲਗਾਂ ਹਨ ਲਘੂ ਲਗਾਂ ਤੇ ਦੀਰਘ ਲਗਾਂ

ਲਘੂ ਲਗਾਂ— ਇਸ ਵਿਚ ਔਂਕੜ ਤੇ ਸਿਹਾਰੀ ਆਉਂਦੇ ਹਨ

ਦੀਰਘ ਲਗਾਂ— ਇਸ ਵਿਚ ਲਾਵਾਂ, ਦੁਲਾਵਾਂ, ਕੰਨਾਂ, ਹੋੜਾ, ਕਨੌੜਾ, ਬਿਹਾਰੀ, ਟਿੱਪੀ, ਅਧਕ ਵਗੈਰਾ ਆਉਂਦੇ ਹਨ

ਬਿਨਾਂ ਲਗਾਂ ਵਾਲੇ ਅੱਖਰ ਨੂੰ ਮੁਕਤਾ ਕਿਹਾ ਜਾਂਦਾ ਹੈ ਇਕ ਮੁਕਤਾ ਅੱਖਰ ਨੂੰ ਉਚਾਰਦੇ ਹੋਏ ਜਿਨਾਂ ਸਮਾਂ ਲਗਦਾ ਹੈ ਇਕ ਦੀਰਘ ਲਗ ਵਾਲਾ ਅੱਖਰ ਉਚਾਰਦੇ ਹੋਏ ਉਸ ਤੋਂ ਦੁੱਗਣਾ ਸਮਾਂ ਲਗਦਾ ਹੈ ਛੋਟੀਆਂ ਲਗਾਂ ਜਾਂ ਲਘੂ ਲਗਾਂ ਵਜ਼ਨ ਵਿਚ ਨਹੀਂ ਗਿਣੀਆਂ ਜਾਂਦੀਆਂ ਭਾਵ ਜੇ ਕਿਸੇ ਮੁਕਤੇ ਅੱਖਰ ਨੂੰ ਔਂਕੜ ਜਾਂ ਸਿਹਾਰੀ ਲੱਗੀ ਹੋਵੇ ਤਾਂ ਉਹ ਵਜ਼ਨ ਵਿਚ ਨਹੀਂ ਗਿਣੀ ਜਾਂਦੀ ਜਿਵੇਂ ਕਿ ਅਤੇ ਜੁ ਦਾ ਵਜ਼ਨ ਕ ਅਤੇ ਜ ਦੇ ਬਰਾਬਰ ਹੀ ਹੈ

ਪਿੰਗਲ ਦੇ ਅਨੁਸਾਰ ਇਕ ਮੁਕਤਾ ਅੱਖਰ ਨੂੰ ਲਘੂ ਕਿਹਾ ਜਾਂਦਾ ਹੈ ਤੇ ਦੀਰਘ ਲਗ ਵਾਲੇ ਅੱਖਰ ਨੂੰ ਗੁਰੂ ਕਿਹਾ ਜਾਂਦਾ ਹੈ ਲਘੂ ਮਾਤਰਾ ਦਾ ਚਿੰਨ ਇਕ ਸਿਧੀ ਡੰਡੀ ( ) ਅਤੇ ਗੁਰੂ ਦਾ ਚਿਨ੍ਹ ਅੰਗਰੇਜ਼ੀ ਭਾਸ਼ਾ ਦੇ (S) ਰਾਹੀਂ ਪ੍ਰਗਟ ਕੀਤਾ ਜਾਂਦਾ ਹੈ ਮਿਸਾਲ ਦੇ ਤੌਰ ਤੇ 'ਜ' ਅੱਖਰ ਦਾ ਵਜ਼ਨ ਇਕ ਲਘੂ ਮੰਨਿਆ ਜਾਵੇਗਾ ਅਰਥਾਤ ਇਹ ( ) ਰਾਹੀਂ ਲਿਖਿਆ ਜਾਵੇਗਾ ਪਰ ਜੇ ਇਸ ਨਾਲ ਇਕ ਦੀਰਘ ਲਗ ਲੱਗ ਜਾਂਦੀ ਹੈ ਭਾਵ ਇਹ 'ਜੇ' ਹੋ ਜਾਵੇ ਤਾਂ ਇਸ ਨੂੰ ਗੁਰੂ (S) ਰਾਹੀਂ ਦਰਸਾਇਆ ਜਾਵੇਗਾ ਪਿੰਗਲ ਦੇ ਛੰਦਾਂ ਦਾ ਨਾਪ ਤੋਲ ਇਨ੍ਹਾਂ ਲਘੂ ਤੇ ਗੁਰੂ ਅੱਖਰਾਂ ਦੇ ਹਿਸਾਬ ਨਾਲ ਕੀਤਾ ਜਾਂਦਾ ਹੈ

ਅਰੂਜ਼ ਦੇ ਹਿਸਾਬ ਨਾਲ ਅਰੂਜ਼ੀ ਬਹਿਰਾਂ ਦਾ ਵਜ਼ਨ ਮੁਤਹੱਰਕ ਸਾਕਿਨ ਅੱਖਰਾਂ ਦੇ ਹਿਸਾਬ ਨਾਲ ਕੀਤਾ ਜਾਂਦਾ ਹੈ ਜਿਨ੍ਹਾਂ ਦੀ ਜਾਣਕਾਰੀ ਅਸੀਂ ਅੱਗੇ ਜਾ ਕੇ ਦਿਆਂਗੇ ਅਰੂਜ਼ ਦੇ ਸਿਧਾਂਤ ਅਨੁਸਾਰ ਇਹ ਦੇਖਿਆ ਜਾਂਦਾ ਹੈ ਕਿ ਇਕ ਮਿਸਰੇ ਨੂੰ ਉਚਾਰਣ ਸਮੇਂ ਜ਼ੁਬਾਨ ਕਿੰਨੀ ਵਾਰ ਚਲਦੀ ਹੈ ਤੇ ਰੁਕਦੀ ਹੈ ਜ਼ੁਬਾਨ ਦੇ ਚੱਲਣ ਨੂੰ ਮੁਤਹੱਰਕ ਅਤੇ ਰੁਕਣ ਨੂੰ ਸਾਕਿਨ ਆਖਿਆ ਜਾਂਦਾ ਹੈ

"ਨੁਕਤਾ ਇਕ ਅਰੂਜ਼ ਦਾ, ਇਹ ਕਸਵੱਟੀ ਜਾਣ,
ਕਿੱਥੇ ਕਿੱਥੇ ਚੱਲਦੀ, ਕਿੱਥੇ ਰੁਕੇ ਜ਼ੁਬਾਨ"

ਪਿੰਗਲ ਅਤੇ ਅਰੂਜ਼ ਵਿਚ ਜਿੱਥੇ ਬੁਨਿਆਦੀ ਫ਼ਰਕ ਹਨ ਉੱਥੇ ਕੁੱਝ ਸਮਾਨਤਾ ਵੀ ਮਿਲਦੀ ਹੈ ਆਉ ਹੁਣ ਇਸ ਦੀ ਨਿਸ਼ਾਨਦੇਹੀ ਕਰੀਏ

ਜਿਵੇਂ ਪਿੰਗਲ ਦਾ ਅਧਾਰ ਅੱਠ ਗਣ ਹਨ ਇਸੇ ਤਰ੍ਹਾਂ ਅਰੂਜ਼ ਦੇ ਵੀ ਅੱਠ ਰੁਕਨ ਹਨ ਜਿਨ੍ਹਾਂ ਦੀ ਜਾਣਕਾਰੀ ਅੱਗੇ ਚਲ ਕੇ ਦਿਆਂਗੇ ਪਿੰਗਲ ਦੇ ਗਣਾਂ ਦੀ ਜਾਣਕਾਰੀ ਰੱਖਣ ਵਾਸਤੇ ਪਿੰਗਲ ਵਾਲਿਆਂ ਨੇ ਇਕ ਫਾਰਮੁੱਲਾ ਘੜ੍ਹਿਆ ਹੋਇਆ ਹੈ ਤੁਹਾਡੀ ਜਾਣਕਾਰੀ ਅਤੇ ਰੌਚਕਤਾ ਵਾਸਤੇ ਦੱਸ ਰਹੇ ਹਾਂ

'ਯਮਾਤਾ ਰਾਜ ਭਾਨ ਸਗਲਾ'

ਇਸ ਤੁਕ ਦੇ ਪਹਿਲੇ ਅੱਠ ਅੱਖਰਾਂ ਨਾਲ ਜੇ ਗਣ ਲਾ ਦੇਈਏ ਤਾਂ ਪਿੰਗਲ ਦੇ ਅੱਠ ਗਣ ਬਣ ਜਾਂਦੇ ਹਨ ਤੇ ਪਿੱਛੇ ਗਲਾ ਰਹਿ ਜਾਂਦਾ ਹੈ ਜਿਸ ਦਾ ਮਤਲਬ ਗੁਰੂ ਲਘੂ ਹੈ ਲਉ ਹੁਣ ਇਸ ਫਾਰਮੁੱਲੇ ਨੂੰ ਲਾਗੂ ਕਰਕੇ ਪਿੰਗਲ ਦੇ ਗਣਾਂ ਦਾ ਪਤਾ ਕਰੀਏ --

(1) ਯਗਣ (2) ਮਗਣ (3) ਤਗਣ (4) ਰਗਣ (5) ਜਗਣ (6) ਭਗਣ (7) ਨਗਣ (8) ਸਗਣ ਅਤੇ ਗੁਰੂ ਲਘੂ

ਪਿੰਗਲ ਦੇ ਗਣਾਂ ਅਤੇ ਅਰੂਜ਼ ਦੇ ਰੁਕਨ ਵਿਚ ਸਮਾਨਤਾ

ਪਿੰਗਲ ਦੇ ਗਣ		ਅਰੂਜ਼ ਦੇ ਰੁਕਨ
ਯਗਣ	ISS	ਫਊਲੁਨ
ਮਗਣ	SSS	ਮਫਊਲੁਨ
ਤਗਣ	SSI	ਮਫ਼ਊਲ
ਰਗਣ	SIS	ਫਾਇਲੁਨ
ਜਗਣ	ISI	ਫਊਲ
ਭਗਣ	SII	ਸਬੱਬ ਖਫੀਫ + ਸਬੱਬ ਸਕੀਲ
ਨਗਣ	III	ਵਤਦ ਕਸਰਤ
ਸਗਣ	IIS	ਫਿਇਲਾ
ਗੁਰੂ	S	ਫੇ (ਸਬੱਬ ਖ਼ਫ਼ੀਫ)
ਲਘੂ	I	ਮੁਤਹਰਕ

ਇਸੇ ਅਧਾਰ ਤੇ ਪਿੰਗਲ ਦੇ ਗਣ ਛੰਦ ਅਤੇ ਅਰੂਜ਼ੀ ਬਹਿਰਾਂ ਆਪਸ ਵਿਚ ਮਿਲ ਜਾਂਦੇ ਹਨ ਇਸ ਪਰਖ਼ ਤੋਂ ਇਹ ਸਿੱਧ ਹੋ ਗਿਆ ਕਿ ਅਰੂਜ਼ ਦੀਆਂ ਕੁੱਝ ਮੂਲ ਇਕਾਈਆਂ ਪਿੰਗਲ ਨਾਲ ਮਿਲਦੀਆਂ ਜੁਲਦੀਆਂ ਹਨ ਇਸੇ ਸਮਾਨਤਾ ਕਰਕੇ ਪੰਜਾਬੀ ਵਿਚ ਅਰੂਜ਼ ਅਨੁਸਾਰ ਗ਼ਜ਼ਲ ਲਿਖੀ ਜਾ ਸਕਦੀ ਹੈ, ਤੇ ਲਿਖੀ ਜਾ ਰਹੀ ਹੈ ਅਰੂਜ਼ ਦਾ ਅਧਾਰ ਸਬੱਬ ਤੇ ਵਤਦ ਇਕਾਈਆਂ ਹੀ ਹਨ, ਅਤੇ ਇਨ੍ਹਾਂ ਨੂੰ ਪੰਜਾਬੀ ਜ਼ੁਬਾਨ ਵਿਚ ਪ੍ਰਗਟਾਇਆ ਜਾ ਸਕਦਾ ਹੈ ਅਰੂਜ਼ ਦੇ ਰੁਕਨਾਂ ਦੀ ਜਾਣਕਾਰੀ ਹਾਸਲ ਕਰਕੇ ਅਸੀਂ ਇਨ੍ਹਾਂ ਅਨੁਸਾਰ ਗ਼ਜ਼ਲ ਲਿਖ ਸਕਦੇ ਹਾਂ ਅਰੂਜ਼ ਦੇ ਮੂਲ ਰੁਕਨਾਂ ਅਤੇ ਅੱਗੇ ਇਨ੍ਹਾਂ ਰੁਕਨਾਂ ਦੀ ਕਾਂਟ ਛਾਂਟ ਕਰਕੇ ਕੁੱਲ ਪੰਜਾਹ ਕੁ ਰੁਕਨ ਹੀ ਬਣਦੇ ਹਨ ਪਿੰਗਲ ਦੀਆਂ ਹਜ਼ਾਰਾਂ ਵੰਨਗੀਆਂ ਯਾਦ ਕਰਨ ਦੀ ਥਾਂ, ਅਰੂਜ਼ ਦੇ ਥੋੜ੍ਹੇ ਜਹੇ ਸ਼ਬਦ ਯਾਦ ਕਰਨੇ ਕੀ ਮੁਸ਼ਕਿਲ ਹਨ

ਮੁਤਹੱਰਕ ਤੇ ਸਾਕਿਨ

ਪਿਆਰੇ ਦੋਸਤੋ ਜਿਵੇਂ ਕਿ ਪਹਿਲਾਂ ਵੀ ਦੱਸਿਆ ਜਾ ਚੁੱਕਿਆ ਹੈ ਕਿ ਅਰੂਜ਼ ਦੀ ਬੁਨਿਆਦ ਮੁਤਹੱਰਕ ਤੇ ਸਾਕਿਨ ਅੱਖਰਾਂ ਤੇ ਟਿਕੀ ਹੋਈ ਹੈ ਇਸੇ ਨੁਕਤੇ ਨੂੰ ਦ੍ਰਿੜ੍ਹ ਕਰਵਾਉਣ ਲਈ ਫਿਰ ਤੁਹਾਨੂੰ ਯਾਦ ਕਰਵਾਉਂਦੇ ਹਾਂ,

"ਪੜ੍ਹਨੈਂ ਕ੍ਰਿਸ਼ਨ ਅਰੂਜ਼ ਤਾਂ, ਏਨਾਂ ਰੱਖੋ ਯਾਦ,
ਸਾਕਿਨ ਤੇ ਮੁਤਹਰੱਕ ਹੀ ਹਨ ਇਸ ਦੀ ਬੁਨਿਆਦ"

ਮੁਤਹੱਰਕ ਸਾਕਿਨ ਦਾ ਅਰਥ ਅਸੀਂ ਤੁਹਾਨੂੰ ਪਿੱਛੇ ਦੱਸ ਚੁਕੇ ਹਾਂ ਇਕ ਵਾਰੀ ਫਿਰ ਦੁਹਰਾਉਂਦੇ ਹਾਂ

ਮੁਤਹੱਰਕ ਦਾ ਮਤਲਬ ਜ਼ੁਬਾਨ ਦਾ ਚੱਲਣਾ, ਸਾਕਿਨ ਦਾ ਮਤਲਬ ਜ਼ੁਬਾਨ ਦਾ ਰੁਕਣਾ ਪੰਜਾਬੀ ਸ਼ਬਦਾਂ ਅਨੁਸਾਰ, ਤੁਸੀਂ ਇਸ ਨੂੰ ਚਲੰਤ ਅੱਖਰ ਤੇ ਹਲੰਤ ਅੱਖਰ ਵੀ ਕਹਿ ਸਕਦੇ ਹੋ, ਪਰ ਇਹ ਸ਼ਬਦ ਵੀ ਤੁਹਾਡੇ ਨਿਤਾ-ਪ੍ਰਤੀ ਵਰਤੋਂ ਦੇ ਸ਼ਬਦ ਨਹੀਂ ਪਹਿਲਾਂ ਪਹਿਲਾਂ ਜਦ ਕਿਸੇ ਸਿਖਿਆਰਥੀ ਦਾ ਅਰੂਜ਼ ਨਾਲ ਵਾਹ ਪੈਂਦਾ ਹੈ ਤਾਂ ਉਹ ਡਰਦਾ ਜ਼ਰੂਰ ਹੈ, ਜਦੋਂ ਸਾਡਾ ਆਪਣਾ ਅਰੂਜ਼ ਨਾਲ ਵਾਹ ਪਿਆ ਤਾਂ ਇਹ ਸਥਿਤੀ ਬਣੀ—

"ਇਲਮ ਅਰੂਜ਼ ਤੋਂ ਇੰਝ ਹੀ, ਆਉਂਦੈ ਖੌਫ਼ ਜ਼ਰੂਰ,
ਜਿਉਂ ਕਾਂ ਕ੍ਰਿਸ਼ਨ ਗੁਲੇਲ ਤੋਂ, ਡਰਕੇ ਨੱਸੇ ਦੂਰ"

ਹੁਣ ਸਥਿਤੀ ਤੁਹਾਡੇ ਸਾਹਮਣੇ ਹੈ ਕਿ ਅਰੂਜ਼ ਸਾਡੀ ਰੂਹ ਦਾ ਇੱਕ ਹਿੱਸਾ ਬਣ ਚੁਕਿਐ ਤੇ ਸਾਡੇ ਸੋਚ ਵਿਚ ਰਚ ਵਸ ਗਿਆ ਹੈ ਭਾਵੇਂ ਇਹ ਵਿਸ਼ਾ ਰੁੱਖਾ ਜਰੂਰ ਹੈ, ਪਰ ਸਾਡੀ ਕੋਸ਼ਿਸ਼ ਇਹੋ ਹੈ ਕਿ ਅਸੀਂ ਇਸ ਨੂੰ ਵੱਧ ਤੋਂ ਵੱਧ ਰੌਚਕ ਬਣਾ ਕੇ ਪੇਸ਼ ਕਰੀਏ ਭਾਵੇਂ ਇਸ ਲਈ ਵੱਧ ਤੋਂ ਵੱਧ ਮਿਹਨਤ ਕਰਨੀ ਪਵੇ ਇਸੇ ਯਤਨ ਅਧੀਨ ਅਸੀਂ ਅਰੂਜ਼ ਦੇ ਪ੍ਰਭਾਸ਼ਿਕ ਸਬਦਾਂ ਜਾਂ ਟੈਕਨੀਕਲ ਟਰਮਜ਼ ਨੂੰ ਛੰਦ ਬੱਧ ਰੂਪ ਦੇ ਕੇ ਪੇਸ਼ ਕਰਾਂਗੇ ਕਿਸੇ ਵਿਸ਼ੇ ਜਾਂ ਖ਼ਿਆਲ ਨੂੰ ਛੰਦ-ਬਧ ਕਰਨ ਨਾਲ ਉਹ ਲੈ-ਬੱਧ ਤੇ ਸੰਗੀਤਮਈ ਹੋ ਜਾਂਦਾ ਹੈ ਕਿਉਂਕਿ

"ਲੈਅ ਬੱਧ ਹੋਣ ਖ਼ਿਆਲ ਤਾਂ, ਅਸਰ ਕਰਨ ਤੱਤ ਫੱਟ,
ਪੜ੍ਹਦਿਆਂ ਸੁਣਦਿਆਂ ਸਾਰ ਹੀ, ਮੂੰਹ ਚੜ੍ਹ ਜਾਂਦੇ ਝੱਟ"

ਪੰਜਾਬੀ ਵਿਚ ਇਕ ਅਖਾਉਤ ਹੈ ਕਿ ਪੈਸਾ ਗੰਠ ਤੇ ਵਿੱਦਿਆ ਕੰਠ, ਭਾਵ ਇਹ ਕਿ ਵਿਦਵਾਨ ਉਹ ਹੁੰਦਾ ਹੈ ਜਿਸ ਨੂੰ ਵੱਧ ਤੋਂ ਵੱਧ ਗਿਆਨ ਕੰਠ

ਹੋਵੇ, ਭਾਵ ਜ਼ੁਬਾਨੀ ਯਾਦ ਹੋਵੇ ਜ਼ੁਬਾਨੀ ਯਾਦ ਰੱਖਣ ਵਾਸਤੇ ਕਵਿਤਾ ਨਾਲੋਂ ਵੱਧ ਹੋਰ ਕਿਹੜਾ ਢੁਕਵਾਂ ਰੂਪ ਹੋ ਸਕਦਾ

ਅਸੀਂ ਕੁੱਝ ਨਿੱਜੀ ਅਨੁਭਵ ਤੁਹਾਡੇ ਨਾਲ ਸਾਂਝੇ ਕਰਦੇ ਹਾਂ ਵਿਦਿਆਰਥੀ ਜੀਵਨ ਵਿਚ ਅਸੀਂ ਪਿੰਗਲ ਬਾਰੇ ਜਾਣਕਾਰੀ ਲੈਂਦਿਆਂ ਕਿਸੇ ਕਿਤਾਬ ਵਿਚ ਗਣਾਂ ਨੂੰ ਚੇਤੇ ਕਰਨ ਸਬੰਧੀ ਇਕ ਤੁਕ ਜਾਂ ਫਾਰਮੁੱਲਾ ਪੜ੍ਹਿਆ ਚਾਲ੍ਹੀ ਸਾਲ ਤੋਂ ਵੱਧ ਸਮਾਂ ਗੁਜ਼ਰ ਗਿਆ ਪਰ ਅਸੀਂ ਅੱਜ ਤਕ ਉਹ ਤੁਕ ਨਹੀਂ ਭੁੱਲੇ, ਇਹ ਤੁਕ ਸੀ

ਯਮਾਤਾ ਰਾਜ ਭਾਨ ਸਗਲਾ

ਇਸ ਅਨੁਸਾਰ ਪਿੰਗਲ ਦੇ ਗਣ ਕੱਢਣ ਲਈ ਅਸੀਂ ਇਸ ਦੀ ਵਰਤੋਂ ਪਹਿਲਾਂ ਕਰ ਚੁੱਕੇ ਹਾਂ

ਅਰੂਜ਼ ਬਾਰੇ ਜਾਣਕਾਰੀ ਪ੍ਰਾਪਤ ਕਰਦਿਆਂ ਅਸੀਂ ਅਰੂਜ਼ ਸਬੰਧੀ ਪੁਸਤਕ, ਪਿੰਗਲ ਤੇ ਅਰੂਜ਼ (ਕਰਤਾ ਜੋਗਿੰਦਰ ਸਿੰਘ) ਜੋ ਅਰੂਜ਼ ਸਬੰਧੀ ਪੰਜਾਬੀ ਵਿਚ ਸਭ ਤੋਂ ਪਹਿਲੀ ਤੇ ਸਭ ਤੋਂ ਪ੍ਰਮਾਣਿਕ ਪੁਸਤਕ ਹੈ, ਇਸ ਪੁਸਤਕ ਵਿਚ ਜੋਗਿੰਦਰ ਸਿੰਘ ਨੇ ਪਿੰਗਲ ਦੇ ਲਘੂ, ਗੁਰੂ ਬਾਰੇ ਜਾਣਕਾਰੀ ਦਿੰਦਿਆਂ ਕਿਸੇ ਕਵੀ ਦਾ ਦੋਹਿਰਾ ਦਿੱਤਾ ਹੈ —

"ਲਗੁ ਦੀਰਘ, ਦੀਰਘ ਲਘੂ, ਕਵਿ ਚਾਹੇ ਹੋ ਜਾਇ,
ਐਸੀ ਸਾਂਝੀ ਗੀਤ ਮੇਂ, ਕੇਹਿਰ ਨਿਯਮ ਨਾ ਕੋਇ"

ਇਹ ਪੁਸਤਕ ਪੜ੍ਹੀ ਨੂੰ ਦਹਾਕੇ ਬੀਤ ਗਏ, ਪਰ ਇਹ ਦੋਹਿਰਾ ਮੈਨੂੰ ਅਜੇ ਵੀ ਯਾਦ ਹੈ

ਸਾਡੇ ਕੋਲੋਂ ਸਾਡੇ ਕਿਸੇ ਦੋਸਤ ਨੇ, ਦੋਹੇ (ਜਿਹੜਾ ਕਿ ਪਿੰਗਲ ਦਾ ਇਕ ਮਾਤਰਕ ਛੰਦ ਹੈ) ਦੀ ਬਣਤਰ ਬਾਰੇ ਪੁਛਿਆ, ਜਦ ਅਸੀਂ ਉਸ ਨੂੰ ਵਾਰਤਕ ਰਾਹੀਂ ਸਮਝਾਇਆ ਤਾਂ ਉਹਦੇ ਚੰਗੀ ਤਰ੍ਹਾਂ ਸਮਝ ਨਾ ਪਿਆ ਫਿਰ ਅਸੀਂ ਦੋਹੇ ਦੀ ਬਣਤਰ ਨੂੰ ਇਕ ਦੋਹੇ ਰਾਹੀਂ ਦੱਸਿਆ, ਤਾਂ ਇਹ ਦੋਹਾ ਉਸ ਦੇ ਮੂੰਹ ਚੜ੍ਹ ਗਿਆ ਤੇ ਇਹ ਦੋਹੇ ਦੀ ਬਣਤਰ ਬਾਰੇ ਦੋਹਾ ਤੁਹਾਡੇ ਨਾਲ ਸਾਂਝਾ ਕਰਨਾ ਚਾਹਾਂਗਾ,

"ਦੋ ਸਤਰਾਂ ਦਾ ਛੰਦ ਹੈ, ਦੋਹਾ ਇਸ ਦਾ ਨਾਮ,
ਇਸ ਦੀਆਂ ਚੌਵੀ ਮਾਤਰਾਂ, ਤੇਰਾਂ ਤੇ ਵਿਸ਼ਰਾਮ"

ਪਿਆਰੇ ਦੋਸਤੋ ਹੁਣ ਆਪਾਂ ਮੂਲ ਵਿਸ਼ੇ ਮੁਤਹੱਰਕ ਸਾਕਿਨ ਵੱਲ ਆਉਂਦੇ ਹਾਂ -

ਅਰੂਜ਼ ਦੀਆਂ ਬਹਿਰਾਂ ਵਰਣਕ ਛੰਦਾਂ ਤੇ ਅਧਾਰਿਤ ਹਨ ਜਦੋਂ ਕਿਸੇ ਤੁਕ ਦਾ ਵਜ਼ਨ ਹਾੜਨਾ ਹੋਵੇ ਤਾਂ ਇਹ ਦੇਖਿਆ ਜਾਂਦਾ ਹੈ ਕਿ ਇਸ ਤੁਕ ਵਿਚ ਕਿੱਥੇ ਕਿੱਥੇ ਜ਼ੁਬਾਨ ਚੱਲੀ ਤੇ ਕਿੱਥੇ ਕਿੱਥੇ ਰੁਕੀ ਹੈ ਇਹ ਅਰੂਜ਼ ਦਾ ਮੂਲ ਨੁਕਤਾ ਹੈ ਅਰੂਜ਼ ਦੀਆਂ ਬਹਿਰਾਂ ਨੂੰ ਹਾੜਨ ਲਈ ਇਹ ਕਸਵੱਟੀ ਹੈ—

"ਨੁਕਤਾ ਇਲਮ ਅਰੂਜ਼ ਦਾ ਇਹ ਕਸਵੱਟੀ ਜਾਣ,
ਕਿੱਥੇ ਕਿੱਥੇ ਚੱਲਦੀ, ਕਿੱਥੇ ਰੁਕੇ ਜ਼ੁਬਾਨ"

ਸਾਕਿਨ ਤੇ ਮੁਤਹੱਰਕ ਦੀ ਪਛਾਣ ਕਿਵੇਂ ਕਰੀਏ, ਅਸੀਂ ਤੁਹਾਨੂੰ ਕੁੱਝ

ਦੋਹੇ ਦੇ ਰਹੇ ਹਾਂ ਇਨ੍ਹਾਂ ਰਾਹੀਂ ਤੁਹਾਨੂੰ ਮੁਤਹੱਰਕ ਤੇ ਸਾਕਿਨ ਅੱਖਰਾਂ ਦੀ ਪਛਾਣ ਹੋ ਜਾਵੇਗੀ ਤੇ ਤੁਹਾਨੂੰ ਇਹ ਨਿਯਮ ਯਾਦ ਵੀ ਰਹਿ ਜਾਣਗੇ

"ਜੀਭ ਕਰੇ ਹਰਕਤ ਜਦੋਂ, ਉਹ ਅੱਖਰ ਮੁਤਹੱਰਕ,
ਸਾਕਿਨ ਅੱਖਰ ਤੇ ਰੁਕੇ, ਬਸ ਏਨਾਂ ਹੀ ਫ਼ਰਕ"

ਜਾਂ

"ਪਹਿਲਾ ਅੱਖਰ ਸ਼ਬਦ ਦਾ, ਕ੍ਰਿਸ਼ਨ ਸਦਾ ਮੁਤਹੱਰਕ,
ਤੇ ਦੂਜਾ ਸਾਕਿਨ ਬਣੇ, ਬਸ ਏਹੋ ਹੀ ਫ਼ਰਕ"

ਪੰਜਾਬੀ ਵਰਣ-ਮਾਲਾ ਦੀਆਂ ਸਾਰੀਆਂ ਦੀਰਘ ਲਗਾਂ ਜਿਵੇਂ ਬਿਹਾਰੀ, ਲਾਵਾਂ, ਟਿੱਪੀ, ਦੁਲਾਵਾਂ, ਦੁਲੈਂਕੜ, ਅੱਧਕ ਸਾਕਿਨ ਅੱਖਰਾਂ ਦੇ ਬਰਾਬਰ ਗਿਣੀਆਂ ਜਾਂਦੀਆਂ ਹਨ

ਛੋਟੀਆਂ ਲਗਾਂ ਔਂਕੜ ਤੇ ਸਿਹਾਰੀ ਤੇ ਬਿੰਦੀ ਵਜ਼ਨ ਵਿਚ ਨਹੀਂ ਆਉਂਦੇ ਇਹ ਸਾਰਾ ਕੁੱਝ ਤੁਸੀਂ ਇਸ ਦੋਹੇ ਤੋਂ ਯਾਦ ਰਖ ਸਕਦੇ ਹੋ

"ਦੀਰਘ ਲਗ ਜਿਸ ਹਰਫ਼ ਨੂੰ, ਉਹ ਮੁਤਹੱਰਕ ਪਛਾਣ,
ਕ੍ਰਿਸ਼ਨ ਸਭੇ ਦੀਰਘ ਲਗਾਂ, ਸਾਕਿਨ ਅੱਖਰ ਜਾਣ"

ਮੁਕਤਾ ਅੱਖਰ ਭਾਵ ਜਿਸ ਨੂੰ ਕੋਈ ਲਗ ਨਾ ਲੱਗੀ ਹੋਵੇ ਜਿਸ ਢੰਗ ਨਾਲ ਉਹ ਕਿਸੇ ਸ਼ਬਦ ਵਿਚ ਵਰਤਿਆ ਜਾਵੇ ਉਸੇ ਢੰਗ ਨਾਲ ਉਸ ਦਾ ਵਜ਼ਨ ਨਿਰਧਾਰਿਤ ਹੋਵੇਗਾ ਉਦਾਹਰਣ ਦੇ ਤੌਰ ਤੇ ਜੇ ਮੁਕਤਾ ਅੱਖਰ ਸ਼ਬਦ ਦੇ ਮੁੱਢ ਵਿਚ ਵਰਤਿਆ ਜਾਵੇ ਤਾਂ ਉਹ ਮੁਤਹੱਰਕ ਹੋਵੇਗਾ ਜਿਵੇਂ 'ਜਦੋਂ' ਸ਼ਬਦ ਵਿਚ 'ਜ' ਮੁਤਹੱਰਕ ਹੈ ਜੇ ਮੁਕਤਾ ਅੱਖਰ ਅਖ਼ੀਰ ਤੇ ਆਵੇ ਤਾਂ ਸਾਕਿਨ ਹੋ ਜਾਂਦਾ ਹੈ ਜਿਵੇਂ 'ਸਰਦਾਰ' ਸ਼ਬਦ ਦਾ ਆਖਰੀ ਅੱਖਰ 'ਰ' ਸਾਕਿਨ ਹੈ ਹੁਣ ਜੇ ਮੁਕਤਾ ਅੱਖਰ ਸ਼ਬਦ ਦੇ ਵਿਚਾਲੇ ਆਵੇ ਤਾਂ ਉਹ ਸ਼ਬਦ ਦੇ ਉਚਾਰਣ ਦੇ ਹਿਸਾਬ ਨਾਲ ਮੁਤਹੱਰਕ ਜਾਂ ਸਾਕਿਨ ਹੋ ਜਾਂਦਾ ਹੈ ਉਦਾਹਰਣ ਦੇ ਤੌਰ ਤੇ 'ਨਜ਼ਰ' ਸ਼ਬਦ ਵਿਚ (ਜਿਸਦਾ ਉਚਾਰਣ ਨ+ਜ਼ਰ ਹੈ) ਵਿਚ ਵਿਚਾਲੇ ਵਾਲਾ 'ਜ਼' ਮੁਤਹੱਰਕ ਹੈ ਇੰਝ ਹੀ 'ਜ਼ਿਕਰ' ਸ਼ਬਦ (ਜਿਸ ਦਾ ਉਚਾਰਣ ਜ਼ਿਕ+ਰ ਹੈ) ਵਿਚ 'ਕ' ਮੁਕਤਾ ਸਾਕਿਨ ਹੈ, ਇਹ ਇਸ ਦੋਹੇ ਰਾਹੀਂ ਸਪਸ਼ਟ ਹੋ ਜਾਂਦਾ ਹੈ

" ਪਹਿਲਾ ਮੁਕਤਾ ਮੁਤਹੱਰਕ, ਦੂਜਾ ਸਾਕਿਨ ਜਾਣ,
ਗਭਲੇ ਮੁਕਤੇ ਕ੍ਰਿਸ਼ਨ ਪਰ, ਦੋਵੇਂ ਰੂਪ ਵਟਾਣ"

ਵਿਚਕਾਰਲਾ ਮੁਕਤਾ ਸ਼ਬਦ ਦੇ ਉਚਾਰਣ ਅਨੁਸਾਰ ਕਦੇ ਮੁਤਹੱਰਕ ਤੇ ਕਦੇ ਸਾਕਿਨ ਹੋਵੇਗਾ

ਗ਼ਜ਼ਲ ਦੀ ਬਣਤਰ....

ਪਿਆਰੇ ਦੋਸਤੋ ਹੁਣ ਆਪਾਂ ਗ਼ਜ਼ਲ ਦੀ ਬਣਤਰ ਵੱਲ ਆਉਂਦੇ ਹਾਂ ਤੁਸੀਂ ਜਾਣਦੇ ਹੀ ਹੋ ਗ਼ਜ਼ਲ ਦੀ ਮੁਢਲੀ ਇਕਾਈ ਸ਼ਿਅਰ ਹੁੰਦਾ ਹੈ ਸ਼ਿਅਰ ਦੋ ਤੁਕਾਂ ਨੂੰ ਮਿਲ ਕੇ ਬਣਦਾ ਹੈ ਪਹਿਲੀ ਤੇ ਦੂਸਰੀ ਤੁਕ ਨੂੰ ਗ਼ਜ਼ਲ ਦੀ ਭਾਸ਼ਾ ਵਿਚ ਮਿਸਰਾ ਅੱਵਲ ਤੇ ਮਿਸਰਾ ਦੋਮ ਕਿਹਾ ਜਾਂਦਾ ਹੈ ਇਸ ਦਾ ਮਤਲਬ ਇਹ ਨਹੀਂ ਕਿ ਸਿਰਫ਼ ਦੋ ਤੁਕਾਂ ਨੂੰ ਹੀ ਸ਼ਿਅਰ ਕਿਹਾ ਜਾਵੇ ਇਨ੍ਹਾਂ ਦੋ ਤੁਕਾਂ ਨੂੰ ਤਾਂ ਹੀ ਸ਼ਿਅਰ ਕਿਹਾ ਜਾਂਦਾ ਹੈ ਅਗਰ ਇਹ ਦੋਵੇਂ ਤੁਕਾਂ ਕਿਸੇ ਮੀਟਰ ਵਿਚ ਹੋਣ, ਭਾਵ ਕਿਸੇ ਵਜ਼ਨ ਬਹਿਰ ਜਾਂ ਛੰਦ ਵਿਚ ਹੋਣ ਤੇ ਇਨ੍ਹਾਂ ਦੋਹਾਂ ਤੁਕਾਂ ਦਾ ਵਜ਼ਨ ਬਹਿਰ ਬਰਾਬਰ ਹੋਵੇ ਬਿਨ੍ਹਾਂ ਕਿਸੇ ਮੀਟਰ ਦੇ ਬੱਝੀਆਂ ਤੁਕਾਂ ਵਾਰਤਕ ਤਾਂ ਹੋ ਸਕਦੀਆਂ ਹਨ ਪਰ ਸ਼ਿਅਰ ਨਹੀਂ ਅਖਵਾ ਸਕਦੀਆਂ

ਸ਼ਿਅਰ ਦੋ ਕਿਸਮ ਦੇ ਹੋ ਸਕਦੇ ਹਨ ਪਹਿਲੀ ਕਿਸਮ ਦਾ ਸ਼ਿਅਰ ਉਹ ਹੁੰਦਾ ਹੈ ਜਿਸ ਦੀਆਂ ਦੋਨੋਂ ਤੁਕਾਂ ਦਾ ਤੁਕਾਂਤ ਮਿਲਦਾ ਹੋਵੇ, ਇਸ ਕਿਸਮ ਦੇ ਸ਼ਿਅਰ ਨੂੰ ਗ਼ਜ਼ਲ ਦਾ ਮਤਲਾ ਕਿਹਾ ਜਾਂਦਾ ਹੈ

ਦੂਸਰੀ ਕਿਸਮ ਦਾ ਸ਼ਿਅਰ ਉਹ ਹੁੰਦਾ ਹੈ ਜਿਸ ਦੀ ਦੂਸਰੀ ਤੁਕ ਦੀ ਆਪਣੇ ਤੋਂ ਪਹਿਲਾਂ ਕਹੇ ਗਏ ਸ਼ਿਅਰ ਦੀ ਦੂਸਰੀ ਤੁਕ ਨਾਲ ਕਾਫੀਆ-ਬੰਦੀ ਹੋਵੇ ਇਸ ਨੂੰ ਗ਼ਜ਼ਲ ਦਾ ਸ਼ਿਅਰ ਕਿਹਾ ਜਾਂਦਾ ਯਾਦ ਰੱਖੋ ਪਹਿਲੀ ਕਿਸਮ ਦੇ ਸ਼ਿਅਰ ਨੂੰ ਗ਼ਜ਼ਲ ਦਾ ਮਤਲਾ ਕਿਹਾ ਜਾਂਦਾ ਤੇ ਦੂਸਰੀ ਕਿਸਮ ਦੇ ਸ਼ਿਅਰ ਨੂੰ ਗ਼ਜ਼ਲ ਦਾ ਸ਼ਿਅਰ

ਪਿਆਰੇ ਦੋਸਤੋ ਇਹ ਤਾਂ ਗ਼ਜ਼ਲ ਦੇ ਸ਼ਿਅਰ ਦੀ ਤਕਨੀਕੀ ਬਣਤਰ ਜਾਂ ਪਰਿਭਾਸ਼ਾ ਹੈ ਵਜ਼ਨ ਬਹਿਰ ਤਾਂ ਗ਼ਜ਼ਲ ਦਾ ਭਾਂਡਾ ਜਾ ਬਰਤਨ ਹੈ, ਆਪਾਂ ਇਸ ਬਰਤਨ ਵਿਚ ਕੀ ਪਾਉਣਾ ਹੈ ਇਸ ਬਾਰੇ ਵਿਚਾਰ ਚਰਚਾ ਕਰ ਲਈਏ ਵਜ਼ਨ ਬਹਿਰ ਤਾਂ ਗ਼ਜ਼ਲ ਦਾ ਜਿਸਮ ਹੈ, ਇਸ ਵਿਚ ਰੂਹ ਕਿਵੇਂ ਫੂਕਣੀ ਹੈ ਇਸ ਦੀ ਜਾਣਕਾਰੀ ਹੋਣਾ ਬਹੁਤ ਜ਼ਰੂਰੀ ਹੈ ਆਪਣਾ ਮਕਸਦ ਸਿਰਫ਼ ਅਰੂਜ਼ ਦੀ ਜਾਣਕਾਰੀ ਹਾਸਲ ਕਰਨਾ ਨਹੀਂ, ਵਜ਼ਨ ਬਹਿਰ ਦੀ ਪੂਰਤੀ ਤੁਹਾਨੂੰ ਸਿਰਫ਼ ਤੁਕਬੰਦੀ ਵਾਸਤੇ ਪ੍ਰੇਰਤ ਕਰ ਸਕਦੀ ਹੈ ਵਜ਼ਨ ਬਹਿਰ ਗ਼ਜ਼ਲ ਦਾ ਇਕ ਜ਼ਰੂਰੀ ਹਿੱਸਾ ਤਾਂ ਹੈ ਪਰ ਮੁਕੰਮਲ ਗ਼ਜ਼ਲ ਨਹੀਂ ਕੋਈ ਸ਼ਿਅਰ ਗ਼ਜ਼ਲ ਦਾ ਸ਼ਿਅਰ ਕਿਵੇਂ ਬਣਦਾ ਹੈ ਇਸ ਦੀ ਸਿਰਜਣ ਪਰਕ੍ਰਿਆ ਵੱਲ ਆਈਏ ..

"ਖ਼ਿਆਲ ਤਖ਼ਈਅਲ ਵੇਦਨਾਂ, ਕੁੱਝ ਚਿੰਤਨ ਕੁੱਝ ਖ਼ਾਬ,
ਦਿਲ ਦਾ ਖ਼ੂਨ ਕਸ਼ੀਦ ਕੇ, ਹੁੰਦੈ ਸ਼ਿਅਰ ਜਨਾਬ "

ਦੋਸਤੋ ਸਭ ਤੋਂ ਪਹਿਲਾਂ ਖ਼ਿਆਲ, ਉਸ ਤੋਂ ਮਗਰੋਂ ਤਖ਼ਈਅਲ ਜਾਂ ਖ਼ਿਆਲ ਉਡਾਰੀ, ਦਰਦ, ਚਿੰਤਨ, ਸੁਪਨੇ ਤੇ ਨਾਲ ਦਿਲੀ ਜਜ਼ਬਾਤ ਕਿਸੇ ਸ਼ਿਅਰ ਦੀ ਜਿੰਦ ਜਾਨ ਹੁੰਦੇ ਹਨ ਗ਼ਜ਼ਲ ਦਾ ਸ਼ਿਅਰ ਇਹੋ ਜਿਹਾ ਹੋਣਾ ਚਾਹੀਦਾ ਹੈ ਜਿਸ ਨੂੰ ਕਹਿੰਦਿਆਂ ਸ਼ਾਇਰ ਆਪਣੀ ਵਿਸਮਾਦੀ ਅਵਸਥਾ ਵਿੱਚ ਹੋਵੇ ਸੁਣਨ ਵਾਲੇ ਤੇ ਅਜਿਹਾ ਅਸਰ ਪਵੇ ਕਿ ਉਹ ਦਾਦ ਦੇਣੀ ਵੀ ਭੁੱਲ ਜਾਵੇ ਉਸ ਦੀ ਅਵਸਥਾ ਅਜਿਹੀ ਹੋ ਜਾਵੇ ਕਿ...

"ਮਨ ਤੇ ਤਾਰੀ ਹੋ ਗਿਆ, ਸ਼ਿਅਰਾਂ ਦਾ ਵਿਸਮਾਦ,
ਬੁੱਲ੍ਹ ਫ਼ਰਕਦੇ ਰਹਿ ਗਏ, ਕੀਕਣ ਦਿੰਦੇ ਦਾਦ "

ਦੋਸਤੋ ਤੁਹਾਡੀ ਦਿਲਚਸਪੀ ਲਈ ਮੈਂ ਇਕ ਮਿਸਾਲ ਦੇਣੀ ਚਹੁੰਦਾ ਹਾਂ ਉਰਦੂ ਦੇ ਮਹਾਨ ਸ਼ਾਇਰ ਮਿਰਜ਼ਾ ਗ਼ਾਲਿਬ ਨੂੰ ਕੌਣ ਨਹੀਂ ਜਾਣਦਾ ਇਕ ਵਾਰ ਕਿਧਰੇ ਮੁਸ਼ਾਇਰਾ ਹੋ ਰਿਹਾ ਸੀ, ਕਿ ਹਕੀਮ ਮੋਮਨ ਖਾਂ ਮੋਮਨ ਹੁਰਾਂ ਆਪਣਾ ਕਲਾਮ ਪੜ੍ਹਨਾ ਸ਼ੁਰੂ ਕੀਤਾ, ਜਦ ਉਨ੍ਹਾਂ ਨੇ ਆਪਣਾ ਇਹ ਸ਼ਿਅਰ ਕਿਹਾ—

"ਤੁਮ ਮੇਰੇ ਪਾਸ ਹੋਤੇ ਹੋ ਗੋਯਾ,
ਜਬ ਕੋਈ ਦੂਸਰਾ ਨਹੀਂ ਹੋਤਾ "

ਤਾਂ ਇਹ ਸ਼ਿਅਰ ਸੁਣ ਕੇ ਗ਼ਾਲਿਬ ਸ੍ਹਾਬ ਅਚਾਨਕ ਉਠ ਕੇ ਖੜ੍ਹੇ ਹੋ ਗਏ ਤੇ ਮੋਮਨ ਸਾਹਿਬ ਨੂੰ ਕਹਿਣ ਲੱਗੇ, ਮੋਮਨ ਸਾਹਿਬ ਤੁਸੀਂ ਮੇਰਾ ਸਾਰਾ ਦੀਵਾਨ (ਸਾਰੀਆਂ ਗ਼ਜ਼ਲਾਂ) ਲੈ ਲਵੋ ਤੇ ਮੈਨੂੰ ਆਪਣਾ ਇਹ ਸ਼ਿਅਰ ਦੇ ਦੇਵੋ ਸ਼ਿਅਰ ਦਾ ਸਰੋਤੇ ਉੱਤੇ ਕੀ ਅਸਰ ਹੋ ਸਕਦਾ ਇਸ ਦੀ ਮੈਂ ਇਹ ਛੋਟੀ ਜਿਹੀ ਮਿਸਾਲ ਤੁਹਾਨੂੰ ਦਿੱਤੀ ਹੈ ਨਹੀਂ ਤਾਂ-

"ਤੁਕਬੰਦੀ ਹੋ ਨਿੱਬੜੇ, ਵਰਨਾਂ ਹਰ ਇਕ ਛੰਦ,
ਜੇ ਨਾ ਕੋਈ ਫਲਸਫ਼ਾ, ਕਰੀਏ ਕਾਨੀਬੰਦ "

ਗ਼ਜ਼ਲ ਦਾ ਸ਼ਿਅਰ ਬਿਆਨ ਬਾਜ਼ੀ ਨਹੀਂ ਹੁੰਦਾ ਗ਼ਜ਼ਲ ਦਾ ਸ਼ਿਅਰ ਇਕ ਰਮਜ਼ ਤੇ ਇਕ ਗੁੱਝਾ ਇਸ਼ਾਰਾ ਹੁੰਦਾ ਹੈ ਗ਼ਜ਼ਲ ਦਾ ਸ਼ਿਅਰ ਕੀ ਹੁੰਦਾ ਹੈ ਇਕ ਲੋਕ ਬੋਲੀ ਰਾਹੀਂ ਪਰਗਟਾਉਣ ਦਾ ਯਤਨ ਕਰਦੇ ਹਾਂ

"ਪੱਲਾ ਮਾਰ ਕੇ ਬੁਝਾ ਗਈ ਦੀਵਾ,
ਤੇ ਅੱਖ ਨਾਲ ਗੱਲ ਕਰ ਗਈ "

ਗ਼ਜ਼ਲ ਦਾ ਹਰ ਸ਼ਿਅਰ ਆਪਣੇ ਆਪ ਵਿਚ ਸੁਤੰਤਰ ਹੁੰਦਾ ਹੈ ਹਰ ਸ਼ਿਅਰ ਵਿਚ ਵੱਖਰਾ ਖ਼ਿਆਲ ਪ੍ਰਗਟ ਕੀਤਾ ਜਾਂਦਾ ਹੈ ਇਕ ਸ਼ਿਅਰ ਪੂਰੀ ਨਜ਼ਮ ਦੇ ਅਰਥ ਦੇ ਜਾਂਦਾ ਹੈ ਸ਼ਿਅਰ ਨੂੰ ਖ਼ੂਬਸੂਰਤੀ ਦੇਣ ਵਾਸਤੇ ਸ਼ਾਇਰ ਕਾਫ਼ੀਆ ਤੇ ਰਦੀਫ਼ ਵਰਤਦੇ ਹਨ ਕਾਫ਼ੀਆ ਤੇ ਰਦੀਫ਼ ਅਸਲ ਵਿਚ ਦੋਵੇਂ ਸ਼ਬਦ ਅਲੰਕਾਰ

ਹਨ ਇਨ੍ਹਾਂ ਨੂੰ ਅਨੁਪ੍ਰਾਸ ਅਲੰਕਾਰ ਕਿਹਾ ਜਾਂਦਾ ਹੈ ਅਰਬੀ ਜ਼ੁਬਾਨ ਵਿਚ ਅਨੁਪ੍ਰਾਸ ਅਲੰਕਾਰ ਨੂੰ ਸੁਜਾਹ ਕਹਿੰਦੇ ਹਨ

ਸ਼ਿਅਰ, ਮਤਲਾ, ਮਕਤਾ, ਕਾਫ਼ੀਆ, ਰਦੀਫ਼ ਗ਼ਜ਼ਲ ਦੇ ਅੰਸ਼ ਹਨ ਹੁਣ ਵਿਸਥਾਰ ਸਹਿਤ ਇਹਨਾਂ ਬਾਰੇ ਚਰਚਾ ਕਰਾਂਗੇ

ਮਤਲਾ— ਸ਼ਿਅਰ ਬਾਰੇ ਚਰਚਾ ਕਰਦਿਆਂ ਮਤਲੇ ਬਾਰੇ ਆਪਾਂ ਸਪਸ਼ਟ ਕਰ ਹੀ ਚੁੱਕੇ ਹਾਂ ਇਕ ਵਾਰ ਫਿਰ ਦੁਹਰਾ ਦਿੰਦੇ ਹਾਂ ਤਾਂ ਕਿ ਯਾਦ ਰਹੇ

"ਏਨਾਂ ਹੀ ਬਸ ਗ਼ਜ਼ਲ ਦੇ, ਮਤਲੇ ਦਾ ਬਿਰਤਾਂਤ,
ਮਤਲਾ ਪਹਿਲੀਆਂ ਦੋ ਤੁਕਾਂ ਦੇ ਮਿਲ ਜਾਣ ਤੁਕਾਂਤ "

ਅਰਬੀ ਭਾਸ਼ਾ ਵਿਚ ਮਤਲੇ ਦਾ ਅਰਥ ਸੂਰਜ ਜਾਂ ਸਿਤਾਰੇ ਦਾ ਚੜ੍ਹਨਾ ਜਾ ਬਾਹਰ ਨਿਕਲਣਾ ਹੁੰਦਾ ਹੈ ਗ਼ਜ਼ਲ ਕਿਉਂ ਕਿ ਮਤਲੇ ਨਾਲ ਸ਼ੁਰੂ ਹੁੰਦੀ ਜਾਂ ਉਦੈ ਹੁੰਦੀ ਹੈ ਇਸੇ ਕਰਕੇ ਗ਼ਜ਼ਲ ਦੇ ਪਹਿਲੇ ਸ਼ਿਅਰ ਨੂੰ ਮਤਲਾ ਕਹਿ ਦਿੱਤਾ ਜਾਂਦਾ ਹੈ ਜੋ ਕਿ ਗ਼ਜ਼ਲ ਦੇ ਸ਼ੁਰੂ ਹੋਣ ਦਾ ਸੰਕੇਤ ਹੈ

ਜਿਸ ਤਰ੍ਹਾਂ ਗੀਤ ਦਾ ਆਰੰਭ ਮੁਖੜੇ ਨਾਲ ਹੁੰਦਾ ਹੈ ਇਸੇ ਤਰ੍ਹਾਂ ਗ਼ਜ਼ਲ ਮਤਲੇ ਤੋਂ ਸ਼ੁਰੂ ਹੁੰਦੀ ਹੈ ਜਿਵੇਂ ਕਿਸੇ ਮੁਟਿਆਰ ਦੀ ਸੁੰਦਰਤਾ ਦਾ ਕੇਂਦਰ ਬਿੰਦੂ ਉਸ ਦਾ ਮੁੱਖੜਾ ਹੁੰਦਾ ਹੈ ਇਸੇ ਤਰ੍ਹਾਂ ਗ਼ਜ਼ਲ ਦੀ ਸੁੰਦਰਤਾ ਉਸ ਦੇ ਮਤਲੇ ਤੇ ਨਿਰਭਰ ਕਰਦੀ ਹੈ

"ਮੁਖੜੇ ਤੋਂ ਹੀ ਹੁਸਨ ਦੇ ਹੁੰਦੇ ਕ੍ਰਿਸ਼ਨ ਦਿਦਾਰ,
ਮਤਲਾ ਮੁਖੜਾ ਗ਼ਜ਼ਲ ਦਾ, ਮਤਲਾ ਰੂਪ ਸ਼ਿੰਗਾਰ "

ਜਿੰਨ੍ਹਾਂ ਖ਼ੂਬਸੂਰਤ ਗ਼ਜ਼ਲ ਦਾ ਮਤਲਾ ਹੋਵੇਗਾ, ਗ਼ਜ਼ਲ ਓਨੀ ਹੀ ਦਿਲਕਸ਼ ਹੋਵੇਗੀ ਜ਼ਰੂਰੀ ਨਹੀਂ ਕਿ ਗ਼ਜ਼ਲ ਵਿਚ ਇਕ ਮਤਲਾ ਹੀ ਹੋਵੇ, ਇੱਕੋ ਗ਼ਜ਼ਲ ਦੇ ਕਈ ਮਤਲੇ ਹੋ ਸਕਦੇ ਹਨ ਗ਼ਜ਼ਲ ਦਾ ਮਤਲਾ ਖ਼ੂਬਸੂਰਤ ਹੋਣਾ ਜ਼ਰੂਰੀ ਹੈ ਕਿਉਂ ਕਿ

"ਪਹਿਲੀ ਤੱਕਣੀ ਨਾਲ ਹੀ, ਉੱਤਰੇ ਦਿਲ ਦੇ ਵਿਚ,
ਪਹਿਲੀ ਤੱਕਣੀ ਹੁਸਨ ਦੀ, ਦਿਲ ਨੂੰ ਪਾਉਂਦੀ ਖਿੱਚ "

ਦੋਸਤੋ ਮਤਲਾ ਕੇਵਲ ਦੋ ਮਿਸਰਿਆਂ ਦਾ ਕਾਫ਼ੀਆ ਮੇਲਣ ਦਾ ਨਾਂ ਨਹੀਂ, ਮਤਲਾ ਤੁਹਾਡੇ ਜਜ਼ਬਿਆਂ ਦਾ ਲੈਅ-ਬੱਧ ਪ੍ਰਗਟਾਵਾ ਹੋਣਾ ਚਾਹੀਦਾ ਮਤਲਾ ਪੜ੍ਹਦੇ ਸੁਣਦੇ ਸਾਰ ਹੀ ਪਾਠਕ ਦੇ ਦਿਲ ਵਿਚ ਉੱਤਰ ਜਾਣਾ ਚਾਹੀਦਾ ਜਿਵੇਂ ਮਹਿਬੂਬ ਦੀ ਇਕ ਤੱਕਣੀ ਸਾਨੂੰ ਉਸ ਦਾ ਦੀਵਾਨਾ ਬਣਾ ਦਿੰਦੀ ਹੈ ਇੰਝ ਹੀ ਕਿਸੇ ਗ਼ਜ਼ਲ ਦਾ ਖ਼ੂਬਸੂਰਤ ਮਤਲਾ ਸਾਡੇ ਦਿਲ ਦਿਮਾਗ ਉੱਤੇ ਛਾ ਜਾਂਦਾ ਹੈ ਕਿਉਂਕਿ..

"ਕਵਿਤਾ ਹੈ ਦਰਅਸਲ ਤਾਂ, ਦਿਲ ਦੀ ਕ੍ਰਿਸ਼ਨ ਜ਼ੁਬਾਨ,
ਦਿਲ ਚੋਂ ਉੱਠਣ ਬੋਲ ਜੋ, ਦਿਲ ਵਿਚ ਉੱਤਰ ਜਾਣ "

ਮਤਲਾ ਗ਼ਜ਼ਲ ਦੀ ਬੁਨਿਆਦ ਹੈ, ਜਿਸ ਉੱਤੇ ਗ਼ਜ਼ਲ ਵਰਗੀ ਖ਼ੂਬਸੂਰਤ

ਇਮਾਰਤ ਦੀ ਉਸਾਰੀ ਹੁੰਦੀ ਹੈ ਮਤਲਾ ਹੀ ਗ਼ਜ਼ਲ ਦੇ ਬਹਿਰ ਵਜ਼ਨ, ਕਾਫ਼ੀਆਂ ਰਦੀਫ਼ ਨਿਸ਼ਚਿਤ ਕਰਦਾ ਹੈ ਮਤਲਾ ਹੀ ਚੋਭਦਾਰ ਹੁੰਦਾ ਹੈ ਜਿਹੜਾ ਗ਼ਜ਼ਲ ਵਿਚ ਲਈਆਂ ਗਈਆਂ ਖੁੱਲ੍ਹਾਂ, ਢਿੱਲਾਂ ਅਤੇ ਪਾਬੰਦੀਆਂ ਦਾ ਐਲਾਨ ਕਰਦਾ ਹੈ ਮਤਲਾ ਹੀ ਗ਼ਜ਼ਲ ਦਾ ਧੁਰਾ ਹੈ ਜਿਸ ਦੁਆਲੇ ਬਾਕੀ ਦੇ ਸਾਰੇ ਸ਼ਿਅਰ ਪ੍ਰਕਰਮਾ ਕਰਦੇ ਹਨ ਮਤਲੇ ਦੇ ਸਿਧਾਂਤਕ ਪੱਖ ਬਾਰੇ ਆਪਾਂ ਵਿਚਾਰ ਕਰ ਲਿਆ ਹੈ ਆਉ ਹੁਣ ਇਸ ਦੇ ਵਿਹਾਰਿਕ ਪੱਖ ਨੂੰ ਜਾਣੀਏ

"ਨ ਅਪਣੇ ਕੋਲ ਕੁੱਝ ਲੈ ਦੇ ਕੇ, ਇਕ ਹਥਿਆਰ ਸ਼ਬਦਾਂ ਦਾ,
ਮੁਹੱਬਤ ਵੰਡੀਏ, ਅਪਣਾ ਤਾਂ, ਕਾਰੋਬਾਰ ਸ਼ਬਦਾਂ ਦਾ "

ਉਪਰਲੇ ਦੋਨਾਂ ਮਿਸਰਿਆਂ ਦਾ ਤੁਕਾਂਤ ਮਿਲਣ ਕਰਕੇ ਇਸ ਨੂੰ ਗ਼ਜ਼ਲ ਦਾ ਮਤਲਾ ਕਿਹਾ ਜਾਵੇਗਾ ਇਸ ਗ਼ਜ਼ਲ ਵਿਚ ਕਾਰੋਬਾਰ, ਹਥਿਆਰ ਨਾਲ ਮਿਲਦੇ ਜੁਲਦੇ ਕਾਫ਼ੀਏ ਵਰਤੇ ਜਾਣਗੇ ਇਹ ਮਤਲਾ ਹਜ਼ਜ਼ ਬਹਿਰ ਵਿਚ ਕਿਹਾ ਗਿਆ ਹੈ ਇਸ ਕਰਕੇ ਇਹ ਨਿਸ਼ਚਿਤ ਹੋ ਗਿਆ ਹੈ ਕਿ ਇਸ ਗ਼ਜ਼ਲ ਵਿਚ ਆਉਣ ਵਾਲੇ ਸਾਰੇ ਸ਼ਿਅਰ ਹੀ ਬਹਿਰ ਹਜ਼ਜ ਦੇ ਵਿਚ ਕਹੇ ਜਾਣਗੇ ਇਸ ਗ਼ਜ਼ਲ ਵਿਚ ਕਾਫ਼ੀਏ ਮਗਰੋਂ ਆਉਣ ਵਾਲੇ ਸ਼ਬਦ 'ਸ਼ਬਦਾਂ ਦਾ' ਸਾਰੀ ਗ਼ਜ਼ਲ ਵਿਚ ਦੁਹਰਾਏ ਜਾਣਗੇ ਅਤੇ ਇਸ ਤਰ੍ਹਾਂ ਇਹ ਸ਼ਬਦ ਸਮੂਹ ਗ਼ਜ਼ਲ ਦਾ ਰਦੀਫ ਕਹਾਏਗਾ ਸਾਰੇ ਸ਼ਿਅਰ ਇਸ ਸ਼ਬਦ ਸਮੂਹ 'ਸ਼ਬਦਾਂ ਦਾ' ਦੁਆਲੇ ਹੀ ਘੁੰਮਣਗੇ ਗ਼ਜ਼ਲ ਦਾ ਮਤਲਾ ਜਿੰਨਾ ਖ਼ੂਬਸੂਰਤ ਹੋਵੇਗਾ ਗ਼ਜ਼ਲ ਓਨੀ ਹੀ ਵੱਧ ਕਾਮਯਾਬ ਹੋਵੇਗੀ ਤੁਸੀ ਸਾਰਿਆਂ ਨੇ ਸੁਰਜੀਤ ਪਾਤਰ ਸਾਹਿਬ ਦੀ ਗ਼ਜ਼ਲ,

"ਅਸਾਡੀ ਤੁਹਾਡੀ ਮੁਲਾਕਾਤ ਹੋਈ,
ਜਿਵੇਂ ਬਲ਼ਦੇ ਜੰਗਲ ਤੇ ਬਰਸਾਤ ਹੋਈ "

ਸੁਣੀ ਹੀ ਹੋਵੇਗੀ ਇਸ ਗ਼ਜ਼ਲ ਦੇ ਖ਼ੂਬਸੂਰਤ ਮਤਲੇ ਦੀ ਮਿਕਨਾਤੀਸੀ ਖਿੱਚ ਦੇ ਕਾਰਨ ਹੀ ਅਸੀਂ ਇਸ ਗ਼ਜ਼ਲ ਨੂੰ ਵਾਰ ਵਾਰ ਸੁਣਦੇ ਹਾਂ ਪਾਤਰ ਸਾਹਿਬ ਦੀ ਇਹ ਗ਼ਜ਼ਲ ਬਹਿਰ ਮੁਤਕਾਰਿਬ ਵਿਚ ਕਹੀ ਹੋਈ ਹੈ ਬਹਿਰ ਵਜ਼ਨ ਦਾ ਪਾਠਕਾਂ ਜਾਂ ਸਰੋਤਿਆਂ ਨਾਲ ਕੋਈ ਲੈਣਾ ਦੇਣਾ ਨਹੀਂ ਜਿਵੇਂ ਮੈਂ ਪਹਿਲਾਂ ਵੀ ਕਹਿ ਚੁੱਕਾ ਹਾਂ ਕਿ ਬਹਿਰ ਵਜ਼ਨ ਤਾਂ ਇਕ ਬਰਤਨ ਹੈ ਅਤੇ ਇਹ ਸ਼ਾਇਰ ਤੇ ਨਿਰਭਰ ਹੈ ਕਿ ਉਹ ਇਸ ਬਰਤਨ ਵਿੱਚ ਕੀ ਪਾ ਕੇ ਪਰੋਸਦਾ ਹੈ ਸੋ ਗ਼ਜ਼ਲ ਕੀ ਹੈ...

"ਕਹਿੰਦੇ ਨੇ ਜਿਸ ਨੂੰ ਗ਼ਜ਼ਲ ਸੋਹਣੇ ਸੂਖ਼ਮ ਖ਼ਿਆਲ,
ਜੜਨੇ ਇਕ ਤਰਤੀਬ ਵਿਚ, ਸ਼ਬਦ ਸਲੀਕੇ ਨਾਲ "

ਪਾਤਰ ਸਾਹਿਬ ਦੀ ਇਹ ਗ਼ਜ਼ਲ ਸਾਡੇ ਦਿਲ ਨੂੰ ਧੂਹ ਕਿਉਂ ਪਾਉਂਦੀ ਹੈ ਕਿਉਂਕਿ ਇਹ ਤ੍ਰੈ-ਆਤਸ਼ੀ ਹੈ ਇਸ ਗ਼ਜ਼ਲ ਵਿਚ ਤਿੰਨ ਤਿੰਨ ਹੁਨਰ ਇਕੱਠੇ ਹੋ ਗਏ ਹਨ (1) ਸ਼ਾਇਰੀ (2) ਗਾਇਕੀ (3) ਸੰਗੀਤ ਹੁਨਰ ਤਾਂ ਇਕ ਵੀ ਮਾਣ ਨਹੀਂ ਹੁੰਦਾ ਹੁਣ ਜੇ ਤਿੰਨ ਤਿੰਨ ਹੁਨਰ ਇਕੱਠੇ ਹੋ ਜਾਣ ਤਾਂ ਕੀ ਕਹਿਣੇ,

"ਕਵਿਤਾ ਹੈ ਲੈਅ-ਬੱਧਤਾ, ਗਾਇਣ ਹੈ ਸੁਰਤਾਲ,
ਰੰਗਾਂ ਨਾਲ ਮੁਸੱਵਰੀ, ਚਸ਼ਮਾਂ ਕਲ ਕਲ ਨਾਲ "

ਹੁਣ ਗੱਲ ਗ਼ਜ਼ਲ ਦੇ ਮਕਤੇ ਦੀ ਕਰੀਏ ਪਹਿਲਾਂ ਇਹ ਜਾਣੀਏ ਕਿ ਹੁਣ ਮਕਤਾ ਹੁੰਦੀ ਕੀ ਬਲਾ ਹੈ —

"ਦੱਸੇ ਸ਼ਾਇਰ ਆਪਣੀ, ਆਖ਼ਰ ਤੇ ਪਹਿਚਾਣ,
ਤਾਂ ਉਹ ਸ਼ਿਅਰ ਗ਼ਜ਼ਲ ਦਾ ਮਕਤਾ ਕਰਕੇ ਜਾਣ "

ਆਪਣੀ ਗ਼ਜ਼ਲ ਦੇ ਅਖ਼ੀਰਲੇ ਸ਼ਿਅਰ ਵਿਚ ਕਈ ਸ਼ਾਇਰ ਆਪਣਾ ਨਾਂ ਜਾਂ ਤਖੱਲੁਸ ਵਰਤਦੇ ਹਨ ਇਸ ਤਰ੍ਹਾਂ ਸ਼ਾਇਰ ਦੇ ਨਾਮ ਜਾਂ ਤਖ਼ੱਲੁਸ ਵਾਲਾ ਸ਼ਿਅਰ ਮਕਤਾ ਕਹਾਉਂਦਾ ਹੈ ਮਕਤਾ ਕਹਿਣਾ ਗ਼ਜ਼ਲ ਦੇ ਸ਼ਾਇਰ ਵਾਸਤੇ ਜ਼ਰੂਰੀ ਨਹੀਂ ਬਹੁਤ ਸਾਰੇ ਸ਼ਾਇਰ ਮਕਤੇ ਬਗੈਰ ਵੀ ਗ਼ਜ਼ਲ ਕਹਿੰਦੇ ਹਨ ਪੁਰਾਣੇ ਦੌਰ ਵਿਚ ਰਚਨਾਵਾਂ ਨੂੰ ਪ੍ਰਕਾਸ਼ਤ ਕਰਨ ਦਾ ਬਹੁਤਾ ਪ੍ਰਬੰਧ ਨਾ ਹੋਣ ਕਰਕੇ ਸ਼ਾਇਰ ਆਪਣੀ ਲਿਖ਼ਤ ਦੀ ਪਹਿਚਾਣ ਕਰਵਾਉਣ ਵਾਸਤੇ ਆਪਣਾ ਨਾਮ ਵਰਤਦੇ ਸਨ ਤਾਂ ਕਿ ਜੇ ਰਚਨਾਵਾਂ ਗਵਾਚ ਵੀ ਜਾਣ ਤਾਂ ਕੋਈ ਦੂਸਰਾ ਸ਼ਾਇਰ ਉਨ੍ਹਾਂ ਗ਼ਜ਼ਲਾਂ ਤੇ ਆਪਣੀ ਮੇਰ ਨਾ ਕਰ ਲਵੇ

ਅਰਬੀ ਭਾਸ਼ਾ ਵਿਚ ਮਕਤਾ ਦਾ ਸ਼ਾਬਦਿਕ ਅਰਥ ਖ਼ਤਮ ਕਰਨਾ ਜਾ ਅੰਤਮ ਹੁੰਦਾ ਹੈ ਗ਼ਜ਼ਲ ਵਿਚ ਜਿਵੇਂ ਮਤਲੇ ਦੀ ਅਹਿਮੀਅਤ ਹੈ ਇਸੇ ਤਰ੍ਹਾਂ ਹੀ ਖ਼ੂਬਸੂਰਤ ਮਕਤਾ ਵੀ ਗ਼ਜ਼ਲ ਦੀ ਜਾਨ ਹੋ ਨਿੱਬੜਦਾ ਹੈ ਇਕ ਖ਼ੂਬਸੂਰਤ ਮਕਤਾ ਵੀ ਗ਼ਜ਼ਲ ਨੂੰ ਪਾਠਕਾਂ ਅਤੇ ਸਰੋਤਿਆਂ ਵਿਚ ਮਕਬੂਲ ਕਰ ਦਿੰਦਾ ਹੈ ਮਕਤੇ ਵਿਚ ਸ਼ਾਇਰ ਕਈ ਕਿਸਮ ਦੇ ਕਾਵਿਕ ਕਲੋਲ ਕਰ ਸਕਦਾ ਹੈ ਉਹ ਮਕਤੇ ਵਿਚ ਜਿੱਥੇ ਆਪਣੇ ਆਪ ਤੇ ਵਿਅੰਗ ਕਰ ਸਕਦਾ ਹੈ ਉਥੇ ਦੂਸਰੇ ਤੇ ਵੀ ਉਹ ਰਾਜਨੀਤੀ ਤੇ ਵੀ ਨਸ਼ਤਰ ਚਲਾ ਸਕਦਾ ਹੈ ਤੇ ਧਾਰਮਿਕ ਪਖੰਡਾਂ ਤੇ ਵੀ ਆਪਣੇ ਨਾਮ ਜਾਂ ਤਖ਼ੱਲੁਸ ਨੂੰ ਬਾ-ਮਾਅਨੀ ਵਰਤ ਕੇ ਵੀ ਖ਼ੂਬਸੂਰਤੀ ਪੈਦਾ ਕਰ ਸਕਦਾ ਹੈ ਆਪਣੇ ਆਪ ਦੀ ਪਿੱਠ ਵੀ ਥਾਪੜ ਸਕਦਾ ਹੈ ਜਿਸ ਨੂੰ ਸ਼ਾਇਰਾਨਾ ਤਅੱਲੀ ਕਿਹਾ ਜਾਂਦਾ ਹੈ

ਜਿਵੇਂ ਮਹਾਨ ਸ਼ਾਇਰ ਮਿਰਜ਼ਾ ਗ਼ਾਲਿਬ ਦਾ ਆਪਣੀ ਸ਼ਾਇਰੀ ਬਾਰੇ ਕਿਹਾ ਹੋਇਆ ਇਹ ਮਕਤਾ ਜਣੇ ਖਣੇ ਦੀ ਜ਼ੁਬਾਨ ਤੇ ਚੜ੍ਹਿਆ ਹੋਇਆ ਹੈ

"ਹੈ ਔਰ ਭੀ ਜ਼ਮਾਨੇ ਮੇਂ ਸੁਖ਼ਨਵਰ ਬਹੁਤ ਅੱਛੇ,
ਕਹਿਤੇ ਹੈਂ, ਕਿ ਗਾਲਿਬ ਕਾ ਅੰਦਾਜ਼ੇ-ਬਯਾਂ ਹੈ ਔਰ "

ਅਰਬੀ ਜ਼ੁਬਾਨ ਵਿਚ ਮਕਤਾ ਸ਼ਬਦ ਦੀ ਕਾਢ ਕਿਹੜੇ ਸ਼ਬਦ ਤੋਂ ਨਿਕਲੀ ਇਹ ਤਾਂ ਪਤਾ ਨਹੀਂ ਪਰ ਪੰਜਾਬੀ ਜ਼ੁਬਾਨ ਵਿਚ ਇਸ ਦਾ ਸਮ-ਅਰਥੀ ਸ਼ਬਦ ਜ਼ਰੂਰ ਮਿਲ ਜਾਂਦਾ ਹੈ ਕਈ ਵਾਰੀ ਅਸੀਂ ਪੁਰਾਣੇ ਬਜ਼ੁਰਗਾਂ ਨੂੰ ਇਹ ਕਹਿੰਦੇ ਸੁਣਿਆ ਹੈ ਕਿ ਕੱਲ੍ਹ ਤਾਂ ਬਈ ਫਲਾਣੇ ਆਦਮੀ ਨੇ ਗੱਲ ਕਰਨ ਲੱਗਿਆਂ ਕਤਾ ਕਰਕੇ ਰੱਖ ਦਿੱਤੀ ਜਿਸ ਦਾ ਮਤਲਬ ਇਹ ਹੁੰਦਾ ਸੀ ਕਿ ਕਿਸੇ ਆਦਮੀ ਨੇ ਅਜਿਹੀ ਗੱਲ ਕੀਤੀ ਕਿ ਉਸਤੋਂ ਮਗਰੋਂ ਕਿਸੇ ਤੋਂ ਕੋਈ ਹੋਰ ਗੱਲ ਹੀ ਨਹੀਂ ਹੋ ਸਕੀ ਮਤਲਬ ਉਸ ਨੇ ਗੱਲ ਦਾ ਨਿਚੋੜ ਕੱਢ ਕੇ ਗੱਲ ਹੀ ਖ਼ਤਮ ਕਰ ਦਿੱਤੀ ਸ਼ਾਇਦ ਇਸੇ ਕਤਾ ਸ਼ਬਦ ਦਾ ਕ੍ਰਿਆ-ਵਾਚੀ ਸ਼ਬਦ ਮਕਤਾ ਹੋਵੇ

ਅੱਜ ਵੀ ਪੰਜਾਬੀ ਵਿਚ ਅਨੇਕਾਂ ਸ਼ਬਦ ਅਰਬੀ ਫਾਰਸੀ ਦੇ ਮਿਲਦੇ ਹਨ ਇਸ ਦਾ ਕਾਰਣ ਇਹ ਹੈ ਕਿ ਕਈ ਸਦੀਆਂ ਇਹ ਜ਼ੁਬਾਨਾਂ ਸਾਡੀਆਂ ਹਾਕਮ ਜਮਾਤਾਂ ਦੇ ਰਾਜ-ਭਾਗ ਦਾ ਹਿੱਸਾ ਰਹੀਆਂ ਹਨ ਅੱਜ ਵੀ ਪੰਜਾਬ ਦਾ ਮਹਿਕਮਾ ਮਾਲ, ਮੁਗਲ ਬਾਦਸ਼ਾਹ ਅਕਬਰ ਦੇ ਵਜ਼ੀਰ ਟੋਡਰ ਮੱਲ ਦੇ ਬਣਾਏ ਜ਼ਮੀਨੀ ਪ੍ਰਬੰਧ ਅਨੁਸਾਰ ਹੀ ਚਲਦਾ ਹੈ ਜ਼ਮੀਨ ਜ਼ਾਇਦਾਦ, ਵਸੀਕਾ, ਵਸੀਅਤ, ਇੰਤਕਾਲ, ਮਹਿਕਮਾ ਫ਼ਰਦ, ਖ਼ਸਰਾ ਵਗੈਰਾ ਫਾਰਸੀ ਜ਼ੁਬਾਨ ਦੇ ਸ਼ਬਦ ਹੀ ਵਰਤੇ ਜਾਂਦੇ ਹਨ ਇਸੇ ਤਰ੍ਹਾਂ ਦੇ ਸਾਡੇ ਕਨੂੰਨੀ ਪ੍ਰਬੰਧ ਦੀ ਸਾਰੀ ਭਾਸ਼ਾ ਵਕੀਲ, ਦਲੀਲ, ਮੁਕੱਦਮਾਂ, ਕਚਹਿਰੀ, ਮੁਲਜ਼ਮ, ਮੁਜ਼ਰਮ, ਗ੍ਰਿਫਤਾਰੀ, ਮੁਨਸਫ, ਅਦਾਲਤ ਵਗੈਰਾ ਅਰਬੀ ਜ਼ੁਬਾਨ ਦੇ ਹੀ ਲਫ਼ਜ ਹਨ

ਮਾਫ਼ ਕਰਨਾ ਦੋਸਤੋ ਇਹ ਇਕ ਅਲੱਗ ਵਿਸ਼ਾ ਹੈ ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਗ਼ਜ਼ਲ ਵੀ ਅਰਬੀ ਫਾਰਸੀ ਰਾਹੀਂ ਹੀ ਪੰਜਾਬੀ ਵਿਚ ਆਈ ਹੈ ਇਸ ਦਾ ਜ਼ਿਕਰ ਸੁਭਾਵਿਕ ਹੀ ਹੋ ਗਿਆ ਵੈਸੇ ਵੀ ਅਰੂਜ਼ ਵਰਗੇ ਖੁਸ਼ਕ ਵਿਸ਼ੇ ਨਾਲ ਮਗ਼ਜ਼ ਪੱਚੀ ਕਰਦਿਆਂ ਵਿਸ਼ੇ ਤੋਂ ਥੋੜ੍ਹਾ ਏਧਰ ਓਧਰ ਹੋ ਲਿਆ ਜਾਵੇ ਤਾਂ ਕੋਈ ਹਰਜ਼ ਨਹੀਂ ਸਾਨੂੰ ਮੁੜ ਘਿੜ ਕੇ ਅਸਲੀ ਵਿਸ਼ੇ ਤੇ ਆਉਣਾ ਹੀ ਪੈਣਾ ਹੈ ਪੰਜਾਬੀ ਦੀ ਕਹਾਵਤ ਹੈ, 'ਆਖ਼ਰ ਪੁਤ ਬਸੰਤਿਆ ਤੂੰ ਹੱਟੀ ਬਹਿਣਾ' ਆਪਣੇ ਅਸਲੀ ਵਿਸ਼ੇ ਵਲ ਪਰਤਦੇ ਹਾਂ ਦੋਸਤੋ ਆਪਾਂ ਗੱਲ ਮਿਰਜ਼ਾ ਗਾਲਿਬ ਤੇ ਛੱਡੀ ਸੀ, ਮੁੜ ਕੇ ਫਿਰ ਮਿਰਜ਼ਾ ਗ਼ਾਲਿਬ ਤੋਂ ਹੀ ਸ਼ੁਰੂ ਕਰਦੇ ਹਾਂ

ਕਹਿੰਦੇ ਹਨ ਮਿਰਜ਼ਾ ਗ਼ਾਲਿਬ ਦੀ ਆਪਣੇ ਸਮਕਾਲੀ ਸ਼ਾਇਰ ਜ਼ੌਕ ਨਾਲ ਨੋਕ ਝੋਕ ਚਲਦੀ ਰਹਿੰਦੀ ਸੀ ਜ਼ੌਕ ਸਾਹਿਬ ਆਖ਼ਰੀ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਜ਼ਫਰ ਦੇ ਉਸਤਾਦ ਸਨ ਜ਼ੌਕ ਦੀ ਮੌਤ ਮਗਰੋਂ ਮਿਰਜ਼ਾ ਗ਼ਾਲਿਬ ਵੀ ਜਫ਼ਰ ਦੇ ਉਸਤਾਦ ਰਹੇ ਇਕ ਵਾਰ ਮਿਰਜ਼ਾ ਗ਼ਾਲਿਬ ਨੇ ਜ਼ੌਕ ਨਾਲ ਨੋਕ ਝੋਕ ਕਰਨ ਵਾਸਤੇ ਇਕ ਗ਼ਜ਼ਲ ਕਹੀ ਇਹ ਗ਼ਜ਼ਲ ਤੁਹਾਡੇ ਨਾਲ ਸਾਂਝੀ ਕਰਦੇ ਹਾਂ, ਇਸ ਗ਼ਜ਼ਲ ਦਾ ਮਤਲਾ ਹੈ-

"ਹਰ ਇਕ ਬਾਤ ਪੇ ਕਹਿਤੇ ਹੋ ਕਿ ਤੂ ਕਿਆ ਹੈ,
ਤੁਮ ਹੀ ਬਤਾਓ ਕਿ ਯੇ ਅੰਦਾਜ਼ੇ ਗ਼ੁਫ਼ਤਗੂ ਕਿਆ ਹੈ "

ਜਦ ਇਸ ਗ਼ਜ਼ਲ ਦੇ ਸ਼ਿਅਰ ਗ਼ਾਲਿਬ ਸਾਹਿਬ ਨੇ ਕਿਸੇ ਮਹਿਫਿਲ ਵਿਚ ਜ਼ੌਕ ਸਾਹਿਬ ਦੀ ਹਾਜ਼ਰੀ ਵਿਚ ਸੁਣਾਏ ਤੇ ਜ਼ੌਕ ਸਾਹਿਬ ਨਾਰਾਜ਼ ਹੋ ਗਏ ਉਨ੍ਹਾਂ ਨੇ ਬਹਾਦਰ ਸ਼ਾਹ ਜ਼ਫਰ ਕੋਲ ਇਸ ਦੀ ਸ਼ਿਕਾਇਤ ਕਰ ਦਿੱਤੀ ਬਹਾਦਰ ਸ਼ਾਹ ਜ਼ਫਰ ਨੇ ਮਿਰਜ਼ਾ ਗ਼ਾਲਿਬ ਨੂੰ ਆਪਣੇ ਦਰਬਾਰ ਵਿਚ ਬੁਲਾਇਆ ਗ਼ਾਲਿਬ ਸਾਹਿਬ ਨੇ ਕਿਹਾ ਜਨਾਬ ਮੇਰੀ ਪੂਰੀ ਗ਼ਜ਼ਲ ਤਾਂ ਸੁਣੋ ਗ਼ਾਲਿਬ ਸਾਹਿਬ ਨੇ ਆਪਣੇ ਗ਼ਜ਼ਲ ਪੂਰੀ ਕਰਦਿਆਂ ਮਕਤਾ ਕਿਹਾ—

"ਹੂਆ ਹੈ ਸ਼ਾਹ ਕਾ ਮੁਸਾਹਿਬ ਫਿਰੇ ਹੈ ਇਤਰਾਤਾ,
ਵਗਰਨਾ ਸ਼ਹਿਰ ਮੇਂ ਗ਼ਾਲਿਬ ਕੀ ਆਬਰੂ ਕਿਆ ਹੈ "

ਇਸ ਤਰ੍ਹਾਂ ਮਿਰਜਾ ਗ਼ਾਲਿਬ ਸਾਹਿਬ ਮਕਤੇ ਜ਼ਰੀਏ ਆਪਣੇ ਤੇ ਲੱਗੇ ਇਲਜ਼ਾਮ ਤੋਂ ਸਾਫ਼ ਬਚ ਨਿਕਲੇ ਸੱਪ ਵੀ ਮਰ ਗਿਆ ਤੇ ਸੋਟਾ ਵੀ ਨਹੀਂ ਟੁੱਟਿਆ ਗ਼ਾਲਿਬ ਸ੍ਹਾਬ ਨੇ ਆਪਣੀ ਮਨ ਦੀ ਭੜਾਸ ਵੀ ਕੱਢ ਲਈ ਤੇ ਆਪਣੇ ਤੇ ਆਂਚ ਵੀ ਨਹੀਂ ਆਉਣ ਦਿੱਤੀ ਉਹਨਾਂ ਦਿਨਾਂ ਵਿਚ ਜ਼ੌਕ ਸਾਹਿਬ ਬਹਾਦਰ ਸ਼ਾਹ ਜ਼ਫ਼ਰ ਦੇ ਉਸਤਾਦ ਸਨ

ਉਹਨਾਂ ਦਿਨਾਂ ਵਿਚ ਦਿੱਲੀ ਦੇ ਸਾਹਿਤਿਕ ਹਲਕਿਆਂ ਵਿਚ ਇਹ ਧਾਰਨਾ ਬਣੀ ਹੋਈ ਸੀ ਕਿ ਸ਼ਾਇਦ ਬਹਾਦਰ ਸ਼ਾਹ ਜ਼ਫ਼ਰ ਆਪ ਕਲਾਮ ਨਾ ਕਹਿੰਦੇ ਹੋਣ ਸ਼ਾਇਦ ਆਪਣੇ ਉਸਤਾਦਾਂ ਜ਼ੌਕ ਸਾਹਿਬ ਅਤੇ ਮਿਰਜ਼ਾ ਗ਼ਾਲਿਬ ਦੇ ਕਲਾਮ ਹੀ ਪੜ੍ਹਦੇ ਹੋਣ ਸਮੇਂ ਦੀ ਸਿਤਮ ਜ਼ਰੀਫੀ ਦੇਖੋ ਕਿ ਬਹਾਦਰ ਸ਼ਾਹ ਜਫ਼ਰ ਨੂੰ ਬਰਤਾਨਵੀ ਹਕੂਮਤ ਨੇ ਗਦਰ ਭੜਕਾਉਣ ਦੇ ਜ਼ੁਲਮ 'ਚ ਦੇਸ਼ ਤੋਂ ਜਲਾਵਤਨ ਕਰਕੇ ਰੰਗੂਨ ਦੀ ਜੇਲ੍ਹ ਵਿਚ ਸੁੱਟ ਦਿੱਤਾ ਇਸ ਬਜ਼ੁਰਗ ਸ਼ਾਇਰ ਨੇ ਜਲਾਵਤਨੀ ਦੇ ਦੌਰ ਵਿਚ ਆਪਣੀ ਉਮਰ ਦੇ ਆਖ਼ਰੀ ਦਿਨ ਗਿਣਦਿਆਂ ਆਪਣੇ ਕਲਾਮ ਵਿਚ ਜਲਾਵਤਨੀ ਦੇ ਦਰਦ ਦਾ ਅਜਿਹਾ ਇਜ਼ਹਾਰ ਕੀਤਾ ਕਿ ਸਾਹਿਤਿਕ ਹਲਕਿਆਂ ਵਿਚ ਇਹ ਸਿੱਧ ਕਰ ਦਿੱਤਾ ਕਿ ਜਫ਼ਰ ਸਾਹਿਬ ਆਪ ਕਿੰਨੇ ਕਮਾਲ ਦੇ ਸ਼ਾਇਰ ਸਨ ਉਨ੍ਹਾਂ ਦੀ ਇਹ ਗ਼ਜ਼ਲ ਖ਼ਾਸ ਕਰਕੇ ਸਾਹਿਤਿਕ ਹਲਕਿਆਂ ਵਿਚ ਬਹੁਤ ਮਕਬੂਲ ਹੈ—

"ਲਗਤਾ ਨਹੀਂ ਹੈ ਦਿਲ ਮੇਰਾ ਉਜੜੇ ਦਿਆਰ ਮੇਂ,
ਕਿਸ ਕੀ ਬਨੀ ਹੈ ਆਲਮ-ਏ - ਨਾ ਪਾਏਦਾਰ ਮੇਂ "

ਕਿਹੜਾ ਪੱਥਰ ਦਿਲ ਇਨਸਾਨ ਹੋਵੇਗਾ ਜਿਸਦਾ ਦਿਲ ਇਸ ਗ਼ਜ਼ਲ ਦਾ ਮਕਤਾ ਸੁਣ ਕੇ ਪਸੀਜ ਨਹੀਂ ਜਾਵੇਗਾ ਪਿਆਰੇ ਦੋਸਤੋ ਤੁਸੀਂ ਵੀ ਆਪਣੇ ਦਿਲ ਤੇ ਹੱਥ ਰੱਖ ਕੇ ਇਹ ਮਕਤਾ ਸੁਣੋਂ ..

"ਕਿਤਨਾ ਹੈ ਬਦਨਸੀਬ ਜ਼ਫ਼ਰ, ਦਫਨ ਕੇ ਲੀਏ,
ਦੋ ਗਜ਼ ਜਮੀਂ ਭੀ ਨਾ ਮਿਲੀ, ਕੂਏ ਯਾਰ ਮੇਂ "

ਜਦੋਂ ਕੋਈ ਸ਼ਾਇਰ ਆਪਣੇ ਤਖੱਲੁਸ ਦੀ ਬਾ-ਮਾਅਨੀ ਵਰਤੋਂ ਕਰਦਾ ਹੈ ਤਾਂ ਮਕਤਾ ਹੋਰ ਵੀ ਖ਼ੂਬਸੂਰਤ ਹੋ ਜਾਂਦਾ ਹੈ

"ਦੋ ਚਾਰ ਸ਼ਿਅਰ ਲਿਖ ਸਕਾਂ, ਲੋਕਾਂ ਨੂੰ ਯਾਦ ਰਹਿਣ,
ਭਗਵਾਨ ਕ੍ਰਿਸ਼ਨ ਤਾਂ ਨਹੀਂ, ਨਾ ਹੀ ਵਿਆਸ ਮੈਂ "

ਇੱਥੇ ਕ੍ਰਿਸ਼ਨ ਬਾ-ਮਾਅਨੀ ਅਰਥਾਂ ਵਿਚ ਵਰਤਿਆ ਗਿਆ ਹੈ ਕਿਉਂ ਕਿ ਕ੍ਰਿਸ਼ਨ ਨੇ ਗੀਤਾ ਉਚਰੀ ਸੀ ਤੇ ਵੇਦ ਵਿਆਸ ਨੇ ਮਹਾਭਾਰਤ ਲਿਖੀ ਸੀ ਇਸੇ ਤਰ੍ਹਾਂ ਇਕ ਮੁਸ਼ਾਇਰੇ ਵਿਚ ਮੈਂ ਆਪਣੀ ਗ਼ਜ਼ਲ ਦੇ ਮਕਤੇ ਦਾ ਪਹਿਲਾ ਮਿਸਰਾ ਕਿਹਾ ਤਾਂ ਮੁਕੱਰਰ ਮੁਕੱਰਰ ਦੀ ਅਵਾਜ਼ ਆਈ, ਜਿਸ ਦਾ ਭਾਵ ਸੀ ਕਿ ਮੈਂ ਉਹ ਮਿਸਰਾ ਦੁਬਾਰਾ ਪੜ੍ਹਾਂ ਜਦ ਮੈਂ ਮਿਸਰਾ ਦੁਬਾਰਾ ਪੜ੍ਹਿਆ ਤਾਂ ਫਿਰ ਉਹੀ ਸ਼ਬਦ ਦੁਹਰਾਇਆ ਗਿਆ ਤੇ ਕਈ ਸ਼ਾਇਰਾਂ ਵਲੋਂ ਵਿਅੰਗ ਕੱਸੇ ਜਾਣ ਲੱਗੇ ਜਦੋਂ ਮੈਂ ਆਪਣੇ ਮਕਤੇ ਦਾ ਪਹਿਲਾ ਮਿਸਰਾ ਮੁਕਾ ਕੇ ਦੂਸਰਾ ਮਿਸਰਾ ਕਿਹਾ ਤਾਂ

ਵਿਅੰਗ ਕੱਸਣ ਵਾਲੇ ਬਗਲਾਂ ਝਾਕਣ ਲੱਗ ਪਏ ਉਹ ਮਕਤਾ ਤੁਹਾਡੇ ਨਾਲ ਸਾਂਝਾ ਕਰਦਾ ਹਾਂ

"ਚੱਲੇ ਗ਼ਜ਼ਲ ਦੀ ਗੱਲ ਤਾਂ, ਤੇਰੇ ਤੇ ਮੁੱਕਦੀ,
ਪਿੱਛੇ ਖੜਾਂ ਏਂ ਕ੍ਰਿਸ਼ਨ ਤੂੰ ਲੰਮੀ ਕਤਾਰ ਦੇ "

ਦੂਸਰਾ ਮਿਸਰਾ ਕਹਿਣ ਨਾਲ ਸ਼ਿਅਰ ਦੇ ਅਰਥ ਉਲਟ ਗਏ ਜਿੱਥੇ ਪਹਿਲੇ ਮਿਸਰੇ ਵਿੱਚੋਂ ਸ਼ਾਇਰੀ ਦਾ ਅਭਿਮਾਨ ਝਲਕਦਾ ਸੀ ਉੱਥੇ ਦੂਸਰੇ ਮਿਸਰੇ ਨੇ ਉਸ ਦੇ ਅਰਥ ਹੀ ਬਦਲ ਦਿੱਤੇ ਇਸ ਤਰ੍ਹਾਂ ਮਕਤੇ ਦੀ ਵੀ ਗ਼ਜ਼ਲ ਵਿਚ ਓਨੀ ਹੀ ਅਹਮੀਅਤ ਹੈ ਜਿੰਨੀ ਇਕ ਖ਼ੂਬਸੂਰਤ ਮਤਲੇ ਦੀ

ਕਾਫ਼ੀਆ

....

ਪਿਆਰੇ ਦੋਸਤੋ ਹੁਣ ਆਪਾਂ ਗ਼ਜ਼ਲ ਦੇ ਇਕ ਬਹੁਤ ਹੀ ਜ਼ਰੂਰੀ ਅੰਗ , ਕਾਫ਼ੀਏ ਬਾਰੇ ਵਿਚਾਰ ਕਰਦੇ ਹਾਂ ਕਾਫ਼ੀਆ ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਮਤਲਬ ਹੈ ਘੜੀ ਮੁੜੀ ਆਉਣਾ ਕਾਫ਼ੀਆਂ ਆਪਣੇ ਨਾਮ ਅਨੁਸਾਰ ਹਰ ਸ਼ਿਅਰ ਵਿਚ ਆਉਂਦਾ ਹੈ ਕਾਫ਼ੀਆ ਆਪਣੀ ਲੋੜ ਅਨੁਸਾਰ ਤੁਕ ਦੇ ਸ਼ੁਰੂ ਵਿਚ, ਵਿਚਾਲੇ ਜਾਂ ਅੰਤ ਵਿਚ ਕਿਤੇ ਵੀ ਆ ਸਕਦਾ ਹੈ ਕਾਫ਼ੀਆ ਤੁਕ ਦੇ ਅੰਤ ਵਿਚ ਉਦੋਂ ਆਉਂਦਾ ਹੈ ਜਦੋਂ ਗ਼ਜ਼ਲ ਵਿਚ ਰਦੀਫ਼ ਨਾ ਹੋਵੇ ਕਾਫ਼ੀਆ ਉਸ ਲਗ ਜਾਂ ਸਵਰ ਨੂੰ ਕਹਿੰਦੇ ਹਨ ਜਿਹੜੀ ਗਜ਼ਲ ਦੇ ਮਤਲੇ ਦੀਆਂ ਦੋਹਾਂ ਤੁਕਾਂ ਅਤੇ ਹਰ ਸ਼ਿਅਰ ਦੀ ਦੂਸਰੀ ਤੁਕ ਵਿਚ ਵਾਰ ਵਾਰ ਆਉਂਦੀ ਹੈ ਦੁਹਰਾਈ ਜਾਣ ਵਾਲੀ ਇਹ ਲਗ ਜਾਂ ਸਵਰ ਸਥਾਈ ਹੁੰਦੀ ਹੈ ਭਾਵ ਬਦਲਦੀ ਨਹੀਂ ਪ੍ਰੰਤੂ ਜਿਸ ਅੱਖਰ ਨਾਲ ਇਹ ਜੁੜਦੀ ਹੈ ਉਹ ਵਾਰ ਵਾਰ ਬਦਲ ਜਾਂਦਾ ਹੈ ਪੰਜਾਬੀ ਭਾਸ਼ਾ ਵਿਚ ਕਾਫ਼ੀਏ ਨੂੰ ਤੁਕਾਂਤ ਕਿਹਾ ਜਾਂਦਾ ਹੈ ਕਾਫ਼ੀਆ ਅਸਲ ਵਿਚ ਇਕ ਸ਼ਬਦ ਅਲੰਕਾਰ ਹੈ ਜਿਸ ਨੂੰ ਅਨੁਪ੍ਰਾਸ ਅਲੰਕਾਰ ਕਹਿੰਦੇ ਹਨ ਕਾਫ਼ੀਏ ਦਾ ਸ਼ਿਅਰ ਵਾਸਤੇ ਕੀ ਮਹੱਤਵ ਹੈ ...

"ਸ਼ਬਦਾਂ ਨੂੰ ਲੈਅ-ਬੱਧ ਕਰੇ, ਪੈਦਾ ਕਰਦੈ ਤਾਲ,
ਸ਼ਿਅਰਾਂ ਦੇ ਵਿਚ ਕਾਫ਼ੀਏ ਦਾ ਇਹ ਕ੍ਰਿਸ਼ਨ ਕਮਾਲ "

ਦਰਅਸਲ ਕਾਫੀਆ ਹੀ ਗ਼ਜ਼ਲ ਦੀ ਜਿੰਦ ਜਾਨ ਹੈ ਕਾਫ਼ੀਆ ਹੀ ਸ਼ਿਅਰਾਂ ਨੂੰ ਸੰਗੀਤਆਤਕਮਕ ਬਣਾਉਂਦਾ ਹੈ ਜੇ ਇਹ ਕਹਿ ਲਿਆ ਜਾਵੇ ਕਿ ਕਾਫ਼ੀਆ ਹੀ ਅਜਿਹਾ ਜਾਦੂ ਹੈ ਜੋ ਪਾਠਕਾਂ ਜਾਂ ਸਰੋਤਿਆਂ ਦੇ ਸਿਰ ਚੜ੍ਹ ਕੇ ਬੋਲਦਾ ਹੈ ਜਿਸ ਤਰ੍ਹਾਂ ਸਪੇਰੇ ਦੀ ਬੀਨ ਨਾਗ ਨੂੰ ਕੀਲੀ ਰੱਖਦੀ ਹੈ, ਇਸੇ ਤਰ੍ਹਾਂ ਕਾਫ਼ੀਏ ਦੀ ਸੰਗੀਤਆਤਮਕ ਧੁਨੀ ਪਾਠਕਾਂ ਜਾਂ ਸਰੋਤਿਆਂ ਨੂੰ ਮੰਤਰ-ਮੁਗਧ ਕਰੀ ਰੱਖਦੀ ਹੈ

ਅਰਬੀ ਫਾਰਸੀ ਵਾਲਿਆਂ ਨੇ ਕਾਫ਼ੀਏ ਬਾਰੇ ਬੜੇ ਨਿਯਮ ਬਣਾਏ ਹੋਏ ਹਨ ਕਾਫ਼ੀਏ ਦੀ ਤਕਨੀਕ ਨੂੰ ਸਮਝਾਉਣ ਵਾਸਤੇ ਉਨ੍ਹਾਂ ਕੋਲ਼ ਅਨੇਕਾਂ ਤਕਨੀਕੀ ਪਰਿਭਾਸ਼ਾਵਾਂ ਹਨ ਉਰਦੂ ਭਾਸ਼ਾ ਵਿਚ ਵੀ ਕਾਫ਼ੀਏ ਬਾਰੇ ਕਾਫ਼ੀ ਜਾਣਕਾਰੀ ਮਿਲਦੀ ਹੈ ਪਰ ਅਫ਼ਸੋਸ ਹੈ ਕਿ ਪੰਜਾਬੀ ਤੇ ਹਿੰਦੀ ਵਿਚ ਕਾਫ਼ੀਏ ਵਰਗੇ ਕਵਿਤਾ ਦੇ ਜ਼ਰੂਰੀ ਅੰਸ਼ ਬਾਰੇ ਕੋਈ ਬਹੁਤੀ ਜਾਣਕਾਰੀ ਨਹੀਂ ਮਿਲਦੀ

ਹਿੰਦੀ ਵਾਲੇ ਤਾਂ ਕਾਫ਼ੀਏ ਨੂੰ ਸ਼ਬਦ ਅਲੰਕਾਰ ਕਹਿ ਕੇ ਤਿਆਗ ਚੁੱਕੇ ਹਨ ਕਾਫ਼ੀਏ ਦੀ ਇਸ ਅਣਗਹਿਲੀ ਕਰਕੇ ਹੀ ਗ਼ਜ਼ਲ ਹਿੰਦੀ ਵਿਚ ਇੰਨੀ ਹਰਮਨ ਪਿਆਰੀ ਨਹੀਂ ਹੋ ਸਕੀ , ਕਿਉਂ ਕਿ ਕਾਫ਼ੀਏ ਬਗ਼ੈਰ ਗ਼ਜ਼ਲ ਸੋਚੀ ਵੀ ਨਹੀਂ ਜਾ ਸਕਦੀ ਇਹੀ ਕਾਰਨ ਹੈ ਕਿ ਮਰਹੂਮ ਦੁਸ਼ਯੰਤ ਕੁਮਾਰ ਤੋਂ ਮਗਰੋਂ ਹਿੰਦੀ ਭਾਸ਼ਾ ਵਿਚ ਕੋਈ ਵੀ ਨਾਮਵਰ ਗ਼ਜ਼ਲਗੋ ਪੈਦਾ ਨਹੀਂ ਹੋ ਸਕਿਆ

ਅਰਬੀ ਫਾਰਸੀ ਵਿਚ ਅਪਣਾਏ ਜਾਂਦੇ ਕਾਫ਼ੀਏ ਦੇ ਨਿਯਮ ਪੰਜਾਬੀ ਵਿਚ ਅਪਣਾਏ ਨਹੀਂ ਜਾ ਸਕਦੇ, ਕਿਉਂ ਕਿ ਪੰਜਾਬੀ ਭਾਸ਼ਾ ਦੀ ਬਣਤਰ, ਅਰਬੀ, ਫ਼ਾਰਸੀ ਭਾਸ਼ਾਵਾਂ ਵਰਗੀ ਨਹੀਂ ਪੰਜਾਬੀ ਭਾਸ਼ਾ ਅਨੁਸਾਰ ਕਾਫ਼ੀਏ ਦੀਆਂ ਕੁੱਝ ਕੁ ਕਿਸਮਾਂ ਬਾਰੇ ਵਿਚਾਰ ਚਰਚਾ ਕਰਦੇ ਹਾਂ—

ਚੁਸਤ ਕਾਫ਼ੀਆ——

ਪੰਜਾਬੀ ਵਿਚ ਚੁਸਤ ਕਾਫ਼ੀਆ ਸਭ ਤੋਂ ਹਰਮਨ ਪਿਆਰਾ ਹੈ ਚੁਸਤ ਕਾਫ਼ੀਆ ਉਸ ਨੂੰ ਕਹਿੰਦੇ ਹਨ, ਜਿਹੜੇ ਕਾਫ਼ੀਏ ਦਾ ਵਜ਼ਨ ਸਮਤੋਲ ਹੋਵੇ, ਭਾਵ ਸ਼ਬਦ ਬਰਾਬਰ ਵਜ਼ਨ ਦੇ ਹੋਣ, ਉਦਾਹਰਣ ਵਜੋਂ

"ਪਰ ਗਵਾਏ ਆਪਣੇ ਤੂੰ, ਹੁਣ ਪਰਾਂ ਦੀ ਕਰ ਤਲਾਸ਼,
ਪੰਛੀਆ ਉਡ ਆਲ੍ਹਣੇ 'ਚੋਂ, ਅੰਬਰਾਂ ਦੀ ਕਰ ਤਲਾਸ਼ "

(ਰਾਜਵੰਤ ਬਾਗੜੀ)

ਇਸ ਗ਼ਜ਼ਲ ਵਿਚ ਆਉਣ ਵਾਲੇ ਸਾਰੇ ਕਾਫ਼ੀਏ ਜਿਵੇਂ ਪਰਾਂ,ਅੰਬਰਾਂ, ਖੰਜਰਾਂ, ਮੁਸਾਫਰਾਂ, ਅਵਸਰਾਂ ਵਗੈਰਾ ਚੁਸਤ ਸ਼੍ਰੇਣੀ ਕਾਫ਼ੀਏ ਹਨ ਕਿਉਂਕਿ ਇਹ ਠਾਹ ਠਾਹ ਆਉਂਦੇ ਹਨ

ਸੁਸਤ ਕਾਫ਼ੀਆ—

ਕਈ ਵਾਰ ਸ਼ਾਇਰ ਕਿਸੇ ਇਕ ਲਗ ਜਾਂ ਸਵਰ ਨੂੰ ਹੀ ਕਾਫ਼ੀਏ ਵਜੋਂ ਵਰਤਦਾ ਹੈ ਇਸ ਕਾਫ਼ੀਏ ਵਿਚ ਕਿਸੇ ਇਕ ਲਗ ਜਾਂ ਸਵਰ ਦੀ ਹੀ ਸਾਂਝ ਹੁੰਦੀ ਹੈ ਪਰ ਕਿਸੇ ਅੱਖਰ ਦੀ ਸਾਂਝ ਨਹੀਂ ਹੁੰਦੀ ਇਸ ਤਰ੍ਹਾਂ ਇਸ ਕਾਫ਼ੀਏ ਨੂੰ ਸੁਸਤ ਕਾਫ਼ੀਆ ਕਿਹਾ ਜਾਂਦਾ ਹੈ ਉਦਾਹਰਣ ਵਜੋਂ—

"ਪੱਥਰਾਂ ਦੇ ਸ਼ਹਿਰ ਵਿਚ ਇਕ ਆਦਮੀਂ,
ਚੁੱਕੀ ਫਿਰਦੈ ਤਿੜਕੀ ਹੋਈ ਜ਼ਿੰਦਗੀ "

ਕਿਉਂਕਿ ਇਸ ਕਾਫ਼ੀਏ ਵਿਚ ਸਿਰਫ ਬਿਹਾਰੀ ਦੀ ਸਾਂਝ ਹੈ ਇਸ ਲਈ ਇਸ ਨੂੰ ਸੁਸਤ ਕਾਫ਼ੀਆ ਕਿਹਾ ਜਾਂਦਾ

ਵਿਕਟ ਕਾਫ਼ੀਆ——

ਵਿਕਟ ਕਾਫ਼ੀਆ ਉਸ ਨੂੰ ਆਖਦੇ ਹਨ ਜਿਸ ਵਿਚ ਵੱਖ ਵੱਖ ਵਜ਼ਨਾਂ ਦੇ ਸ਼ਬਦ ਵਰਤੇ ਜਾਣ ਇਸ ਕਾਫ਼ੀਏ ਨੂੰ ਬੇ-ਮੇਲ ਕਾਫ਼ੀਆ ਵੀ ਕਿਹਾ ਜਾਂਦਾ ਹੈ ਇਹ ਕਾਫ਼ੀਆ ਬਹੁਤ ਹਰਮਨ ਪਿਆਰਾ ਨਹੀਂ

ਕਾਫ਼ੀਆ ਮਮੂਲਾ——

ਜਦੋਂ ਕਿਸੇ ਸ਼ਿਅਰ ਵਿਚ ਕਾਫ਼ੀਆ ਤੇ ਰਦੀਫ਼ ਮਿਲਕੇ ਇਕ ਹੀ ਸ਼ਬਦ ਬਣ ਜਾਣ ਤਾਂ ਉਸ ਨੂੰ ਕਾਫ਼ੀਆ ਮਮੂਲਾ ਕਿਹਾ ਜਾਂਦਾ ਹੈ ਆਮ ਤੌਰ ਤੇ ਅਜਿਹੇ ਕਾਫ਼ੀਏ ਨੂੰ ਦੋਸ਼ ਜਾਂ ਐਬ ਗਿਣਿਆ ਜਾਂਦਾ ਹੈ ਪਰ ਉਸਤਾਦ ਸ਼ਾਇਰਾਂ ਨੇ ਗ਼ਜ਼ਲ ਵਿਚ ਇਕ ਕਾਫ਼ੀਆ ਮਮੂਲਾ ਵਰਤਣ ਦੀ ਇਜ਼ਾਜਤ ਦਿੱਤੀ ਹੋਈ ਹੈ ਕਾਫ਼ੀਏ ਮਮੂਲੇ ਦੀ ਇਕ ਮਿਸਾਲ ਦੇਣੀ ਲਾਹੇਵੰਦ ਹੋਵੇਗੀ ਤਾਂ ਕਿ ਤੁਹਾਨੂੰ ਕਾਫ਼ੀਏ ਮਮੂਲੇ ਦੀ ਪਛਾਣ ਹੋ ਸਕੇ

"ਹਨ ਸੂਲੀਆਂ ਸਲੀਬਾਂ, ਹਰ ਮੋੜ, ਹਰ ਗਲੀ ਤੇ
ਅਹੁ ਸਰਫਰੋਸ਼ ਨਿਕਲੇ ਸਿਰ ਰੱਖ ਕੇ ਤਲੀ ਤੇ

ਗੰਭੀਰ ਚੁੱਪ ਦਿੰਦੀ, ਤੁਫਾਨ ਦਾ ਪਤਾ ਹੈ,
ਹੁਣ ਹੋਣਗੇ ਧਮਾਕੇ ਲਉ ਸੁਲਘ ਪਏ ਪਲੀਤੇ "

(ਅਜ਼ਾਇਬ ਚਿਤ੍ਰਕਾਰ)

ਉਪਰੋਕਤ ਗ਼ਜ਼ਲ ਦੇ ਮਤਲੇ ਅਤੇ ਸ਼ਿਅਰ ਵਿਚ ਮਰਹੂਮ ਸ਼ਾਇਰ ਅਜ਼ਾਇਬ ਚਿਤਰਕਾਰ ਜੀ ਨੇ ਕਾਫ਼ੀਆ ਗਲੀ ਅਤੇ ਤਲੀ ਵਰਤਿਆ ਹੈ ਅਤੇ ਸ਼ਬਦ 'ਤੇ' ਰਦੀਫ਼ ਵਜੋਂ ਲਿਆ ਹੈ ਪਰ ਉਹਨਾਂ ਦੇ ਅਗਲੇ ਸ਼ਿਅਰ ਵਿਚ ਕਾਫ਼ੀਆ ਅਤੇ ਰਦੀਫ਼ ਰਲ਼ ਕੇ ਇਕ ਸ਼ਬਦ 'ਪਲੀਤੇ' ਬਣਾ ਰਹੇ ਹਨ ਇਸ ਤਰ੍ਹਾਂ ਦੇ ਕਾਫ਼ੀਏ ਨੂੰ ਕਾਫ਼ੀਆ ਮਮੂਲਾ ਕਿਹਾ ਜਾਂਦਾ ਜਿਸ ਵਿਚ ਕਾਫ਼ੀਆ ਤੇ ਰਦੀਫ਼ ਦੋਨੋ ਰਲ਼ ਕੇ ਇਕ ਸ਼ਬਦ ਬਣ ਜਾਵੇ

ਕਾਫ਼ੀਏ ਦੀ ਅਦਾ——

ਇਹ ਅਸਲ ਵਿਚ ਇਕ ਕਾਵਿਕ ਗੁਣ ਹੈ ਜਦੋਂ ਕਾਫ਼ੀਆ ਮਹਿਬੂਬ ਵਾਂਗ ਕਲੋਲ ਕਰੇ, ਅਦਾ ਦਿਖਾਵੇ, ਨਖ਼ਰੇ ਕਰੇ ਤਾਂ ਉਸ ਕਾਫ਼ੀਏ ਨੂੰ ਕਾਫੀਏ ਦੀ ਅਦਾ ਕਿਹਾ ਜਾਂਦਾ ਇਸ ਕਿਸਮ ਦਾ ਕਾਫ਼ੀਆ ਪਹਿਲੇ ਕਾਫ਼ੀਆ ਮਮੂਲਾ ਨਾਲੋਂ ਬਿਲਕੁਲ ਉਲਟ ਹੁੰਦਾ ਹੈ ਜਦੋਂ ਕਿਸੇ ਸ਼ਿਅਰ ਵਿੱਚ ਕਾਫ਼ੀਏ ਨੂੰ ਇਸ ਤਰਾਂ ਦੋ ਹਿੱਸਿਆਂ ਵਿਚ ਤੋੜਿਆ ਜਾਵੇ ਕਿ ਪਹਿਲਾ ਸ਼ਬਦ ਕਾਫ਼ੀਆ ਲੱਗੇ ਤੇ ਦੂਜ਼ਾ ਰਦੀਫ਼, ਅਜਿਹੇ ਕਾਫ਼ੀਏ ਨੂੰ ਕਾਫ਼ੀਏ ਦੀ ਅਦਾ ਕਿਹਾ ਜਾਂਦਾ ਜੇ ਉਪਰੋਕਤ ਅਜ਼ਾਇਬ ਚਿੱਤਰਕਾਰ ਜੀ ਦੀ ਗ਼ਜ਼ਲ ਵਿਚ ਪਲੀਤੇ, ਕੁਨੀਤੇ ਹੋਵੇ ਤਾਂ ਪਲੀਤੇ ਨੂੰ ਤੋੜ ਕੇ ਸ਼ਾਇਰ ਪਲੀ ਤੇ ਬੰਨ ਦੇਵੇ ਤਾਂ ਇਹ ਕਾਫ਼ੀਏ ਦੀ ਅਦਾ ਕਿਹਾ ਜਾਵੇਗਾ ਅਤੇ ਇਹ ਸ਼ਾਇਰ ਦੀ ਉਸਤਾਦੀ ਮੰਨਿਆ ਜਾਵੇਗਾ

ਯਕ ਕਾਫ਼ੀਆ——

ਜਦੋਂ ਕਿਸੇ ਗ਼ਜ਼ਲ ਦੇ ਸਾਰੇ ਸ਼ਿਅਰਾਂ ਵਿਚ ਸ਼ਾਇਰ ਇਕੋ ਹੀ ਕਾਫ਼ੀਆ ਵਰਤੇ ਅਜਿਹੇ ਕਾਫ਼ੀਏ ਨੂੰ ਯਕ ਕਾਫ਼ੀਆ ਕਿਹਾ ਜਾਂਦਾ ਅਜਿਹੇ ਕਾਫ਼ੀਏ ਤਾਂ

ਸਿਰਫ਼ ਸ਼ਾਇਰ ਆਪਣੇ ਉਸਤਾਦੀ ਦਿਖਾਉਣ ਵਾਸਤੇ ਹੀ ਵਰਤਦੇ ਹਰ ਸ਼ਿਅਰ ਵਿਚ ਇਕ ਹੀ ਕਾਫ਼ੀਆ ਵਰਤਣਾ ਪਾਠਕ ਅਤੇ ਸਰੋਤਿਆਂ ਵਾਸਤੇ ਬੋਰੀਅਤ ਦਾ ਕਾਰਣ ਬਣਦਾ ਹੈ ਇੱਕ ਹੀ ਕਾਫ਼ੀਆ ਜੇ ਅਨੇਕਾਂ ਸ਼ਿਅਰਾਂ ਵਿਚ ਵੱਖ ਵੱਖ ਅਰਥਾਂ ਦੇ ਤਹਿਤ ਵਰਤਿਆ ਜਾਵੇ ਤਾਂ ਜ਼ਾਇਜ਼ ਮੰਨਿਆ ਜਾਂਦਾ ਹੈ, ਪਰ ਅਜਿਹਾ ਘੱਟ ਹੀ ਹੁੰਦਾ ਹੈ ਕਿਉਂਕਿ ਕਾਫ਼ੀਏ ਦੇ ਕਿੰਨੇ ਕੁ ਅਰਥ ਹੋ ਸਕਦੇ ਹਨ

ਦੂਹਰਾ ਕਾਫ਼ੀਆ—

ਕਈ ਸ਼ਾਇਰ ਆਪਣੀ ਗ਼ਜ਼ਲ ਵਿਚ ਇਕ ਦੀ ਥਾਂ ਦੋ ਕਾਫ਼ੀਏ ਵਰਤਦੇ ਹਨ ਕਈ ਵਾਰ ਇੱਕੋ ਕਾਫ਼ੀਏ ਨੂੰ ਦੁਹਰਾਇਆ ਜਾਂਦਾ ਹੈ ਜਿਵੇ ਕਰਦਿਆਂ ਕਰਦਿਆਂ ਦੇ ਨਾਲ ਭਰਦਿਆਂ ਭਰਦਿਆਂ ਵਗੈਰਾ ਕਾਫ਼ੀਏ ਨਿਭਾਉਣਾ ਸ਼ਾਇਰ ਦੀ ਆਪਣੀ ਕਾਰੀਗਰੀ ਵੀ ਹੈ ਤੇ ਮਰਜ਼ੀ ਵੀ ਜੋ ਕੋਈ ਸ਼ਾਇਰ ਆਪਣਿਆਂ ਸ਼ਿਅਰਾਂ ਵਿਚ ਸਫ਼ਲਤਾ ਸਹਿਤ ਦੂਹਰਾ ਕਾਫ਼ੀਆ ਨਿਭਾਵੇ ਤਾਂ ਹੀ ਗ਼ਜ਼ਲ ਦੀ ਖ਼ੂਬਸੂਰਤੀ ਪੈਦਾ ਕਰ ਸਕਦਾ ਹੈ ਨਹੀਂ ਤਾਂ ਨਹੀਂ

ਹਰਫ਼–ਇ–ਰਵੀ ਜਾਂ ਮੂਲ ਅੱਖਰ——————

ਹੁਣ ਆਪਾਂ ਹਰਫ਼–ਇ–ਰਵੀ ਜਾਂ ਮੂਲ ਅੱਖਰ ਦੀ ਪਛਾਣ ਕਰਾਂਗੇ ਕਾਫੀਏ ਦੇ ਨਾਲ ਵਾਰ ਵਾਰ ਆਉਣ ਵਾਲੀ ਸਥਾਈ ਲਗ ਜਾਂ ਸਵਰ ਨੂੰ ਅਰੂਜ਼ੀ ਪਰਿਭਾਸ਼ਾ ਵਿਚ ਹਰਫ਼–ਇ–ਰਵੀ ਜਾਂ ਮੂਲ ਅੱਖਰ ਕਿਹਾ ਜਾਂਦਾ ਹੈ ਅਰਬੀ ਭਾਸ਼ਾ ਵਿਚ ਰਵੀ ਦਾ ਸ਼ਾਬਦਿਕ ਅਰਥ ਉਹ ਰੱਸੀ ਹੁੰਦਾ ਹੈ ਜਿਸ ਨਾਲ ਊਠ ਦੀ ਪਿੱਠ ਤੇ ਸਮਾਨ ਬੰਨ੍ਹਿਆ ਜਾਂਦਾ ਹੈ ਗ਼ਜ਼ਲ ਵਿਚ ਕਾਫ਼ੀਏ ਦਾ ਕੰਮ ਵੀ ਗ਼ਜ਼ਲ ਨੂੰ ਬੰਨ੍ਹ ਕੇ ਰੱਖਣਾ ਹੀ ਹੁੰਦਾ ਹੈ ਸ਼ਾਇਦ ਇਸੇ ਕਰਕੇ ਹੀ ਕਾਫੀਏ ਦੀ ਸਥਾਈ ਲਗ ਜਾਂ ਸਵਰ ਨੂੰ ਰਵੀ ਕਿਹਾ ਜਾਂਦਾ ਹੈ ਮੂਲ ਅੱਖਰ ਤੋਂ ਬਾਦ ਆਉਣ ਵਾਲੇ ਅੱਖਰ ਨੂੰ ਰਦੀਫ਼ ਕਿਹਾ ਜਾਂਦਾ ਹੈ ਆਉ ਮੂਲ ਅੱਖਰ ਦੀ ਪਛਾਣ ਕਰੀਏ –

"ਕਿਵੇਂ ਪਹੁੰਚੇ ਮਨਾਂ ਤਕ ਰੌਸ਼ਨੀ, ਚਾਨਣ ਕਿਵੇਂ ਹੋਵੇ,
ਮਨਾਂ ਦੇ ਬੰਦ ਬੂਹਿਆਂ ਵਿੱਚ ਦੀ, ਚਾਨਣ ਕਿਵੇਂ ਹੋਵੇ "

ਇਸ ਗ਼ਜ਼ਲ ਵਿਚ ਕਾਫੀਆ ਰੌਸ਼ਨੀ, ਵਿੱਚਦੀ, ਸੰਦਲੀ, ਚਾਨਣੀ ਵਗੈਰਾ ਹੈ, ਤੇ ਮੂਲ ਅੱਖਰ ਦੀਰਘ ਲਗ ਬਿਹਾਰੀ ਹੈ, ਜੋ ਕਿ ਸਥਾਈ ਹੈ ਅਤੇ ਇਹ ਬਾਰ ਬਾਰ ਕਾਫ਼ੀਏ ਵਾਸਤੇ ਆਉਣ ਵਾਲੇ ਅੱਖਰ ਨਾਲ ਲੱਗ ਜਾਂਦੀ ਹੈ ਕਾਫ਼ੀਏ ਦੀ ਅੱਖਰ ਸ, ਚ, ਨ, ਦ ਵਗ਼ੈਰਾ ਬਦਲਦੇ ਰਹਿੰਦੇ ਹਨ ਪਰ ਬਿਹਾਰੀ ਨਹੀਂ ਬਦਲਦੀ ਇਸ ਤਰ੍ਹਾਂ ਬਿਹਾਰੀ ਇਸ ਗ਼ਜ਼ਲ ਦਾ ਮੂਲ ਅੱਖਰ ਹੈ

"ਜੋ ਵੀ ਹੋਵੇ ਕਰ ਗੁਜ਼ਰਨਾ ਚਾਹੀਦੈ,
ਜ਼ਿੰਦਗੀ ਦਾ ਰਾਹ ਸੰਵਰਨਾ ਚਾਹੀਦੈ "

ਇਸ ਵਿਚ ਕਾਫ਼ੀਆ ਗੁਜ਼ਰਨਾ, ਸੰਵਰਨਾ, ਉਤਰਨਾ, ਉਸਰਨਾ ਵਗੈਰਾ ਹਨ ਇਸ ਵਿਚ 'ਰ' ਮੁਕਤਾ ਮੂਲ ਅੱਖਰ ਹੈ ਮੂਲ ਅੱਖਰ ਨਾਲੋਂ ਪਹਿਲਾਂ

ਆਉਣ ਵਾਲੇ ਸਾਰੇ ਅੱਖਰ ਬਦਲਦੇ ਹਨ, ਪਰ ਮੁਕਤਾ ਅੱਖਰ 'ਰ' ਸਥਾਈ ਹੈ , ਭਾਵ ਨਹੀਂ ਬਦਲਦਾ

ਰਦੀਫ਼——

ਪਿਆਰੇ ਦੋਸਤੋ ਹੁਣ ਆਪਾਂ ਗ਼ਜ਼ਲ ਦੇ ਇਕ ਹੋਰ ਅੰਸ਼ ਰਦੀਫ਼ ਬਾਰੇ ਵਿਚਾਰ ਕਰਦੇ ਹਾਂ ਰਦੀਫ਼ ਉਸ ਸ਼ਬਦ ਨੂੰ ਜਾ ਉਨ੍ਹਾਂ ਸ਼ਬਦਾਂ ਨੂੰ ਕਿਹਾ ਜਾਂਦਾ ਹੈ ਜਿਹੜੇ ਸ਼ਿਅਰ ਵਿਚ ਕਾਫ਼ੀਏ ਤੋਂ ਮਗਰੋਂ ਵਾਰ ਵਾਰ ਆਉਂਦੇ ਹਨ ਰਦੀਫ ਨੂੰ ਪੰਜਾਬੀ ਵਿਚ ਦੁੱਮ–ਛੱਲਾ ਜਾ ਪਿੱਛ–ਲਗ ਵੀ ਕਹਿ ਲਿਆ ਜਾਂਦਾ ਹੈ ਖ਼ੂਬਸੂਰਤ ਰਦੀਫ਼ ਵੀ ਗ਼ਜ਼ਲ ਵਿਚ ਖ਼ੂਬਸੂਰਤੀ ਪੈਦਾ ਕਰਦੇ ਹਨ ਰਦੀਫ਼ ਦੇ ਸ਼ਬਦਾਂ ਦੀ ਗਿਣਤੀ ਨਿਸ਼ਚਿਤ ਨਹੀਂ, ਰਦੀਫ ਇਕ ਸ਼ਬਦ ਦੀ ਵੀ ਹੁੰਦੀ ਹੈ ਤੇ ਅਨੇਕਾਂ ਸ਼ਬਦਾਂ ਦੀ ਵੀ ਰਦੀਫ਼ ਗ਼ਜ਼ਲ ਦਾ ਜ਼ਰੂਰੀ ਅੰਗ ਨਹੀਂ ਰਦੀਫ਼ ਤੋਂ ਬਿਨ੍ਹਾਂ ਵੀ ਗ਼ਜ਼ਲ ਕਹੀ ਜਾ ਸਕਦੀ ਰਦੀਫ਼ ਨਿਭਾਉਣਾ ਸ਼ਾਇਰ ਦੀ ਆਪਣੀ ਖ਼ੂਬੀ ਹੁੰਦੀ

ਪਿਆਰੇ ਦੋਸਤੋ ਆਪਾਂ ਸ਼ਿਅਰ, ਮਤਲਾ, ਮਕਤਾ, ਕਾਫ਼ੀਆ, ਰਦੀਫ, ਮੂਲ ਅੱਖਰ ਬਾਰੇ ਚਰਚਾ ਕਰ ਲਈ ਹੈ ਮੇਰਾ ਖ਼ਿਆਲ ਹੈ ਗ਼ਜ਼ਲ ਦੀ ਬਣਤਰ ਬਾਰੇ ਤੁਸੀਂ ਸਮਝ ਗਏ ਹੋਵੇਂਗੇ ਜੇ ਕੋਈ ਗੱਲ ਸਮਝਣ ਤੋਂ ਉੱਕ ਗਏ ਹੋਵੋਂ ਤਾਂ ਪਰਸਨਲ ਤੌਰ ਤੇ ਸੰਪਰਕ ਕਰ ਸਕਦੇ ਹੋ

ਕਾਫ਼ੀਏ ਦੇ ਦੋਸ਼

....

ਪਿਆਰੇ ਦੋਸਤੋ ਅਸੀਂ ਕਾਫ਼ੀਏ ਬਾਰੇ ਅਤੇ ਕਾਫ਼ੀਏ ਦੀਆਂ ਆਮ ਪ੍ਰਚਲਿਤ ਕਿਸਮਾਂ ਬਾਰੇ ਵਿਚਾਰ ਚਰਚਾ ਕਰ ਚੁੱਕੇ ਹਾਂ ਕਾਫ਼ੀਆ ਗ਼ਜ਼ਲ ਦਾ ਬੇਹੱਦ ਜ਼ਰੂਰੀ ਹਿੱਸਾ ਹੈ ਕਾਫ਼ੀਆ ਹੀ ਗ਼ਜ਼ਲ ਨੂੰ ਸੰਗੀਤਬਧ ਅਤੇ ਲੈ-ਬੱਧ ਕਰਕੇ ਉਹ ਜਾਦੂ ਜਗਾਉਂਦਾ ਹੈ, ਜਿਹੜਾ ਪੜ੍ਹਨ ਸੁਣਨ ਵਾਲੇ ਦੇ ਸਿਰ ਚੜ੍ਹ ਕੇ ਬੋਲਦਾ ਹੈ

ਗ਼ਜ਼ਲ ਦਾ ਏਨਾ ਮਹੱਤਵ-ਪੂਰਨ ਅੰਗ ਹੋਣ ਦੇ ਬਾਵਜੂਦ ਅਸੀਂ ਕਾਫ਼ੀਏ ਬਾਰੇ ਬੇਹੱਦ ਅਵੇਸਲੇ ਹਾਂ ਏਥੋਂ ਤੀਕ ਕਿ ਪੰਜਾਬੀ ਵਿਚ ਅਰੂਜ਼ ਬਾਰੇ ਲਿਖੀਆਂ ਗਈਆਂ ਬਹੁਤੀਆਂ ਕਿਤਾਬਾਂ, ਜਿਨ੍ਹਾਂ ਦਾ ਮੰਤਵ ਹੀ ਗ਼ਜ਼ਲ ਬਾਰੇ ਤਕਨੀਕੀ ਜਾਣਕਾਰੀ ਦੇਣਾ ਹੈ, ਕਾਫ਼ੀਏ ਬਾਰੇ ਜਾਂ ਤਾਂ ਉੱਕਾ ਹੀ ਜਾਣਕਾਰੀ ਨਹੀਂ ਦਿੰਦੀਆਂ ਤੇ ਜਾਂ ਬਹੁਤ ਹੀ ਘੱਟ ਕੰਮ ਸਾਰੂ ਜਾਣਕਾਰੀ ਦਿੰਦੀਆਂ ਹਨ ਖ਼ਾਸ ਕਰਕੇ ਕਾਫ਼ੀਆ ਦੋਸ਼ ਦੱਸਣ ਲਈ ਘੱਟ ਹੀ ਕਿਸੇ ਅਰੂਜ਼ੀ ਨੇ ਕੋਸ਼ਿਸ਼ ਕੀਤੀ ਹੈ ਕਿਉਂਕਿ ਕਾਫ਼ੀਏ ਦੇ ਗੁਣ ਦੋਸ਼ ਪਰਖ਼ਣ ਲਈ ਵਿਆਕਰਣ ਦੀ ਜਾਣਕਾਰੀ ਹੋਣਾ ਬਹੁਤ ਜ਼ਰੂਰੀ ਹੈ

ਪੰਜਾਬੀ ਕਵੀ ਆਮ ਤੌਰ ਤੇ ਕਾਫ਼ੀਏ ਦੀ ਵਰਤੋਂ ਕਰਨ ਲੱਗਿਆਂ ਕਾਫੀ ਖੁੱਲ੍ਹਾਂ ਲੈ ਜਾਂਦੇ ਹਨ ਮਾੜੀਆਂ ਮੋਟੀਆਂ ਖੁੱਲ੍ਹਾਂ ਲੈਣ ਵਿਚ ਕੋਈ ਹਰਜ਼ ਵੀ ਨਹੀਂ , ਕਿਉਂਕਿ ਇਹ ਲੋਕ ਘੱਟੋ-ਘੱਟ ਕਾਫ਼ੀਏ ਦੀ ਲੋੜ ਤਾਂ ਮਹਿਸੂਸ ਕਰਦੇ ਹਨ ਪਰ ਕਈ ਵਾਰੀ ਕਾਫ਼ੀਆ ਵਰਤਣ ਲੱਗਿਆਂ ਅਜਿਹੀਆਂ ਭੁੱਲਾਂ ਕਰ ਜਾਂਦੇ ਹਨ ਕਿ ਪੜ੍ਹਨ ਸੁਣਨ ਵਾਲੇ ਦਾ ਮਜ਼ਾ ਕਿਰਕਿਰਾ ਹੋ ਜਾਂਦਾ ਹੈ ਸੁਆਦੀ ਖਾਣਾ ਖਾਂਦਿਆਂ ਅਗਰ ਦਾੜ੍ਹਾਂ ਹੇਠ ਕੋਈ ਰੋੜ ਆ ਜਾਵੇ ਤਾਂ ਸਾਰੇ ਖਾਣੇ ਦਾ ਮਜ਼ਾ ਜਾਂਦਾ ਰਹਿੰਦਾ ਹੈ ਸ਼ਿਅਰਾਂ ਵਿਚ ਜੇ ਕੋਈ ਗਲ਼ਤ ਕਾਫ਼ੀਆ ਬੰਨ੍ਹਿਆ ਹੋਵੇ ਤਾਂ ਪਾਠਕ ਜਾਂ ਸਰੋਤੇ ਨਾਲ ਇਹੋ ਵਾਪਰਦਾ ਹੈ

ਆਉ ਆਪਾਂ ਕਾਫ਼ੀਏ ਦੇ ਕੁੱਝ ਅਜਿਹੇ ਦੋਸ਼ਾਂ ਦੀ ਪਹਿਚਾਣ ਕਰੀਏ , ਜਿਹੜੇ ਸਾਡੇ ਚੰਗੇ ਭਲੇ ਸ਼ਿਅਰ ਦੀ ਜੱਖਣਾਂ ਪੱਟ ਦਿੰਦੇ ਹਨ ਕਈ ਵਾਰੀ ਤਾਂ ਅਰਥ ਦਾ ਅਨਰਥ ਹੋ ਜਾਂਦਾ ਹੈ

ਅਰਬੀ ਵਾਲਿਆਂ ਨੇ ਕਾਫ਼ੀਏ ਦੇ ਨੌਂ (9) ਅੱਖਰ ਮੰਨੇ ਹਨ ਕਾਫ਼ੀਏ ਦਾ ਸਭ ਤੋਂ ਮੁਖ ਅੱਖਰ ਜਿਸ ਉੱਤੇ ਸ਼ਿਅਰ ਦੀ ਬੁਨਿਆਦ ਟਿਕੀ ਹੁੰਦੀ ਹੈ, ਪੰਜਾਬੀ ਭਾਸ਼ਾ ਵਿਚ ਮੂਲ ਅੱਖਰ ਤੇ ਅਰਬੀ ਭਾਸ਼ਾ ਵਿਚ ਹਰਫ਼-ਇ-ਰਵੀ ਕਹਾਉਂਦਾ ਹੈ

ਅਰਬੀ ਭਾਸ਼ਾ ਵਿਚ ਰਵੀ ਦਾ ਅਰਥ ਹੈ ਉਹ ਰੱਸੀ ਜਿਸ ਨਾਲ ਊਠ ਦੀ ਪਿੱਠ ਤੇ ਆਪਣਾ ਸਮਾਨ ਬੰਨ੍ਹਦੇ ਹਨ ਗ਼ਜ਼ਲ ਦੇ ਸਾਰੇ ਸ਼ਿਅਰ ਕਿਉਂਕਿ ਮੂਲ ਅੱਖਰ ਨਾਲ ਹੀ ਬੱਝੇ ਹੋਏ ਹੁੰਦੇ ਹਨ, ਇਸ ਲਈ ਅਰੂਜ਼ ਅਨੁਸਾਰ ਇਸ ਮੂਲ ਅੱਖਰ ਦਾ ਨਾਮ ਰਵੀ ਪੈ ਗਿਆ ਕਾਫ਼ੀਏ ਦੇ ਨੌਂ ਅੱਖਰਾਂ ਵਿੱਚੋਂ ਚਾਰ ਅੱਖਰ ਰਵੀ ਤੋਂ ਪਹਿਲਾਂ ਆਉਂਦੇ ਹਨ ਅਤੇ ਚਾਰ ਮਗਰੋਂ ਅਸੀਂ ਕਾਫ਼ੀਏ ਦੇ ਇਨ੍ਹਾਂ ਅੱਖਰਾਂ ਦੀ ਪਰਿਭਾਸ਼ਾ ਦੇ ਖਲਜ਼ਗਣ ਵਿਚ ਨਾ ਪੈਂਦੇ ਹੋਏ ਤੁਹਾਡੀ ਜਾਣਕਾਰੀ ਤੇ ਜਗਿਆਸਾ ਹਿੱਤ ਇਨ੍ਹਾਂ ਦੇ ਨਾਂ ਦਰਜ ਕਰਕੇ ਅੱਗੇ ਚੱਲਾਂਗੇ ਅਸੀਂ ਇਨ੍ਹਾਂ ਸ਼ਬਦਾਂ ਦੇ ਵਿਸਤਾਰ ਵਿਚ ਜਾਣ ਦੀ ਲੋੜ ਇਸ ਕਰਕੇ ਮਹਿਸੂਸ ਨਹੀਂ ਕਰਦੇ ਕਿ ਸਾਡਾ ਮੰਤਵ ਤਾਂ ਕਾਫ਼ੀਆ ਭਾਲਣਾ ਹੈ, ਇਨ੍ਹਾਂ ਸ਼ਬਦਾਂ ਦੀਆਂ ਪਰਿਭਾਸ਼ਾਵਾਂ ਚੇਤੇ ਰੱਖਣ ਦੀ ਕੀ ਲੋੜ ਹੈ , ਕਿਹੜਾ ਕਿਸੇ ਪਾਂਧੇ ਨੇ ਦੱਸਿਆ ਏਦਾਂ ਕਰਨ ਨੂੰ ਕਾਹਨੂੰ ਐਵੇਂ ਜਾਂਦੀ ਬਲਾ ਗਲ਼ ਪਵਾਉਣੀ ਹੈ, ਵੈਸੇ ਅਸੀਂ ਅਰੂਜ਼ੀ ਨਹੀਂ ਬਣਨਾ ਬਲਕਿ ਸ਼ਾਇਰ ਬਣਨਾ ਹੈ

ਕਾਫ਼ੀਆ ਦੋਸ਼

....

ਕਾਫੀਆ ਦੋਸ਼ ਤੋਂ ਭਾਵ ਅਜਿਹੇ ਸ਼ਬਦ ਜਿਨ੍ਹਾਂ ਦਾ ਆਪਸ ਵਿਚ ਕਾਫ਼ੀਆ ਮਿਲਾਉਣਾ ਗਲਤ ਹੈ, ਵਰਜਤ ਹੈ ਅਤੇ ਹਾਸੋ ਹੀਣਾ ਹੈ ਜਦੋਂ ਅਸੀਂ ਕੋਈ ਸ਼ਬਦ ਵਿਸ਼ੇਸ਼ ਬੋਲਦੇ ਹਾਂ, ਉਸ ਸ਼ਬਦ ਵਿਸ਼ੇਸ਼ ਵਿਚ ਵਰਤੇ ਗਏ ਅੱਖਰਾਂ ਅਨੁਸਾਰ ਸਾਡੇ ਬੁੱਲ੍ਹ ਤਿੰਨ ਤਰ੍ਹਾਂ ਦੀਆਂ ਹਰਕਤਾਂ ਕਰਦੇ ਹਨ ਗ਼ਜ਼ਲ ਦਾ ਸਾਰਾ ਦਾਰੋਮਦਾਰ ਉਚਾਰੇ ਗਏ ਸ਼ਬਦਾਂ ਤੇ ਨਿਰਭਰ ਹੈ ਗ਼ਜ਼ਲ ਉਸੇ ਤਰ੍ਹਾਂ ਲਿਖੀ ਜਾਂਦੀ ਹੈ ਜਿਸ ਤਰ੍ਹਾਂ ਇਸ ਨੂੰ ਉਚਾਰਿਆ ਜਾਣਾ ਹੈ ਵੈਸੇ ਵੀ ਗ਼ਜ਼ਲ ਦਾ ਸਬੰਧ ਗਾਇਕੀ ਨਾਲ ਹੈ ਇਸ ਤਰ੍ਹਾਂ ਜੇ ਲਿਖੇ ਗਏ ਸ਼ਬਦਾਂ ਨੂੰ ਉਚਾਰਨ ਅਨੁਸਾਰ ਹੀ ਲਿਖਿਆ ਜਾਵੇ ਤਾਂ ਹੀ ਉਹ ਗਾਈ ਜਾ ਸਕੇਗੀ

1. ਕੁੱਝ ਸ਼ਬਦ ਬੋਲਣ ਲੱਗਿਆਂ ਸਾਡੇ ਬੁੱਲ੍ਹ ਖੁੱਲ੍ਹ ਜਾਂਦੇ ਹਨ, ਬੁੱਲ੍ਹਾਂ ਦੇ ਖੁੱਲ੍ਹਣ ਦੀ ਇਸ ਹਰਕਤ ਨੂੰ ਉਦਘਟਨ ਕਿਹਾ ਜਾਂਦਾ ਹੈ ਦੋਸਤੋ ਸਾਡੀ ਜ਼ਿੰਦਗੀ ਵਿਚ ਉਦਘਟਨ ਦਾ ਕਿੰਨਾ ਮਹੱਤਵ ਹੈ ਆਉ ਪਰਖ਼ੀਏ ਜਦੋਂ ਕੋਈ ਬੱਚਾ ਜੰਮਦਾ ਹੈ ਉਸ ਦਾ ਜਨਮ ਉਦੋਂ ਹੀ ਸਮਝਿਆ ਜਾਂਦਾ ਹੈ ਜਦੋਂ ਉਹ ਆਪਣੇ ਬੁੱਲ੍ਹ ਖੋਲ੍ਹਦਾ ਹੈ, ਭਾਵ ਰੋਣ ਲਗਦਾ ਹੈ ਅਸੀਂ ਜਦੋਂ ਕੋਈ ਕਾਰੋਬਾਰ, ਦੁਕਾਨ, ਦਫਤਰ ਵਗੈਰਾ ਖੋਲ੍ਹਣਾ ਹੋਵੇ ਤਾਂ ਉਸ ਦਾ ਉਦਘਾਟਨ ਕਰਦੇ ਹਾਂ ਸਾਡੇ ਸਾਰੇ ਵਜ਼ੀਰ ਮੁੱਖ ਮੰਤਰੀ, ਪ੍ਰਧਾਨ ਮੰਤਰੀ, ਵਗ਼ੈਰਾ ਤਾਂ ਰੋਜ਼ ਹੀ ਕਿਤੇ ਨਾ ਕਿਤੇ ਕਾਰਖ਼ਾਨਿਆਂ, ਸਕੂਲਾਂ, ਸੜਕਾਂ ਵਗੈਰਾ ਦਾ ਉਦਘਾਟਨ ਕਰਦੇ ਫਿਰਦੇ ਹਨ ਉਦਘਾਟਨ ਦਾ ਕੰਮ ਸਾਡੇ ਜੰਮਣ ਸਾਰ ਹੀ ਸ਼ੁਰੂ ਹੋ ਜਾਂਦਾ ਹੈ

2. ਜਦੋਂ ਅਸੀ ਕੋਈ ਸ਼ਬਦ ਵਿਸ਼ੇਸ਼ ਬੋਲਦੇ ਹਾਂ ਤਾਂ ਸਾਡੇ ਬੁੱਲ੍ਹ ਮੀਟੇ ਜਾਂਦੇ ਹਨ ਬੁੱਲ੍ਹਾਂ ਦੀ ਇਸ ਹਰਕਤ ਨੂੰ ਨਿਮੀਲਨ ਕਹਿੰਦੇ ਹਨ ਨਿਮੀਲਨ

ਸ਼ਬਦ ਤੋਂ ਵੀ ਸਾਡੇ ਕਈ ਸ਼ਬਦਾਂ ਦੀ ਨਿਰੁਕਤੀ ਹੋਈ ਹੋਵੇਗੀ ਜਦੋਂ ਕਿਸੇ ਔਰਤ ਦੇ ਉਮੀਦਵਾਰੀ ਹੁੰਦੀ ਹੈ ਤਾਂ ਔਰਤਾਂ ਅਕਸਰ ਇਹ ਕਹਿੰਦੀਆਂ ਹਨ ਕਿ ਫਲਾਣੀ ਦੇ ਬੱਚਾ ਨਿੱਮਿਆ ਹੈ ਇਸ ਤਰ੍ਹਾਂ ਨਿਮੀਲਨ ਦੀ ਪ੍ਰਕ੍ਰਿਆ ਬੱਚੇ ਦੇ ਕੁੱਖ 'ਚ ਪੈਣ ਸਾਰ ਹੀ ਸ਼ੁਰੂ ਹੋ ਜਾਂਦੀ ਹੈ ਵੈਸੇ ਵੀ ਸਾਡਾ ਦੇਸ਼ ਤਾਂ ਨਿਮੀਲਨ ਦੇ ਮਾਮਲੇ 'ਚ ਬਹੁਤ ਮਾਹਰ ਹੈ ਸਾਡੇ ਅਮੀਰ, ਵਜ਼ੀਰ ਮਸ਼ੀਰ, ਠੇਕੇਦਾਰ ਜਾਂ ਅਫ਼ਸਰਸ਼ਾਹੀ ਨਿਮੀਲਨ ਦੇ ਭਾਵ ਬੁੱਲ੍ਹ ਘੁੱਟਣ ਦੇ ਅਜਿਹੇ ਮਾਹਰ ਹਨ ਕਿ ਜੰਤਾ ਦਾ ਅਰਬਾਂ ਰੁਪਈਆ ਡਕਾਰ ਕੇ ਅਜਿਹੇ ਬੁੱਲ੍ਹ ਘੁੱਟਦੇ ਹਨ ਕਿ ਡਕਾਰ ਵੀ ਨਹੀਂ ਮਾਰਦੇ

3. ਜਦੋਂ ਅਸੀਂ ਕੋਈ ਸ਼ਬਦ ਵਿਸ਼ੇਸ਼ ਬੋਲਦੇ ਹਾਂ ਤਾਂ ਸਾਡਾ ਹੇਠਲਾ ਬੁੱਲ੍ਹ ਹੇਠਾਂ ਸਰਕ ਜਾਂਦਾ ਹੈ ਬੁੱਲ੍ਹਾਂ ਦੀ ਅਜਿਹੀ ਹਰਕਤ ਨੂੰ ਭਾਜਨ ਕਿਹਾ ਜਾਂਦਾ ਹੈ ਇਸ ਸ਼ਬਦ ਤੋਂ ਵੀ ਸਾਡੇ ਕਈ ਸ਼ਬਦ ਬਣਦੇ ਹਨ ਜੋੜ, ਘਟਾਉ, ਗੁਣਾ, ਭਾਜਨ ਸਾਡੇ ਹਿਸਾਬ ਦਾ ਹਿੱਸਾ ਹਨ ਭਾਜਨ ਤੋਂ ਹੀ ਵਿਭਾਜਨ ਸ਼ਬਦ ਬਣਿਆ ਹੈ ਇਸ ਵਿਭਾਜਨ ਦਾ ਵਿਰਾਟ ਰੂਪ ਅਸੀਂ ਦੇਸ ਦੀ ਵੰਡ ਵੇਲੇ ਦੇਖ ਲਿਆ ਸੀ ਜਿਸ ਦੇ ਲੇਖੇ ਦਸ ਲੱਖ ਪੰਜਾਬੀਆਂ ਦੀ ਜਾਨ ਲੱਗੀ ਸੀ ਹੁਣ ਵੀ ਪਤਾ ਨਹੀਂ ਕਿੰਨੇ ਦੇਸ਼, ਕਿੰਨੀਆਂ ਕੌਮਾਂ ਇਸ ਵਿਭਾਜਨ ਦਾ ਲੇਖਾ ਦੇ ਰਹੀਆਂ ਹਨ ਤੇ ਭਵਿੱਖ ਵਿਚ ਦੇਣਗੀਆਂ ਅਰਬੀ ਭਾਸ਼ਾ ਵਿਚ ਬੁੱਲ੍ਹਾਂ ਦੀਆਂ ਇਨ੍ਹਾਂ ਹਰਕਤਾਂ ਦੇ ਨਾਮ ਹਨ...

ਪੰਜਾਬੀ— ਉਦਘਟਨ, ਨਿਮੀਲਨ, ਭਾਜਨ

ਅਰਬੀ— ਫ਼ਤਹ , ਜੱਮਾ, ਕਸਰਾ

ਪੰਜਾਬੀ ਭਾਸ਼ਾ ਦੇ ਤਿੰਨ ਸਵਰ ਅੱਖਰ ੳ ਅ ੲ ਇਨ੍ਹਾਂ ਹਰਕਤਾਂ ਨੂੰ ਪਰਗਟ ਕਰਦੇ ਹਨ ਸ਼ਾਹਮੁਖੀ ਵਿਚ ਇਨ੍ਹਾਂ ਅੱਖਰਾਂ ਨੂੰ ਹਰਫ਼-ਇ-ਇਲਤ ਕਿਹਾ ਜਾਂਦਾ ਹੈ ਜਿਸਦਾ ਅਰਥ ਹੁੰਦਾ ਹੈ ਇਲਤੀ ਜਾਂ ਸ਼ਰਾਰਤੀ ਅੱਖਰ ਕਿਉਂਕਿ ਇਹ ਅੱਖਰ ਕਿਸੇ ਇਕ ਰੂਪ ਵਿਚ ਨਹੀਂ ਵਰਤੇ ਜਾਂਦੇ, ਸਗੋਂ ਸ਼ਬਦਾਂ ਦੀ ਬਣਤਰ ਅਨੁਸਾਰ ਇਨ੍ਹਾਂ ਦੇ ਕਈ ਕਈ ਰੂਪ ਬਣ ਜਾਂਦੇ ਹਨ ਇਕ ਹਰਫ਼ ਕਈ ਕਈ ਹਰਫ਼ਾਂ ਦਾ ਕੰਮ ਦਿੰਦਾ ਹੈ

ੳ	ਅ	ੲ
ਨਿਮੀਲਨ	ਉਦਘਟਨ	ਭਾਜਨ

ਪੰਜਾਬੀ ਭਾਸ਼ਾ ਵਿਚ ਇਨ੍ਹਾਂ ਦੇ ਮਾਤਰਕ ਰੂਪ ਮੁਕਤਾ, ਔਂਕੁੜ ਅਤੇ ਸਿਹਾਰੀ ਹਨ ਇਹਨਾਂ ਮੂਲ ਮਾਤ੍ਰਿਕ ਰੂਪਾਂ ਦੀਆਂ ਦੀਰਘ ਸ਼ਕਲਾਂ ਹਨ—

ਨਿਮੀਲਨ— ਦੁਲੈਂਕੜ, ਹੋੜਾ, ਕਨੌੜਾ

ਉਦਘਟਨ —ਕੰਨਾ

ਭਾਜਨ —ਬਿਹਾਰੀ

ਆਉ ਦੋਸਤੋ ਹੁਣ ਆਪਾਂ ਇਨ੍ਹਾਂ ਸ਼ਬਦਾਂ ਦੇ ਉਚਾਰਨ ਦੇ ਅਧਾਰ ਤੇ

ਕਾਫ਼ੀਆ ਦੋਸ਼ਾਂ ਦੀ ਨਿਸ਼ਾਨ ਦੇਹੀ ਕਰੀਏ।

1. ਕਾਰਣ ਦੋਸ਼ ਜਾਂ ਐਬ-ਏ-ਤੰਜਾਹ—ਉਚਾਰਨ ਦੇ ਉਪਰੋਕਤ ਅਸੂਲ ਅਨੁਸਾਰ, ਪਹਿਲੇ ਮਿਸਰੇ ਦੇ ਉਚਾਰਨ ਦੇ ਨਾਲ ਦੂਸਰੇ ਮਿਸਰੇ ਦਾ ਉਚਾਰਨ ਮਿਲਣਾ ਜ਼ਰੂਰੀ ਹੈ ਜੇ ਪਹਿਲੇ ਮਿਸਰੇ ਦਾ ਕਾਫ਼ੀਆ ਪੁਲ ਹੈ ਤਾਂ ਦੂਸਰੇ ਮਿਸਰੇ ਦਾ ਕਾਫ਼ੀਆ ਕੁਲ ਚਾਹੀਦਾ ਕਿਉਂਕਿ ਪੁਲ ਅਤੇ ਕੁਲ ਕਾਫ਼ੀਏ ਦੋਨੋ ਨਿਮੀਲਨ ਗਤੀ ਦੇ ਕਾਫ਼ੀਏ ਹਨ ਜੇ ਪੁਲ ਦੇ ਨਾਲ ਦਿਲ ਕਾਫ਼ੀਆ ਆ ਜਾਂਦਾ ਤਾਂ ਇਹ ਗਲ਼ਤ ਹੋ ਜਾਵੇਗਾ ਦਿਲ ਦਾ ਉਚਾਰਨ ਉਦਘਟਨ ਗਤੀ ਦਾ ਹੈ ਦਿਲ ਸ਼ਬਦ ਦੇ ਉਚਾਰਨ ਨਾਲ ਸਾਡੇ ਬੁੱਲ੍ਹ ਖੁੱਲ੍ਹ ਜਾਂਦੇ ਹਨ ਦਿਲ ਅਤੇ ਪੁਲ ਦੀ ਧੁਨੀ ਵੱਖਰੀ ਹੋਣ ਕਰਕੇ, ਪੜ੍ਹਨ ਅਤੇ ਗਾਉਣ ਵਿਚ ਬੇਸੁਆਦੀ ਆਉਂਦੀ ਹੈ

2. ਪਰਤੀ-ਪਦ ਦੋਸ਼ ਜਾਂ ਐਬ-ਏ-ਗੁਲਵ— ਜੇ ਪਹਿਲੀ ਤੁਕ ਵਿਚ ਕਾਫ਼ੀਏ ਦਾ ਮੂਲ ਅੱਖਰ ਸਾਕਿਨ ਹੋਵੇ ਤੇ ਦੂਸਰੀ ਤੁਕ ਵਿਚ ਮੂਲ ਅੱਖਰ ਮੁਤਹੱਰਕ ਬੰਨ੍ਹ ਦਿੱਤਾ ਜਾਵੇ ਤਾਂ ਇਹ ਜ਼ਾਇਜ ਨਹੀਂ ਕਿਉਂਕਿ ਮੁਤਹੱਰਕ ਤੇ ਸਾਕਿਨ ਦਾ ਉਚਾਰਨ ਵੱਖਰਾ ਹੈ

3. ਦੋਸ਼ ਤਿਰਯਾਰਾ ਜਾਂ ਐਬ-ਏ- ਇਕਫ਼ਾ— ਜੇ ਪਹਿਲੀ ਤੁਕ ਵਿਚ ਕਾਫ਼ੀਏ ਦਾ ਮੂਲ ਅੱਖਰ , ਸ਼, ਖ਼, ਫ਼, ਜ਼, ਲ਼, ਕ ਆਦਿ ਹੋਵੇ ਅਤੇ ਦੂਸਰੀ ਤੁਕ ਵਿਚ ਬਿਨ੍ਹਾਂ ਬਿੰਦੀ ਤੋਂ ਸ, ਖ, ਜ, ਫ, ਲ, ਕ ਅੱਖਰ ਕਾਫ਼ੀਏ ਦੇ ਮੂਲ ਅੱਖਰ ਦੇ ਤੌਰ ਤੇ ਵਰਤ ਲਏ ਜਾਣ ਤਾਂ ਇਹ ਜਾਇਜ਼ ਨਹੀਂ ਇਸ ਨਾਲ ਐਬ-ਏ-ਇਕਫ਼ਾ ਪੈਦਾ ਹੋ ਜਾਂਦਾ ਹੈ ਇਸੇ ਤਰ੍ਹਾਂ ਹੀ ਜੇ ਇਕ ਮਿਸਰੇ ਦਾ ਮੂਲ ਅੱਖਰ ਹੋਰ ਹੋਵੇ ਤੇ ਦੂਸਰੇ ਦਾ ਹੋਰ ਤਾਂ ਵੀ ਇਹ ਗਲ਼ਤ ਮੰਨਿਆ ਜਾਂਦਾ ਹੈ

ਕਈ ਵਾਰ ਸ਼ਾਇਰ ਆਪਣੇ ਸ਼ਿਅਰਾਂ ਵਿਚ ਮੂਲ ਅੱਖਰ ਵਰਤਦਾ ਹੀ ਨਹੀਂ ਬਿਨ੍ਹਾਂ ਮੂਲ ਅੱਖਰ ਤੋਂ ਸ਼ਿਅਰ ਹੋ ਹੀ ਨਹੀਂ ਸਕਦਾ ਇਨ੍ਹਾਂ ਤਿੰਨਾਂ ਦੋਸ਼ਾਂ ਨੂੰ ਤਿਰਯਾਰਾ ਜਾਂ ਐਬ-ਏ-ਇਕਫ਼ਾ ਕਿਹਾ ਜਾਂਦਾ ਹੈ ਸ਼ਿਅਰ ਵਿੱਚ ਕਾਫ਼ੀਏ ਦੇ ਮੂਲ ਅੱਖਰ ਤੋਂ ਪਹਿਲੇ ਅੱਖਰ ਨੂੰ ਲਾਈਆਂ ਦੀਰਘ ਲਗਾਂ ਵੱਖਰੀਆਂ ਨਹੀਂ ਲਾਈਆਂ ਜਾ ਸਕਦੀਆਂ ਉਦਾਹਰਣ ਦੇ ਤੌਰ ਤੇ—

"ਜਾਂ ਇਹ ਹੁਕਮ ਕੀਤਾ ਇਸ ਮੂਜ਼ੀ, ਤੁਰਤ ਪਿਆਦੇ ਦੌੜੇ,
ਜ਼ੋਰਾਵਰੀ ਵੜੇ ਆ ਅੰਦਰ ਕੌਣ ਡਾਢਿਆਂ ਨੂੰ ਮੋੜੇ "

ਇਸ ਮਤਲੇ ਜਾਂ ਪਹਿਲੇ ਮਿਸਰੇ ਵਿਚ ਕਾਫ਼ੀਆ ਦੌੜੇ ਬੰਨ੍ਹਿਆ ਗਿਆ ਹੈ ਦੂਸਰੇ ਵਿਚ ਮੋੜੇ ਦੌੜੇ ਤੇ ਮੋੜੇ ਦਾ ਕਾਫ਼ੀਆ ਜਾਇਜ਼ ਨਹੀਂ, ਕਿਉਂਕਿ ਇਹਨਾਂ ਦੋਨਾਂ ਕਾਫ਼ੀਆਂ ਦੇ ਸ਼ਬਦਾਂ ਦਾ ਉਚਾਰਨ ਇਕ ਨਹੀਂ

4. ਦੋਸ਼ ਉਸ਼ਟੀਕਰਨ ਜਾਂ ਐਬ-ਏ-ਸਿਨਾਦ— ਤਿੰਨ ਅੱਖਰੀ ਸ਼ਬਦ ਟੁਕੜੀਆਂ ਭਾਵ ਤਿੰਨ ਮੁਕਤੇ ਅੱਖਰਾਂ ਵਾਲੀਆਂ ਸ਼ਬਦ ਟੁਕੜੀਆਂ ਜਿਨ੍ਹਾਂ ਦਾ ਉਚਾਰਣ ਇੱਕੋ ਜਿਹਾ ਨਾ ਹੋਵੇ, ਕਾਫ਼ੀਏ ਵਿਚ ਵਰਤਣਾ ਜਾਇਜ਼ ਨਹੀਂ ਮੰਨਿਆ ਜਾਂਦਾ ਉਦਾਹਰਣ ਦੇ ਤੌਰ ਤੇ ਨਜ਼ਰ ਜਿਸ ਦਾ ਉਚਾਰਣ ਨ+ਜ਼ਰ ਹੈ ਅਤੇ ਸਬਰ

ਜਿਸਦਾ ਉਚਾਰ ਸਬ+ਰ ਹੈ ਇਹ ਦੋਵੇਂ ਆਪਸ ਵਿਚ ਹਮਕਾਫ਼ੀਆ ਨਹੀਂ ਬਣ ਸਕਦੇ ਕਿਉਂਕਿ ਨਜ਼ਰ ਦਾ ਵਜ਼ਨ ਵਤਦ ਮਜ਼ਮੂਅ ਹੈ ਅਤੇ ਸਬਰ ਦਾ ਵਜ਼ਨ ਵਤਦ ਮਫ਼ਰੂਕ ਹੈ ਇਸੇ ਤਰ੍ਹਾਂ ਤੁਸੀਂ ਘੋਰ ਤੇ ਨੂਰ ਦਾ ਕਾਫ਼ੀਆ ਨਹੀਂ ਬੰਨ੍ਹ ਸਕਦੇ

5. ਦਲਤ ਜਾਂ ਐਬ-ਏ-ਈਤਾ—ਕਾਫ਼ੀਏ ਵਿਚ ਇਕ ਪਿਛੇਤਰ ਪਦ ਨੂੰ ਦੁਬਾਰਾ ਲਿਆਉਣਾ ਜਾਇਜ਼ ਨਹੀਂ ਮੰਨਿਆ ਜਾਂਦਾ ਹਾਂ ਜੇ ਉਹ ਵੱਖੋ-ਵੱਖਰੇ ਅਰਥਾਂ ਵਿਚ ਆਵੇ ਤਾਂ ਜਾਇਜ਼ ਦੇ ਨਾਲ ਨਾਲ ਇਹ ਇਕ ਕਾਵਿਕ ਗੁਣ ਵੀ ਮੰਨਿਆ ਜਾਂਦਾ ਹੈ ਜਿਸਨੂੰ ਅਨੁਪ੍ਰਾਸ ਅਲੰਕਾਰ ਕਹਿੰਦੇ ਹਨ

6. ਆਵਰਤੀ— ਮਤਲੇ ਵਿਚ ਇੱਕੋ ਕਾਫ਼ੀਏ ਨੂੰ ਦੋਨਾਂ ਤੁਕਾਂ ਵਿਚ ਬੰਨ੍ਹਣਾ ਵੱਡਾ ਦੋਸ਼ ਮੰਨਿਆ ਜਾਂਦਾ ਹੈ

ਪਿਆਰੇ ਦੋਸਤੋ ਅਸੀਂ ਕਾਫ਼ੀਏ ਦੇ ਦੋਸ਼ ਅਧੀਨ ਸ਼ਾਇਰਾਂ ਵੱਲੋਂ ਕੀਤੀਆਂ ਜਾਂਦੀਆਂ ਕਈ ਭੁੱਲਾਂ ਵੱਲ ਇਸ਼ਾਰਾ ਕੀਤਾ ਹੈ ਇਹ ਗਲ਼ਤੀਆਂ ਗ਼ਜ਼ਲ ਦੀ ਸੰਗੀਆਤਕਮਤਾ ਨੂੰ ਸੱਟ ਮਾਰਦੀਆਂ ਹਨ ਗ਼ਜ਼ਲ ਗਾਇਆ ਜਾਣ ਵਾਲਾ ਕਾਵਿ ਰੂਪ ਹੈ ਇਸੇ ਕਰਕੇ ਗ਼ਜ਼ਲ ਵਿਚ ਭਾਸ਼ਾ ਦੀ ਸ਼ੁੱਧਤਾ ਦਾ ਵਿਸ਼ੇਸ਼ ਮਹੱਤਵ ਹੈ

ਉੱਪਰ ਦਿੱਤੇ ਕਾਫ਼ੀਏ ਦੇ ਦੋਸ਼ਾਂ ਨੂੰ ਉਦਾਹਰਣਾਂ ਦੇ ਕੇ ਵੀ ਸਮਝਾਇਆ ਜਾ ਸਕਦਾ ਸੀ ਕਿਸੇ ਵਿਅਕਤੀ ਵਿਸ਼ੇਸ਼ ਦੇ ਦਿਲ ਨੂੰ ਠੇਸ ਪਹੁੰਚਾਉਣਾ ਆਪਣਾ ਮੰਤਵ ਨਹੀਂ ਇਸ ਕਰਕੇ ਸ਼ਿਅਰਾਂ ਦੀ ਉਦਾਹਰਣ ਦੇਣ ਤੋਂ ਸੰਕੋਚ ਕੀਤਾ ਗਿਆ ਹੈ ਗਲ਼ਤੀਆਂ ਤਾਂ ਹਰ ਵਿਅਕਤੀ ਤੋਂ ਹੁੰਦੀਆਂ ਹਨ ਆਪਣੇ ਤੋਂ ਵੀ ਅਨੇਕਾਂ ਗਲ਼ਤੀਆਂ ਹੋਈਆਂ ਹੋਣਗੀਆਂ ਅਤੇ ਹੁੰਦੀਆਂ ਰਹਿਣਗੀਆਂ ਆਪਣੀਆਂ ਕੱਛ ਵਿਚ ਅਤੇ ਦੂਜੇ ਦੀਆਂ ਹੱਥ ਵਿਚ, ਆਪਣਾ ਇਹੋ ਜਿਹਾ ਕੋਈ ਇਰਾਦਾ ਨਹੀਂ।

ਸਬਬ ਤੇ ਵਤਦ

ਪਿਆਰੇ ਦੋਸਤੋ ਆਪਾਂ ਅਰੂਜ਼ ਪਰਿਵਾਰ ਦੇ ਬਹੁਤ ਸਾਰੇ ਜੀਆਂ ਨਾਲ ਜਾਣ ਪਛਾਣ ਕਰ ਚੁੱਕੇ ਹਾਂ ਮੁਤਹੱਰਕ, ਸਾਕਿਨ, ਮਿਸਰਾ, ਸ਼ਿਅਰ, ਮਤਲਾ, ਮਕਤਾ, ਕਾਫ਼ੀਆ, ਰਦੀਫ਼, ਮੂਲ ਅੱਖਰ ਨਾਲ ਮਿਲਣੀ ਹੋ ਚੁੱਕੀ ਹੈ ਮੈਂ ਇਹ ਵੀ ਮੰਨਦਾ ਹਾਂ ਕਿ ਕੁੱਝ ਗੱਲਾਂ ਵਾਰ ਵਾਰ ਦੁਹਾਰਾਈਆਂ ਗਈਆਂ ਹੋਣਗੀਆਂ ਮੇਰਾ ਇਹ ਨਿਸ਼ਾਨਾ ਹੈ ਕੁੱਝ ਗੱਲਾਂ ਤੁਹਾਡੀ ਸੋਚ ਦਾ ਹਿੱਸਾ ਬਣ ਜਾਣ ਇਹ ਵੀ ਇਕ ਮਨੋਵਿਗਿਆਨਕ ਤੱਥ ਹੈ ਕਿ ਜਿਹੜੀ ਗੱਲ ਵਾਰ ਵਾਰ ਦੁਹਰਾਈ ਜਾਵੇ ਉਹ ਸਾਡੇ ਅਚੇਤ ਜਾਂ ਸੁਚੇਤ ਮਨ ਤੇ ਜ਼ਰੂਰ ਅਸਰ ਕਰਦੀ ਹੈ ਇਸ ਮਨੋਵਿਗਿਆਨਕ ਤੱਥ ਦਾ ਸਹਾਰਾ ਲੈ ਕੇ ਹੀ ਵਪਾਰੀ ਵਰਗ ਆਪਣੀਆਂ ਵਸਤਾਂ ਦੀ ਵਾਰ ਵਾਰ ਇਸ਼ਤਿਹਾਰ ਬਾਜ਼ੀ ਕਰਦਾ ਰਹਿੰਦਾ ਹੈ ਕਿਉਂਕਿ ਜੇ ਝੂਠ ਵੀ ਸੌ ਵਾਰ ਦੁਹਾਰਾਇਆ ਜਾਵੇ ਤਾਂ ਸੁਣਨ ਵਾਲੇ ਨੂੰ ਸੱਚ ਲੱਗਣ ਲੱਗ ਜਾਂਦਾ ਹੈ

ਹੁਣ ਅਸੀਂ ਗ਼ਜ਼ਲ ਦੇ ਪਰਿਵਾਰ ਦੇ ਕੁੱਝ ਹੋਰ ਜੀਆਂ ਨਾਲ ਤੁਹਾਡੀ ਜਾਣ ਪਛਾਣ ਕਰਵਾਉਂਦੇ ਹਾਂ ਇਨ੍ਹਾਂ ਜੀਆਂ ਦਾ ਨਾਮ ਹੈ ਸਬਬ ਅਤੇ ਵਤਦ ਪਹਿਲਾਂ ਇਹ ਜਾਣੀਏ ਕਿ ਸਬਬ ਅਤੇ ਵਤਦ ਹੁੰਦੇ ਕੀ ਹਨ

"ਸਾਕਿਨ ਤੇ ਮੁਤਹੱਰਕ ਤੋਂ ਬਣਦੇ ਵਤਦ ਸਬਬ,
ਦੇਖੋ ਇਲਮ ਅਰੂਜ਼ ਵਿਚ ਇਹਨਾਂ ਦੇ ਕਰਤੱਬ "

ਮੁਤਹੱਰਕ ਅਤੇ ਸਾਕਿਨ ਬਾਰੇ ਜਾਣਕਾਰੀ ਅਸੀਂ ਪ੍ਰਾਪਤ ਕਰ ਹੀ ਚੁੱਕੇ ਹਾਂ ਮੁਤਹੱਰਕ ਅਤੇ ਸਾਕਿਨ ਅੱਖਰ ਰਲ਼ ਕੇ ਸਬਬ ਅਤੇ ਵਤਦ ਦਾ ਨਿਰਮਾਣ ਕਰਦੇ ਹਨ ਸਬੱਬ ਅਤੇ ਵਤਦ ਮਿਲ ਕੇ ਅਰੂਜ਼ ਦੇ ਰੁਕਨ, ਗਣ ਜਾਂ ਵੱਟੇ ਬਣਦੇ ਹਨ ਜਿਨ੍ਹਾਂ ਦੁਆਰਾ ਗ਼ਜ਼ਲ ਦਾ ਵਜ਼ਨ ਬਹਿਰ ਨਿਰਧਾਰਿਤ ਕੀਤਾ ਜਾਂਦਾ ਹੈ

ਪਿਆਰੇ ਦੋਸਤੋ ਗ਼ਜ਼ਲ ਦੇ ਸ਼ਬਦ ਇਕ ਓਪਰੀ ਭਾਸ਼ਾ ਅਰਬੀ ਵਿਚ ਹੋਣ ਕਰਕੇ ਸਾਨੂੰ ਓਪਰੇ ਲਗਦੇ ਹਨ ਪਰ ਇਹਨਾਂ ਤੋਂ ਡਰਨ ਦੀ ਲੋੜ ਨਹੀਂ ਇਹ ਸਾਰੇ ਸ਼ਬਦ ਖਾਨਾਬਦੋਸ਼ਾਂ ਜਿਹੀ ਜ਼ਿੰਦਗੀ ਬਤੀਤ ਕਰਨ ਵਾਲੇ ਅਰਬ ਲੋਕਾਂ ਦੇ ਘਰ ਨਾਲ ਸਬੰਧਤ ਹਨ, ਜਿਨ੍ਹਾਂ ਲੋਕਾਂ ਨੂੰ ਅਸੀਂ ਬੱਦੂ ਕਹਿਨੇ ਹਾਂ

ਸਾਡੇ ਵਿੱਚੋਂ ਇਹ ਕੌਣ ਜਾਣਦਾ ਸੀ ਇਨ੍ਹਾਂ ਸਿੱਧੇ ਸਾਦੇ ਜਾਪਦੇ ਲੋਕਾਂ ਕੋਲ ਇਲਮ ਅਰੂਜ਼ ਦਾ ਅਜਿਹਾ ਜਾਦੂ ਹੈ, ਜਿਸ ਨਾਲ ਗ਼ਜ਼ਲ ਵਰਗੀ ਕਾਵਿ-ਪਰੀ ਜਨਮ ਲੈਂਦੀ ਹੈ ਅਸੀਂ ਆਮ ਕਰਕੇ ਕਿਸੇ ਦੀ ਬਾਹਰੀ ਦਿੱਖ ਤੋਂ ਹੀ

ਪ੍ਰਭਾਵਿਤ ਹੁੰਦੇ ਹਾਂ, ਤੇ ਕਿਸੇ ਦੇ ਗੁਣ ਜਾਂ ਸੀਰਤ ਦੇਖਣ ਦਾ ਯਤਨ ਨਹੀਂ ਕਰਦੇ ਮੇਰੇ ਵਰਗਾ ਦੇਸੀ ਜਿਹਾ ਦਿਸਣ ਵਾਲਾ ਬੰਦਾ ਵੀ ਜੇ ਕੋਟ, ਪੈਂਟ ਅਤੇ ਟਾਈ ਲਗਾ ਕੇ ਖੜ੍ਹ ਜਾਵੇ ਤਾਂ ਉਸ ਨੂੰ ਬੜਾ ਸਿਆਣਾ ਤੇ ਸਮਝਦਾਰ ਸਮਝਣ ਲੱਗ ਜਾਂਦੇ ਹਨ ਅਜਿਹੇ ਭੱਦਰ ਪੁਰਸ਼ਾਂ ਵਾਸਤੇ ਪੰਜਾਬੀ ਵਿਚ ਇਕ ਅਖ਼ਾਣ ਹੈ, ਉੱਚਾ ਲੰਮਾ ਗੱਭਰੂ ਪੱਲੇ ਠੀਕਰੀਆਂ ਇਸ ਤੋਂ ਉਲਟਾ ਜੇ ਕੋਈ ਵਿਦਵਾਨ ਸੱਜਣ ਕੁੜਤਾ ਪਜਾਮਾ ਪਾ ਕੇ ਸਧਾਰਨ ਜਿਹਾ ਬਣ ਕੇ ਖੜ੍ਹ ਜਾਵੇ ਤਾਂ ਸਾਨੂੰ ਉਹ ਬੌਂਗਾ ਜਿਹਾ ਦੇਸੀ ਲੱਗਣ ਲੱਗ ਜਾਂਦਾ ਹੈ ਹੁਣ ਆਪਾਂ ਅਸਲੀ ਵਿਸ਼ੇ ਵੱਲ ਆਈਏ, ਆਪਾਂ ਗੱਲ ਕਰ ਰਹੇ ਸੀ ਸਬੱਬ ਅਤੇ ਵਤਦ ਦੀ

ਸਬੱਬ ਕਿਸ ਨੂੰ ਕਹਿੰਦੇ ਹਨ—-

ਦੋ ਅੱਖਰਾਂ ਵਾਲੇ ਸ਼ਬਦ ਨੂੰ ਸਬਬ ਕਿਹਾ ਜਾਂਦਾ ਹੈ ਹਰਫ਼ ਜਾਂ ਅੱਖਰ ਸ਼ਬਦ ਦੀ ਵਰਤੋਂ ਅਸੀਂ ਸਾਰੇ ਪੰਜਾਬੀ ਦੇ ਅੱਖਰਾਂ ਅਤੇ ਦੀਰਘ ਲਗਾਂ ਵਾਸਤੇ ਕਰਦੇ ਹਾਂ ਔਂਕੁੜ ਅਤੇ ਸਿਹਾਰੀ ਲਘੂ ਲਗਾਂ ਹਨ ਇਹਨਾਂ ਦੀ ਗਿਣਤੀ ਅੱਖਰਾਂ ਵਿਚ ਨਹੀਂ ਹੁੰਦੀ ਜਿਹੜੇ ਅੱਖਰ ਨੂੰ ਦੀਰਘ ਲਗ ਲੱਗੀ ਹੋਵੇ ਉਹ ਅੱਖਰ ਮੁਤਹੱਰਕ ਗਿਣਿਆ ਜਾਵੇਗਾ, ਅਤੇ ਦੀਰਘ ਲਗ ਨੂੰ ਇਕ ਸਾਕਿਨ ਅੱਖਰ

ਸਬਬ ਦੋ ਕਿਸਮ ਦੇ ਹੁੰਦੇ ਹਨ (1) ਸਬਬ ਖਫੀਫ਼ (2) ਸਬਬ ਸ਼ਕੀਲ

ਸਬਬ ਖਫੀਫ਼— ਅਰਬੀ ਭਾਸ਼ਾ ਵਿਚ ਸਬਬ ਖਫੀਫ਼ ਦਾ ਮਤਲਬ ਹਲਕਾ ਫੁਲਕਾ ਹੁੰਦਾ ਹੈ ਅਰੂਜ਼ ਦਾ ਸਬੰਧ ਸ਼ਬਦਾਂ ਦੇ ਉਚਾਰਣ ਨਾਲ ਹੈ ਇਸ ਅਨੁਸਾਰ ਸਬਬ ਖਫੀਫ਼ ਉਹਨਾਂ ਦੋ ਅੱਖਰਾਂ ਦਾ ਹਲਕਾ ਫੁਲਕਾ ਸ਼ਬਦ ਹੈ ਜਿਹੜਾ ਅਸਾਨੀ ਨਾਲ ਉਚਾਰਿਆ ਜਾ ਸਕੇ

ਸਬਬ ਸਕੀਲ— ਸਬਬ ਸਕੀਲ ਦਾ ਅਰਥ ਅਰਬੀ ਭਾਸ਼ਾ ਵਿਚ ਭਾਰਾ ਹੁੰਦਾ ਹੈ ਇਸ ਤਰ੍ਹਾਂ ਸਬਬ ਸ਼ਕੀਲ ਦੋ ਅੱਖਰਾਂ ਤੋਂ ਬਣਿਆ ਉਹ ਸ਼ਬਦ ਹੈ ਜਿਸ ਦਾ ਉਚਾਰਨ ਭਾਰਾ ਅਤੇ ਔਖਾ ਹੁੰਦਾ ਹੈ

ਹੁਣ ਪਹਿਲਾਂ ਸਬਬ ਖਫੀਫ਼ ਦੀ ਬਣਤਰ ਬਾਰੇ ਗੱਲ ਕਰੀਏ

"ਮੁਤਹਰੱਕ ਸਾਕਿਨ ਮਿਲੇ, ਬਣਦੈ ਸਬਬ ਖਫੀਫ਼,
ਇਸ ਨੂੰ ਸਮਝਣ ਵਿਚ ਭਲਾ ਕ੍ਰਿਸ਼ਨ ਕਦੋਂ ਤਕਲੀਫ਼ "

ਇਸ ਤੋਂ ਇਹ ਗੱਲ ਸਪਸ਼ਟ ਹੋ ਗਈ ਕਿ ਸਬਬ ਖਫੀਫ਼ ਦੋ ਅੱਖਰਾਂ ਵਾਲਾ ਉਹ ਸ਼ਬਦ ਹੈ ਜਿਸ ਦਾ ਪਹਿਲਾ ਅੱਖਰ ਮੁਤਹੱਰਕ ਤੇ ਦੂਜਾ ਸਾਕਿਨ ਹੋਵੇ ਉਦਾਹਰਣ ਵਜੋਂ, ਮੈਂ, ਤੇ, ਦੋ ਆਦਿ ਇਹ ਤਿੰਨੇ ਹੀ ਦੋ ਦੋ ਅੱਖਰਾਂ ਦੇ ਸ਼ਬਦ ਹਨ ਅਤੇ ਇਹਨਾਂ ਦਾ ਪਹਿਲਾ ਅੱਖਰ ਮੁਤਹੱਰਕ ਹੈ ਤੇ ਦੂਜਾ ਸਾਕਿਨ ਇਹਨਾਂ ਸ਼ਬਦਾਂ ਦਾ ਪਹਿਲਾ ਅੱਖਰ ਭਾਵ ਮ, ਤ, ਅਤੇ ਦ ਮੁਤਹੱਰਕ ਹੈ ਅਤੇ ਦੁਲਾਵਾਂ, ਲਾਵਾਂ ਅਤੇ ਹੋੜਾ ਸਾਕਿਨ ਹਨ ਇਸ ਤਰ੍ਹਾਂ ਇਹ ਸ਼ਬਦ ਸਬਬ ਖਫੀਫ਼ ਦੀ ਸ਼੍ਰੇਣੀ ਥੱਲੇ ਆਉਂਦੇ ਹਨ ਅਰੂਜ਼ ਵਿਚ ਇਕ ਸਬਬ ਖਫੀਫ਼ ਪਿੰਗਲ ਦੇ ਇਕ ਗੁਰੂ ਦੇ

ਬਰਾਬਰ ਹੁੰਦਾ ਹੈ

ਅਰੂਜ਼ ਪਿੰਗਲ
ਸਬਬ ਖਫੀਫ਼..... ਗੁਰੂ
S
ਸਬਬ ਸ਼ਕੀਲ
। ।

"ਜੁੜਨ ਜਦੋਂ ਮੁਤਹੱਰਕ ਦੋ, ਬਣਨ ਸਬਬ ਸ਼ਕੀਲ,
ਇਸਨੂੰ ਸਮਝਣ ਵਾਸਤੇ, ਏਹੋ ਕ੍ਰਿਸ਼ਨ ਦਲੀਲ "

ਇਸ ਨੂੰ ਜੇ ਵਾਰਤਕ ਵਿਚ ਕਹਿਣਾ ਹੋਵੇ ਤਾਂ ਸਬਬ ਸ਼ਕੀਲ ਦੋ ਅੱਖਰਾਂ ਦੇ ਉਸ ਸ਼ਬਦ ਨੂੰ ਕਿਹਾ ਜਾਂਦਾ ਜਿਸਦੇ ਦੋਨੋ ਅੱਖਰ ਮੁਤਹੱਰਕ ਹੋਣ ਮੁਤਹੱਰਕ ਅੱਖਰ ਨੂੰ ਪਿੰਗਲ ਵਿਚ ਲਘੂ ਦੇ ਬਰਾਬਰ ਗਿਣਿਆ ਜਾਂਦਾ ਹੈ, ਜਿਸਦਾ ਚਿੰਨ੍ਹ ਇਕ ਸਿਧੀ (I) ਲਕੀਰ ਹੁੰਦਾ ਹੈ ਇਸ ਦੀ ਬਣਤਰ ਪਿੰਗਲ ਤੇ ਅਰੂਜ਼ ਦੋਹਾਂ ਢੰਗਾਂ ਰਾਹੀਂ ਇਉਂ ਦਰਸਾਈ ਜਾਂਦੀ ਹੈ

ਅਰੂਜ਼.... ਅਨੁਸਾਰ ਪਿੰਗਲ.... ਅਨੁਸਾਰ
ਸਬਬ ਸ਼ਕੀਲ ਲਘੂ+ ਲਘੂ
ਮੁਤਹੱਰਕ+ਮੁਤੱਹਰਕ I+I

ਵਤਦ—ਤਿੰਨ ਅੱਖਰਾਂ ਦੇ ਸ਼ਬਦ ਨੂੰ ਵਤਦ ਕਿਹਾ ਜਾਂਦਾ ਹੈ ਵਤਦ ਵੀ ਦੋ ਕਿਸਮ ਦੇ ਹੁੰਦੇ ਹਨ

1. ਵਤਦ ਮਜ਼ਮੂਅ
2. ਵਤਦ ਮਫ਼ਰੂਕ

ਵਤਦ ਮਜ਼ਮੂਅ—ਤਿੰਨ ਅੱਖਰਾਂ ਦੇ ਉਸ ਸ਼ਬਦ ਨੂੰ ਕਹਿੰਦੇ ਹਨ ਜਿਸਦੇ ਮੁਢਲੇ ਦੋ ਅੱਖਰ ਮੁਤਹੱਰਕ ਤੇ ਤੀਜਾ ਸਾਕਿਨ ਹੋਵੇ

"ਪਹਿਲਾ ਅੱਖਰ ਮੁਤਹੱਰਕ, ਨਾਲ ਸਬਬ ਖਫੀਫ਼,
ਵਤਦ ਮਜ਼ਮੂਅ ਕ੍ਰਿਸ਼ਨ ਇਹ, ਸਾਦਾ ਸ਼ਬਦ ਸ਼ਰੀਫ਼ "

ਪਿੰਗਲ ਅਨੁਸਾਰ ਤਾਂ ਸਾਰੇ ਤਿੰਨ ਅੱਖਰੀ ਸ਼ਬਦਾਂ ਦਾ ਵਜ਼ਨ ਬਰਾਬਰ ਹੁੰਦਾ ਹੈ ਪਰ ਅਰੂਜ਼ ਅਨੁਸਾਰ ਜੇ ਕਿਸੇ ਸ਼ਬਦ ਵਿਚ ਤਿੰਨ ਮੁਕਤਾ ਅੱਖਰ ਹੋਣ ਤਾਂ ਉਸ ਦਾ ਵਜ਼ਨ ਉਸ ਸ਼ਬਦ ਦੇ ਉਚਾਰਣ ਦੇ ਅਨੁਸਾਰ ਹੁੰਦਾ ਹੈ ਵਤਦ ਮਜ਼ਮੂਅ ਸ਼ਬਦ ਦੀ ਬਣਤਰ ਸਮਝਣ ਲਈ ਕੁੱਝ ਉਦਾਹਰਣਾਂ ਪੇਸ਼ ਕਰਦੇ ਹਾਂ, ਗ਼ਜ਼ਲ, ਨਜ਼ਰ, ਖ਼ਬਰ ਇਹ ਤਿੰਨੇ ਸ਼ਬਦ ਪੰਜਾਬੀ ਦੇ ਤਿੰਨ ਮੁਕਤਾ ਅੱਖਰਾਂ ਦੇ ਮਿਲਣ ਨਾਲ ਬਣਦੇ ਹਨ ਅਤੇ ਇਹਨਾਂ ਤੇ ਕੋਈ ਮਾਤਰਾ ਨਹੀਂ ਲਗਦੀ ਤੇ ਇਹਨਾਂ ਦਾ ਵਜ਼ਨ ਇਹਨਾਂ ਦੇ ਉਚਾਰਣ ਦੁਆਰਾ ਨਿਰਧਾਰਿਤ ਕੀਤਾ ਜਾਂਦਾ ਹੈ ਇਹਨਾਂ ਸ਼ਬਦਾ ਦਾ ਉਚਾਰਨ—

ਗ਼+ਜ਼ਲ, ਨ+ਜ਼ਰ, ਖ਼+ਬਰ

ਬਣਦਾ ਹੈ ਕਿਉਂਕਿ ਉਪਰਲੇ ਤਿੰਨਾਂ ਅੱਖ਼ਰਾਂ ਦੇ ਪਹਿਲੇ ਦੋ ਅੱਖਰ ਮੁਤਹੱਰਕ ਹਨ ਤੇ ਤੀਸਰਾ ਸਾਕਿਨ ਇਸ ਲਈ ਇਹ ਸ਼ਬਦ ਵਤਦ ਮਜ਼ਮੂਅ ਦੀ

ਸ਼੍ਰੇਣੀ ਵਿਚ ਆਉਂਦੇ ਹਨ

ਅਰੂਜ਼.... ਅਨੁਸਾਰ ਬਣਤਰ ਪਿੰਗਲ...... ਅਨੁਸਾਰ ਬਣਤਰ

ਮੁਤਹੱਰਕ+ਸਬਬ ਖਫੀਫ਼.... ਲਘੂ+ਗੁਰੂ (I S)

ਦੋਸਤੋ ਜੇ ਵਤਦ ਮਜ਼ਮੂਅ ਦਾ ਵਜ਼ਨ ਸੌਖੇ ਤਰੀਕੇ ਨਾਲ ਸਮਝਣਾ ਹੋਵੇ ਤਾਂ ਇਸ ਦੀ ਇਕ ਉਦਹਾਰਣ ਖ਼ੁਦਾ ਸ਼ਬਦ ਹੈ ਖ਼ੁਦਾ ਸ਼ਬਦ ਵਤਦ ਮਜ਼ਮੂਅ ਹੈ ਇਸ ਨੂੰ ਅਸਾਨੀ ਨਾਲ ਯਾਦ ਰੱਖਿਆ ਜਾ ਸਕਦਾ ਹੈ

ਵਤਦ ਮਫ਼ਰੂਕ ਦੀ ਬਣਤਰ—

ਇਸ ਤਿੰਨ ਅੱਖਰੇ ਸ਼ਬਦ ਦੀ ਬਣਤਰ ਵਤਦ ਮਜ਼ਮੂਅ ਨਾਲੋਂ ਬਿਲਕੁਲ ਉਲਟ ਹੈ ਇਸ ਵਿਚ ਪਹਿਲਾਂ ਸਬਬ ਖਫੀਫ਼ ਆਉਂਦਾ ਹੈ ਤੇ ਮਗਰੋਂ ਮੁਤਹੱਰਕ ਅੱਖਰ ਵਤਦ ਮਜ਼ਮੂਅ ਵੇਲੇ ਤੁਸੀਂ ਖ਼ੁਦਾ ਨੂੰ ਯਾਦ ਕੀਤਾ ਸੀ ਪਰ ਵਤਦ ਮਫ਼ਰੂਕ ਵੇਲੇ ਰਾਮ ਨੂੰ ਯਾਦ ਕਰੋ ਵਤਦ ਮਫ਼ਰੂਕ ਦੀ ਬਣਤਰ

ਅਰੂਜ਼ ਵਿਚ ਪਿੰਗਲ ਵਿਚ

ਸਬਬ ਖਫੀਫ਼ + ਮੁਤਹੱਰਕ ਗੁਰੂ+ ਲਘੂ (SI)

ਹੁਣ ਪਹਿਲਾਂ ਵਾਂਗ ਅਜਿਹੇ ਸ਼ਬਦ ਜਿਨ੍ਹਾਂ ਦੇ ਤਿੰਨੇ ਅੱਖਰ ਮੁਕਤਾ ਹੋਣ ਉਹਨਾਂ ਨੂੰ ਵਤਦ ਮਫ਼ਰੂਕ ਵਜੋਂ ਪਰਖੀਏ ਮਿਸਾਲ ਦੇ ਤੌਰ ਤੇ ਫ਼ਿਕਰ, ਜ਼ਿਕਰ, ਨਜ਼ਮ ਸ਼ਬਦਾਂ ਦਾ ਵਜ਼ਨ ਵਤਦ ਮਫ਼ਰੂਕ ਦੇ ਬਰਾਬਰ ਹੈ ਇਨ੍ਹਾਂ ਦਾ ਉਚਾਰਣ ਅਸੀਂ —

ਜ਼ਿਕ+ਰ, ਫ਼ਿਕ+ਰ , ਨਜ਼+ਮ ਕਰਕੇ ਕਰਾਂਗੇ ਆਉ ਹੁਣ ਇਹ ਜਾਣੀਏ ਕਿ ਅਰਬੀ ਭਾਸ਼ਾ ਅਨੁਸਾਰ ਇਹ ਵਤਦ ਮਜ਼ਮੂਅ ਅਤੇ ਵਤਦ ਮਫ਼ਰੂਕ ਸ਼ਬਦ ਕਿਵੇਂ ਹੋਂਦ ਵਿਚ ਆਏ

ਵਤਦ ਮਜ਼ਮੂਅ ਵਿਚ ਕਿਉਂ ਕਿ ਦੋ ਮੁਤਹੱਰਕ ਅੱਖਰ ਜੁੜੇ ਹੋਏ ਹਨ ਭਾਵ ਜਮਾਂ ਹਨ ਅਰਬੀ ਭਾਸ਼ਾ ਦੀ ਵਿਆਕਰਣ ਅਨੁਸਾਰ ਜਦੋਂ ਅਸੀਂ ਜੋੜ ਜਾਂ ਜਮਾਂ ਦਾ ਕ੍ਰਿਆਵਾਚੀ ਸ਼ਬਦ ਬਣਾਉਂਦੇ ਹਾਂ ਤਾਂ ਮਜ਼ਮੂਅ ਸ਼ਬਦ ਬਣਦਾ ਹੈ ਇਸ ਤਰ੍ਹਾਂ ਮਜ਼ਮੂਅ ਕਹਿਣ ਨਾਲ ਸਾਨੂੰ ਇਹ ਪਤਾ ਲੱਗ ਜਾਂਦਾ ਹੈ ਕਿ ਇਸ ਵਿਚ ਦੋ ਮੁਤਹੱਰਕ ਅੱਖਰ ਜੁੜਵੇਂ ਹਨ

ਇਸੇ ਤਰ੍ਹਾਂ ਜਦੋਂ ਵਤਦ ਮਫ਼ਰੂਕ ਸ਼ਬਦ ਦੀ ਚੀਰ ਫਾੜ ਕਰਦੇ ਹਾਂ ਤਾਂ ਏਥੇ ਦੋ ਮੁਤਹੱਰਕ ਅੱਖਰਾਂ ਵਿਚਾਲੇ ਇਕ ਸਾਕਿਨ ਅੱਖਰ ਆ ਜਾਂਦਾ ਹੈ ਅਤੇ ਵਿਆਕਰਣ ਦੇ ਨਿਯਮ ਅਨੁਸਾਰ ਦੋ ਮੁਤਹੱਰਕ ਅੱਖਰਾਂ ਵਿਚ ਇਕ ਸਾਕਿਨ ਅੱਖਰ ਦੀ ਵਜ੍ਹਾ ਨਾਲ ਫ਼ਰਕ ਪੈ ਜਾਂਦਾ ਹੈ ਜਦੋਂ ਸ਼ਬਦ ਫ਼ਰਕ ਵਿਆਕਰਣ ਅਨੁਸਾਰ ਕ੍ਰਿਆਵਾਚੀ ਸ਼ਬਦ ਬਣਦਾ ਹੈ ਤਾਂ ਇਹ ਮਫ਼ਰੂਕ ਕਹਾਉਂਦਾ ਹੈ

ਵਤਦ ਕਸਰਤ— ਤਿੰਨਾਂ ਅੱਖਰਾਂ ਦੇ ਸ਼ਬਦ ਨਾਲ ਜੁੜੀ ਹੋਈ ਇਕ ਤੀਜੀ ਕਿਸਮ ਵਤਦ ਕਸਰਤ ਵੀ ਹੈ ਇਸ ਵਿਚ ਤਿੰਨੇ ਮੁਕਤੇ ਅੱਖਰ ਮੁਤਹੱਰਕ ਹੁੰਦੇ ਹਨ ਵਤਦ ਕਸਰਤ ਸਿਰਫ਼ ਅਰਬੀ ਭਾਸ਼ਾ ਵਿਚ ਪ੍ਰਚਲਿਤ ਹੈ ਪੰਜਾਬੀ

ਵਿਚ ਇਸ ਦਾ ਉਚਾਰਣ ਨਹੀਂ ਹੋ ਸਕਦਾ

ਪਿਆਰੇ ਦੋਸਤੋ ਅਰੂਜ਼ ਦੀ ਭਾਰੀ ਸ਼ਬਦਾਵਲੀ ਤੋਂ ਘਬਰਾਉਣ ਦੀ ਕੋਈ ਲੋੜ ਨਹੀਂ ਵੈਸੇ ਜੇ ਦੇਖਿਆ ਜਾਵੇ ਤਾਂ ਦੁਨੀਆਂ ਦੇ ਹਰ ਭਾਸ਼ਾ ਦੇ ਅੱਖਰ ਕੋਡ ਦਾ ਹੀ ਰੂਪ ਹਨ ਕੋਡ ਨੂੰ ਡੀ-ਕੋਡ ਕਰਨ ਦੀ ਜ਼ਰੂਰਤ ਪੈਂਦੀ ਹੈ , ਤਾਂ ਹੀ ਅਸੀ ਉਸ ਭਾਸ਼ਾ ਦੇ ਅਰਥਾਂ ਤਕ ਪਹੁੰਚ ਸਕਦੇ ਹਾਂ ਨੌਜਵਾਨ ਪੀੜੀ ਕੋਡਾਂ ਨੂੰ ਡੀ-ਕੋਡ ਕਰਨ ਦੀ ਮਾਹਿਰ ਹੈ ਤੇ ਇਸ ਕੰਮ ਵਿਚ ਬਜ਼ੁਰਗਾਂ ਨਾਲੋਂ ਕਿਤੇ ਅੱਗੇ ਹੈ

ਜਿਵੇ ਕਿ ਮੈਂ ਪਹਿਲਾਂ ਵੀ ਜ਼ਿਕਰ ਕਰ ਚੁੱਕਾ ਹਾਂ ਕਿ ਅਰੂਜ਼ ਵਰਗੇ ਰੁੱਖੇ ਵਿਸ਼ੇ ਤੇ ਗੱਲ ਕਰਦਿਆਂ ਬੋਰੀਅਤ ਦਾ ਖ਼ਦਸ਼ਾ ਬਣਿਆ ਰਹਿੰਦਾ ਹੈ ਮੈਂ ਵੀ ਅਰੂਜ਼ ਦੀਆਂ ਰੁੱਖੀਆਂ ਪੁਸਤਕਾਂ ਨਾਲ ਕਈ ਵਰ੍ਹੇ ਮੱਥਾ ਮਾਰਿਆ ਹੈ ਅਰੂਜ਼ ਦੀਆਂ ਸਿਧਾਂਤਕ ਪਰਿਭਾਸ਼ਾਵਾਂ ਦੇ ਅਰਥਾਂ ਤਕ ਪਹੁੰਚਣ ਲਈ ਬੜੀ ਸਿਰਦਰਦੀ ਸਹੇੜਨੀ ਪੈਂਦੀ ਹੈ ਅਰੂਜ਼ ਬਾਰੇ ਲਿਖਦਿਆਂ ਹਮੇਸ਼ਾ ਮੇਰੀ ਇਹ ਕੋਸ਼ਿਸ਼ ਹੁੰਦੀ ਹੈ ਕਿ ਪਾਠਕ ਦੇ ਮਨ ਵਿਚ ਬੋਰੀਅਤ ਨਾ ਆਵੇ ਇਸ ਲਈ ਹੀ ਮੇਰੀ ਕੋਸ਼ਿਸ਼ ਹੁੰਦੀ ਹੈ ਕਿ ਲਿਖ਼ਤ ਵਿਚ ਕੁੱਝ, ਕਵਿਤਾ, ਕਹਾਣੀ, ਨਿਬੰਧ ਅਤੇ ਨਾਟਕੀ ਅੰਸ਼ ਵਗੈਰਾ ਹੋਵੇ ਸਿਰਫ਼ ਸਿਧਾਂਤਿਕ ਜਾਣਕਾਰੀ ਅਕਾਊ ਅਤੇ ਪਾਠਕ ਭਜਾਊ ਹੋ ਨਿੱਬੜਦੀ ਹੈ ਅਤੇ ਮੈਂ ਤੁਹਾਡੇ ਵਰਗੇ ਸੂਝਵਾਨ ਅਤੇ ਸਿਆਣੇ ਪਾਠਕਾਂ ਨੂੰ ਗਵਾਉਣਾ ਨਹੀਂ ਚਾਹਾਂਗਾ।

ਅਰੂਜ਼ ਦੇ ਅਰਕਾਨ ਦੀ ਬਣਤਰ

ਦੋਸਤੋ ਜਿਵੇਂ ਪੁੱਤਰ, ਪੋਤੇ, ਧੀਆਂ, ਦਾਦਾ ,ਦਾਦੀ, ਮਾਂ, ਬਾਪ ਸਾਰੇ ਰਲ਼ ਕੇ ਪਰਿਵਾਰ ਦੀਆਂ ਇਕਾਈਆਂ ਹਨ ਅਤੇ ਇਨ੍ਹਾਂ ਸਾਰੀਆਂ ਇਕਾਈਆਂ ਨੂੰ ਮਿਲਾ ਕੇ ਇਕ ਪਰਿਵਾਰ ਬਣਦਾ ਹੈ ਇਸੇ ਤਰ੍ਹਾਂ ਹੀ ਮਤਲਾ, ਮਕਤਾ, ਸ਼ਿਅਰ, ਕਾਫ਼ੀਆ, ਰਦੀਫ਼, ਬਹਿਰ, ਸਾਕਿਨ, ਮੁਤਹੱਰਕ, ਸਬਬ ਅਤੇ ਵਤਦ ਸਾਰੀਆਂ ਗ਼ਜ਼ਲ ਦੇ ਪਰਿਵਾਰ ਦੀਆਂ ਇਕਾਈਆਂ ਹਨ ਇਹਨਾਂ ਸਾਰੀਆਂ ਇਕਾਈਆਂ ਦੇ ਨਾਲ ਹੀ ਗ਼ਜ਼ਲ ਹੋਂਦ ਵਿਚ ਆਉਂਦੀ ਹੈ ਗ਼ਜ਼ਲ ਪਰਿਵਾਰ ਦੇ ਕਾਫੀ ਸਾਰੇ ਜੀਆਂ ਨਾਲ ਅਸੀਂ ਤੁਹਾਡੀ ਜਾਣ ਪਛਾਣ ਕਰਵਾ ਚੁੱਕੇ ਹਾਂ ਆਉ ਹੁਣ ਇਕ ਹੋਰ ਮੈਂਬਰ ਨਾਲ ਤੁਹਾਡੀ ਜਾਣ-ਪਛਾਣ ਕਰਵਾਈਏ

ਰੁਕਨ ਸ਼ਬਦ ਦਾ ਬਹੁਵਚਨ ਅਰਕਾਨ ਹੈ ਇਹ ਰੁਕਨ ਹੀ ਹਨ ਜੋ ਗ਼ਜ਼ਲ ਦੀ ਬਹਿਰ ਨਿਰਧਾਰਿਤ ਕਰਦੇ ਹਨ ਬਹਿਰ ਜਾਣੀ ਮੀਟਰ, ਗ਼ਜ਼ਲ ਦੀ ਜਿੰਦ ਜਾਨ ਹੈ , ਜਿਹੜੀ ਗ਼ਜ਼ਲ ਨੂੰ ਲੈਅ-ਬੱਧ ਅਤੇ ਸੰਗੀਤਮਈ ਬਣਾਉਂਦੀ ਹੈ ਬਿਨਾਂ ਮੀਟਰ ਜਾਂ ਬਹਿਰ ਦੇ ਗ਼ਜ਼ਲ ਦਾ ਕੋਈ ਵਜੂਦ ਨਹੀਂ ਹੁਣ ਦੇਖਦੇ ਹਾਂ ਕਿ ਅਰਕਾਨ ਕੀ ਹੁੰਦੇ ਹਨ —

ਅਰੂਜ਼ੀ ਪਰਿਭਾਸ਼ਾ ਅਨੁਸਾਰ ਰੁਕਨ ਉਹ ਸ਼ਬਦ ਰੂਪੀ ਵੱਟੇ ਹਨ ਜਿਹੜੇ ਗ਼ਜ਼ਲ ਦੀ ਬਹਿਰ ਨਿਸ਼ਚਿਤ ਕਰਦੇ ਹਨ ਇਹਨਾਂ ਵੱਟਿਆਂ ਨਾਲ ਹੀ ਸ਼ਿਅਰ ਦੇ ਵਜ਼ਨ ਨੂੰ ਤੋਲਿਆ ਜਾਂਦਾ ਹੈ ਗ਼ਜ਼ਲ ਵਿਚ ਅਰਕਾਨ ਦਾ ਬੜਾ ਮਹੱਤਵ ਹੈ, ਕਿਉਂ ਕਿ ਗ਼ਜ਼ਲ ਵਜ਼ਨ ਦੀ ਵਾਧ ਘਾਟ ਨੂੰ ਨਹੀਂ ਸਹਾਰਦੀ ਵਜ਼ਨ ਦੀ ਵਾਧ ਘਾਟ ਦਾ ਗਿਆਨ ਰੁਕਨਾਂ ਦੀ ਜਾਣਕਾਰੀ ਤੋਂ ਬਿਨ੍ਹਾਂ ਸੰਭਵ ਨਹੀਂ

"ਜੀਕਣ ਦਾਲ ਚ ਕੋਕੜੂ, ਰੜਕ ਪਵੇ ਝੱਟ ਪੱਟ,
ਗਜ਼ਲਾਂ ਵਿਚ ਨਾ ਪੁੱਗਦੀ, ਲਗ ਮਾਤਰ ਵੱਧ ਘੱਟ "

ਸਬਬ ਅਤੇ ਵਤਦ ਦੇ ਮੇਲ ਤੋਂ ਰੁਕਨ ਬਣਦੇ ਹਨ ਸਬਬ ਅਤੇ ਵਤਦ ਦੀ ਤਰਤੀਬ ਨੂੰ ਅੱਗੇ ਪਿੱਛੇ ਕਰਦਿਆਂ ਅਰੂਜ਼ ਦੇ ਅੱਠ ਰੁਕਨ ਬਣਦੇ ਹਨ ਸਬਬ ਅਤੇ ਵਤਦ ਬਾਰੇ ਗੱਲਬਾਤ ਆਪਾਂ ਪਹਿਲਾਂ ਹੀ ਕਰ ਚੁੱਕੇ ਹਾਂ ਦੋ ਅੱਖਰਾਂ ਦੇ ਸ਼ਬਦ ਨੂੰ ਸਬਬ ਅਤੇ ਤਿੰਨ ਅੱਖਰਾਂ ਦੇ ਸ਼ਬਦ ਨੂੰ ਵਤਦ ਆਖ਼ਦੇ ਹਨ ਵੱਖਰੇ ਵੱਖਰੇ ਰੁਕਨ ਵੱਖਰੀਆਂ ਵੱਖਰੀਆਂ ਬਹਿਰਾਂ ਬਣਾਉਂਦੇ ਹਨ ਬਹਿਰਾਂ ਬਾਰੇ ਆਪਾ ਅੱਗੇ ਚੱਲ ਕੇ ਗੱਲਬਾਤ ਕਰਾਂਗੇ

"ਵਤਦ ਸਬਬ ਮਿਲਦੇ ਜਦੋਂ, ਬਣ ਜਾਂਦੇ ਅਰਕਾਨ,
ਰੁਕਨ ਬਣਾਉਂਦੇ ਬਹਿਰ ਫਿਰ, ਰੁਕਨ ਗਜ਼ਲ ਦੀ ਸ਼ਾਨ "

ਅਰੂਜ਼ ਦੀ ਭਾਸ਼ਾ ਅਨੁਸਾਰ ਰੁਕਨ ਦਾ ਮਤਲਬ ਥੰਮ ਜਾਂ ਥੰਮੀ ਹੁੰਦਾ ਹੈ ਥੰਮਾਂ ਬਾਰੇ ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਘਰਾਂ ਦੀਆਂ ਛੱਤਾਂ ਆਮ ਕਰਕੇ ਥੰਮਾਂ ਸਹਾਰੇ ਹੀ ਖੜ੍ਹੀਆਂ ਹੁੰਦੀਆਂ ਹਨ ਥੰਮ ਵਾਸਤੇ ਅੰਗਰੇਜ਼ੀ ਦਾ ਸਮਾਨ-ਅਰਥੀ ਸ਼ਬਦ ਬੀਮ ਹੈ ਦੂਜੇ ਪਾਸੇ ਗ਼ਜ਼ਲ ਵਿਚ ਰੁਕਨ ਉਹ ਥੰਮ ਹਨ ਜਿਨ੍ਹਾਂ ਦੇ ਸਹਾਰੇ ਬਹਿਰ ਖੜ੍ਹੀ ਹੈ ਰੁਕਨ ਗ਼ਜ਼ਲ ਦੇ ਅਜਿਹੇ ਸ਼ਬਦ ਰੂਪੀ ਵੱਟੇ ਹਨ ਜਿਹੜੇ ਗ਼ਜ਼ਲ ਦੀ ਚਾਲ ਨਿਸ਼ਚਿਤ ਕਰਦੇ ਹਨ ਇਹਨਾਂ ਵੱਟਿਆਂ ਨਾਲ ਹੀ ਸ਼ਿਅਰ ਦੇ ਵਜ਼ਨ ਨੂੰ ਨਾਪਿਆ ਤੋਲਿਆ ਜਾਂਦਾ ਹੈ ਇਸ ਤਰ੍ਹਾਂ ਰੁਕਨ ਗ਼ਜ਼ਲ ਦੀ ਬਹਿਰ ਵਜ਼ਨ ਨੂੰ ਨਾਪਣ ਤੋਲਣ ਦਾ ਪੈਮਾਨਾ ਜਾਂ ਮੀਟਰ ਹੈ ਰੁਕਨ ਨੂੰ ਅਫ਼ਾਈਲ ਵੀ ਕਿਹਾ ਜਾਂਦਾ ਹੈ ਅੰਗਰੇਜ਼ੀ ਵਿਚ ਇਸ ਦਾ ਸਮਾਨ-ਅਰਥੀ ਸ਼ਬਦ ਸਲੇਬਲ ਹੈ

ਅਰੂਜ਼ੀ ਪਰਿਭਾਸ਼ਾ ਤੋਂ ਬਿਨ੍ਹਾਂ ਰੁਕਨ ਦੇ ਅਰਬੀ ਵਿਚ ਹੋਰ ਵੀ ਕਈ ਅਰਥ ਹਨ ਕਿਸੇ ਸਭਾ ਸੁਸਾਇਟੀ ਦੇ ਅਹੁਦੇਦਾਰਾਂ ਨੂੰ ਵੀ ਰੁਕਨ ਕਿਹਾ ਜਾਂਦਾ ਹੈ ਵਜ਼ਾਰਤ ਦੇ ਮੰਤਰੀਆਂ ਵਗ਼ੈਰਾ ਨੂੰ ਵੀ ਵਜ਼ਾਰਤੀ ਰੁਕਨ ਕਿਹਾ ਜਾਂਦਾ ਹੈ ਪਰਿਵਾਰ ਦੇ ਮੈਂਬਰਾਂ ਨੂੰ ਵੀ ਪਰਿਵਾਰਿਕ ਰੁਕਨ ਕਿਹਾ ਜਾਂਦਾ ਹੈ

ਦੋਸਤੋ ਪਿੰਗਲ ਦੇ ਅੱਠ ਗਣਾਂ ਵਾਂਗਰ ਹੀ ਅਰੂਜ਼ ਵੀ ਅੱਠ ਰੁਕਨਾਂ ਤੇ ਹੀ ਅਧਾਰਤ ਹੈ ਰੁਕਨ ਦਾ ਪੰਜਾਬੀ ਵਿਚ ਸਮਾਨ-ਅਰਥੀ ਸ਼ਬਦ ਗਣ ਪ੍ਰਚਲਤ ਹੈ ਆਉ ਹੁਣ ਅਰਕਾਨ ਦੀ ਬਣਤਰ ਵਲ ਪਾਰਖੂ ਨਜ਼ਰ ਮਾਰੀਏ ––

ਪੰਜ ਅੱਖਰੀ ਰੁਕਨ

ਪਹਿਲਾਂ ਆਪਾਂ ਅਰੂਜ਼ ਦੇ ਪੰਜ ਅੱਖਰੀ ਰੁਕਨਾਂ ਦੀ ਬਣਤਰ ਦੀ ਗੱਲ ਕਰਦੇ ਹਾਂ ਅਰੂਜ਼ ਦੇ ਅੱਠ ਰੁਕਨਾਂ ਵਿਚੋਂ ਦੋ ਪੰਜ ਅੱਖਰੀ ਸ਼ਬਦਾਂ ਨਾਲ ਤੇ ਬਾਕੀ ਦੇ ਸੱਤ ਅੱਖਰੀ ਸ਼ਬਦਾਂ ਨਾਲ ਬਣਦੇ ਹਨ ਪੰਜ ਅੱਖਰੀ ਸ਼ਬਦਾਂ ਨਾਲ ਬਣਨ ਵਾਲੇ ਰੁਕਨ ਫ਼ਾਇਲੁਨ ਅਤੇ ਫ਼ਊਲੁਨ ਹਨ

ਫ਼ਾਇਲੁਨ— ਰੁਕਨ ਦੋ ਅੱਖਰੀ ਸ਼ਬਦ ਸਬਬ ਖਫੀਫ਼ ਅਤੇ ਤਿੰਨ ਅੱਖਰੀ ਸ਼ਬਦ ਵਤਦ ਮਜ਼ਮੂਅ ਦੇ ਮੇਲ ਤੋਂ ਬਣਦਾ ਹੈ ਹੇਠ ਅਸੀਂ ਫਾਇਲੁਨ ਰੁਕਨ ਦੀ ਬਣਤਰ ਅਰੂਜ਼ ਅਤੇ ਪਿੰਗਲ ਅਨੁਸਾਰ ਦਰਸਾਉਣ ਦਾ ਯਤਨ ਕੀਤਾ ਹੈ—

ਅਰੂਜ਼ ਪਿੰਗਲ

ਫ਼ਾਇਲੁਨ ਸਬਬ ਖਫੀਫ਼+ ਵਤਦ ਮਜ਼ਮੂਅ ਗੁਰੂ+ਲਘੂ+ ਗੁਰੁ (S I S)

ਫ਼ਊਲੁਨ— ਇਹ ਰੁਕਨ ਉਪਰੋਕਤ ਫ਼ਾਇਲੁਨ ਰੁਕਨ ਦੇ ਸਬਬ ਖ਼ਫ਼ੀਫ ਅਤੇ ਵਤਦ ਮਜ਼ਮੂਅ ਦੀ ਸਥਿਤੀ ਦੇ ਉਲਟਾਉਣ ਨਾਲ ਬਣਦਾ ਹੈ ਇਸ ਤਰ੍ਹਾਂ ਕਰਨ ਨਾਲ ਇਸ ਦੀ ਹੇਠ ਲਿਖੀ ਸਥਿਤੀ ਨਜ਼ਰ ਆਉਂਦੀ ਹੈ

ਫ਼ਊਲੁਨ= ਵਤਦ ਮਜ਼ਮੂਅ + ਸਬਬ ਖਫੀਫ਼ = I S S

ਹੁਣ ਆਪਾਂ ਅਰੂਜ਼ ਦੇ ਸੱਤ ਅੱਖਰੀ ਅਰਕਾਨ ਦੀ ਬਣਤਰ ਬਾਰੇ ਵਿਚਾਰ ਕਰਦੇ ਹਾਂ ਤਾਂ ਕਿ ਇਹਨਾਂ ਦੀ ਮੁਸ਼ਕਲ ਦਿਸਦੀ ਬਣਤਰ ਨੂੰ ਸੌਖੇ ਸ਼ਬਦਾਂ ਵਿਚ ਜਾਣ ਸਕੀਏ   ਸੱਤ ਅੱਖਰੀ ਰੁਕਨਾਂ ਦੀ ਬਣਤਰ ਇਸ ਤਰ੍ਹਾਂ ਹੈ

1. ਮੁਫਾਈਲੁਨ= ਵਤਦ ਮਜ਼ਮੂਅ + ਸਬਬ ਖ਼ਫੀਫ਼+ ਸਬਬ ਖ਼ਫੀਫ਼ = I S S S

ਉਪਰੋਕਤ ਰੁਕਨ ਦਾ ਮੁਢਲਾ ਸ਼ਬਦ ਵਦਤ ਮਜ਼ਮੂਅ ਜੇ ਅਸੀਂ ਰੁਕਨ ਦੇ ਵਿਚਾਲੇ ਲੈ ਜਾਈਏ ਤਾਂ ਇਹ ਫ਼ਾਇਲਾਤੁਨ ਰੁਕਨ ਬਣ ਜਾਵੇਗਾ ਅਤੇ ਇਸ ਦੀ ਬਣਤਰ ਹੋਵੇਗੀ—

2. ਫ਼ਾਇਲਾਤੁਨ= ਸਬਬ ਖ਼ਫੀਫ਼+ ਵਦਤ ਮਜ਼ਮੂਅ +ਸਬਬ ਖ਼ਫੀਫ਼ = S I S S

ਹੁਣ ਜੇ ਫਾਇਲਾਤੁਨ ਦੇ ਵਿਚਾਲੇ ਆਉਣ ਵਾਲਾ ਵਦਤ ਮਜ਼ਮੂਅ ਬਦਲ ਕੇ ਰੁਕਨ ਦੇ ਪਿੱਛੇ ਲਗਾ ਦਈਏ ਤਾਂ ਇਸ ਰੁਕਨ ਦਾ ਨਾਮ ਬਦਲ ਕੇ ਮੁਸਤਫ਼ਇਲੁਨ ਹੋ ਜਾਵੇਗਾ

3. ਮੁਸਤਫ਼ਇਲੁਨ= ਸਬਬ ਖ਼ਫੀਫ਼ + ਸਬਬ ਖ਼ਫੀਫ਼+ ਵਤਦ ਮਜ਼ਮੂਅ = S S I S

ਇਸ ਤਰ੍ਹਾਂ ਉਪਰੋਕਤ ਤਿੰਨੇ ਹੀ ਰੁਕਨ ਸਬਬ ਖਫੀਫ਼ ਅਤੇ ਵਤਦ ਮਜ਼ਮੂਅ ਦੀ ਵੱਖਰੀ ਵੱਖਰੀ ਤਰਤੀਬ ਨਾਲ ਹੀ ਹੋਂਦ ਵਿਚ ਆਏ ਹਨ   ਹੁਣ ਆਪਾਂ ਅਰੂਜ਼ ਦੇ ਅਗਲੇ ਤਿੰਨ ਸੱਤ ਹਰਫ਼ੀ ਰੁਕਨਾਂ ਦੀ ਬਣਤਰ ਬਾਰੇ ਗਲਬਾਤ ਕਰਦੇ ਹਾਂ

ਫਾਸਿਲਾ ਸੁਗਰਾ—

ਅਰੂਜ਼ ਅਨੁਸਾਰ ਅਗਰ ਸਬਬ ਸਕੀਲ ਅਤੇ ਸਬਬ ਖਫੀਫ ਇਕੱਠੇ ਹੋ ਜਾਣ ਤਾਂ ਉਸ ਸਥਿਤੀ ਨੂੰ ਫਾਸਿਲਾ ਸੁਗਰਾ ਕਿਹਾ ਜਾਂਦਾ ਹੈ   ਪਿੰਗਲ ਅਨੁਸਾਰ ਇਸ ਸਥਿਤੀ ਨੂੰ I I S ਦੇ ਚਿੰਨ੍ਹਾਂ ਰਾਹੀਂ ਪ੍ਰਗਟਾਇਆ ਜਾਂਦਾ ਹੈ

ਮੁਤੁਫਾਇਲੁਨ ਰੁਕਨ ਇਕ ਸੱਤ ਹਰਫ਼ੀ ਰੁਕਨ ਹੈ ਜਿਸ ਦੀ ਬਣਤਰ ਇਸ ਤਰ੍ਹਾਂ ਹੈ

4. ਮੁਤੁਫਾਇਲੁਨ= ਫਾਸਿਲਾ ਸੁਗਰਾ+ਵਤਦ ਮਜ਼ਮੂਅ = I I S I S

ਉਪਰੋਕਤ ਰੁਕਨ ਵਿਚ ਜੇ ਫਾਸਿਲਾ ਸੁਗਰਾ ਅਤੇ ਵਤਦ ਮਜ਼ਮੂਅ ਦੀ ਤਰਤੀਬ ਬਦਲ ਦੇਈਏ ਤਾਂ ਇਹ ਇਕ ਨਵਾਂ ਰੁਕਨ ਬਣ ਜਾਵੇਗਾ ਜਿਸ ਨੂੰ ਮੁਫਾਇਲੁਤੁਨ ਕਿਹਾ ਜਾਂਦਾ ਹੈ।

5. ਮੁਫਾਇਲੁਤੁਨ= ਵਤਦ ਮਜ਼ਮੂਅ + ਫਾਸਿਲਾ ਸੁਗਰਾ = I S I I S

ਅਗਲੇ ਰੁਕਨ ਮਫ਼ਊਲਾਤ ਦੀ ਬਣਤਰ ਦੇਖੀਏ ਤਾਂ ਇਸ ਵਿਚ ਦੋ ਵਾਰ ਸਬਬ ਖਫੀਫ ਦੇ ਨਾਲ ਵਤਦ ਮਫ਼ਰੂਕ ਆਉਂਦਾ ਹੈ

6. ਮਫਊਲਾਤ = ਸਬਬ ਖ਼ਫੀਫ਼ + ਸਬਬ ਖ਼ਫੀਫ਼ + ਵਤਦ ਮਜ਼ਮੂਅ = SSSI

ਇਸ ਤਰ੍ਹਾਂ ਤੁਸੀਂ ਦੇਖਿਆ ਹੈ ਕਿ ਸਬਬ ਅਤੇ ਵਤਦ ਦੀ ਤਰਤੀਬ ਤੋਂ ਹੀ ਅਰੂਜ਼ ਦੇ ਅੱਠ ਰੁਕਨ ਹੋਂਦ ਵਿਚ ਆਉਂਦੇ ਹਨ   ਇਹਨਾਂ ਅਰਕਾਨ ਤੋਂ ਹੀ ਗ਼ਜ਼ਲ ਦੀਆਂ ਭਿੰਨ ਭਿੰਨ ਬਹਿਰਾਂ ਬਣਦੀਆਂ ਹਨ   ਇਸ ਤਰ੍ਹਾਂ ਇਹ ਅਰਕਾਨ ਹਨ—

ਫ਼ਾਇਲੁਨ–ਫ਼ਊਲੁਨ, ਮੁਫ਼ਾਈਲੁਨ, ਫ਼ਾਇਲਾਤੁਨ, ਮੁਸਤਫ਼ਾਇਲੁਨ, ਮੁਤੁਫ਼ਾਇਲੁਨ, ਮੁਫ਼ਾਇਲੁਤੁਨ, ਮਫ਼ਊਲਾਤ

SIS , ISS , ISSS,   SISS, SSIS, IISIS, ISIIS, SSSI

ਬਹਿਰ

ਪਿਆਰੇ ਦੋਸਤੋ ਆਪਾਂ ਅਰੂਜ਼ ਦੇ ਰੁਕਨਾਂ ਜਾਂ ਅਰਕਾਨ ਤੀਕ ਵਿਚਾਰ ਚਰਚਾ ਕਰ ਚੁੱਕੇ ਹਾਂ ਹੁਣ ਆਪਾਂ ਬਹਿਰ ਬਾਰੇ ਚਰਚਾ ਕਰੀਏ ਜਿਵੇਂ ਕਿ ਤੁਹਾਨੂੰ ਪਹਿਲਾਂ ਹੀ ਦੱਸਿਆ ਜਾ ਚੁੱਕਿਆ ਹੈ ਕਿ ਅਰੂਜ਼ ਦੇ ਵੱਖਰੇ ਵੱਖਰੇ ਰੁਕਨਾਂ ਤੋਂ ਵੱਖਰੀਆਂ ਵੱਖਰੀਆਂ ਬਹਿਰਾਂ ਬਣਦੀਆਂ ਹਨ

ਬਹਿਰ ਦੇ ਅਰਬੀ ਸ਼ਬਦਆਰਥ ਸਮੁੰਦਰ ਜਾਂ ਸਾਗਰ ਹਨ , ਪ੍ਰੰਤੂ ਅਰੂਜ਼ੀ ਪਰਿਭਾਸ਼ਾ ਅਨੁਸਾਰ ਰੁਕਨ, ਜਿਨ੍ਹਾਂ ਨਾਲ ਸ਼ਿਅਰ ਦਾ ਵਜ਼ਨ ਹਾੜਿਆ ਜਾਂਦਾ ਹੈ, ਅਰਕਾਨ ਨੂੰ ਦੁਹਰਾਉਣ ਨਾਲ ਬਹਿਰ ਬਣਦੀ ਹੈ, ਬਹਿਰ ਦੇ ਅੰਗਰੇਜ਼ੀ ਸ਼ਬਦਾਰਥ ਮੀਟਰ ਤੋਂ ਹਨ ਜਿਸ ਤਰ੍ਹਾਂ ਸਮੁੰਦਰ ਦੀ ਵਿਸ਼ਾਲਤਾ ਨੂੰ ਦੇਖਦਿਆਂ ਅਕਲ ਹੈਰਾਨ ਰਹਿ ਜਾਂਦੀ ਹੈ , ਬਿਲਕੁਲ ਇਸੇ ਤਰ੍ਹਾਂ ਜਦੋਂ ਕੋਈ ਅਰੂਜ਼ੀ (ਅਰੂਜ਼-ਵੇਤਾ) ਬਹਿਰਾਂ ਦੇ ਪਸਾਰ ਨੂੰ ਦੇਖਦਾ ਹੈ ਤਾਂ ਅਚੰਭਤ ਹੋ ਜਾਂਦਾ ਹੈ , ਕਿ ਸ਼ਿਅਰ ਨੂੰ ਕਿਹੜੀ ਬਹਿਰ ਨਾਲ ਨਾਪੇ ਕਹਿਣ ਨੂੰ ਤਾਂ ਅਰੂਜ਼ੀਆਂ ਨੇ ਕੁੱਲ ਉੱਨੀ (19) ਬਹਿਰਾਂ ਈਜ਼ਾਦ ਕੀਤੀਆਂ ਹਨ, ਪਰ ਇਨ੍ਹਾਂ ਵਿੱਚੋਂ ਹਰੇਕ ਬਹਿਰ ਤੇ ਜ਼ਿਹਾਫ਼ ਲਾਗੂ ਕਰ ਕੇ ਇਕ ਬਹਿਰ ਦੇ ਅਨੇਕਾਂ ਰੂਪ ਬਣਾਏ ਜਾ ਸਕਦੇ ਹਨ ਜ਼ਿਹਾਫ਼ਾਂ ਬਾਰੇ ਅੱਗੇ ਚੱਲ ਕੇ ਚਰਚਾ ਕਰਾਂਗੇ ਤੁਸੀਂ ਇਹ ਸੁਣ ਕੇ ਹੈਰਾਨ ਰਹਿ ਜਾਓਗੇ ਕਿ ਇਕੱਲੀ ਹਜ਼ਜ ਬਹਿਰ ਅੱਸੀ ਢੰਗਾਂ ਨਾਲ ਵਰਤੀ ਜਾਂਦੀ ਹੈ ਇਸੇ ਕਰਕੇ ਹੀ ਸ਼ਾਇਦ ਖ਼ਲੀਲ ਬਿਨ ਅਹਿਮਦ ਨੇ ਬਹਿਰ (ਛੰਦ) ਨੂੰ ਬਹਿਰ (ਸਮੁੰਦਰ) ਦੁਆਰਾ ਪ੍ਰਗਟ ਕੀਤਾ ਹੈ

ਅਰੂਜ਼ ਦੀਆਂ ਉੱਨੀ ਬਹਿਰਾਂ ਵਿੱਚੋਂ ਖ਼ਲੀਲ ਬਿਨ ਅਹਿਮਦ ਨੇ ਪੰਦਰਾਂ ਬਹਿਰਾਂ ਈਜ਼ਾਦ ਕੀਤੀਆਂ ਅਤੇ ਬਾਕੀ ਦੀਆਂ ਚਾਰ ਬਹਿਰਾਂ ਪਿੱਛੋਂ ਜਾ ਕੇ ਵੱਖ ਵੱਖ ਅਰੂਜ਼ੀਆਂ ਨੇ ਈਜ਼ਾਦ ਕੀਤੀਆਂ ਇਹਨਾਂ ਬਹਿਰਾਂ ਦੇ ਨਾਵਾਂ ਦਾ ਵੇਰਵਾ ਅਤੇ ਇਨ੍ਹਾਂ ਦੇ ਈਜ਼ਾਦ ਕਰਤਾਵਾਂ ਦੇ ਨਾਵਾਂ ਦਾ ਵੇਰਵਾ ਅੱਗੇ ਚੱਲ ਕੇ ਦਿਆਂਗੇ

ਸਾਡਾ ਮੰਤਵ ਇਨ੍ਹਾਂ ਬਹਿਰਾਂ ਬਾਰੇ ਸਿਧਾਂਤਕ ਜਾਣਕਾਰੀ ਦੇਣਾ ਹੀ ਨਹੀਂ ਸਗੋਂ ਤੁਹਾਡੀ ਰੌਚਿਕਤਾ ਲਈ ਇਨ੍ਹਾਂ ਬਾਰੇ ਹੋਰ ਵੇਰਵੇ ਦੇਣਾ ਵੀ ਹੈ, ਤਾਂ ਕਿ ਇਸ ਰੁੱਖੀ ਸਿਧਾਂਤਕ ਸ਼ਬਦਾਵਲੀ ਤੋਂ ਤੁਹਾਡਾ ਮਨ ਉਚਾਟ ਨਾ ਹੋ ਜਾਵੇ ਬਹਿਰਾਂ ਦੇ ਨਾਵਾਂ ਬਾਰੇ ਸਿਧਾਂਤਕ ਜਾਣਕਾਰੀ ਤਾਂ ਤੁਸੀਂ ਹੋਰ ਅਰੂਜ਼ ਦੀਆਂ ਪੁਸਤਕਾਂ ਵਿੱਚੋਂ ਵੀ ਪੜ੍ਹ ਸਕਦੇ ਹੋ ਇਸ ਬਾਰੇ ਮੈਂ ਤੁਹਾਨੂੰ ਇਕ ਲੋਕ-ਕਥਾ ਸੁਣਾਉਣੀ ਚਾਹੁੰਦਾ ਹਾਂ ਕਹਿੰਦੇ ਨੇ ਇਕ ਵਾਰ ਇੱਕ ਪਰਿਵਾਰ ਨੇ ਕਿੱਕਰਾਂ ਦੇ ਤੁੱਕਿਆਂ ਦੀ ਸਬਜ਼ੀ ਬਣਾਈ, ਪਰ ਆਟਾ ਉਨ੍ਹਾਂ ਕੋਲ ਗੁਜ਼ਾਰੇ ਜੋਗਾ ਹੀ ਸੀ ਘਰ ਦੀ

ਸਵਾਣੀ ਨੇ ਆਪਣੀ ਧੀ ਨੂੰ ਰੋਟੀ ਦੇ ਕੇ ਬਜ਼ੁਰਗ ਪਾਸ ਭੇਜਿਆ, ਬਜ਼ੁਰਗ ਰੋਟੀ ਖਾਣ ਬੈਠ ਗਿਆ ਕੁੱਝ ਚਿਰ ਬਾਅਦ ਬੱਚੀ ਫੇਰ ਬਜ਼ੁਰਗ ਕੋਲ ਗਈ ਤੇ ਪੁੱਛਣ ਲੱਗੀ, "ਬਾਬਾ ਜੀ ਹੋਰ ਤੁੱਕੇ ਲੈਣੇ ਨੇ "ਇਸ ਤਰ੍ਹਾਂ ਇਕ ਅੱਧੀ ਵਾਰ ਬਜ਼ੁਰਗ ਨੇ ਤੁੱਕਿਆਂ ਦੀ ਸਬਜ਼ੀ ਮੰਗਵਾ ਲਈ ਘਰ ਵਿੱਚ ਹੋਰ ਕੁੱਝ ਖਾਣ ਨੂੰ ਨਹੀਂ ਸੀ ਇਸ ਕਰਕੇ ਬੱਚੀ ਵਾਰ ਵਾਰ ਇਹੋ ਪੁੱਛਦੀ ਰਹੀ ਕਿ ਬਾਬਾ ਜੀ ਹੋਰ ਤੁੱਕੇ ਲਓਗੇ ਅੰਤ ਵਿਚ ਬਾਬਾ ਜੀ ਦੇ ਸਬਰ ਦਾ ਬੰਨ੍ਹ ਟੁੱਟ ਗਿਆ ਅਤੇ ਉਹ ਖਿਝ ਕੇ ਕਹਿਣ ਲੱਗਾ, ਕੁੜੀਏ ਬਾਬਾ ਕੋਈ ਬੋਕ ਆ , ਜਿਹੜਾ ਵਾਰ ਵਾਰ ਤੁੱਕੇ ਹੀ ਖਾਈ ਜਾਊ, ਕੁੱਝ ਹੋਰ ਵੀ ਲਿਆ ਇਸ ਤਰ੍ਹਾਂ ਜੇ ਅਸੀਂ ਵਾਰ ਵਾਰ ਤੁਹਾਨੂੰ ਖ਼ੁਸ਼ਕ ਬਹਿਰਾਂ ਦੀ ਜਾਣਕਾਰੀ ਦੇਈ ਗਏ ਤਾਂ ਤੁਹਾਨੂੰ ਅਕੇਵਾਂ ਹੋਣਾ ਸੁਭਾਵਿਕ ਹੈ ਤੁਹਾਡੀ ਰੌਚਕਤਾ ਬਣਾਈ ਰੱਖਣ ਵਾਸਤੇ ਅਸੀਂ ਬਹਿਰਾਂ ਦੇ ਨਾਲ ਨਾਲ ਹੋਰ ਜਾਣਕਾਰੀ ਵੀ ਦਿੰਦੇ ਰਹਾਂਗੇ

ਬਹਿਰਾਂ ਦੀਆਂ ਕਿਸਮਾਂ--

ਬਹਿਰਾਂ ਦੋ ਕਿਸਮ ਦੀਆਂ ਹੁੰਦੀਆਂ ਹਨ

(1) ਮੁਫ਼ਰਦ ਬਹਿਰਾ (2) ਮੁਰੱਕਬ ਬਹਿਰਾਂ

1. ਮੁਫ਼ਰਦ ਬਹਿਰਾਂ —ਦਾ ਅਰਬੀ ਸ਼ਬਦਾਰਥ ਇਕਹਿਰੀ ਜਾਂ ਇਕੱਲੀ ਤੋਂ ਹੈ , ਮੁਫਰਦ ਇਹਨਾਂ ਨੂੰ ਇਸ ਕਰ ਕੇ ਕਿਹਾ ਜਾਂਦਾ ਹੈ ਕਿ ਇਹ ਬਹਿਰਾਂ ਇੱਕ ਹੀ ਰੁਕਨ ਨੂੰ ਦੁਹਰਾਉਣ ਤੇ ਬਣਦੀਆਂ ਹਨ

2. ਮੁਰੱਕਬ ਬਹਿਰਾਂ— ਮੁਰੱਕਬ ਦਾ ਅਰਬੀ ਸ਼ਬਦਾਰਥ ਮਿਸ਼ਰਤ ਜਾਂ ਰਲ਼ੀ ਮਿਲ਼ੀ ਵਸਤੂਆਂ ਤੋਂ ਹੁੰਦਾ ਹੈ ਇਨ੍ਹਾਂ ਨੂੰ ਮੁਰੱਕਬ ਬਹਿਰਾਂ ਇਸ ਕਰਕੇ ਕਿਹਾ ਜਾਂਦਾ ਹੈ ਕਿ ਇਹ ਬਹਿਰਾਂ ਦੋ ਦੋ ਰੁਕਨਾਂ ਦੇ ਮਿਲਣ ਤੇ ਬਣਦੀਆਂ ਹਨ

ਅਰੂਜ਼ ਦੀਆਂ ਕੁੱਲ ਉੱਨੀ ਬਹਿਰਾਂ ਵਿੱਚੋਂ ਸੱਤ ਮੁਫ਼ਰਦ ਅਤੇ ਬਾਕੀ ਦੀਆਂ ਬਾਰਾਂ ਮੁਰੱਕਬ ਬਹਿਰਾਂ ਹਨ ਸੱਤ ਮੁਫ਼ਰਦ ਬਹਿਰਾਂ ਅਰੂਜ਼ ਦੇ ਸੱਤ ਰੁਕਨਾਂ ਮੁਫਾਈਲੁਨ, ਫਾਇਲਾਤੁਨ, ਮੁਸਤਫਇਲੁਨ, ਮੁਤੁਫਾਇਲੁਨ, ਮੁਫਾਇਲਤੁਨ, ਫਾਇਲੁਨ, ਫਊਲੁਨ ਨੂੰ ਦੁਹਰਾਉਣ ਨਾਲ ਬਣਦੀਆਂ ਹਨ ਅੱਠਵਾਂ ਰੁਕਨ ਮਫਊਲਾਤ ਇਕੱਲਾ ਕੋਈ ਬਹਿਰ ਨਹੀਂ ਬਣਾਉਂਦਾ ਸਗੋਂ ਇਹ ਕਿਸੇ ਦੂਸਰੇ ਰੁਕਨ ਦੇ ਨਾਲ ਲੱਗ ਕੇ ਕੋਈ ਬਹਿਰ ਬਣਾਉਂਦਾ ਹੈ

ਮੁਫ਼ਰਦ ਬਹਿਰਾਂ ਦਾ ਵੇਰਵਾ ਇਸ ਪ੍ਰਕਾਰ ਹੈ

1..ਬਹਿਰ ਹਜ਼ਜ

ਹਜ਼ਜ ਦਾ ਅਰਬੀ ਭਾਸ਼ਾ ਵਿਚ ਅਰਥ ਮਨਮੋਹਣੀ ਜਾਂ ਦਿਲਕਸ਼ ਹੁੰਦਾ ਹੈ ਮੁਫਾਈਲੁਨ ਰੁਕਨ ਦੀ ਬਣਤਰ ਹੀ ਇਹੋ ਜਿਹੀ ਹੈ ਕਿ ਇਸ ਦੀ ਧੁਨੀ ਕੰਨਾਂ ਨੂੰ ਬਹੁਤ ਸੁਰੀਲੀ ਅਤੇ ਦਿਲਕਸ਼ ਲਗਦੀ ਹੈ ਇਸ ਦੀ ਸੰਗੀਤਆਤਮਕ ਧੁਨੀ ਵਾਸਤੇ ਹੀ ਇਹ ਬਹਿਰ ਅਰਬੀ, ਫਾਰਸੀ, ਉਰਦੂ ਅਤੇ ਪੰਜਾਬੀ ਭਾਸ਼ਾਵਾਂ ਵਿੱਚ ਬੜੀ ਹਰਮਨ-ਪਿਆਰੀ ਬਹਿਰ ਹੈ ਇਸ ਦੀ ਬਣਤਰ ਇਸ ਪ੍ਰਕਾਰ ਹੈ

ਚਾਰ ਮੁਫਾਈਲੁਨ

ਮੁਫਾਈਲੁਨ ਮੁਫਾਈਲੁਨ ਮੁਫਾਈਲੁਨ ਮੁਫਾਈਲੁਨ

ISSS ISSS ISSS ISSS

2. ਬਹਿਰ ਰਮਲ

ਰਮਲ ਦਾ ਅਰਬੀ ਭਾਸ਼ਾ ਵਿਚ ਅਰਥ ਹੈ ਮਿਜ਼ਾਜ ਨਾਲ ਤੁਰਨਾ ਜਾਂ ਸ਼ੋਖੀ ਨਾਲ ਤੁਰਨਾ ਜਿਵੇਂ ਪੰਜਾਬੀ ਵਿਚ ਕਹਿ ਦਿੱਤਾ ਜਾਂਦਾ ਹੈ, ਤੋਰ ਪੰਜਾਬਣ ਦੀ ਜਾਂ ਫੇਰ ਦੋ ਪੈਰ ਘੱਟ ਤੁਰਨਾ ਪਰ ਤੁਰਨਾਂ ਮੜ੍ਹਕ ਦੇ ਨਾਲ ਇਹ ਬਹਿਰ ਫਾਇਲਾਤੁਨ ਰੁਕਨ ਨਾਲ ਬਣਦੀ ਹੈ ਇਹ ਬਹਿਰ ਵੀ ਉਰਦੂ, ਫਾਰਸੀ, ਅਤੇ ਪੰਜਾਬੀ ਭਾਸ਼ਾਵਾਂ ਵਿੱਚ ਬਹੁਤ ਹੀ ਹਰਮਨ ਪਿਆਰੀ ਬਹਿਰ ਹੈ ਇਸ ਦੀ ਬਣਤਰ ਇਸ ਪ੍ਰਕਾਰ ਹੈ

ਫਾਇਲਾਤੁਨ ਫਾਇਲਾਤੁਨ ਫਾਇਲਾਤੁਨ ਫਾਇਲਾਤੁਨ

SISS SISS SISS SISS

ਇਹਨਾਂ ਦੋਨਾਂ ਬਹਿਰਾਂ ਨੂੰ ਯਾਦ ਰੱਖਣ ਵਾਸਤੇ ਇਨ੍ਹਾਂ ਦੋਹਾਂ ਨੂੰ ਕਾਵਿ ਬੰਦ ਕਰ ਦਿੱਤਾ ਗਿਆ ਹੈ

"ਰਮਲ ਬਹਿਰ ਹੁੰਦੀ ਸ਼ੁਰੂ, ਫਾਇਲਾਤੁਨ ਦੇ ਨਾਲ,
ਕ੍ਰਿਸ਼ਨ ਮੁਫਾਈਲੁਨ ਰੁਕਨ ਹੈ, ਹਜ਼ਜ ਬਹਿਰ ਦੀ ਚਾਲ "

3 ਬਹਿਰ ਰਜਜ

ਰਜਜ ਦਾ ਅਰਬੀ ਭਾਸ਼ਾ ਵਿਚ ਅਰਥ ਹੈ ਬੇਚੈਨੀ ਜਾਂ ਘਬਰਾਹਟ ਇਸ ਬਹਿਰ ਵਿੱਚ ਵੀਰ-ਰਸੀ ਕਵਿਤਾਵਾਂ ਰਚੀਆਂ ਜਾਂਦੀਆਂ ਹਨ ਇਸ ਰੁਕਨ ਦੀ ਬਣਤਰ ਵੀ ਜੰਗ-ਜੂ ਅੰਦਾਜ਼ ਦੀ ਹੈ

ਇਸ ਦਾ ਰੁਕਨ ਮੁਸਤਫ਼ਇਲੁਨ ਹੈ ਅਤੇ ਇਸ ਦੀ ਬਣਤਰ ਇਸ ਤਰ੍ਹਾਂ ਹੈ

ਮੁਸਤਫ਼ਇਲੁਨ ਮੁਸਤਫ਼ਇਲੁਨ ਮੁਸਤਫ਼ਇਲੁਨ ਮੁਸਤਫ਼ਇਲੁਨ

SSIS SSIS SSIS SSIS

4. ਬਹਿਰ ਕਾਮਿਲ

ਕਾਮਿਲ ਦਾ ਅਰਥ ਹੈ, ਪੂਰਨ ਜਾਂ ਮੁਕੰਮਲ ਇਹ ਬਹਿਰ ਬਿਲਕੁਲ ਉਸੇ ਤਰ੍ਹਾਂ ਕਹੀ ਜਾਂਦੀ ਹੈ ਜਿਸ ਤਰ੍ਹਾਂ ਖ਼ਲੀਲ ਬਿਨ ਅਹਿਮਦ ਨੇ ਬਣਾਈ ਸੀ, ਇਹ ਮੁਤੁਫ਼ਾਇਲੁਨ ਰੁਕਨ ਤੋਂ ਬਣਦੀ ਹੈ ਮੁਤੁਫਾਇਲੁਨ ਰੁਕਨ ਦੇ ਮੁੱਢ ਵਿਚ ਸਬਬ ਸ਼ਕੀਲ ਯਾਨੀ ਮੁਤਹੱਰਕ ਅੱਖਰ ਹਨ , ਜਿਨ੍ਹਾਂ ਦਾ ਪੰਜਾਬੀ ਵਿੱਚ ਉਚਾਰਨ ਮੁਸ਼ਕਿਲ ਹੁੰਦਾ ਹੈ ਜੇ ਇਸ ਨੂੰ ਪੰਜਾਬੀ ਵਿੱਚ ਲਿਖਿਆ ਵੀ ਜਾਵੇ ਤਾਂ ਮੁੱਢਲੇ ਸ਼ਬਦ ਦੀਆਂ ਦੋ ਦੀਰਘ ਲਗਾਂ ਗਿਰਾਉਣੀਆਂ ਪੈਂਦੀਆਂ ਹਨ ਕਾਮਿਲ ਬਹਿਰ ਦੀ ਬਣਤਰ ਇਸ ਤਰ੍ਹਾਂ ਹੈ

ਮੁਤੁਫਾਇਲੁਨ ਮੁਤੁਫਾਇਲੁਨ ਮੁਤੁਫਾਇਲੁਨ ਮੁਤੁਫਾਇਲੁਨ

IISIS IISIS IISIS IISIS

ਬਹਿਰ ਰਜ਼ਜ ਅਤੇ ਬਹਿਰ ਕਾਮਿਲ ਨੂੰ ਯਾਦ ਕਰਨ ਵਾਸਤੇ—

"ਰਜਜ ਬਹਿਰ ਮੁਸਤਫ਼ਇਲੁਨ, ਇਸ ਦਾ ਰੁਕਨ ਪਛਾਣ,
ਮੁਤੁਫਾਇਲੁਨ ਰੁਕਨ ਹੈ ਜੋ, ਇਸ ਨੂੰ ਕਾਮਿਲ ਜਾਣ "

5. ਬਹਿਰ ਵਾਫਿਰ—

ਵਾਫ਼ਿਰ ਦਾ ਅਰਥ ਹੈ, ਅਧਿਕ ਜਾਂ ਵਾਧੂ ਇਸ ਬਹਿਰ ਦਾ ਨਾਮ ਵਾਫ਼ਿਰ ਇਸ ਕਰ ਕੇ ਪਿਆ ਹੈ ਕਿ ਇਸ ਵਿੱਚ ਹਰਕਤਾਂ ਭਾਵ ਮੁਤਹੱਰਕ ਅੱਖਰਾਂ ਦੀ ਅਧਿੱਕ ਵਰਤੋਂ ਹੁੰਦੀ ਹੈ ਮੁਫਾਇਲਤੁਨ ਸੱਤ ਅੱਖਰੀ ਰੁਕਨ ਵਿਚ ਪੰਜ ਮੁਤਹੱਰਕ ਅੱਖਰ ਹਨ, ਸਿਰਫ਼ ਦੋ ਅੱਖਰ ਹੀ ਸਾਕਿਨ ਹਨ ਕੁੱਝ ਸਾਲ ਪਹਿਲਾਂ ਇਸ ਨੂੰ ਪੰਜਾਬੀ ਵਿੱਚ ਲਿਖਣਾ ਲੱਗ-ਭਗ ਅਸੰਭਵ ਹੀ ਸਮਝਿਆ ਜਾਂਦਾ ਸੀ ਇੱਥੋਂ ਤਕ ਕਿ ਉਸਤਾਦ ਦੀਪਕ ਜੈਤੋਈ ਸਾਹਿਬ ਨੇ ਵੀ ਕਹਿ ਦਿੱਤਾ ਸੀ ਕਿ ਬਹਿਰ ਵਾਫ਼ਿਰ ਪੰਜਾਬੀ ਵਿੱਚ ਵਰਤਣੀ ਅਸੰਭਵ ਹੈ ਪਰ ਅਸੀਂ ਤੇ ਸ਼ਾਇਰ ਦਵਿੰਦਰ ਪੂਨੀਆ ਨੇ ਸਫ਼ਲਤਾ ਸਹਿਤ ਇਸ ਬਹਿਰ ਨੂੰ ਪੰਜਾਬੀ ਵਿੱਚ ਨਿਭਾਇਆ ਹੈ ਸ਼ਿਅਰਾਂ ਦੀ ਉਦਾਹਰਣਾਂ ਕਿਸੇ ਅਗਲੇ ਲੇਖ ਵਿਚ ਦਿਆਂਗੇ ਬਹਿਰ ਵਾਫਿਰ ਮੁਫਾਇਲੁਤੁਨ ਰੁਕਨ ਤੋਂ ਬਣਦੀ ਹੈ ਇਸ ਦੀ ਬਣਤਰ ਇਸ ਪ੍ਰਕਾਰ ਹੈ

ਮੁਫ਼ਾਇਲੁਤੁਨ ਮੁਫ਼ਾਇਲੁਤੁਨ ਮੁਫ਼ਾਇਲੁਤੁਨ ਮੁਫ਼ਾਇਲੁਤੁਨ

ISIIS ISIIS ISIIS ISIIS

"ਪੰਜਾਬੀ ਦੀ ਸ਼ਾਇਰੀ, ਇਸ ਤੋਂ ਹੈ ਅਣਜਾਣ,
ਮੁਫਇਲਤੁਨ ਦਾ ਰੁਕਨ ਹੈ, ਵਾਫਿਰ ਦੀ ਪਹਿਚਾਣ "

ਪਹਿਲਾਂ ਬਿਆਨ ਕੀਤੀਆਂ ਪੰਜ ਬਹਿਰਾਂ ਸੱਤ ਅੱਖਰੀ ਰੁਕਨ ਤੋਂ ਬਣਦੀਆਂ ਹਨ ਦੋ ਬਹਿਰਾਂ, ਬਹਿਰ ਮੁਤਕਾਰਿਬ ਅਤੇ ਬਹਿਰ ਮੁਤਦਾਰਿਕ ਪੰਜ ਅੱਖਰੀ ਰੁਕਨਾਂ ਤੋਂ ਬਣਦੀਆਂ ਹਨ, ਜਿਹੜੇ ਕਰਮਵਾਰ ਫ਼ਊਲੁਨ ਅਤੇ ਫ਼ਾਇਲੁਨ ਰੁਕਨ ਹਨ

6. ਬਹਿਰ ਮੁਤਕਾਰਿਬ

ਅਰਬੀ ਭਾਸ਼ਾ ਵਿੱਚ ਮੁਤਕਾਰਿਬ ਦਾ ਅਰਥ ਨੇੜੇ ਹੋਣਾ ਹੁੰਦਾ ਹੈ ਪੰਜ ਅੱਖਰੀ ਰੁਕਨ ਫਊਲੁਨ ਤੋਂ ਬਹਿਰ ਮੁਤਕਾਰਿਬ ਬਣਦੀ ਹੈ ਪੰਜ ਅੱਖਰੀ ਰੁਕਨ ਹੋਣ ਕਰਕੇ ਉਚਾਰਣ ਸਮੇਂ ਇਹ ਨੇੜੇ ਨੇੜੇ ਲਗਦੇ ਹਨ ਇਸ ਕਰਕੇ ਇਸ ਬਹਿਰ ਦਾ ਨਾਮ ਮੁਤਕਾਰਿਬ ਪੈ ਗਿਆ ਅਰਬੀ ਸ਼ਬਦ ਕੁਰਬ ਜਿਸਦਾ ਅਰਥ ਨਜ਼ਦੀਕ ਹੁੰਦਾ ਹੈ , ਇਸ ਤਰ੍ਹਾਂ ਹੀ ਕੁਰਬ ਤੋਂ ਕੁਰਬਤ ਬਣਿਆ, ਜਿਸਦਾ ਅਰਥ ਨੇੜਤਾ ਹੁੰਦਾ ਹੈ ਅਤੇ ਇਸ ਤੋਂ ਹੀ ਇਸ ਬਹਿਰ ਨੂੰ ਇਹ ਨਾਮ ਮਿਲਿਆ ਹੈ ਇਸ ਬਹਿਰ ਦੀ ਬਣਤਰ —

ਫਊਲੁਨ ਫਊਲੁਨ ਫਊਲੁਨ ਫਊਲੁਨ

ISS ISS ISS ISS

ਇਸ ਨੂੰ ਯਾਦ ਰੱਖਣ ਵਾਸਤੇ-

"ਜੇਕਰ ਚਾਹੋਂ ਜਾਨਣੀ, ਮੁਤਕਾਰਿਬ ਦੀ ਚਾਲ,

ਮੁਤਕਾਰਿਬ ਜੋ ਬਹਿਰ ਹੈ, ਬਣਦੀ ਫਊਲੁਨ ਨਾਲ ”

7. ਬਹਿਰ ਮੁਤਦਾਰਿਕ

ਅਰਬੀ ਭਾਸ਼ਾ ਵਿਚ ਮੁਤਦਾਰਿਕ ਦਾ ਅਰਥ ਮਿਲਣ ਵਾਲਾ ਹੁੰਦਾ ਹੈ ਅਬੁਲ ਹਸਨ ਅਖ਼ਫ਼ਸ਼ ਨੇ ਇਸ ਨੂੰ ਖ਼ਲੀਲ ਬਿਨ ਅਹਿਮਦ ਤੋਂ ਬਾਦ ਈਜ਼ਾਦ ਕੀਤਾ ਅਤੇ ਇਸ ਤਰ੍ਹਾਂ ਇਹ ਬਹਿਰ ਖ਼ਲੀਲ ਬਿਨ ਅਹਿਮਦ ਦੀਆਂ ਈਜ਼ਾਦ ਕੀਤੀਆਂ ਬਹਿਰਾਂ ਨਾਲ ਮਿਲ ਗਈ ਇਸੇ ਕਰਕੇ ਇਸ ਬਹਿਰ ਦਾ ਨਾਮ ਮੁਤਦਾਰਿਕ ਪੈ ਗਿਆ ਇਸ ਬਹਿਰ ਦੀ ਬਣਤਰ ਇਸ ਤਰ੍ਹਾਂ ਹੈ

ਫਾਇਲੁਨ	ਫਾਇਲੁਨ	ਫਾਇਲੁਨ	ਫਾਇਲੁਨ
SIS	SIS	SIS	SIS

ਮੁਤਦਾਰਿਕ ਇਸ ਦਾ ਨਾਮ ਹੈ, ਏਨਾਂ ਰੱਖੋ ਖ਼ਿਆਲ,

ਬਣਦੀ ਫ਼ਾਇਲੁਨ ਰੁਕਨ ਤੋਂ, ਇਸ ਬਹਿਰ ਦੀ ਚਾਲ ”

ਇਸ ਤਰ੍ਹਾਂ ਦੋਸਤੋ ਤੁਸੀਂ ਦੇਖ ਲਿਆ ਹੈ ਕਿ ਅਰੂਜ਼ ਦੀਆਂ ਸੱਤ ਮੁਫਰਦ ਬਹਿਰਾਂ ਇਕ ਇਕ ਰੁਕਨ ਤੋਂ ਬਣਦੀਆਂ ਹਨ ਅੱਠਵਾਂ ਰੁਕਨ ਮਫ਼ਊਲਾਤ ਇਕੱਲਾ ਕੋਈ ਬਹਿਰ ਨਹੀਂ ਬਣਾਉਂਦਾ ਮਫ਼ਊਲਾਤ ਦੂਸਰੇ ਰੁਕਨਾਂ ਦੇ ਨਾਲ ਮਿਲ ਕੇ ਮੁਰੱਕਬ ਬਹਿਰ ਬਣਾਉਂਦਾ ਹੈ ਮੁਰੱਕਬ ਬਹਿਰ ਦਾ ਜ਼ਿਕਰ ਅੱਗੇ ਚੱਲ ਕੇ ਕਰਾਂਗੇ

ਮੁਰੱਕਬ ਬਹਿਰਾਂ— ਮੁਰੱਕਬ ਬਹਿਰਾਂ ਦੋ ਦੋ ਰੁਕਨਾਂ ਦੇ ਸੁਮੇਲ ਤੋਂ ਬਣਦੀਆਂ ਹਨ

8. ਬਹਿਰ ਮੁਜਸਤ—

ਮੁਜਸਤ ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਸ਼ਾਬਦਿਕ ਅਰਥ ਜੜੋਂ ਉਖਾੜ੍ਹਨਾ ਹੁੰਦਾ ਹੈ ਇਸ ਬਹਿਰ ਦਾ ਨਾਂ ਮੁਜਸਤ ਇਸ ਕਰਕੇ ਪਿਆ ਹੈ ਕਿ ਇਹ ਬਹਿਰ ਖ਼ਫੀਫ਼ ਵਿੱਚੋਂ ਕੱਢੀ ਗਈ ਹੈ ਇਹ ਦੋ ਰੁਕਨਾਂ ਦੇ ਸੁਮੇਲ ਤੋਂ ਬਣਾਈ ਗਈ ਹੈ ਇਸ ਬਹਿਰ ਦੇ ਅਰਕਾਨ ਹਨ—

ਮੁਸਤਫ਼ਇਲੁਨ	ਫਾਇਲਾਤੁਨ	ਮੁਸਤਫ਼ਇਲੁਨ	ਫਾਇਲਾਤੁਨ
SSIS	SISS	SSIS	SISS

ਇਹ ਬਹਿਰ ਉਰਦੂ ਵਿੱਚ ਸਾਲਿਮ ਨਹੀਂ ਮਿਲਦੀ , ਜ਼ਿਹਾਫ਼ਾਂ ਨਾਲ ਮਿਲਦੀ ਹੈ, ਅਤੇ ਉਰਦੂ ਵਿੱਚ ਬੜੀ ਹਰਮਨ ਪਿਆਰੀ ਹੈ ਪੰਜਾਬੀ ਸ਼ਾਇਰਾਂ ਨੇ ਵੀ ਇਸ ਬਹਿਰ ਵਿੱਚ ਗ਼ਜ਼ਲਾਂ ਕਹੀਆਂ ਹਨ

9. ਬਹਿਰ ਮੁਜ਼ਾਰਿਆ

ਮੁਜ਼ਾਰਿਆ ਦਾ ਅਰਬੀ ਭਾਸ਼ਾ ਵਿੱਚ ਅਰਥ, ਕਿਸੇ ਵਰਗਾ ਹੋਣਾ, ਕਿਸੇ ਦੇ ਸਮਰੂਪ ਹੋਣਾ ਹੈ ਕਈ ਵਿਦਵਾਨ ਇਸ ਨੂੰ ਹਜ਼ਜ ਬਹਿਰ ਵਰਗੀ ਮੰਨਦੇ ਹਨ

ਅਤੇ ਕਈ ਵਿਦਵਾਨ ਬਹਿਰ ਮੁਨਸਰਿਹ ਵਰਗੀ ਇਸੇ ਅਧਾਰ ਤੇ ਇਸ ਬਹਿਰ ਦਾ ਨਾਮ ਬਹਿਰ ਮੁਜ਼ਾਰਿਆ ਰੱਖਿਆ ਗਿਆ ਹੈ ਇਹ ਬਹਿਰ ਪੰਜਾਬੀ ਵਿਚ ਘੱਟ ਵਰਤੀ ਗਈ ਹੈ ਪਰ ਇਸ ਦੇ ਦੋ ਕੁ ਜ਼ਿਹਾਫ਼ੇ ਰੂਪ ਪੰਜਾਬੀ ਵਿੱਚ ਬੜੇ ਹਰਮਨ ਪਿਆਰੇ ਹਨ ਇਸ ਦੇ ਅਰਕਾਨ ਹਨ.

ਮੁਫਾਈਲੁਨ	ਫਾਇਲਾਤੁਨ	ਮੁਫਾਈਲੁਨ	ਫਾਇਲਾਤੁਨ
ISSS	SISS	ISSS	SISS

1. ਬਹਿਰ ਮੁਨਸਰਿਹ

ਮੁਨਸਰਿਹ ਦਾ ਅਰਬੀ ਭਾਸ਼ਾ ਵਿੱਚ ਅਰਥ ਸੌਖਾ ਸਰਲ ਜਾਂ ਅਸਾਨ ਹੈ ਮੁਨਸਰਿਹ ਦਾ ਇੱਕ ਅਰਥ ਕੱਪੜਿਆਂ ਤੋਂ ਬਾਹਰ ਹੋਣਾ ਵੀ ਹੁੰਦਾ ਹੈ ਕਿਸੇ ਟਾਂਵੇਂ ਵਿਰਲੇ ਸ਼ਾਇਰ ਨੇ ਹੀ ਇਸ ਬਹਿਰ ਵਿੱਚ ਗ਼ਜ਼ਲ ਕਹੀ ਹੈ ਇਹ ਬਹਿਰ ਦੋ ਰੁਕਨਾਂ ਮੁਸਤਫ਼ਇਲੁਨ ਅਤੇ ਮਫ਼ਊਲਾਤ ਤੋਂ ਬਣੀ ਹੈ ਇਸ ਬਹਿਰ ਦੇ ਅਰਕਾਨ ਹਨ-

ਮੁਸਤਫ਼ਇਲੁਨ	ਮਫ਼ਊਲਾਤ	ਮੁਸਤਫ਼ਇਲੁਨ	ਮਫ਼ਊਲਾਤ
SSIS	SSSI	SSIS	SSSI

11. ਬਹਿਰ ਮੁਕਤਜ਼ਬ

ਮੁਕਤਜ਼ਬ ਦਾ ਅਰਬੀ ਭਾਸ਼ਾ ਵਿੱਚ ਅਰਥ ਹੈ ਕੱਟਣਾ ਬਹਿਰ ਮੁਕਤਜ਼ਬ ਦਾ ਇਹ ਨਾਂ ਇਸ ਕਰਕੇ ਪਿਆ ਕਿ ਇਹ ਬਹਿਰ ਮੁਨਸਰਿਹ 'ਚੋਂ ਕੱਟ ਕੇ ਕੱਢੀ ਗਈ ਹੈ ਬਹਿਰ ਮੁਨਸਰਿਹ ਦੇ ਰੁਕਨ ਕ੍ਰਮਵਾਰ ਮੁਸਤਫ਼ਇਲੁਨ ਮਫ਼ਊਲਾਤ ਦੋ ਵਾਰ ਦੁਹਰਾਏ ਗਏ ਹਨ ਇਸ ਬਹਿਰ ਵਿਚ ਇਨ੍ਹਾਂ ਰੁਕਨਾਂ ਦੀ ਤਰਤੀਬ ਉਲਟਾ ਦਿੱਤੀ ਗਈ ਹੈ ਬਹਿਰ ਮੁਕਤਜ਼ਬ ਦੇ ਰੁਕਨ ਹਨ—

ਮਫ਼ਊਲਾਤ	ਮੁਸਤਫ਼ਇਲੁਨ	ਮਫ਼ਊਲਾਤ	ਮੁਸਤਫ਼ਇਲੁਨ
SSSI	SSIS	SSSI	SSIS

ਇਹ ਬਹਿਰ ਵੀ ਪੰਜਾਬੀ ਵਿਚ ਕਿਸੇ ਇਕ ਅੱਧੇ ਸ਼ਾਇਰ ਨੇ ਹੀ ਕਹੀ ਹੈ ਇਸ ਕਰਕੇ ਇਹ ਬਹਿਰ ਵੀ ਪੰਜਾਬੀ ਵਿੱਚ ਬਹੁਤੀ ਪ੍ਰਚਲਿਤ ਨਹੀਂ ਹੈ

12. ਬਹਿਰ ਤਵੀਲ

ਤਵੀਲ ਦਾ ਅਰਬੀ ਸ਼ਬਦਾਰਥ ‘ਲੰਮੀ’ ਹੁੰਦਾ ਹੈ ਇਸ ਬਹਿਰ ਦਾ ਨਾਮ ਬਹਿਰ ਤਵੀਲ ਇਸੇ ਕਰਕੇ ਪਿਆ ਕਿ ਜਦੋਂ ਅਰਬ ਵਿੱਚ ਸ਼ਾਇਰ ਲੋਕ ਸ਼ਿਅਰ ਕਹਿਣ ਲੱਗੇ ਤਾਂ ਇਸ ਬਹਿਰ ਨਾਲੋਂ ਲੰਮੀ ਹੋਰ ਕੋਈ ਵੀ ਬਹਿਰ ਨਹੀਂ ਸੀ ਮਗਰੋਂ ਜਾ ਕੇ ਇਸ ਨਾਲੋਂ ਵੀ ਹੋਰ ਕਿਤੇ ਲੰਮੀਆਂ ਬਹਿਰਾਂ ਵਰਤੀਆਂ ਜਾਣ ਲੱਗ ਪਈਆਂ ਇਹ ਬਹਿਰ ਫ਼ਊਲੁਨ ਅਤੇ ਮੁਫਾਈਲੁਨ ਰੁਕਨ ਤੋਂ ਮਿਲ ਕੇ ਬਣੀ ਹੈ ਇਸ ਦੀ ਬਣਤਰ ਇਸ ਪ੍ਰਕਾਰ ਹੈ—

ਫ਼ਊਲੁਨ	ਮੁਫਾਈਲੁਨ	ਫ਼ਊਲੁਨ	ਮੁਫਾਈਲੁਨ
ISS	ISSS	ISS	ISSS

13. ਬਹਿਰ ਮਦੀਦ

ਮਦੀਦ ਦਾ ਅਰਬੀ ਭਾਸ਼ਾ ਵਿਚ ਅਰਥ ਹੈ 'ਖਿੱਚਣਾ' ਇਸ ਬਹਿਰ ਦਾ ਨਾਮ ਬਹਿਰ ਮਦੀਦ ਇਸ ਕਰਕੇ ਰੱਖਿਆ ਗਿਆ ਕਿ ਇਹ ਬਹਿਰ ਤਵੀਲ 'ਚੋਂ ਖਿੱਚ ਕੇ ਬਣਾਈ ਗਈ ਹੈ ਇਹ ਬਹਿਰ ਅਰਬੀ ਵਿੱਚ ਹੀ ਕਹੀ ਜਾਂਦੀ ਹੈ ਉਰਦੂ ਫਾਰਸੀ ਵਿੱਚ ਵੀ ਜ਼ਿਆਦਾ ਹਰਮਨ ਪਿਆਰੀ ਨਹੀਂ ਇਸ ਦੇ ਰੁਕਨ ਹਨ—

ਫਾਇਲਾਤੁਨ ਫਾਇਲੁਨ ਫਾਇਲਾਤੁਨ ਫਾਇਲੁਨ
SISS SIS SISS SIS

14. ਬਹਿਰ ਬਸੀਤ

ਬਸੀਤ ਦਾ ਅਰਬੀ ਭਾਸ਼ਾ ਵਿੱਚ ਅਰਥ ਹੈ ਵਿਛਿਆ ਹੋਇਆ ਇਸ ਬਹਿਰ ਦੇ ਰੁਕਨ ਜਦੋਂ ਉਚਾਰੇ ਜਾਂਦੇ ਹਨ ਤਾਂ ਇਉਂ ਲਗਦਾ ਹੈ ਜਿਵੇਂ ਸ਼ਬਦ ਵਿਛੇ ਹੋਏ ਹੋਣ ਇਸ ਦੇ ਰੁਕਨ ਹਨ–

ਮੁਸਤਫ਼ਇਲੁਨ ਫਾਇਲੁਨ ਮੁਸਤਫ਼ਇਲੁਨ ਫਾਇਲੁਨ
SSIS SIS SSIS SIS

ਇਹ ਬਹਿਰ ਵੀ ਪੰਜਾਬੀ ਵਿੱਚ ਪ੍ਰਚਲਿਤ ਨਹੀਂ ਹੈ

ਉਪਰੋਕ ਸੱਤ ਮੁਰੱਕਬ ਬਹਿਰਾਂ ਅੱਠ ਅੱਠ ਰੁਕਨਾਂ ਤੋਂ ਬਣੀਆਂ ਹੋਈਆਂ ਹਨ, ਅਰਥਾਤ ਸ਼ਿਅਰ ਵਿੱਚ ਅੱਠ ਰੁਕਨ ਵਰਤੇ ਜਾਂਦੇ ਹਨ ਇਕ ਮਿਸਰੇ ਵਿੱਚ ਚਾਰ ਚਾਰ ਰੁਕਨ ਹੋਣ ਤਾਂ ਬਹਿਰ ਨੂੰ ਮੁਸੰਮਨ ਬਹਿਰ ਕਿਹਾ ਜਾਂਦਾ ਹੈ ਮੁਸੰਮਨ ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਮਤਲਬ ਅੱਠ ਹੁੰਦਾ ਹੈ

ਹੁਣ ਅਸੀਂ ਪੰਜ ਹੋਰ ਮੁਕੱਰਬ ਬਹਿਰਾਂ ਬਾਰੇ ਚਰਚਾ ਕਰਾਂਗੇ, ਜਿਨ੍ਹਾਂ ਨੂੰ ਮੁਸੱਦਸ ਬਹਿਰਾਂ ਕਿਹਾ ਜਾਂਦਾ ਹੈ ਮੁਸੱਦਸ ਦਾ ਅਰਥ ਅਰਬੀ ਵਿੱਚ ਛੇ ਹੁੰਦਾ ਹੈ ਜਿਸ ਦਾ ਭਾਵ ਇਹ ਹੈ ਕਿ ਇਹ ਛੇ ਰੁਕਨੀਂ ਬਹਿਰਾਂ ਹਨ

15. ਬਹਿਰ ਸਰੀਅ

ਸਰੀਅ ਦਾ ਅਰਥ ਹੈ ਛੇਤੀ ਯਾਨੀ ਜਲਦੀ ਇਸ ਬਹਿਰ ਦੇ ਰੁਕਨ ਅਜਿਹੇ ਹਨ, ਜਿਹੜੇ ਪੜ੍ਹਨ ਸਮੇਂ ਛੇਤੀ ਉਚਾਰੇ ਜਾਂਦੇ ਹਨ ਇਸ ਕਰਕੇ ਇਸ ਬਹਿਰ ਦਾ ਨਾਮ ਸਰੀਅ ਰੱਖਿਆ ਗਿਆ ਹੈ ਇਹ ਬਹਿਰ ਵੀ ਪੰਜਾਬੀ ਵਿੱਚ ਸਾਲਮ ਨਹੀਂ ਵਰਤੀ ਜਾਂਦੀ ਇਸ ਦਾ ਇੱਕ ਅੱਧਾ ਜਿਹਾਫ਼ਿਆ ਰੂਪ ਕਿਸੇ ਕਿਸੇ ਪੰਜਾਬੀ ਸ਼ਾਇਰ ਨੇ ਵਰਤਿਆ ਹੈ ਬਹਿਰ ਸਰੀਅ ਦੇ ਰੁਕਨ ਹਨ—

ਮੁਸਤਫ਼ਇਲੁਨ ਮੁਸਤਫ਼ਇਲੁਨ ਮਫ਼ਊਲਾਤ
SSIS SSIS SSSI

16. ਬਹਿਰ ਖ਼ਫ਼ੀਫ਼

ਖ਼ਫ਼ੀਫ਼ ਦਾ ਅਰਥ ਹੈ ਹਲਕੀ ਫੁਲਕੀ ਬਹਿਰ ਖ਼ਫ਼ੀਫ਼ ਛੇ ਰੁਕਨੀਂ ਯਾਨੀ ਮੁਸੱਦਸ ਬਹਿਰ ਹੈ ਇਸ ਦੇ ਰੁਕਨ ਵੀ ਬੜੀ ਅਸਾਨੀ ਨਾਲ ਉਚਾਰੇ ਜਾਂਦੇ ਹਨ, ਭਾਵ ਉਚਾਰਨ ਸਮੇਂ ਬੋਝਲ ਨਹੀਂ ਲਗਦੇ ਇਸ ਦੇ ਇਸੇ ਗੁਣ ਕਰਕੇ ਇਸ ਦਾ

ਨਾਮ ਖ਼ਫ਼ੀਫ ਰੱਖਿਆ ਗਿਆ ਹੈ ਬਹਿਰ ਖ਼ਫ਼ੀਫ਼ ਵੀ ਪੰਜਾਬੀ ਵਿੱਚ ਸਾਲਮ ਨਹੀਂ ਵਰਤੀ ਜਾਂਦੀ ਇਸ ਦਾ ਵੀ ਇੱਕ ਜਿਹਾਫ਼ਿਆ ਰੂਪ ਹੈ ਜਿਹੜਾ ਪੰਜਾਬੀ ਵਿੱਚ ਬਹੁਤ ਹਰਮਨ ਪਿਆਰਾ ਹੈ ਉਰਦੂ ਫਾਰਸੀ ਵਿੱਚ ਇਹ ਬਹਿਰ ਬੜੀ ਮਕਬੂਲ ਹੈ ਇਸ ਦੇ ਰੁਕਨ ਹਨ—

ਫਾਇਲਾਤੁਨ ਮੁਸਤਫ਼ਇਲੁਨ ਫਾਇਲਾਤੁਨ
SISS SSIS SISS

17. ਬਹਿਰ ਕਰੀਬ

ਬਹਿਰ ਕਰੀਬ ਖਲੀਲ ਬਿਨ ਅਹਿਮਦ ਤੋਂ ਲਗਪਗ ਇਕ ਹਜ਼ਾਰ ਸਾਲ ਪਿੱਛੋਂ ਅਠਾਰਵੀਂ ਸਦੀ ਵਿੱਚ ਮੌਲਾਨਾ ਯੁਸਫ਼ ਨੇਸ਼ਾਪੁਰੀ ਨੇ ਈਜਾਦ ਕੀਤੀ ਸੀ ਕਰੀਬ ਦਾ ਅਰਥ ਹੈ ਨੇੜੇ ਜਾਂ ਨਜ਼ਦੀਕ ਕਿਉਂ ਕਿ ਇਹ ਬਹਿਰ, ਬਹਿਰ ਮੁਜ਼ਾਰਿਆ ਅਤੇ ਬਹਿਰ ਹਜਜ ਦੇ ਬਹੁਤ ਨੇੜੇ ਹੈ ਇਸ ਕਰਕੇ ਇਸ ਦਾ ਨਾਮ ਕਰੀਬ ਰੱਖਿਆ ਗਿਆ ਇਸ ਦੇ ਰੁਕਨ—

ਮੁਫਾਈਲੁਨ ਮੁਫਾਈਲੁਨ ਫਾਇਲਾਤੁਨ

ਬਹਿਰ ਹਜ਼ਜ਼ ਦੇ ਰੁਕਨ ਮੁਫਾਈਲੁਨ ਅਤੇ ਬਹਿਰ ਮੁਜ਼ਾਰਿਆ ਦੇ ਰੁਕਨ ਫਾਇਲਾਤੁਨ ਮੁਫਾਈਲੁਨ ਫਾਇਲਾਤੁਨ ਹਨ, ਜਿਹੜੇ ਕਿ ਬਹਿਰ ਕਰੀਬ ਦੇ ਰੁਕਨਾਂ ਵਰਗੇ ਹੀ ਹਨ ਬਹਿਰ ਕਰੀਬ ਪੰਜਾਬੀ ਵਿਚ ਵੀ ਬਹੁਤੀ ਪ੍ਰਚਲਿਤ ਨਹੀਂ ਹੈ ਇਹ ਬਹਿਰ ਵੀ ਬਹਿਰ ਮੁਸੱਦਸ ਯਾਨੀ ਕਿ ਛੇ ਰੁਕਨੀ ਬਹਿਰ ਹੀ ਹੈ

18. ਬਹਿਰ ਮੁਸ਼ਾਕਲ

ਮੁਸ਼ਾਕਲ ਸ਼ਬਦ ਦਾ ਅਰਥ ਹੈ ਹਮਸ਼ਕਲ, ਜਿਸ ਤਰ੍ਹਾਂ ਦੋ ਜੌੜੇ ਬੱਚਿਆਂ ਦੀਆਂ ਸ਼ਕਲਾਂ ਆਪਸ ਵਿਚ ਰਲ਼ਦੀਆਂ ਮਿਲ਼ਦੀਆਂ ਹੁੰਦੀਆਂ ਹਨ ਇਸੇ ਤਰ੍ਹਾਂ ਬਹਿਰ ਮੁਸ਼ਕਲ ਦੇ ਰੁਕਨ ਬਹਿਰ ਕਰੀਬ ਦੇ ਰੁਕਨਾਂ ਨਾਲ ਮਿਲਦੇ ਜੁਲਦੇ ਹੀ ਹਨ ਇਸ ਤਰ੍ਹਾਂ ਬਹਿਰ ਮੁਸ਼ਾਕਲ ਬਹਿਰ ਕਰੀਬ ਦੀ ਹਮਸ਼ਕਲ ਹੀ ਹੈ ਜਿਵੇਂ ਕਿ ਤੁਹਾਨੂੰ ਦੱਸਿਆ ਗਿਆ ਹੈ ਕਿ ਬਹਿਰ ਕਰੀਬ ਦੇ ਰੁਕਨ ਹਨ ਮੁਫਾਈਲੁਨ, ਮੁਫਾਈਲੁਨ, ਫਾਇਲਾਤੁਨ ਹੁਣ ਜੇ ਇਨ੍ਹਾਂ ਰੁਕਨਾਂ ਦੀ ਤਰਤੀਬ ਉਲਟ ਦੇਈਏ ਤਾਂ ਇਹ ਬਹਿਰ ਮੁਸ਼ਾਕਲ ਬਣ ਜਾਂਦੀ ਹੈ ਇਸ ਤਰ੍ਹਾਂ ਬਹਿਰ ਮੁਸ਼ਾਕਲ ਦੇ ਰੁਕਨ ਹਨ—

ਫਾਇਲਾਤੁਨ ਮੁਫਾਈਲੁਨ ਮੁਫਾਈਲੁਨ
SISS ISSS ISSS

19. ਬਹਿਰ ਜਦੀਦ

ਜਦੀਦ ਦਾ ਅਰਥ ਹੈ, ਨਵਾਂ ਜਾਂ ਮੌਡਰਨ ਇਸ ਬਹਿਰ ਦਾ ਇਹ ਨਾਮ ਇਸੇ ਕਰਕੇ ਹੀ ਪਿਆ ਹੈ ਕਿ ਇਹ ਬਹਿਰ ਅਰੂਜ਼ ਦੇ ਬਾਨੀ ਖ਼ਲੀਲ ਬਿਨ ਅਹਿਮਦ ਦੇ ਮਗਰੋਂ ਈਜ਼ਾਦ ਕੀਤੀ ਗਈ ਯਾਦ ਰਹੇ ਕਿ ਬਹਿਰ ਮੁਸ਼ਾਕਲ ਅਤੇ ਬਹਿਰ

ਜਦੀਦ ਇਰਾਨੀ ਅਰੂਜ਼ੀਆਂ ਨੇ ਈਜ਼ਾਦ ਕੀਤੀਆਂ ਹਨ   ਇਹ ਬਹਿਰਾਂ ਅਰਬੀ ਜ਼ੁਬਾਨ ਵਿੱਚ ਨਹੀਂ ਵਰਤੀਆਂ ਜਾਦੀਆਂ   ਇਸ ਦੇ ਰੁਕਨ ਹਨ—

ਫਾਇਲਾਤੁਨ	ਫਾਇਲਾਤੁਨ	ਮੁਸਤਫ਼ਇਲੁਨ
SISS	SISS	SSIS

ਪਿਆਰੇ ਦੋਸਤੋ ਤੁਸੀਂ ਅਰੂਜ਼ ਦੀਆਂ 19 ਬਹਿਰਾਂ ਦਾ ਵੇਰਵਾ ਪੜ੍ਹ ਹੀ ਚੁੱਕੇ ਹੋ   ਉੱਨੀਂ ਬਹਿਰਾਂ ਨਾਲ ਜ਼ਿਹਾਫ਼ ਲਾ ਕੇ ਇਨ੍ਹਾਂ ਦੇ ਸੈਂਕੜੇ ਰੂਪ ਬਣ ਜਾਂਦੇ ਹਨ   ਕੋਈ ਵੀ ਵੱਡੇ ਤੋਂ ਵੱਡਾ ਸ਼ਾਇਰ ਇਹਨਾਂ ਬਹਿਰਾਂ ਦੇ ਸਾਰੇ ਰੂਪਾਂ ਵਿਚ ਸ਼ਿਅਰ ਨਹੀਂ ਕਹਿ ਸਕਿਆ   ਜੇ ਇਹ ਕਹਿ ਲਿਆ ਜਾਵੇ ਕਿ ਕੋਈ ਵੀ ਸ਼ਾਇਰ ਆਪਣੀ ਸਾਰੀ ਉਮਰ ਵਿੱਚ ਕਿਸੇ ਇੱਕ ਬਹਿਰ ਦੇ ਸਾਰੇ ਰੂਪ ਨਹੀਂ ਵਰਤ ਸਕਦਾ, ਤਾਂ ਕੋਈ ਅੱਤ-ਕਥਨੀ ਨਹੀਂ ਹੋਵੇਗੀ   ਇਕੱਲੀ ਬਹਿਰ ਹਜਜ ਦੇ ਲੱਗ-ਭਗ ਅੱਸੀ ਰੂਪ ਬਣ ਜਾਂਦੇ ਹਨ   ਇਨ੍ਹਾਂ ਅਰੂਜ਼ੀ ਬਹਿਰਾਂ ਦੀ ਇਸੇ ਵਿਸ਼ਾਲਤਾ ਕਰਕੇ ਅਰੂਜ਼ੀ ਪਰਿਭਾਸ਼ਾ ਵਿੱਚ ਇਨ੍ਹਾਂ ਦਾ ਨਾਮ ਬਹਿਰ ਰੱਖਿਆ ਗਿਆ ਹੈ   ਪੰਜਾਬੀ ਵਿੱਚ ਅਤੇ ਉਰਦੂ ਭਾਸ਼ਾ ਵਿੱਚ ਵੀ ਸਾਰੀਆਂ ਬਹਿਰਾਂ ਤੇ ਹੱਥ ਨਹੀਂ ਅਜ਼ਮਾਇਆ ਗਿਆ   ਅਜੇ ਬਹਿਰਾਂ ਦੇ ਅਨੇਕਾਂ ਰੂਪ ਹਨ ਜਿਨ੍ਹਾਂ ਤੇ ਕਿਸੇ ਸ਼ਾਇਰ ਨੇ ਕਲਮ ਨਹੀਂ ਅਜ਼ਮਾਈ   ਉਰਦੂ ਅਤੇ ਪੰਜਾਬੀ ਵਿੱਚ ਤਕਰੀਬ ਬਾਰਾਂ ਕੁ ਬਹਿਰਾਂ ਹੀ ਵਰਤੀਆਂ ਜਾਂਦੀਆਂ ਹਨ , ਜਿਵੇਂ ਬਹਿਰ ਹਜਜ, ਰਮਲ, ਮੁਤਕਾਰਿਬ, ਮੁਤਦਾਰਿਕ, ਕਾਮਿਲ, ਰਜਜ, ਵਾਫ਼ਰ, ਮੁਜਤਸ, ਮੁਜ਼ਾਰਿਆ, ਮਨਸਰਿਹ, ਖ਼ਫ਼ੀਫ਼, ਸਰੀਅ ਵਗੈਰਾ   ਬਾਕੀ ਬਚਦੀਆਂ ਸੱਤ ਬਹਿਰਾਂ ਵਿੱਚ ਸਿਰਫ਼ ਤਜ਼ਰਬੇ ਵਾਸਤੇ ਹੀ ਪੰਜਾਬੀ ਸ਼ਾਇਰਾਂ ਨੇ ਹੱਥ ਅਜ਼ਮਾਇਆ ਹੈ, ਪਰ ਉਹ ਪੰਜਾਬੀ ਵਿਚ ਪ੍ਰਚਲਿਤ ਨਹੀਂ ਹੋ ਸਕੀਆਂ

ਰੁਕਨਾਂ ਤੇ ਬਹਿਰਾਂ ਦੇ ਨਾਵਾਂ ਦਾ ਮਸਲਾ

"ਸਾਡਾ ਅਪਣਾ ਕੁੱਝ ਨਹੀਂ, ਚਿੰਤਨ ਸੋਚ ਖ਼ਿਆਲ,
ਇਹ ਤਾਂ ਕ੍ਰਿਸ਼ਨ ਵਿਰਾਸਤਾਂ, ਤੁਰੀਆਂ ਅਪਣੇ ਨਾਲ "

ਪਿਆਰੇ ਦੋਸਤੋ ਪੰਜਾਬੀ ਵਿੱਚ ਅੱਜ-ਕੱਲ੍ਹ ਅਰੂਜ਼ ਸਬੰਧੀ ਅਨੇਕਾਂ ਪੁਸਤਕਾਂ ਉਪਲਬਧ ਹਨ   ਅਨੇਕਾਂ ਉਸਤਾਦ ਸ਼ਾਇਰਾਂ ਅਤੇ ਅਰੂਜ਼ੀਆਂ ਨੇ ਆਪਣੇ ਆਪਣੇ ਢੰਗ ਨਾਲ ਅਰੂਜ਼ੀ ਪਰਿਭਾਸ਼ਾਵਾਂ ਨੂੰ ਸਰਲ ਢੰਗ ਨਾਲ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ   ਦਰਅਸਲ ਅਰੂਜ਼ ਸਬੰਧੀ ਗਿਆਨ ਸਾਡੇ ਪੁਰਖ਼ਿਆਂ ਰਾਹੀਂ ਸਾਡੇ ਤੀਕ ਪਹੁੰਚਿਆ ਹੈ   ਭਾਵੇਂ ਕਿ ਅਰੂਜ਼ ਦੀਆਂ ਸਾਰੀਆਂ ਪਰਿਭਾਸ਼ਾਵਾਂ ਅਰਬੀ ਵਿੱਚ ਹਨ ਪਰ ਇਹ ਇਲਮ ਪੰਜਾਬੀ ਵਿੱਚ ਏਨਾ ਹਰਮਨ ਪਿਆਰਾ ਹੋ ਚੁੱਕਿਆ ਹੈ ਕਿ ਬਹੁਤ ਸਾਰੇ ਸ਼ਾਇਰ ਆਪਣੇ ਆਪਣੇ ਢੰਗ ਨਾਲ ਇਸ ਤੇ ਅਮਲ ਕਰਨ ਦੀ ਕੋਸ਼ਿਸ਼ ਕਰ ਰਹੇ ਹਨ   ਇੱਕ ਗੱਲ ਅਸੀਂ ਤੁਹਾਨੂੰ ਸਪਸ਼ਟ ਕਰ ਦੇਣੀ ਚਹੁੰਦੇ ਹਾਂ ਕਿ ਅੱਜ ਤੱਕ ਸਾਡੇ ਸਾਰੇ ਉਸਤਾਦ ਸ਼ਾਇਰਾਂ ਜਾਂ ਅਰੂਜ਼ੀਆਂ ਨੇ ਇਲਮ ਅਰੂਜ਼ ਦੀ ਆਪਣੇ ਆਪਣੇ ਢੰਗ ਨਾਲ ਸਿਰਫ਼ ਵਿਆਖਿਆ ਹੀ ਕੀਤੀ ਹੈ, ਅਰੂਜ਼ ਵਿੱਚ ਕੋਈ ਨਵਾਂ ਵਾਧਾ ਨਹੀਂ ਕੀਤਾ, ਕੋਈ ਵੀ ਨਵੀਂ ਬਹਿਰ ਈਜ਼ਾਦ ਨਹੀਂ ਕੀਤੀ ਅਤੇ ਨਾ ਹੀ ਕੋਈ ਨਵੀਂ ਪਰਿਭਾਸ਼ਾ ਸਿਰਜੀ ਹੈ   ਏਨੇ ਤਜ਼ਰਬੇ ਜ਼ਰੂਰ ਹੋਏ ਹਨ ਕਿ ਕੁੱਝ ਅਣ-ਵਰਤੀਆਂ ਬਹਿਰਾਂ ਨੂੰ ਪੰਜਾਬੀ ਵਿੱਚ ਨਿਭਾਉਣ ਦੀ ਕੋਸ਼ਿਸ਼ ਕੀਤੀ ਗਈ ਹੈ   ਕੋਈ ਵੱਡਾ ਤੋਂ ਵੱਡਾ ਅਰੂਜ਼ੀ ਵੀ ਇਹ ਦਾਅਵਾ ਨਹੀਂ ਕਰ ਸਕਦਾ ਕਿ ਉਸ ਨੇ ਅਰੂਜ਼ ਵਿੱਚ ਕੋਈ ਵਾਧਾ ਕੀਤਾ ਹੈ   ਹਾਲੇ ਵੀ ਅਨੇਕਾਂ ਬਹਿਰਾਂ ਦੇ ਅਨੇਕਾਂ ਅਜਿਹੇ ਰੂਪ ਹਨ ਜਿਹੜੇ ਕਿਸੇ ਵੀ ਸ਼ਾਇਰ ਵੱਲੋਂ ਅਜ਼ਮਾਏ ਨਹੀਂ ਗਏ   ਦਰਅਸਲ ਇਹ ਇਲਮ-ਅਰੂਜ਼ ਏਨਾ ਮੁਕੰਮਲ ਹੈ ਕਿ ਇਸ ਵਿੱਚ ਕੋਈ ਨਵੇਂ ਵਾਧੇ ਦੀ ਗੁੰਜਾਇਸ਼ ਹੀ ਨਹੀਂ ਹੈ

ਕੁੱਝ ਸ਼ਾਇਰਾਂ ਤੇ ਅਰੂਜ਼ੀਆਂ ਨੇ ਅਰੂਜ਼ ਦੇ ਰੁਕਨਾਂ ਅਤੇ ਬਹਿਰਾਂ ਦੇ ਨਵੇਂ ਨਾਂ ਘੜਨ ਦੀ ਕੋਸ਼ਿਸ਼ ਜ਼ਰੂਰ ਕੀਤੀ ਹੈ   ਪਰ ਇਹ ਕੋਸ਼ਿਸ਼ ਕੋਈ ਬਹੁਤੀ ਸਾਰਥਿਕ ਨਹੀਂ ਕਹੀ ਜਾ ਸਕਦੀ, ਕਿਉਂਕਿ ਅੱਜ ਤੀਕ ਕੋਈ ਵੀ ਅਰੂਜ਼ੀ ਸਾਰੀਆਂ ਬਹਿਰਾਂ ਤੇ ਅਰੂਜ਼ ਦੇ ਅਫਾਈਲ ਬਾਰੇ ਕੋਈ ਬਦਲ ਨਹੀਂ ਪੇਸ਼ ਕਰ ਸਕਿਆ   ਅਰੂਜ਼ ਦੇ ਸਾਲਮ ਅੱਠ ਰੁਕਨਾਂ ਤੇ ਉਨ੍ਹਾਂ ਦੇ ਜ਼ਿਹਾਫ਼ੇ ਰੂਪਾਂ ਦੇ ਕੁਲ ਪੰਜਾਹ ਕੁ ਅਫਾਈਲ

ਬਣ ਜਾਂਦੇ ਹਨ

ਅਜਿਹੀ ਕੋਸ਼ਿਸ਼ ਸਿਰਫ਼ ਪੰਜਾਬੀ ਤੀਕ ਹੀ ਸੀਮਤ ਨਹੀਂ ਸਗੋਂ ਕਈ ਉਰਦੂ ਸ਼ਾਇਰਾਂ ਤੇ ਅਰੂਜ਼ੀਆਂ ਨੇ ਵੀ ਅਜਿਹੀਆਂ ਅਸਫ਼ਲ ਕੋਸ਼ਿਸ਼ਾਂ ਕੀਤੀਆਂ ਹਨ ਜਿਨ੍ਹਾਂ ਲੋਕਾਂ ਨੇ ਪੰਜਾਬੀ ਵਿੱਚ ਅਜਿਹੀਆਂ ਕੋਸ਼ਿਸ਼ਾਂ ਕੀਤੀਆਂ ਹਨ, ਉਹਨਾਂ ਦੇ ਨਾਵਾਂ ਦਾ ਜ਼ਿਕਰ ਕਰਦੇ ਹਾਂ

ਡਾ: ਐਸ ਤਰਸੇਮ ਨੇ ਬਹਿਰਾਂ ਦੇ ਦੇਸੀ ਨਾਵਾਂ ਦਾ ਪੂਰਾ ਸਿਲਸਿਲਾ ਆਪਣੇ ਢੰਗ ਨਾਲ ਦਰਸਾਇਆ ਹੈ ਮਰਹੂਮ ਪ੍ਰਿੰਸੀਪਲ ਤਖ਼ਤ ਸਿੰਘ ਫਾਇਲਾਤੁਨ ਰੁਕਨ ਨੂੰ ਡਮ ਡਮਾ ਡਮ ਅਤੇ ਮਫ਼ਊਲਨ ਨੂੰ ਡਮ ਡਮ ਡਮ ਕਹਿਣਾ ਪਸੰਦ ਕਰਦੇ ਸਨ ਇਸੇ ਤਰ੍ਹਾਂ ਸਵਰਗੀ ਮਹਿੰਦਰ ਮਾਨਵ, ਫਾਇਲਾਤੁਨ ਰੁਕਨ ਨੂੰ ਕਾਵਿ-ਸਾਗਰ ਅਤੇ ਮੁਫਾਈਲੁਨ ਰੁਕਨ ਨੂੰ ਕਲਾ-ਕਾਰੀ ਸ਼ਬਦਾਂ ਨਾਲ ਪ੍ਰਚਲਤ ਕਰਨਾ ਚਾਹੁੰਦੇ ਸਨ ਇਹ ਸਾਰੇ ਸ਼ਬਦ ਕਲਪਿਤ ਸ਼ਬਦ ਹਨ, ਅਜਿਹੇ ਕਲਪਿਤ ਸ਼ਬਦਾਂ ਦੇ ਕਰਕੇ ਹੀ ਪਿੰਗਲ ਅਰੂਜ਼ ਦੇ ਮੁਕਾਬਲੇ ਹਰਮਨ ਪਿਆਰਾ ਨਹੀਂ ਹੋ ਸਕਿਆ ਜੇ ਅਸੀਂ ਅਜਿਹੇ ਕਲਪਿਤ ਸ਼ਬਦ ਹੀ ਚੇਤੇ ਰੱਖਣੇ ਹਨ ਤਾਂ ਸਾਡਾ ਆਪਣਾ ਕਹੇ ਜਾਣ ਵਾਲੇ ਪਿੰਗਲ ਵਿੱਚ ਕੀ ਬੁਰਾਈ ਹੈ ਇਨ੍ਹਾਂ ਅਰੂਜ਼ੀਆਂ ਨੇ ਕੁੱਝ ਬਹਿਰਾਂ ਜਾਂ ਰੁਕਨਾਂ ਦੇ ਨਾਂ ਤਾਂ ਘੜ ਲਏ, ਪਰ ਕੀ ਇਨ੍ਹਾਂ ਨਾਲ ਕੰਮ ਚੱਲ ਜਾਏਗਾ , ਇਨ੍ਹਾਂ ਸ਼ਬਦਾਂ ਦਾ ਵਿਆਕਰਣਕ ਅਧਾਰ ਕੀ ਹੈ

ਅਰੂਜ਼ ਦੇ ਬਾਨੀ ਖ਼ਲੀਲ ਬਿਨ ਅਹਿਮਦ ਨੇ ਵਿਆਕਰਣ ਅਨੁਸਾਰ ਅਰਬੀ ਭਾਸ਼ਾ ਦੇ ਅੱਖਰ ਫੇ-ਐਨ, ਲਾਮ ਦੇ ਨਾਲ ਕੁੱਝ ਹੋਰ ਅੱਖਰ ਜੋੜ ਕੇ ਰੁਕਨ ਬਣਾਏ ਸਨ ਹਰੇਕ ਅਫਾਈਲ ਵਿੱਚ ਫੇ,ਐਨ,ਲਾਮ ਯਾਨੀ ਕਿ ਫਿਅਲ ਵਿੱਚੋਂ ਤਿੰਨੇ ਅੱਖਰ ਜਾਂ ਘੱਟੋ ਘੱਟ ਇੱਕ ਅੱਖਰ ਜ਼ਰੂਰ ਵਰਤਿਆ ਜਾਂਦਾ ਹੈ ਇਹ ਸਾਰੇ ਰੁਕਨ ਇਨ੍ਹਾਂ ਰੁਕਨਾਂ ਵਿੱਚ ਵਰਤੇ ਮੁਤਹੱਰਕ ਤੇ ਸਾਕਿਨ ਅੱਖਰਾਂ ਦੀ ਤਰਤੀਬ ਵੱਲ ਇਸ਼ਾਰਾ ਕਰਦੇ ਹਨ

ਇਸ ਗੱਲ ਵਿੱਚ ਕੋਈ ਸੰਦੇਹ ਨਹੀਂ ਕਿ ਈਰਾਨ ਅਤੇ ਭਾਰਤ ਵਿੱਚ ਹੁਣ ਤੱਕ ਜੋ ਅਰੂਜ਼ ਦੇ ਗ੍ਰੰਥ ਰਚੇ ਗਏ ਹਨ, ਇਨ੍ਹਾਂ ਵਿੱਚ ਕੋਈ ਨਵੀਨਤਾ ਨਹੀਂ ਹੈ ਇਨ੍ਹਾਂ ਗ੍ਰੰਥਾਂ ਦੇ ਵਿਸ਼ੇ ਇੰਨੇ ਰੁੱਖੇ ਤੇ ਸ਼ੈਲੀ ਅਜਿਹੀ ਉਲਝੀ ਹੋਈ ਹੈ ਕਿ ਇਨ੍ਹਾਂ ਕਿਤਾਬਾਂ ਨੂੰ ਪੜ੍ਹਨਾਂ ਤਾਂ ਕੀ ਦੇਖਣ ਨੂੰ ਵੀ ਜੀ ਨਹੀਂ ਕਰਦਾ ਇਨ੍ਹਾਂ ਵਿੱਚ ਜ਼ਿਹਾਫ਼ਾਂ ਦੀਆਂ ਪੇਚੀਦਾ ਗੁੰਝਲਾਂ ਤੇ ਪਰਿਭਾਸ਼ਿਕ ਅਰਬੀ ਸ਼ਬਦਾਂ ਦੀ ਭਰਮਾਰ, ਪਾਠਕਾਂ ਦਾ ਸਾਰਾ ਸੁਆਦ ਮਾਰ ਦਿੰਦੀਆਂ ਹਨ ਸੋ ਇਸ ਉੱਤਮ ਵਿੱਦਿਆ ਤੋਂ ਜੋ ਥੋੜ੍ਹਾ ਬਹੁਤ ਲਾਭ ਪ੍ਰਾਪਤ ਕੀਤਾ ਜਾ ਸਕਦਾ ਹੈ, ਉਹ ਸਭ ਖ਼ਤਮ ਹੋ ਜਾਂਦਾ ਹੈ ਜ਼ਿਹਾਫ਼ਾਂ ਵਾਲੀਆਂ ਬਹਿਰਾਂ ਦੇ ਪਰਿਭਾਸ਼ਿਕ ਨਾਂ ਤੇ ਹੋਰ ਬਹੁਤ ਸਾਰੀਆਂ ਚੀਜ਼ਾਂ ਛੱਡ ਦਿੱਤੀਆਂ ਜਾ ਸਕਦੀਆਂ ਹਨ ਅਤੇ ਜਿਨ੍ਹਾਂ ਦਾ ਛੱਡ ਦੇਣਾ ਹੀ ਬਿਹਤਰ ਹੈ, ਇਹ ਚਿਰਕਾਲ ਤੋਂ ਅਰੂਜ਼ ਦਾ ਅੰਗ ਬਣੀਆਂ ਹੋਈਆਂ ਹਨ, ਇਸ ਤਰ੍ਹਾਂ ਇਨ੍ਹਾਂ ਤੋਂ ਛੁਟਕਾਰਾ ਪਾਉਣਾ ਔਖਾ ਹੈ ਸੱਯਦ ਇਨਸ਼ਾ ਨੇ ਦਰਿਆਏ ਲਤਾਫ਼ਤ ਵਿੱਚ ਬਹਿਰਾਂ ਦੇ ਅਰਬੀ ਰੁਕਨਾਂ (ਗਣਾਂ) ਦੀ ਥਾਂ ਦੇਸੀ ਸ਼ਬਦ ਰੱਖੇ ਸਨ ਜਿਵੇਂ

ਮੁਫਾਈਲੁਨ ਰੁਕਨ ਦੀ ਥਾਂ ਪਰੀ-ਖਾਨੁਮ ਸ਼ਬਦ ਦਾ ਪ੍ਰਯੋਗ ਕੀਤਾ ਸੀ, ਫਾਇਲੁਨ ਰੁਕਨ ਦੀ ਜਗ੍ਹਾ ਸ਼ਾਇਦ ਚਿਤ-ਲਗਨ ਅਪਣਾਇਆ ਸੀ ਇਸੇ ਤਰ੍ਹਾਂ ਹੀ ਹਕੀਮ ਸੱਯਦ ਅਲਤਾਫ਼ ਹੁਸੈਨ ਕਾਜ਼ਿਮ ਫ਼ਰੀਦਾਬਾਦੀ ਨੇ ਆਪਣੀ ਪੁਸਤਕ ਗੁਲਜ਼ਾਰੇ ਅਰੂਜ਼ ਵਿੱਚ ਵੀ ਜ਼ਿਹਾਫ਼ਾਂ ਦੇ ਨਾਂ ਕਲਪੇ ਹਨ , ਕਿਸੇ ਦਾ ਨਾਂ ਨਰਗਸੀ ਤੇ ਕਿਸੇ ਦਾ ਸੁੰਬਲੀ ਤੇ ਕਿਸੇ ਦਾ ਰੈਹਾਨੀ ਰੱਖ ਦਿੱਤਾ ਹੈ ਮੌਲਾਨਾ ਨਜ਼ਮ ਤਬਾਤਬਾਈ ਨੇ ਆਪੇਣੇ ਰਸਾਲਾ-ਇ-ਤਲਖ਼ੀਸੇ ਅਰੂਜ਼ ਵਾ ਕਾਫ਼ੀਆ, ਵਿੱਚ ਅਜਿਹੇ ਪਰਿਭਾਸ਼ਿਕ ਨਾਵਾਂ ਦਾ ਸਿਲਸਿਲਾ ਹੀ ਉੱਡਾ ਦਿੱਤਾ ਅਰਬੀ ਦੇ ਪ੍ਰਸਿੱਧ ਵਿਆਕਰਣੀ ਸੱਕਾਕੀ ਨੂੰ ਵੀ ਇਹ ਸ਼ਿਕਾਇਤ ਸੀ ਪਰ ਉਦੋਂ ਤੋਂ ਲੈ ਕੇ ਹੁਣ ਤੱਕ ਕਿਸੇ ਨੇ ਵੀ ਪਰਿਭਾਸ਼ਿਕ ਨਾਵਾਂ ਨੂੰ ਦੂਰ ਕਰਨ ਦੀ ਜ਼ੁਅਰਤ ਨਹੀਂ ਕੀਤੀ, ਕਿਉਂ ਕਿ ਅਰਬੀ ਅਰੂਜ਼ ਇਸ ਗੱਲ ਦੀ ਪੈਰਵੀ ਕਰਨ ਦੀ ਆਗਿਆ ਨਹੀਂ ਦਿੰਦੀ

ਇਸ ਵਿਸ਼ੇ ਤੇ ਫਿਰੋਜ਼ਦੀਨ ਸ਼ਰਫ ਮਰਹੂਮ ਨਾਲ ਗੱਲਬਾਤ ਕਰਨ ਦਾ ਮੌਕਾ ਮਿਲਿਆ ਸ਼ਰਫ ਨੇ ਵਜ਼ਨ ਦੀ ਪੜਤਾਲ ਲਈ ਆਪਣੇ ਤੌਰ ਤੇ ਕੁੱਝ ਪੰਜਾਬੀ ਸ਼ਬਦ ਜਿਵੇਂ ਦੋ ਦੋ ਚਾਰ, ਦੋ ਦੋ ਚਾਰ, ਦੋ ਦੋ ਚਾਰ, ਦੋ ਦੋ ਚਾਰ ਰੱਖੇ ਹੋਏ ਸਨ, ਪ੍ਰੰਤੂ ਦੋ ਦੋ ਚਾਰ ਵਿੱਚ ਦੋ ਦੋ ਦਾ ਵਜ਼ਨ ਨਿਸ਼ਚਿਤ ਨਹੀਂ ਹੁੰਦਾ ਦੋ ਦੋ ਚਾਰ ਮੁਫਾਈਲੁ ਦੇ ਵਜ਼ਨ ਤੇ ਵੀ ਰੱਖਿਆ ਜਾ ਸਕਦਾ ਤੇ ਦੋ ਦੋ ਚਾਰ ਫਾਇਲਾਤ ਦੇ ਵਜ਼ਨ ਤੇ ਵੀ ਰੱਖਿਆ ਜਾ ਸਕਦਾ ਹੈ ਅਤੇ ਨਾਲ ਹੀ ਦੋ ਦੋ ਚਾਰ ਮਫ਼ਊਲਾਤ ਦੇ ਵਜ਼ਨ ਦੇ ਵੀ ਪੂਰਾ ਉੱਤਰਦਾ ਹੈ , ਇਹੀ ਦੋ ਦੋ ਚਾਰ ਫਿਅਲੁਨ ਫਾਅ ਦੇ ਵਜ਼ਨ ਤੇ ਵੀ ਫਿਟ ਹੋ ਜਾਂਦਾ ਹੈ

ਚੂੰਕਿ ਦੋ ਦੋ ਚਾਰ, ਆਦਿ ਨਵੇਂ ਕਲਪੇ ਸ਼ਬਦ ਸਮੂਹਾਂ ਦਾ ਵਜ਼ਨ ਇਕ ਬੱਝਵੇਂ ਤੇ ਸਥਿਰ ਰੂਪ ਵਿਚ ਕਾਇਮ ਨਹੀਂ ਤੇ ਇਸ ਦੇ ਉਲਟ, ਫਾਇਲਾਤੁਨ, ਮਫ਼ਊਲੁਨ ਆਦਿ ਦਾ ਵਜ਼ਨ ਨਿਸ਼ਚਤ ਤੇ ਬੱਝਵਾਂ ਹੈ ਜਿਸ ਵਿੱਚ ਤਬਦੀਲੀ ਦੀ ਕੋਈ ਸੰਭਾਵਨਾ ਨਹੀਂ ਦੋ ਦੋ ਚਾਰ ਦੀ ਥਾਂ ਅਰਬੀ ਗਣ ਅਰੂਜ਼ੀ ਨੁਕਤੇ ਤੋਂ ਵਧੇਰੇ ਲਾਭਦਾਇਕ ਹਨ ਇਸ ਲਈ ਅਸੀਂ ਕੇਵਲ ਨਵੀਨਤਾ ਦੀ ਖਾਤਰ ਦੋ ਦੋ ਚਾਰ ਜਹੇ ਅਨਿਸ਼ਚਤ ਵਜ਼ਨ ਨਹੀਂ ਵਰਤੇ ਜੋ ਪੱਥਰ ਜਾਂ ਇੱਟ ਦੇ ਅਣਘੜੇ ਵੱਟਿਆਂ ਸਮਾਨ ਹਨ ਪੱਥਰ ਜਾਂ ਇੱਟ ਦੀ ਅਣਘੜੇ ਹਾੜੇ ਲੋਹੇ ਦੇ ਵੱਟਿਆਂ ਵਾਂਗ ਪੱਕੇ ਤੇ ਬੱਝਵੇਂ ਨਹੀਂ ਹੋ ਸਕਦੇ ਅਸੀਂ ਅਰਬੀ ਪਰਿਭਾਸ਼ਾਵਾਂ ਦੀ ਥਾਂ ਸੰਸਕ੍ਰਿਤ ਦੇ ਓਪਰੇ ਸ਼ਬਦ ਭਰਤੀ ਕਰਕੇ ਵੀ ਰੁਕਨਾਂ (ਗਣਾਂ) ਨੂੰ ਦੇਸੀ ਜਾਮਾ ਪਹਿਨਾਉਣ ਦੀ ਕੋਸ਼ਿਸ਼ ਨਹੀਂ ਕੀਤੀ

ਪਿਆਰੇ ਦੋਸਤੋ ਉਪਰੋਕਤ ਤਿੰਨੇ ਪਹਿਰੇ ਅਸੀਂ ਪੁਸਤਕ ਪਿੰਗਲ ਤੇ ਅਰੂਜ਼ (ਲੇਖਕ: ਮਰਹੂਮ ਜੋਗਿੰਦਰ ਸਿੰਘ) ਵਿੱਚੋਂ ਹੂ-ਬ-ਹੂ ਦਰਜ ਕੀਤੇ ਹਨ ਅਸੀਂ ਵੀ ਜੋਗਿੰਦਰ ਸਿੰਘ ਦੇ ਮਤ ਨਾਲ ਸਹਿਮਤ ਹਾਂ ਕਿ ਅਰੂਜ਼ੀ ਰੁਕਨਾਂ ਅਤੇ ਬਹਿਰਾਂ ਦੇ ਨਾਵਾਂ ਨਾਲ ਛੇੜ-ਛਾੜ ਕਰਨਾ ਜਾਇਜ਼ ਨਹੀਂ ਇਨ੍ਹਾਂ ਨੂੰ ਇਸੇ ਤਰ੍ਹਾਂ ਹੀ ਅਪਣਾ ਲੈਣਾ ਚਾਹੀਦਾ ਹੈ ਕਿਉਂ ਕਿ ਇਨ੍ਹਾਂ ਦਾ ਬਦਲ ਲੱਭਣ ਵਿੱਚ ਕੋਈ ਵੀ ਕਾਮਯਾਬ ਨਹੀਂ ਹੋ ਸਕਿਆ

ਅੱਖਰ ਗਿਰਾਉਣ ਦਾ ਵਿਧਾਨ

“ਹੋ ਜਾਂਦੀ ਹੈ ਇਸ ਤਰ੍ਹਾਂ, ਕਹਿਣੀ ਗ਼ਜ਼ਲ ਅਸਾਨ,
ਅੱਖਰ ਡੇਗਣ ਦਾ ਤੁਸੀਂ, ਜਾਣੋ ਕ੍ਰਿਸ਼ਨ ਵਿਧਾਨ “

ਪਿਆਰੇ ਦੋਸਤੋ ਗ਼ਜ਼ਲ ਲਿਖਣ ਵਾਸਤੇ ਅਰੂਜ਼ੀ ਵਿਦਵਾਨਾਂ ਨੇ ਸਾਨੂੰ ਕੁੱਝ ਅੱਖਰ ਗਿਰਾਉਣ ਦੀ ਖੁੱਲ੍ਹ ਦਿੱਤੀ ਹੋਈ ਹੈ, ਤਾਂ ਕਿ ਅਸੀਂ ਲੋੜ ਪੈਣ ਤੇ ਇਹ ਖੁੱਲ੍ਹ ਵਰਤ ਕੇ ਆਪਣੇ ਖ਼ਿਆਲਾਂ ਦਾ ਇਜ਼ਹਾਰ ਕਰ ਸਕੀਏ ਅੱਖਰ ਗਿਰਾਉਣ ਦਾ ਮਤਲਬ ਇੱਥੇ ਸਿਰਫ਼ ਅੱਖਰ ਗਿਰਾਉਣ ਤੋਂ ਹੀ ਨਹੀਂ ਬਲਕਿ ਲਗਾਂ ਮਾਤਰਾਂ ਗਿਰਾਉਣ ਤੋਂ ਵੀ ਹੈ ਕਿਉਂ ਕਿ ਸ਼ਿਅਰ ਦਾ ਵਜ਼ਨ ਨਿਰਧਾਰਿਤ ਕਰਦਿਆਂ ਹੋਇਆਂ ਅਸੀਂ ਲਗਾਂ ਮਾਤਰਾਂ ਵੀ ਗਿਣਦੇ ਹਾਂ ਗ਼ਜ਼ਲ ਇੱਕ ਬਹੁਤ ਨਾਜ਼ੁਕ ਕਾਵਿ ਰੂਪ ਹੈ ਹਰ ਇੱਕ ਗ਼ਜ਼ਲ ਨੇ ਗਾਇਆ ਜਾਣਾ ਹੁੰਦਾ ਹੈ, ਇਸ ਲਈ ਇਸ ਦੇ ਸ਼ਿਅਰਾਂ ਦਾ ਬਹਿਰ-ਬੱਧ ਹੋਣਾ ਬਹੁਤ ਜ਼ਰੂਰੀ ਹੈ , ਕਿਉਂ ਕਿ ਬੇ-ਬਹਿਰੀ ਰਚਨਾਂ ਸੰਗੀਤਮਈ ਨਹੀਂ ਹੋ ਸਕਦੀ ਸ਼ਿਅਰ ਦਾ ਕੋਈ ਵੀ ਸ਼ਬਦ ਅਗਰ ਮੀਟਰ ਚ ਨਾ ਹੋਵੇ ਤਾਂ ਉਹ ਗਾਉਣ ਵਿੱਚ ਰੁਕਾਵਟ ਪੈਦਾ ਕਰਦਾ ਹੈ ਤੇ ਉਹ

“ਜੀਕਣ ਦਾਲ਼ ਚ ਕੋਕੜੂ, ਰੜਕ ਪਵੇ ਝੱਟ ਪੱਟ,
ਗ਼ਜ਼ਲਾਂ ਵਿੱਚ ਨਾ ਪੁੱਗਦੀ, ਲਗ ਮਾਤਰ ਵੱਧ ਘੱਟ “

ਸਭ ਤੋਂ ਪਹਿਲਾਂ ਸਾਨੂੰ ਇਹ ਗੱਲ ਆਪਣੇ ਮਨ ਵਿੱਚ ਬਿਠਾ ਲੈਣੀ ਚਾਹੀਦੀ ਹੈ, ਕਿ ਅੱਖਰ ਸਿਰਫ਼ ਅਣ-ਸਰਦੇ ਨੂੰ ਹੀ ਗਿਰਾਉਣੇ ਚਾਹੀਦੇ ਹਨ ਤਾਂ ਕਿ ਸ਼ਿਅਰ ਦੀ ਲੈ-ਬੱਧਤਾ ਤੇ ਬਹੁਤਾ ਅਸਰ ਨਾ ਪਵੇ ਐਵੇਂ ਅੱਖਰ ਗਿਰਾਉਣ ਨਾਲ ਸ਼ਿਅਰਾਂ ਵਿੱਚ ਬੇ-ਸੁਆਦੀ ਪੈਦਾ ਹੋ ਜਾਵੇ ਤੇ ਸਾਡਾ ਗ਼ਜ਼ਲ ਲਿਖਣ ਦਾ ਮੰਤਵ ਹੀ ਨਾ ਗੁਆਚ ਜਾਵੇ ਇਸੇ ਕਰਕੇ ਹੀ ਉਰਦੂ ਦੇ ਉਸਤਾਦ ਸ਼ਾਇਰ ਦਾਗ਼ ਸਾਹਿਬ ਲਿਖਦੇ ਹਨ—

“ਵੁਹ ਫ਼ਸਾਹਤ ਸੇ ਗਿਰਾ, ਸ਼ਿਅਰ ਮੇਂ ਜੋ ਹਰਫ਼ ਦਬਾ,“

ਇਸ ਦਾ ਮਤਲਬ ਹੈ ਕਿ ਜਿਸ ਸ਼ਿਅਰ ਵਿਚ ਅੱਖਰ ਗਿਰਾਇਆ ਜਾਵੇ ਜਾਂ ਦਬ ਜਾਵੇ, ਉਸ ਸ਼ਿਅਰ ਵਿਚ ਜ਼ੁਬਾਨ ਦੀ ਖ਼ੂਬਸੂਰਤੀ ਖ਼ਤਮ ਹੋ ਜਾਂਦੀ ਹੈ ਇਸ ਕਰਕੇ ਸ਼ਾਇਰ ਦੀ ਵੱਧ ਤੋਂ ਵੱਧ ਇਹ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਘੱਟ ਤੋਂ ਘੱਟ ਅੱਖਰ ਗਿਰਾਏ ਜਾਣ ਸਿਰਫ਼ ਅਣ-ਸਰਦੇ ਨੂੰ ਹੀ ਅੱਖਰ ਗਿਰਾਉਣਾ ਚਾਹੀਦਾ ਤਾਂ ਕਿ ਸ਼ਿਅਰ ਦੀ ਖ਼ੂਬਸੂਰਤੀ ਤੇ ਕੋਈ ਫਰਕ ਨਾ ਪਵੇ

ਇਲਮ ਅਰੂਜ਼ ਦਾ ਸਬੰਧ, ਲਿਖੇ ਹੋਏ ਸ਼ਬਦਾਂ ਨਾਲ ਨਹੀਂ ਸਗੋਂ ਉਚਾਰੇ ਹੋਏ ਸ਼ਬਦਾਂ ਨਾਲ ਹੈ ਵਜ਼ਨ ਵਿੱਚ ਸਿਰਫ਼ ਉਹੀ ਅੱਖਰ ਗਿਣੇ ਜਾਂਦੇ ਹਨ ਜਿਹੜੇ ਲਿਖੇ ਹੋਏ ਵੀ ਹੋਣ ਤੇ ਉਹਨਾਂ ਨੂੰ ਬੋਲਿਆ ਵੀ ਜਾਵੇ

“ਓਹੀ ਅੱਖਰ ਸ਼ਿਅਰ ਦੇ, ਵਜ਼ਨ ਬਹਿਰ ਵਿੱਚ ਆਣ,
ਕ੍ਰਿਸ਼ਨ ਲਿਖੇ ਵੀ ਜਾਣ ਜੋ, ਤੇ ਬੋਲੇ ਵੀ ਜਾਣ ”

ਬਹਿਰ ਦੀ ਲੋੜ ਅਨੁਸਾਰ ਜਦੋਂ ਕਿਤੇ ਦੀਰਘ ਲਗਾਂ ਦਬਾ ਕੇ ਬੋਲੀਆਂ ਜਾਣ, ਅਰੂਜ਼ੀ ਪਰਿਭਾਸ਼ਾ ਅਨੁਸਾਰ ਇਸੇ ਨੂੰ ਹੀ ਅੱਖਰ ਦਬਣਾ ਜਾਂ ਅੱਖਰ ਗਿਰਾਉਣਾ ਕਿਹਾ ਜਾਂਦਾ ਹੈ ਅੱਖਰ ਗਿਰਾਉਣ ਦੇ ਜੋ ਅਸੂਲ ਅਰੂਜ਼ੀ ਵਿਦਵਾਨਾਂ ਨੇ ਘੜੇ ਹਨ, ਉਨ੍ਹਾਂ ਅਸੂਲਾਂ ਨੂੰ ਹੀ ਅਸੀਂ ਅੱਖਰ ਗਿਰਾਉਣ ਦਾ ਵਿਧਾਨ ਕਹਿੰਦੇ ਹਾਂ ਹੁਣ ਆਪਾਂ ਅੱਖਰ ਗਿਰਾਉਣ ਦੇ ਵਿਧਾਨ ਬਾਰੇ ਚਰਚਾ ਕਰਾਂਗੇ

ਗੁਰਮੁਖੀ ਲਿਪੀ ਅਨੁਸਾਰ ਲਗਾਂ ਦੋ ਕਿਸਮ ਦੀਆਂ ਹੁੰਦੀਆਂ ਹਨ, ਲਘੂ ਲਗਾਂ ਅਤੇ ਦੀਰਘ ਲਗਾਂ

ਸਿਹਾਰੀ, ਔਂਕੜ ਤੇ ਬਿੰਦੀ ਲਘੂ ਲਗਾਂ ਹਨ ਤੇ ਬਾਕੀ ਸਾਰੀਆਂ ਦੀਰਘ ਲਗਾਂ ਕਹਾਉਂਦੀਆਂ ਹਨ

ਸਿਹਾਰੀ, ਔਂਕੜ ਤੇ ਬਿੰਦੀ ਸ਼ਿਅਰ ਦਾ ਵਜ਼ਨ ਕਰਨ ਲੱਗਿਆਂ ਕਿਸੇ ਵੀ ਗਿਣਤੀ ਵਿਚ ਨਹੀਂ ਆਉਂਦੀਆਂ ਲਘੂ ਲਗਾਂ ਲਿਖੀਆਂ ਤਾਂ ਜਾਦੀਆਂ ਹਨ ਪਰ ਸ਼ਿਅਰ ਦੇ ਵਜ਼ਨ ਚੋਂ ਖਾਰਜ਼ ਹੁੰਦੀਆਂ ਹਨ ਕਿਉਂ ਕਿ ਲਘੂ ਲਗਾਂ ਉਚਾਰਣ ਸਮੇਂ ਕੋਈ ਸਮਾਂ ਨਹੀਂ ਲੈਂਦੀਆਂ ਜਗਤ-ਰਵੀਰੇ ਅਨੁਸਾਰ ਜ਼ੋਰਾਵਰਾਂ ਦੀ ਪੁੱਛ-ਪ੍ਰਤੀਤ ਹੁੰਦੀ ਹੈ, ਮਾੜੇ ਧੀੜੇ ਭਲਾ ਕਿਸ ਗਿਣਤੀ ਵਿੱਚ ਆਉਂਦੇ ਹਨ

“ਕਮਜ਼ੋਰਾਂ ਨੂੰ ਜੱਗ ਤੇ, ਪੁਛਦੈ ਦੱਸੋ ਕੌਣ,
ਤਾਂ ਹੀ ਕ੍ਰਿਸ਼ਨ ਲਘੂ ਲਗਾਂ, ਗਿਣਤੀ ਵਿੱਚ ਨਾ ਆਉਣ ”

ਦੀਰਘ ਲਗਾਂ ਗਿਰਾਉਣ ਦੇ ਅਸੂਲ—

ਲਾਵਾਂ ਗਿਰਾਉਣੀਆਂ:-

“ਤੇਰੀ ਪੌਣਾਂ ਜਹੀ ਫਿਤਰਤ, ਉਡਾਵੇ ਨਾ ਕਿਤੇ ਮੈਨੂੰ,
ਮੇਰਾ ਹਲਕਾ ਹਵਾ ਤੋਂ ਭਾਰ, ਮੇਰੇ ਕੋਲ ਨਾ ਆਵੀਂ ”
(ਰਾਜਵੰਤ ਬਾਗੜੀ)

ਇਹ ਸ਼ਿਅਰ ਬਹਿਰ ਹਜਜ਼ ਵਿੱਚ ਕਿਹਾ ਗਿਆ ਹੈ ਮੁਫਾਈਲੁਨ ਰੁਕਨ ਬਹਿਰ ਹਜਜ਼ ਦੀ ਚਾਲ ਨਿਰਧਾਰਿਤ ਕਰਦਾ ਹੈ ਸ਼ਿਅਰ ਦੇ ਦੋਹਾਂ ਮਿਸਰਿਆਂ ਦੇ ਪਹਿਲੇ ਸ਼ਬਦ ਕ੍ਰਮਵਾਰ ‘ਤੇਰੀ’ ਤੇ ‘ਮੇਰਾ’ ਦੀ ਲਾਂਵ ਗਿਰਾਈ ਗਈ ਹੈ ਤੇ ਇਹ ਸ਼ਬਦ ਹਜਜ਼ ਬਹਿਰ ਦੇ ਅਨੁਸਾਰ ਹੋ ਗਏ ਹਨ ਕਿਸੇ ਵੀ ਸ਼ਬਦ ਦੀਆਂ ਮੁਢਲੀਆਂ ਅਤੇ ਪਿਛਲੀਆਂ ਲਾਵਾਂ ਗਿਰਾਉਣ ਦੀ ਇਜ਼ਾਜਤ ਹੈ ਲਾਂਵ ਗਿਰ ਕੇ ਸਿਹਾਰੀ ਵਿੱਚ ਬਦਲ ਜਾਂਦੀ ਹੈ ਅਤੇ ਇਸ ਤਰ੍ਹਾਂ ਵਜ਼ਨ ਵਿੱਚੋਂ ਖਾਰਜ ਹੋ ਜਾਂਦੀ ਹੈ

ਟਿੱਪੀ ਗਿਰਾਉਣੀ

"ਹਰਿਕ ਹਾਦਸੇ ਬਾਅਦ, ਡਿਗਦਾ, ਸੰਭਲਦਾ,
ਸੰਭਲਦਾ ਹੈ ਦਿਲ ਤਾਂ ਸੰਭਲਦਾ ਸੰਭਲਦਾ "

(ਕ੍ਰਿਸ਼ਨ ਭਨੋਟ)

ਉਪਰੋਕਤ ਮਤਲਾ ਬਹਿਰ ਮੁਤਕਾਰਿਬ ਵਿੱਚ ਕਿਹਾ ਗਿਆ ਹੈ ਬਹਿਰ ਮੁਤਕਾਰਿਬ ਦਾ ਰੁਕਨ ਫਊਲੁਨ ਹੈ ਇਸ ਮਤਲੇ ਵਿੱਚ ਆਏ ਸ਼ਬਦ ਸੰਭਲਦਾ ਦੀ ਟਿੱਪੀ ਗਿਰਾਈ ਗਈ ਹੈ ਟਿੱਪੀ ਗਿਰ ਕੇ ਇਸ ਦਾ ਵਜ਼ਨ ਬਿੰਦੀ ਦੇ ਬਰਾਬਰ ਗਿਣ ਲਿਆ ਜਾਂਦਾ ਹੈ ਅਤੇ ਬਿੰਦੀ ਵਜ਼ਨ ਪੱਖੋਂ ਖਾਰਜ ਹੋ ਜਾਂਦੀ ਹੈ

ਦੁਲੈਂਕੜ ਤੇ ਟਿੱਪੀ ਗਿਰਾਉਣੀ,

"ਇਰਾਦਾ, ਹੌਸਲਾ, ਹਿੰਮਤ ਅਤੇ ਬਲ ਸਾਂਭ ਕੇ ਰੱਖੀਂ,
ਤੂੰ ਜਿੱਥੇ ਪਹੁੰਚਣੈ, ਅੱਖਾਂ 'ਚ ਮੰਜ਼ਿਲ ਸਾਂਭ ਕੇ ਰੱਖੀਂ "

(ਇੰਦਰਜੀਤ ਧਾਮੀ)

ਇਹ ਮਤਲਾ ਬਹਿਰ ਹਜਜ਼ ਦਾ ਹੈ, ਇਸ ਸ਼ਿਅਰ ਦੇ ਦੂਸਰੇ ਮਿਸਰੇ ਦੇ ਪਹਿਲੇ ਅੱਖਰ ਦੀਆਂ ਦੋਵੇਂ ਦੀਰਘ ਲਗਾਂ ਗਿਰਾਈਆਂ ਗਈਆਂ ਹਨ ਇਸ ਤਰ੍ਹਾਂ ਦੁਲੈਂਕੜ ਤੇ ਟਿੱਪੀ ਗਿਰ ਕੇ 'ਤੁ' ਵਿੱਚ ਬਦਲ ਗਏ ਹਨ ਇਸ ਤਰ੍ਹਾਂ ਦੀਰਘ ਲਗਾਂ ਵਜ਼ਨ ਚੋਂ ਖਾਰਜ ਹੋ ਗਈਆਂ ਹਨ

ਦੁਲੈਂਕੜ ਗਿਰਾਉਣੇ—

ਨੀਂਦ ਸਾਗਰ ਦੀ ਨੂੰ ਢਕਿਆ ਹੈ ਧੁੰਦ ਨੇ,
ਮਾਰੂ ਥਲ ਵਿਚ ਫਿਰ ਤੋਂ ਸੂਰਜ ਚਮਕਿਆ "

(ਦਵਿੰਦਰ ਪੂਨੀਆਂ)

ਇਹ ਸ਼ਿਅਰ ਬਹਿਰ ਰਮਲ ਵਿੱਚ ਕਿਹਾ ਗਿਆ ਹੈ ਜਿਸਦਾ ਰੁਕਨ ਫਾਇਲਾਤੁਨ ਹੈ ਇਸ ਸ਼ਿਅਰ ਦੇ ਦੂਸਰੇ ਮਿਸਰੇ ਦੇ ਪਹਿਲੇ ਸ਼ਬਦ ਮਾਰੂਥਲ ਵਿਚ ਰੂ ਦੇ ਦੁਲੈਂਕੜ ਗਿਰਾਏ ਗਏ ਹਨ ਦੁਲੈਂਕੜ ਗਿਰ ਕੇ ਰੂ ਤੋਂ ਰੁ ਦਾ ਵਜ਼ਨ ਰਹਿ ਗਿਆ ਹੈ ਤੇ ਇਸ ਤਰ੍ਹਾਂ ਦੁਲੈਂਕੜ ਵਜ਼ਨ ਚੋਂ ਖਾਰਿਜ ਹੋ ਗਏ ਹਨ

ਬਿਹਾਰੀ ਦਾ ਗਿਰਾਉਣਾ—

"ਜ਼ਿੰਦਗੀ ਮੁਜ਼ਰਮ ਹਾਂ ਤੇਰਾ, ਜੀ ਕਰੇ ਜੋ ਦੇ ਸਜ਼ਾ,
ਬਣਦੀ ਹਦ ਤਕ ਜ਼ੁਲਫ ਤੇਰੀ ਨੂੰ ਜੇ ਸੁਲਝਾਇਆ ਨਹੀਂ "

(ਹਰਬੰਸ ਮਾਛੀਵਾੜਾ)

ਉਪਰੋਕਤ ਸ਼ਿਅਰ ਬਹਿਰ ਰਮਲ ਵਿੱਚ ਕਿਹਾ ਗਿਆ ਹੈ ਸ਼ਿਅਰ ਦੇ ਦੂਸਰੇ ਮਿਸਰੇ ਵਿਚ ਬਣਦੀ ਸ਼ਬਦ ਦੀ ਬਿਹਾਰੀ ਗਿਰ ਕੇ ਸਿਹਾਰੀ ਵਿਚ ਤਬਦੀਲ ਹੋ ਕੇ ਵਜ਼ਨ ਚੋਂ ਖਾਰਜ਼ ਹੋ ਗਈ ਹੈ ਤੇ ਬਣਦੀ ਹੁਣ ਬਣਦਿ ਦੇ ਬਰਾਬਰ ਉਚਾਰਣ ਹੋਇਆ ਹੈ

ਕੰਨਾਂ ਗਿਰਾਉਣਾ—

ਕਿਸੇ ਸ਼ਬਦ ਦਾ ਅੰਤਲਾ ਕੰਨਾਂ ਗਿਰਾਉਣਾ ਅਰੂਜ਼ੀ ਵਿਦਵਾਨਾਂ ਨੇ ਸਹੀ ਕਰਾਰ ਦਿੱਤਾ ਹੈ

"ਅਸੀਂ ਮੱਥੇ ਦਾ ਦੀਵਾ ਬਾਲਿਆ, ਕਹਿੰਦੇ ਬੁਝਾ ਦੇਵੋ,
ਇਹ ਅਸਲੀ ਥਾਂ ਨਹੀਂ ਇਸ ਨੂੰ, ਕਬਰ ਉੱਤੇ ਟਿਕਾ ਦੇਵੋ "

ਇਹ ਮਤਲਾ ਬਹਿਰ ਹਜਜ਼ ਵਿੱਚ ਕਿਹਾ ਗਿਆ ਹੈ ਇਸ ਮਤਲੇ ਦੇ ਪਹਿਲੇ ਮਿਸਰੇ ਦੇ ਸ਼ਬਦ 'ਦਾ' ਦਾ ਕੰਨਾਂ ਗਿਰਾਇਆ ਗਿਆ ਹੈ ਜਿਸ ਨਾਲ 'ਦ' ਮੁਕਤਾ ਰਹਿ ਗਿਆ ਇਸ ਤਰ੍ਹਾਂ ਇਸ ਮਤਲੇ ਦਾ ਉਚਾਰਣ ਇਸ ਤਰ੍ਹਾਂ ਹੋਵੇਗਾ, "ਅਸੀਂ ਮੱਥੇ ਦ ਦੀਵਾ ਬਾਲ਼ਿਆ" , ਸੋ ਇਸ ਤਰ੍ਹਾਂ , 'ਦਾ' ਸ਼ਬਦ ਦਾ ਕੰਨਾ ਗਿਰਕੇ ਵਜ਼ਨੋਂ ਖਾਰਜ਼ ਹੋ ਗਿਆ ਹੈ ਕੰਨਾਂ ਬਿੰਦੀ ਸਮੇਤ ਵੀ ਗਿਰਾਇਆ ਜਾ ਸਕਦਾ ਹੈ

ਹੋੜਾ ਗਿਰਾਉਣਾ—

ਲੋੜ ਪੈਣ ਤੇ ਬਹਿਰ ਮੁਤਾਬਕ ਹੋੜਾ ਗਿਰਾਉਣ ਦੀ ਵੀ ਇਜਾਜ਼ਤ ਹੈ

"ਧੜਕਣ ਤੋਂ ਦੂਰ ਹੋਏ, ਬਸ ਜਿਸਮ ਫਿਰ ਰਹੇ ਨੇ,
ਪਥਰਾ ਗਏ ਨੇ ਲੋਕੀ, ਅਪਣੇ ਦਿਲਾਂ ਤੋਂ ਚੋਰੀ "

(ਜਗਤਾਰ ਸੇਖਾ)

ਇਸ ਸ਼ਿਅਰ ਦੇ ਪਹਿਲੇ ਤੇ ਦੂਸਰੇ ਮਿਸਰੇ ਵਿੱਚੋਂ 'ਤੋਂ' ਸ਼ਬਦ ਦਾ ਹੋੜਾ ਗਿਰਾ ਦਿੱਤਾ ਗਿਆ ਹੈ ਹੋੜਾ ਗਿਰਕੇ ਇਹ ਸ਼ਬਦ ਕੇਵਲ 'ਤੁ' ਦੇ ਬਰਾਬਰ ਦਾ ਰਹਿ ਗਿਆ ਹੈ ਇਸ ਤਰ੍ਹਾਂ ਪਹਿਲੇ ਮਿਸਰੇ ਦਾ ਉਚਾਰਣ "ਧੜਕਣ ਤੁ ਦੂਰ ਹੋਏ" ਅਤੇ ਦੂਸਰੇ ਮਿਸਰੇ ਦਾ ਉਚਾਰਣ " ਦਿਲਾਂ ਤੁ ਚੋਰੀ" ਦੇ ਬਰਾਬਰ ਮੰਨਿਆ ਜਾਵੇਗਾ

ਅੱਧਕ ਗਿਰਾਉਣਾ—

"ਸ਼ਾਮ ਅੱਜ ਹੈ ਨਹੀਂ ਮੇਰੇ ਵੱਲ ਦੀ,
ਦਿਲ ਮੇਰਾ ਤਾਂ ਖ਼ਰਾਬ ਹੁੰਦਾ ਹੈ "

(ਦਵਿੰਦਰ ਪੂਨੀਆਂ)

ਇਹ ਸ਼ਿਅਰ ਬਹਿਰ ਖ਼ਫੀਫ ਵਿੱਚ ਹੈ, ਇਸ ਸ਼ਿਅਰ ਦੇ ਪਹਿਲੇ ਮਿਸਰੇ ਦੇ ਸ਼ਬਦ 'ਅੱਜ' ਅਤੇ 'ਵੱਲ' ਦੇ ਅਧੱਕ ਗਿਰ ਕੇ ਇਹ ਸ਼ਬਦ 'ਅਜ' ਤੇ 'ਵਲ' ਦੇ ਉਚਾਰਣ ਤੇ ਬੰਨ੍ਹੇ ਗਏ ਹਨ ਇਸ ਤਰ੍ਹਾਂ ਸ਼ਬਦਾਂ ਦੇ ਉੱਤੋਂ ਅੱਧਕ ਗਿਰ ਕੇ ਅੱਖਰ ਕ੍ਰਮਵਾਰ 'ਅ' ਮੁਕਤਾ ਅਤੇ 'ਵ' ਮੁਕਤਾ ਰਹਿ ਗਏ ਹਨ ਲੋੜ ਅਨੁਸਾਰ ਸ਼ਾਇਰ ਨੂੰ ਅੱਧਕ ਗਿਰਾਉਣ ਦੀ ਇਜ਼ਾਜਤ ਹੈ

ਦੁਲਾਵਾਂ ਗਿਰਾਉਣੀਆਂ—

"ਜੇ ਦਿਲ ਵਿਚ ਗੱਲ ਹੈ ਜਜ਼ਬਾ ਹੈ ਤੜਪਨ ਹੈ ਦਿਲ ਅੰਦਰ,
ਤਾਂ ਸੰਗਣਾ ਕੀ ਸਨਮ ਚੁੱਕੋ ਕਲਮ ਆਉ ਗ਼ਜ਼ਲ ਲਿਖੀਏ "

(ਅਮਰਜੀਤ ਸੰਧੂ)

ਇਸ ਸ਼ਿਅਰ ਦੇ ਪਹਿਲੇ ਮਿਸਰੇ ਦੇ ਆਖ਼ਰੀ ਰੁਕਨ ਮੁਫਾਈਲੁਨ ਦੇ 'ਹੈ' ਸ਼ਬਦ ਦੀਆਂ ਦੁਲਾਵਾਂ ਗਿਰਾ ਦਿੱਤੀਆਂ ਗਈਆਂ ਹਨ , ਅਤੇ 'ਹੈ' ਸ਼ਬਦ ਨੂੰ 'ਹ' ਦੇ ਬਰਾਬਰ ਹੀ ਬੰਨ੍ਹਿਆ ਗਿਆ ਹੈ ਇਹ ਰੁਕਨ ਇਸ ਤਰ੍ਹਾਂ ਪੜ੍ਹਿਆ ਜਾਂਦਾ ਹੈ, ਹ ਦਿਲ ਅੰਦਰ

ਪਿਆਰੇ ਦੋਸਤੋ ਦੀਰਘ ਲਗਾਂ ਗਿਰਾਉਣ ਬਾਰੇ ਆਪਾਂ ਵਿਚਾਰ ਚਰਚਾ ਮੁਕੰਮਲ ਕਰ ਲਈ ਹੈ ਉਦਾਹਰਣ ਵਜੋਂ ਦਰਸਾਏ ਸ਼ਿਅਰਾਂ ਵਿਚ ਜਿਹੜੀ ਲਗ ਵਜ਼ਨ ਵਿੱਚੋਂ ਖਾਰਜ ਕੀਤੀ ਗਈ ਹੈ, ਸਿਰਫ਼ ਉਸ ਲਗ ਵੱਲ ਇਸ਼ਾਰਾ ਕੀਤਾ ਗਿਆ ਹੈ, ਸਾਰੇ ਸ਼ਿਅਰ ਦੀ ਤਕਤੀਹ ਨਹੀਂ ਕੀਤੀ ਗਈ ਸ਼ਿਅਰਾਂ ਦੀ ਤਕਤੀਹ ਬਾਰੇ ਅੱਗੇ ਜਾ ਕੇ ਚਰਚਾ ਕਰਾਂਗੇ

ਇੱਥੇ ਇਹ ਦੱਸ ਦੇਣਾ ਜਰੂਰੀ ਹੈ ਕਿ ਦੀਰਘ ਲਗਾਂ ਕਿਸੇ ਅਸੂਲ ਅਨੁਸਾਰ ਹੀ ਗਿਰਾਈਆਂ ਜਾਂ ਸਕਦੀਆਂ ਹਨ ਜੇ ਅਸੀਂ ਇਨ੍ਹਾਂ ਅਸੂਲਾਂ ਤੋਂ ਉਲਟ ਜਾ ਕੇ ਕੋਈ ਦੀਰਘ ਲਗ ਗਿਰਾਵਾਂਗੇ ਤਾਂ ਉਹ ਸ਼ਿਅਰ ਬਹਿਰ ਤੋਂ ਬਾਹਰ ਸਮਝਿਆ ਜਾਵੇਗਾ ਦੀਰਘ ਲਗਾਂ ਗਿਰਾਉਣ ਦੀ ਇੱਕ ਨਿਸ਼ਚਿਤ ਹੱਦ ਹੈ ਹੁਣ ਆਪਾਂ ਕੁੱਝ ਉਨ੍ਹਾਂ ਅਸੂਲਾਂ ਦੀ ਗੱਲ ਕਰਾਂਗੇ ਜਿੱਥੇ ਦੀਰਘ ਲਗਾਂ ਗਿਰਾਉਣ ਦੀ ਇਜ਼ਾਜਤ ਨਹੀਂ ਹੈ ਇਨ੍ਹਾਂ ਅਸੂਲਾਂ ਵੱਲ ਧਿਆਨ ਦੇਣਾ ਅਤੀ ਜ਼ਰੂਰੀ ਹੈ, ਤਾਂ ਕਿ ਆਪਾਂ ਬਹਿਰ ਤੋਂ ਬੇ-ਬਹਿਰ ਨਾ ਹੋ ਜਾਈਏ

ਦੀਰਘ ਲਗਾਂ ਸ਼ਬਦ ਦੇ ਮੁਢਲੀਆਂ ਜਾਂ ਸ਼ਬਦ ਦੇ ਪਿਛਲੀਆਂ ਹੀ ਗਿਰਾਈਆਂ ਜਾ ਸਕਦੀਆਂ ਹਨ ਸ਼ਬਦ ਦੇ ਵਿਚਕਾਰਲੀ ਦੀਰਘ ਲਗ ਨਹੀਂ ਗਿਰਾਈ ਜਾ ਸਕਦੀ

ਕਨੌੜਾ ਕਦੇ ਵੀ ਨਹੀਂ ਗਿਰਾਇਆ ਜਾ ਸਕਦਾ ਕਿਉਂਕਿ ਕਨੌੜੇ ਵਿੱਚ ਦੋ ਅੱਖਰ 'ਅ' ਤੇ 'ਓ' ਸੰਮਿਲਤ ਹੁੰਦੇ ਹਨ ਤੁਸੀਂ ਕਨੌੜੇ ਵਾਲਾ ਕੋਈ ਵੀ ਸ਼ਬਦ ਬੋਲ ਕੇ ਦੇਖੋ ਤੁਹਾਨੂੰ ਖ਼ੁਦ ਹੀ ਅਨੁਭਵ ਹੋ ਜਾਵੇਗਾ ਮਿਸਾਲ ਵਜੋਂ ਜੇ ਪੌਣ ਸ਼ਬਦ ਬੋਲੀਏ ਤਾਂ ਇਸ ਦਾ ਉਚਾਰਣ ਪ+ਅ+ਓ+ਣ ਅੱਖਰਾਂ ਨਾਲ ਮਿਲ ਕੇ ਬਣਦਾ ਹੈ

ਜੇ ਕਿਸੇ ਸ਼ਬਦ ਤੋਂ ਟਿੱਪੀ ਗਿਰਾ ਕੇ ਅਰਥ ਦਾ ਅਨਰਥ ਹੁੰਦਾ ਹੋਵੇ ਤਾਂ ਉਹ ਟਿੱਪੀ ਗਿਰਾਉਣੀ ਜਾਇਜ਼ ਨਹੀਂ ਖਾਸ ਕਰਕੇ ਟਿੱਪੀ ਵਾਲੇ ਅੱਖਰ ਨਾਲ ਜੇ ਮੁਕਤਾ ਅੱਖਰ 'ਗ' ਲੱਗਾ ਹੋਵੇ ਤਾਂ ਇਹ ਬਿਲਕੁਲ ਨਹੀਂ ਗਿਰਾਉਣੀ ਚਾਹੀਦੀ ਉਦਾਹਰਣ ਦੇਣ ਤੇ ਤੁਹਾਨੂੰ ਇਸ ਦਾ ਅਹਿਸਾਸ ਆਪਣੇ ਆਪ ਹੋ ਜਾਵੇਗਾ, ਜਿਵੇਂ ਰੰਗ, ਢੰਗ, ਮੰਗ, ਸੰਗ, ਲੰਗ, ਜੰਗ ਆਦਿ ਸ਼ਬਦਾਂ ਤੋਂ ਟਿੱਪੀ ਗਿਰਾ ਦਿੱਤੀ ਜਾਵੇ ਤਾਂ ਇਨ੍ਹਾਂ ਦਾ ਉਚਾਰਣ ਰਗ, ਮਗ, ਢਗ, ਲਗ, ਜਗ ਵਗੈਰਾ ਹੋ ਜਾਵੇਗਾ ਇਸ ਤਰ੍ਹਾਂ ਇਹਨਾਂ ਸਾਰਿਆਂ ਸ਼ਬਦਾਂ ਦੇ ਅਰਥ ਹੀ ਬਦਲ ਜਾਣਗੇ ਤੇ ਅਰਥ ਤੋਂ ਅਨਰਥ ਹੋ ਜਾਵੇਗਾ

ਕਿਸੇ ਵਿਅਕਤੀ ਦੇ ਨਾਮ ਤੋਂ ਵੀਂ ਟਿੱਪੀ ਗਿਰਾਉਣੀ ਜ਼ਾਇਜ ਨਹੀਂ ,

ਮਹਿੰਦਰ, ਬਖ਼ਸ਼ਿੰਦਰ, ਰਾਜਵੰਤ, ਜਸਵੰਤ ਵਗੈਰਾ ਸ਼ਬਦਾਂ ਦੀ ਟਿੱਪੀ ਗਿਰਾਈ ਜਾਵੇ ਤਾਂ ਇਹ ਨਾਂ ਤੋਂ ਕੁਨਾਂ ਹੋ ਜਾਣਗੇ

ਜੇ ਟਿੱਪੀ ਵਾਲੇ ਅੱਖਰ ਤੋਂ ਮਗਰੋਂ ਮੁਕਤਾ ਅੱਖਰ 'ਬ' ਆਵੇ ਤਾਂ ਵੀ ਟਿੱਪੀ ਨਹੀਂ ਗਿਰਾਈ ਜਾ ਸਕਦੀ ਚੰਬਾ, ਤੰਬਾ, ਤੰਬੂ, ਰੰਬਾ, ਕੰਬਣੀ ਵਗੈਰਾ ਸ਼ਬਦਾਂ ਨਾਲ ਲੱਗੀ ਟਿੱਪੀ ਮੁਕਤਾ ਅੱਖਰ 'ਮ' 'ਚ ਤਬਦੀਲ ਹੋ ਜਾਂਦੀ ਹੈ , ਤੇ ਇਹ ਸ਼ਬਦ ਇਸ ਤਰ੍ਹਾਂ ਬੋਲੇ ਜਾਂਦੇ ਹਨ ਰੰਬਾ ਨੂੰ ਰ+ਮ+ਬਾ, ਚੰਬਾ ਨੂੰ ਚ+ਮ+ਬਾ, ਅਤੇ ਤੰਬੂ ਨੂੰ ਤ+ਮ+ਬੂ ਕਰਕੇ ਉਚਾਰਿਆ ਜਾਂਦਾ ਹੈ ਇਸ ਤਰ੍ਹਾਂ ਟਿੱਪੀ ਗਿਰਾਉਣ ਤੇ ਇਨ੍ਹਾਂ ਦਾ ਉਚਾਰਣ ਵਿਗੜ ਜਾਵੇਗਾ

ਇਸੇ ਤਰ੍ਹਾਂ ਅਰੂਜ਼ੀ ਵਿਦਵਾਨ ਪੰਜਾਬੀ ਅਤੇ ਹਿੰਦੀ ਦੇ ਸ਼ਬਦਾਂ ਦੀ ਹੀ ਬਿਹਾਰੀ ਗਿਰਾਉਣ ਦੀ ਇਜ਼ਾਜਤ ਦਿੰਦੇ ਹਨ, ਫਾਰਸੀ ਸ਼ਬਦਾਂ ਦੀ ਬਿਹਾਰੀ ਗਿਰਾਉਣ ਦੀ ਇਜ਼ਾਜਤ ਨਹੀਂ ਹੈ

ਅੱਧਕ ਵੀ ਉਸੇ ਸ਼ਬਦ ਤੋਂ ਗਿਰਾਇਆ ਜਾ ਸਕਦਾ ਹੈ ਜਿੱਥੋਂ ਇਸ ਦੇ ਗਿਰਨ ਤੋਂ ਬਾਦ ਸ਼ਬਦ ਦਾ ਅਨਰਥ ਨਾ ਹੋਵੇ ਸ਼ਾਇਰ ਅਜਿਹੇ ਸ਼ਬਦਾਂ ਦੀ ਪਹਿਚਾਣ ਬਾ-ਖ਼ੂਬੀ ਕਰ ਸਕਦਾ ਹੈ

"ਕੁਝ ਹਰਫ਼ਾਂ ਦੀ ਹੁਣ ਅਸੀਂ, ਕਰ ਲਈਏ ਪਹਿਚਾਣ,
ਲਿੱਖੇ ਹੋਏ ਹਰਫ਼ ਜੋ ਗਿਣਤੀ ਵਿਚ ਨਾ ਆਣ "

ਪਿਆਰੇ ਦੋਸਤੋ ਜਿਵੇਂ ਕਿ ਆਪਾਂ ਪਹਿਲਾਂ ਜ਼ਿਕਰ ਕੀਤਾ ਹੈ ਕਿ ਸ਼ਿਅਰ ਦਾ ਵਜ਼ਨ ਕਰਦਿਆਂ ਸਿਰਫ਼ ਉਹੀ ਅੱਖਰ ਗਿਣਤੀ ਵਿੱਚ ਆਉਂਦੇ ਹਨ ਜੋ ਲਿਖੇ ਹੋਏ ਵੀ ਹੋਣ ਤੇ ਉਚਾਰੇ ਵੀ ਜਾਣ ਹੁਣ ਅਸੀਂ ਅਜਿਹੇ ਕੁੱਝ ਅੱਖਰਾਂ ਦੀ ਪਹਿਚਾਣ ਕਰਦੇ ਹਾਂ ਜਿਹੜੇ ਲਿਖੇ ਹੋਏ ਤਾਂ ਹੁੰਦੇ ਹਨ ਪਰ ਫਿਰ ਵੀ ਗਿਣਤੀ ਵਿੱਚ ਨਹੀਂ ਆਉਂਦੇ

'ਅ' ਅਤੇ 'ਹ' ਅੱਖਰਾਂ ਦੀ ਸਥਿੱਤੀ—

ਜੇ 'ਅ' ਅਤੇ 'ਹ' ਅੱਖਰ ਸ਼ਬਦ ਦੇ ਅਖੀਰ ਤੇ ਮੁਕਤੇ ਦੇ ਰੂਪ ਵਿੱਚ ਹੋਣ, ਭਾਵ ਬਿਨਾਂ ਕਿਸੇ ਦੀਰਘ ਲਗ ਦੇ, ਤਾਂ ਇਹ ਵਜ਼ਨ ਵਿੱਚੋਂ ਖਾਰਜ ਹੋ ਜਾਂਦੇ ਹਨ ਜਿਵੇਂ—

ਬਾਜ਼ਾਰ ਤਾਂ ਉਡੀਕੇ, ਮੂੰਹ ਮੰਗੇ ਦਾਮ ਲੈ ਕੇ,
ਪਰ ਮੈਥੋਂ ਜਾ ਨਾ ਹੋਵੇ, ਅਪਣਾ ਕਲਾਮ ਲੈ ਕੇ "

(ਓਂਕਾਰਪ੍ਰੀਤ)

ਇਸ ਮਤਲੇ ਦੇ ਪਹਿਲੇ ਮਿਸਰੇ ਵਿੱਚ ਸ਼ਬਦ ਮੂੰਹ ਦਾ 'ਹ' ਮੁਕਤਾ ਭਾਵੇਂ ਲਿਖਿਆ ਤਾਂ ਗਿਆ ਹੈ ਪਰ ਉਚਾਰਣ ਸਮੇਂ ਇਹ ਵਜ਼ਨ ਚੋਂ ਖਾਰਜ ਹੋ ਜਾਂਦਾ ਹੈ ਇਸੇ ਤਰ੍ਹਾਂ ਹੋਰ ਵੀ ਸ਼ਬਦ ਹਨ ਜਿਵੇਂ ਚਾਹ, ਰਾਹ, ਵਾਹ, ਸਾਹ ਵਗੈਰਾ, ਇਨ੍ਹਾਂ ਸ਼ਬਦਾਂ ਵਿੱਚ ਹੀ 'ਹ' ਅੱਖਰ ਦੀ ਉਹੀ ਸਥਿੱਤੀ ਹੈ

ਇਸ ਤਰ੍ਹਾਂ ਹੀ,

" ਕੀ ਖੱਟ ਰਿਹਾ ਹੈ ਸੋਚੋ, ਦੁਨੀਆਂ ਦਾ ਇਹ ਵਪਾਰੀ,
ਅੱਜ ਤੇਲ ਤੇ ਲਹੂ ਦਾ , ਇੱਕੋ ਹੀ ਭਾਅ ਬਣਾ ਕੇ "

(ਸੁਰਿੰਦਰ ਗੀਤ)

ਉਪਰੋਕਤ ਸ਼ਿਅਰ ਦੇ ਦੂਸਰੇ ਮਿਸਰੇ ਵਿੱਚ ਸ਼ਬਦ ਭਾਅ ਦੇ ਨਾਲ 'ਅ' ਮੁਕਤਾ ਲਿਖਿਆ ਗਿਆ ਹੈ ਜਿਹੜਾ ਕਿ ਬੋਲਣ ਵਿੱਚ ਨਹੀਂ ਆਉਂਦਾ

ਪੰਜਾਬੀ ਦੇ ਨਵੇਂ ਲਿਖਣ ਦੇ ਢੰਗ ਅਨੁਸਾਰ ਹੁਣ ਅਸੀਂ 'ਯਾ' ਦੀ ਥਾਂ 'ਇਆ' ਲਿਖਦੇ ਹਾਂ ਲਿਖਤੀ ਤੌਰ ਤੇ ਭਾਵੇਂ ਅਸੀਂ 'ਇਆ' ਲਿਖਣ ਲੱਗ ਪਏ ਹਾਂ, ਪਰ ਇਸ ਦਾ ਵਜ਼ਨ ਕਰਦਿਆਂ ਅਸੀਂ 'ਇਆ' ਨੂੰ ਮੁਫਾ ਜਾਂ IS ਅਨੁਸਾਰ ਨਹੀਂ ਗਿਣਦੇ, ਸਗੋਂ ਸਬਬ ਖਫ਼ੀਫ ਯਾਨੀ ਗੁਰੁ S ਦੇ ਬਰਾਬਰ ਗਿਣਦੇ ਹਾਂ

"ਜਦ ਮੈਂ ਹੋਂਠ ਛੁਹਾਇਆ ਪਾਣੀ,
ਮੇਰੇ ਤੇ ਮੁਸਕਰਾਇਆ ਪਾਣੀ "

(ਜਗਜੀਤ ਸੰਧੂ)

ਇਸ ਮਤਲੇ ਦੇ ਪਹਿਲੇ ਮਿਸਰੇ ਦਾ ਸ਼ਬਦ ਛੁਹਾਇਆ ਅਤੇ ਦੂਸਰੇ ਮਿਸਰੇ ਦਾ ਸ਼ਬਦ ਮੁਸਕਾਇਆ ਨੂੰ ਸ਼ਿਅਰ ਦਾ ਵਜ਼ਨ ਕਰਦਿਆਂ ਛੁਹਾਯਾ ਅਤੇ ਮੁਸਕਾਯਾ ਦੇ ਵਜ਼ਨ ਅਨੁਸਾਰ ਹੀ ਗਿਣਾਂਗੇ

ਕੰਨਾਂ ਤੇ ਉ ਦੀ ਸੰਧੀ—

ਪੰਜਾਬੀ ਦਾ ਕੰਨਾ ਅਸਲ ਵਿੱਚ ਉਰਦੂ ਦੇ ਅਲਫ਼ ਦਾ ਹੀ ਰੂਪ ਹੈ ਕਿਸੇ ਸ਼ਬਦ ਦੇ ਕੰਨੇ ਨਾਲ ਜਦੋਂ ਸਵਰ ਅੱਖਰ 'ਉ' ਆਵੇ ਤਾਂ ਦਰਅਸਲ ਇਹ ਦੋ ਸਵਰ ਅੱਖਰਾਂ 'ਅ' ਤੇ 'ਓ' ਦੀ ਸੰਮਿਲਤ ਧੁਨੀ ਹੁੰਦੀ ਹੈ ਇਹ ਦੋਵੇਂ ਅੱਖਰ 'ਅ' ਅਤੇ 'ਓ' ਜਦੋਂ ਇਕੱਠੇ ਆਉਣ ਤਾਂ ਦੀਰਘ ਲਗ ਕਨੌੜਾ ਦੀ ਅਵਾਜ਼ ਪੈਦਾ ਕਰਦੇ ਹਨ ਲਿਖਣ ਵੇਲੇ ਭਾਵੇਂ ਇਹ ਦੋਨੋ ਅੱਖਰ ਹੀ ਲਿਖੇ ਜਾਣ ਪਰ ਬੋਲਣ ਵੇਲੇ ਇਹ ਇਕ ਮਾਤਰਾ ਹੀ ਬੋਲੀ ਜਾਂਦੀ ਹੈ ਜਿਵੇਂ 'ਆਉਂਦਾ', 'ਗਾਉਂਦਾ', 'ਵਜਾਉਂਦਾ' ਸ਼ਬਦ ਲਿਖਣ ਵਿੱਚ ਪੰਜ ਜਾਂ ਛੇ ਮਾਤਰੇ ਹਨ ਪਰ ਸ਼ਿਅਰ ਦਾ ਵਜ਼ਨ ਕਰਦਿਆਂ ਇਨ੍ਹਾਂ ਨੂੰ ਔਂਦਾ, ਗੌਂਦਾ, ਵਜੌਂਦਾ ਦੇ ਵਜ਼ਨ ਅਨੁਸਾਰ ਹੀ ਬੰਨ੍ਹਿਆ ਜਾਂਦਾ ਹੈ

"ਅੰਬਰ ਤੀਕਰ ਸੋਚ ਉਡਾਉਣੀ,
ਧੁਰ ਅੰਦਰ ਤਕ ਲਹਿਣਾ ਮਸਤੀ "

(ਦਵਿੰਦਰ ਪੂਨੀਆਂ)

ਇਸ ਸ਼ਿਅਰ ਦੇ ਪਹਿਲੇ ਮਿਸਰੇ ਵਿੱਚ ਆਏ ਸ਼ਬਦ 'ਉਡਾਉਣੀ' ਦੀਆਂ ਲਿਖਣ ਵਿੱਚ ਤਾਂ ਭਾਵੇਂ ਛੇ ਮਾਤਰਾ ਹਨ, ਪਰ ਵਜ਼ਨ ਕਰਨ ਵੇਲੇ ਇਹ ਉਡੌਣੀ ਭਾਵ ਪੰਜ ਮਾਤਰਾ ਹੀ ਗਿਣਿਆ ਜਾਵੇਗਾ

ਸੰਯੁਕਤ ਅੱਖਰ—

ਦੇਵਨਾਗਿਰੀ ਲਿਪੀ (ਹਿੰਦੀ) ਵਿੱਚ ਜਿਨ੍ਹਾਂ ਸ਼ਬਦਾਂ ਦੇ ਨਾਲ ਅੱਧਾ ਅੱਖਰ ਲਗਦਾ ਹੈ, ਵਜ਼ਨ ਕਰਨ ਵੇਲੇ ਉਹ ਅੱਧਾ ਅੱਖਰ ਗਿਣਤੀ 'ਚੋਂ ਖਾਰਜ ਹੋ ਜਾਂਦਾ ਹੈ ਗੁਰਮੁਖੀ ਲਿੱਪੀ ਵਿੱਚ ਦੇਵਨਾਗਿਰੀ ਵਾਂਗ ਅੱਧੇ ਅੱਖਰ ਨਹੀਂ ਹਨ ਹਿੰਦੀ ਅੱਖਰ 'ਯ' ਤੇ ਵ ਪੰਜਾਬੀ ਵਿਚ ਆ ਦਾ ਰੂਪ ਧਾਰਨ ਕਰ ਲੈਂਦੇ ਹਨ ਜਿਵੇਂ ਕਿ ਹਿੰਦੀ ਵਿਚਲਾ ਸਵਾਮੀ ਪੰਜਾਬੀ ਵਿੱਚ ਸੁਆਮੀ ਹੋ ਜਾਂਦਾ ਹੈ ਅਤੇ ਸਵਾਂਗ ਤੋਂ ਸੁਆਂਗ ਹੋ ਜਾਂਦਾ ਹੈ ਇਸ ਤਰ੍ਹਾਂ ਹੀ ਪਿਯਾਰ ਪੰਜਾਬੀ ਵਿਚ ਪਿਆਰ ਬਣ ਜਾਂਦਾ ਹੈ, ਅਜਿਹੇ ਅੱਖਰਾਂ ਨੂੰ ਸੰਯੁਕਤ ਅੱਖਰ ਕਿਹਾ ਜਾਂਦਾ ਹੈ ਪਿਆਰ, ਤਿਆਗ, ਪਿਆਸ, ਲਿਖਣ ਵਿੱਚ ਤਾਂ ਭਾਵੇਂ ਫਊਲ ISI ਦੇ ਵਜ਼ਨ ਤੇ ਲਿਖੇ ਜਾਂਦੇ ਹਨ ਪਰ ਵਜ਼ਨ ਕਰਨ ਲੱਗਿਆਂ ਇਹਨਾਂ ਦਾ ਵਜ਼ਨ ਕ੍ਰਮਵਾਰ ਪਾਰ, ਤਾਗ, ਅਤੇ ਪਾਸ ਦੇ ਬਰਾਬਰ ਹੀ ਗਿਣਿਆ ਜਾਂਦਾ ਹੈ ਜਿਵੇਂ—

"ਪਿਆਰ ਦੀ ਛਤਰੀ ਨਾ ਲੱਥਣ, ਚੋਗ ਦੇ ਲਾਲਚ ਨਾ ਆਉਣ,
ਕਲਪਣਾ ਵਿਚ ਉੱਡਦੇ ਨੇ, ਜੋ ਕਬੂਤਰ ਦੋਸਤੋ "

(ਅਜਾਇਬ ਚਿਤ੍ਰਕਾਰ)

ਉਪਰੋਕਤ ਸ਼ਿਅਰ ਦੇ ਪਹਿਲੇ ਮਿਸਰੇ ਦੇ ਪਿਆਰ ਸ਼ਬਦ ਨੂੰ ਪਾਰ ਦੇ ਵਜ਼ਨ ਤੇ ਬੰਨ੍ਹਿਆ ਗਿਆ ਹੈ

ਦੁੱਤ ਅੱਖਰ—

"ਜਿਹੜੇ ਪੈਰੀਂ ਪੈ ਗਏ, ਕੌਡੀ ਦੇ ਨਾ ਤੁੱਲ,
ਪੈਰੀਂ ਪੈ ਕੇ ਆਪਣਾ, ਹਰਫ਼ ਗੁਆਉਂਦੇ ਮੁੱਲ "

ਦੁੱਤ ਅੱਖਰ, ਭਾਵ ਜਿਹੜੇ ਅੱਖਰ ਕਿਸੇ ਹੋਰ ਅੱਖਰ ਦੇ ਪੈਰਾਂ ਵਿੱਚ ਲਿਖੇ ਗਏ ਹੋਣ, ਉਹ ਵਜ਼ਨ ਵਿੱਚ ਨਹੀਂ ਗਿਣੇ ਜਾਂਦੇ ਜਗਤ ਰਵੀਰਾ ਵੀ ਏਹੋ ਹੀ ਹੈ ਕਿ ਜਿਹੜਾ ਕਿਸੇ ਦੇ ਪੈਰੀਂ ਪੈ ਜਾਂਦਾ ਹੈ ਆਪਣੀ ਪਹਿਚਾਣ ਗਵਾ ਬਹਿੰਦਾ ਹੈ ਪੰਜਾਬੀ ਵਿੱਚ ਆਮ ਤੌਰ ਤੇ 'ਰ' ਤੇ 'ਹ' ਅੱਖਰ ਦੂਸਰੇ ਅੱਖਰਾਂ ਦੇ ਪੈਰੀਂ ਪਾਏ ਜਾਂਦੇ ਹਨ ਜਿਸ ਤਰ੍ਹਾਂ 'ਪ੍ਰਕਾਰ' ਸ਼ਬਦ ਵਿੱਚ 'ਪ' ਦੇ ਪੈਰੀਂ 'ਰ' ਪਾਇਆ ਗਿਆ ਹੈ ਅਤੇ 'ਨ੍ਹੇਰਾ, ਸ਼ਬਦ ਵਿੱਚ 'ਨ' ਦੇ ਪੈਰੀਂ 'ਹ' ਪਾਇਆ ਗਿਆ ਹੈ ਇਹ ਅੱਖਰ ਲਿਖਣ ਵਿੱਚ ਤਾਂ ਆਉਂਦੇ ਹਨ ਪਰ ਇਨ੍ਹਾਂ ਦਾ ਵਜ਼ਨ ਨਹੀਂ ਗਿਣਿਆ ਜਾਂਦਾ ਜਿਵੇਂ—

"ਆਵੇ ਨਾ ਹੱਥ ਕ੍ਰਿਸ਼ਨ ਇਹ , ਤਿਤਲੀ ਖ਼ਿਆਲ ਦੀ,
ਜੀਅ ਤਾਂ ਕਰੇ ਬਥੇਰਾ, ਸ਼ਿਅਰਾਂ 'ਚ ਬੰਨ੍ਹ ਲਵਾਂ

ਉਪਰੋਕਤ ਮਕਤੇ ਦੇ ਉਪਰਲੇ ਮਿਸਰੇ ਵਿੱਚ ਕ੍ਰਿਸ਼ਨ ਦੇ 'ਕ' ਦੇ ਪੈਰੀਂ 'ਰ' ਅੱਖਰ ਪਾਇਆ ਗਿਆ ਹੈ, ਪਰ ਇਹ ਸ਼ਬਦ ਪੜ੍ਹਨ ਵੇਲੇ ਕੇਵਲ 'ਕਿਸ਼ਨ' ਦੇ ਵਜ਼ਨ ਤੇ ਹੀ ਪੜ੍ਹਿਆ ਜਾਵੇਗਾ, 'ਰ' ਵਜ਼ਨ 'ਚੋਂ ਖਾਰਜ ਹੋ ਜਾਂਦਾ ਹੈ

ਕਿ ਅਤੇ ਲਈ ਵਗੈਰਾ—

ਕਿ ਅਤੇ ਲਈ ਸ਼ਬਦ ਲਿਖਣ ਵਿੱਚ ਤਾਂ ਕ੍ਰਮਵਾਰ ਲਘੂ ਅਤੇ ਗੁਰੂ ਦੇ ਸੁਮੇਲ ਤੋਂ ਬਣਦੇ ਹਨ ਅਤੇ ਮੁਫਾ ਦੇ ਬਰਾਬਰ ਹਨ ਪਰ ਅਸੀਂ ਆਪਣੇ ਸ਼ਿਅਰ ਵਿਚ ਲੋੜ ਅਨੁਸਾਰ 'ਕਿ' ਸ਼ਬਦ ਨੂੰ ਇਕ ਮਾਤਰਾ ਜਾਂ 'ਕੇ' ਸ਼ਬਦ ਵਾਂਗ ਦੋ ਮਾਤਰਾ ਤੇ ਵੀ ਬੰਨ੍ਹ ਸਕਦੇ ਹਾਂ ਇਸੇ ਤਰ੍ਹਾਂ 'ਲਈ' ਸ਼ਬਦ ਨੂੰ ਮੁਫਾ ਭਾਵ IS ਅਤੇ 'ਲੀ' ਦੇ ਵਜ਼ਨ (ਭਾਵ ਇੱਕ ਗੁਰੂ) ਤੇ ਵੀ ਬੰਨ੍ਹ ਸਕਦੇ ਹਾਂ ਜਿਵੇਂ—

"ਰੀਝ ਹੈ ਦਿਲ ਦੀ ਕਿ ਅਪਣੀ ਹੀਰ ਲਈ ਰਾਂਝਣ ਬਣਾਂ,
ਭਾਵਨਾ ਇਹ ਵੀ ਹੈ ਕਿ ਮੈਂ ਮਾਂ ਲਈ ਸਰਵਣ ਬਣਾਂ "
(ਜਗਤਾਰ ਸੇਖਾ)

ਉਪਰੋਕਤ ਮਤਲੇ ਵਿੱਚ ਪਹਿਲੇ ਮਿਸਰੇ ਦੇ ਸ਼ਬਦ 'ਲਈ' ਨੂੰ 'ਲੀ' ਦੇ ਵਜ਼ਨ ਤੇ ਬੰਨ੍ਹਿਆ ਗਿਆ ਹੈ ਇਸ ਦਾ ਉਚਾਰਣ "ਹੀਰ ਲੀ ਰਾਂਝਣ ਬਣਾਂ" ਕਰਕੇ ਲਿਆ ਜਾਂਦਾ ਹੈ ਦੂਸਰੇ ਮਿਸਰੇ ਵਿਚ ਸ਼ਬਦ 'ਕਿ' ਭਾਵੇਂ ਲਘੂ ਦੇ ਤੌਰ ਤੇ ਆਇਆ ਹੈ ਪਰ ਵਜ਼ਨ ਕਰਨ ਵੇਲੇ ਇਸ ਨੂੰ ਗੁਰੂ ਯਾਨੀ 'ਕੇ' ਦੇ ਵਜ਼ਨ ਤੇ ਗਿਣਿਆ ਜਾਵੇਗਾ ਅਰੂਜ਼ੀ ਵਿਦਵਾਨਾਂ ਨੇ ਵੀ ਇਸ ਦੀ ਇਜ਼ਾਜਤ ਦਿੱਤੀ ਹੋਈ ਹੈ ਪੰਡਿਤ ਕਰਤਾਰ ਸਿੰਘ ਦਾਖਾ ਨੇ ਆਪਣੇ ਪਿੰਗਲ ਦੇ ਗ੍ਰੰਥ ਵਿੱਚ ਇਸ ਨੂੰ ਇਸ ਤਰ੍ਹਾਂ ਸਪਸ਼ਟ ਕੀਤਾ ਹੈ—

"ਲਘੂ ਦੀਰਘ, ਦੀਰਘ ਲਘੂ, ਕਵਿ ਚਾਹੇ ਹੋ ਜਾਇ,
ਐਸੀ ਸਾਂਝੀ ਰੀਤ ਮੇਂ, ਕੇਹਿਰ ਨਿਯਮ ਨਾ ਕੋਇ "

ਭਾਵ ਕਵੀ ਜੇ ਚਾਹੇ ਤਾਂ ਲਘੂ ਨੂੰ ਗੁਰੂ ਤੇ ਗੁਰੂ ਨੂੰ ਲਘੂ ਦੇ ਵਜ਼ਨ ਤੇ ਬੰਨ੍ਹ ਸਕਦਾ ਹੈ

ਤੇ, ਉੱਤੇ, ਅਤੇ ਵਿਚ ਸ਼ਬਦਾਂ ਬਾਰੇ—

ਆਪਣੀ ਬਹਿਰ ਦੀ ਲੋੜ ਅਨੁਸਾਰ ਸ਼ਾਇਰ ਵਿੱਚ ਸ਼ਬਦ ਨੂੰ 'ਚ ਵੀ ਬੰਨ੍ਹ ਸਕਦਾ ਹੈ ਇਸ ਤਰ੍ਹਾਂ ਹੀ ਅਤੇ ਸ਼ਬਦ ਦੀ ਥਾਂ ਤੇ 'ਤ' ਸ਼ਬਦ ਲਿਆ ਜਾ ਸਕਦਾ ਹੈ ਇਸੇ ਪ੍ਰਕਾਰ ਉੱਤੇ ਸ਼ਬਦ ਨੂੰ ਵੀ 'ਤੇ' ਸ਼ਬਦ ਤੇ ਬੰਨ੍ਹਿਆ ਜਾ ਸਕਦਾ ਹੈ ਇਹੀ ਸਥਿੱਤੀ ਉੱਤੋਂ ਦੀ ਵੀ ਹੈ ਉਸ ਨੂੰ ਵੀ ਇਕੱਲਾ 'ਤੋਂ' ਕਰਕੇ ਬੰਨ੍ਹਿਆ ਜਾ ਸਕਦਾ ਹੈ

ਸਵਰ ਅੱਖਰ—-

ਅ ਮੁਕਤਾ ਇ ਅਤੇ ਉ, ਕਈ ਵਾਰ ਲਿਖੇ ਹੋਣ ਦੇ ਬਾਵਜੂਦ ਗਿਣਤੀ ਵਿੱਚ ਨਹੀਂ ਆਉਂਦੇ ਜਿਵੇਂ 'ਅ' ਮੁਕਤਾ ਬਾਰੇ ਪਹਿਲਾਂ ਹੀ ਦੱਸਿਆ ਜਾ ਚੁੱਕਿਆ ਹੈ ਕਿ ਕਿਸੇ ਦੀਰਘ ਲਗ ਤੋਂ ਮਗਰੋਂ ਸ਼ਬਦ ਦੇ ਆਖਰ ਵਿੱਚ 'ਅ' ਮੁਕਤਾ ਆਵੇ ਤਾਂ ਉਹ ਵਜ਼ਨ ਵਿੱਚ ਨਹੀਂ ਗਿਣਿਆ ਜਾਂਦਾ ਜਿਵੇਂ ਚਾਅ, ਬਚਾਅ, ਵਗੈਰਾ ਵਿੱਚ ਆਉਂਦਾ ਹੈ

ਤਿੰਨੇ ਅੱਖਰ 'ਅ', 'ਇ' ਅਤੇ 'ਉ' ਆਪਣੇ ਤੋਂ ਪਹਿਲੇ ਅੱਖਰ ਨਾਲ ਮਿਲ ਕੇ ਅਲੋਪ ਹੋ ਜਾਂਦੇ ਹਨ ਜਿਵੇਂ—

"ਕੈਸਾ ਇਹ ਮੁਕਾਮ ਆਇਐ, ਆਈ ਨਾ ਸਮਝ ਮੈਨੂੰ,
ਘਰ ਵਿਚ ਵੀ ਅਗਰ ਆਉਣਾ, ਉਕਤਾਏ ਜਹੇ ਰਹਿਣਾ "
(ਦੀਪਕ ਜੈਤੋਈ)

ਇਸ ਸ਼ਿਅਰ ਦੇ ਪਹਿਲੇ ਮਿਸਰੇ ਵਿਚ ਮਕਾਮ ਸ਼ਬਦ ਮਗਰੋਂ ਸਵਰ ਅੱਖਰ 'ਅ' ਆਪਣੇ ਤੋਂ ਪਹਿਲੇ ਸ਼ਬਦ ਮੁਕਾਮ ਦੇ ਆਖਰੀ ਅੱਖਰ 'ਮ' ਨਾਲ ਸੰਧੀ ਕਰਕੇ ਅਲੋਪ ਹੋ ਗਿਆ ਹੈ ਮੁਕਾਮ ਆਇਆ ਨੂੰ ਅਸੀਂ ਮੁਕਾ-ਮਾਯਾ ਕਰਕੇ ਬੋਲ ਸਕਦੇ ਹਾਂ ਇਸ ਤਰ੍ਹਾਂ 'ਆ' ਲਿਖੇ ਹੋਣ ਦੇ ਬਾਵਜੂਦ ਅਲੋਪ ਹੋ ਗਿਆ ਹੈ

ਇਸੇ ਤਰ੍ਹਾਂ ਦੂਸਰੇ ਮਿਸਰੇ ਦੇ ਸ਼ਬਦ ਅਗਰ ਦੇ ਪਿੱਛੋਂ ਆਉਣਾ ਲਿਖੇ ਹੋਣ ਦੇ ਬਾਵਜੂਦ ਬੋਲਨ ਵੇਲੇ ਅਲੋਪ ਹੋ ਜਾਵੇਗਾ, ਅਤੇ ਆਉਣਾ ਸ਼ਬਦ ਦੀ ਆਪਣੇ ਤੋਂ ਪਹਿਲੇ ਸ਼ਬਦ ਨਾਲ ਸੰਧੀ ਹੋ ਕੇ ਇਸ ਨੂੰ ਅਗ-ਰੌਣਾ ਕਰਕੇ ਬੋਲਿਆ ਜਾਵੇਗਾ ਜਿਵੇਂ ਕਿ ਆਪਾਂ ਪਹਿਲਾਂ ਵੀ ਜ਼ਿਕਰ ਕਰ ਚੁੱਕੇ ਹਾਂ ਕਿ ਦੋ ਸਵਰ ਅੱਖਰ 'ਅ' ਤੇ 'ਉ' ਦੀ ਸੰਧੀ ਹੋ ਕੇ ਇਹ ਕਨੌੜੇ ਦਾ ਰੂਪ ਹੋ ਜਾਂਦੇ ਹਨ ਇਸੇ ਕਰਕੇ ਇੱਕੋ ਇੱਕ ਦੀਰਘ ਲਗ ਕਨੌੜਾ ਹੀ ਹੈ ਜਿਹੜੀ ਵਜ਼ਨ ਚੋਂ ਗਿਰਾਈ ਨਹੀਂ ਜਾ ਸਕਦੀ ਸਵਰ ਅੱਖਰ ਹਮੇਸ਼ਾ ਆਪਣੇ ਤੋਂ ਪਹਿਲੇ ਆਏ ਅੱਖਰ ਵਿੱਚ ਵਾਸਲ ਹੋ ਜਾਂਦੇ ਹਨ

"ਚਿਹਰਾ ਹਰ ਇਕ ਦਾ ਖਿੜ ਗਿਆ, ਛਾਈ ਖੁਸ਼ੀ ਬੇਅੰਤ ਹੈ,
ਕਹਿੰਦੇ ਸਰੂ ਨੇ ਝੂਮ ਕੇ, ਅਹੁ ਆ ਗਈ ਬਸੰਤ ਹੈ "
(ਧਨੀ ਰਾਮ ਚਾਤ੍ਰਿਕ)

ਉਪਰਲੇ ਮਿਸਰੇ ਵਿਚ 'ਹਰ ' ਸ਼ਬਦ ਦੇ ਮਗਰੋਂ ਸਵਰ ਅੱਖਰ 'ਇ' ਲਿਖਣ ਵਿਚ ਭਾਵੇਂ ਪੂਰਾ ਇਕ ਲਿਖਿਆ ਗਿਆ ਹੈ ਪਰ ਬੋਲਣ ਵੇਲੇ 'ਇ' ਆਪਣੇ ਤੋਂ ਪਹਿਲੇ ਅੱਖਰ 'ਰ' ਨਾਲ ਮਿਲ ਕੇ ਹਰਿਕ ਵਿਚ ਤਬਦੀਲ ਹੋ ਗਈ ਹੈ ਇਸ ਤਰ੍ਹਾਂ ਹਰ ਇਕ ਨੂੰ ਹਰਿਕ ਦੇ ਵਜ਼ਨ ਤੇ ਬੰਨ੍ਹਿਆ ਜਾਵੇਗਾ 'ਇ' ਭਾਵੇਂ ਲਿਖਿਆ ਤਾਂ ਗਿਆ ਹੈ ਪਰ ਬੋਲਣ ਵੇਲੇ ਅਲੋਪ ਹੋ ਗਿਆ ਹੈ

" ਰੁੱਖਾਂ ਨੇ ਵਾਂਗ ਸਾਧੂਆਂ , ਤਾਂਘੀਂ ਸਮਾਂ ਗੁਜ਼ਾਰਿਆ,
ਫੁੱਲਾਂ ਤੇ ਪੱਤਰਾਂ ਸਣੇ, ਸਾਰਾ ਸ਼ਿੰਗਾਰ ਉਤਾਰਿਆ "
(ਧਨੀ ਰਾਮ ਚਾਤ੍ਰਿਕ)

ਇਸ ਸ਼ਿਅਰ ਦੇ ਦੂਸਰੇ ਮਿਸਰੇ ਵਿਚ ਸ਼ਿੰਗਾਰ ਸ਼ਬਦ ਦੇ 'ਰ' ਮੁਕਤੇ ਮਗਰੋਂ ਸਵਰ ਅੱਖਰ 'ਉ' ਲਿਖਣ ਵੇਲੇ ਤਾਂ ਪੂਰਾ ਲਿਖਿਆ ਗਿਆ ਹੈ ਪਰ ਮਿਸਰੇ ਦਾ ਵਜ਼ਨ ਕਰਨ ਲੱਗਿਆਂ ਇਸ ਨੂੰ ਇਹ ਸ਼ਿੰਗਾਰੁ-ਤਾਰਿਆ ਵਿੱਚ ਬਦਲ ਜਾਵੇਗਾ ਇਸ ਤਰ੍ਹਾਂ ਇਨ੍ਹਾਂ ਉਦਾਹਰਣਾਂ ਤੋਂ ਸਪਸ਼ਟ ਹੋ ਗਿਆ ਕਿ ਸਵਰ ਅੱਖਰ 'ਅ' , 'ਇ' ਅਤੇ 'ਉ' ਲਿਖਣ ਵਿੱਚ ਤਾਂ ਭਾਵੇਂ ਆਉਂਦੇ ਹਨ ਪਰ ਬੋਲਣ ਲੱਗਿਆਂ ਇਨ੍ਹਾਂ ਦਾ ਉਚਾਰਣ ਨਹੀਂ ਕੀਤਾ ਜਾਂਦਾ

ਜਿਹੜੇ ਸ਼ਬਦ ਦੇ ਪਿੱਛੇ ਸਵਰ ਅੱਖਰ ਆ ਜਾਂ ਆਂ ਲੱਗਿਆ ਹੋਵੇ ਉਹ ਆਪਣੇ ਤੋਂ ਪਹਿਲੀ ਦੀਰਘ ਲਗ ਨੂੰ ਲਘੂ ਲਗ ਵਿੱਚ ਤਬਦੀਲ ਕਰ ਦਿੰਦਾ ਹੈ

ਇਹ ਬਹੁਤ ਅਹਿਮ ਤਬਦੀਲੀ ਹੈ, ਇਸ ਲਈ ਇਸ ਦਾ ਖਾਸ ਤੌਰ ਤੇ ਖ਼ਿਆਲ ਰੱਖਿਆ ਜਾਣਾ ਚਾਹੀਦਾ ਹੈ ਜਿਵੇਂ

"ਖਲੋਤੇ ਪਾਣੀਆਂ ਨੂੰ ਫੇਰ ਤੋਂ ਲਰਜ਼ਾ ਗਿਆ ਕੋਈ,
ਸੰਧੂਰੀ ਪੌਣ ਦੇ ਬੁੱਲ੍ਹੇ ਜਿਹਾ ਖ਼ਤ ਆ ਗਿਆ ਕੋਈ "
(ਜਸਵਿੰਦਰ)

ਇਸ ਮਤਲੇ ਦੇ ਪਹਿਲੇ ਮਿਸਰੇ ਵਿਚ ਸ਼ਬਦ 'ਪਾਣੀਆਂ' ਵਿਚ ਦੀਰਘ ਲਗ ਬਿਹਾਰੀ ਮਗਰੋਂ ਸਵਰ ਅੱਖਰ 'ਆਂ' ਨੇ ਬਿਹਾਰੀ ਨੂੰ ਸਿਹਾਰੀ ਵਿੱਚ ਬਦਲ ਦਿੱਤਾ ਹੈ ਅਸੀਂ ਨਿੱਤ ਵਰਤੋਂ ਵਿੱਚ ਅਜਿਹੇ ਅਨੇਕਾਂ ਸ਼ਬਦ ਬੋਲਦੇ ਤੇ ਲਿਖਦੇ ਹਾਂ ਜਿਵੇਂ ਤਿਤਲੀਆਂ, ਕੁੜੀਆਂ, ਚਿੜੀਆਂ, ਜੁੜੀਆਂ, ਟੁੱਟੀਆਂ, ਕਲੀਆਂ ਵਗੈਰਾ, ਖਾਸ ਤੌਰ ਤੇ ਜਦੋਂ ਪੰਜਾਬੀ ਵਿਚ ਇਕ ਵਚਨ ਤੋਂ ਬਹੁ ਵਚਨ ਬਣਾਉਣਾ ਹੋਵੇ ਤਾਂ ਅਸੀਂ ਬਹੁਤੇ ਸ਼ਬਦਾਂ ਦੇ ਪਿੱਛੇ 'ਆਂ' ਪਿਛੇਤਰ ਲਾ ਕੇ ਬਹੁਵਚਨ ਬਣਾਉਂਦੇ ਹਾਂ ਅਜਿਹੇ ਸ਼ਬਦਾਂ ਵਿੱਚ 'ਆਂ' ਤੋਂ ਪਹਿਲਾਂ ਵਾਲੇ ਅੱਖਰ ਦੀ ਦੀਰਘ ਲਗ ਗਿਰਾ ਕੇ ਲਘੂ ਕਰ ਦਿੱਤੀ ਜਾਂਦੀ ਹੈ

"ਸ਼ਾਇਦ ਲਿਖਿਆ ਹੋਵੇ ਹੰਝੂਆਂ ਦੇ ਨਾਲ ਕਿਤੇ,
ਯਾਦਾਂ ਦੀ ਪੁਸਤਕ ਦੇ ਵਰਕੇ ਫ਼ੋਲ ਕਿਤੇ "
(ਮੁਸ਼ਤਾਕ ਵਾਰਸੀ)

ਇਸ ਸ਼ਿਅਰ ਦੇ ਪਹਿਲੇ ਮਿਸਰੇ ਦੇ ਸ਼ਬਦ ਹੰਝੂਆਂ ਨੂੰ ਵਜ਼ਨ ਕਰਨ ਵੇਲੇ ਹੰਝੁਆ ਦੇ ਵਜ਼ਨ ਤੇ ਪੜ੍ਹਿਆ ਜਾਵੇਗਾ ਉਪਰੋਕਤ ਅਸੂਲ ਅਨੁਸਾਰ ਸਵਰ ਅੱਖਰ ਤੋਂ ਪਹਿਲਾਂ ਵਾਲੀਆਂ ਦੀਰਘ ਲਗਾਂ ਬਿਹਾਰੀ ਅਤੇ ਦੁਲੈਂਕੜ ਕ੍ਰਮਵਾਰ ਸਿਹਾਰੀ ਅਤੇ ਔਂਕੁੜ ਵਿਚ ਬਦਲ ਜਾਣਗੇ ਅਜਿਹੇ ਹੋਰ ਸ਼ਬਦ ਸਾਧੂਆਂ, ਗੁਰੂਆਂ ਵਗੈਰਾ ਦੀ ਮਿਸਾਲ ਵੀ ਦਿੱਤੀ ਜਾ ਸਕਦੀ ਹੈ

ਸਵਰ ਅੱਖਰਾਂ ਨੂੰ ਉਰਦੂ ਵਿਚ ਹਰਫ਼ਿ ਇੱਲਤ ਕਿਹਾ ਜਾਂਦਾ ਹੈ, ਕਿਉਂ ਕਿ ਇਹ ਹਮੇਸ਼ਾ ਸ਼ਰਾਰਤ ਕਰਦੇ ਰਹਿੰਦੇ ਹਨ ਲਿਖਣ ਦੇ ਬਾਵਜੂਦ ਇਹ ਵਜ਼ਨ 'ਚੋਂ ਅਲੋਪ ਹੋ ਜਾਂਦੇ ਹਨ ਤੇ ਆਪਣਾ ਵਜ਼ਨ ਦੂਸਰੇ ਅੱਖਰਾਂ ਤੇ ਸੁੱਟ ਦਿੰਦੇ ਹਨ

"ਸਵਰ ਅੱਖਰ ਚੁਕਦੇ ਨਹੀਂ, ਅਪਣਾ ਅਪਣਾ ਭਾਰ,
ਰਹਿੰਦੇ ਨੇ ਇਹ ਦੂਸਰੇ, ਹਰਫ਼ਾਂ ਤੇ ਅਸਵਾਰ "

ਸਵਰ ਅੱਖਰ 'ੳ' , 'ਅ' , 'ੲ' ਗਿਰਾਉਣੇ ਭਾਵੇਂ ਜ਼ਾਇਜ ਸਮਝੇ ਜਾਂਦੇ ਹਨ ਪਰ ਜੇ ਇਨ੍ਹਾਂ ਅੱਖਰਾਂ ਤੋਂ ਸ਼ੁਰੂ ਹੋਣ ਵਾਲਾ ਕੋਈ ਸ਼ਬਦ ਮਿਸਰੇ ਦੇ ਅਰੰਭ ਵਿੱਚ ਹੋਵੇ ਤਾਂ ਇਹ ਅੱਖਰ ਵੀ ਗਿਰਾਉਣ ਦੀ ਇਜ਼ਾਜਤ ਨਹੀਂ ਹੈ ਜਿਵੇਂ—

"ਉਸਨੂੰ ਨਿਮਾਣਾ ਜਾਣ ਕੇ, ਖਿੱਲੀ ਉਡਾ ਕੇ ਖੁਸ਼ ਨਾ ਹੋ,
ਇਨਸਾਨ ਤੂੰ ਇਨਸਾਨ ਨੂੰ, ਨੀਵਾਂ ਦਿਖਾ ਕੇ ਖੁਸ਼ ਨਾ ਹੋ "
(ਰਾਜਵੰਤ ਬਾਗੜੀ)

"ਮੈਨੂੰ ਤਾਂ ਗਵਾਰਾ ਨਈਂ, ਇਹ ਸੋਚ ਠਰੀ ਹੋਈ,
ਆਵੇ ਤੇ ਕੁਈ ਆ ਕੇ, ਅੰਗਾਰ ਹੀ ਧਰ ਜਾਵੇ "
(ਕ੍ਰਿਸ਼ਨ ਭਨੋਟ)

"ਪੱਥਰਾਂ ਦੇ ਸ਼ਹਿਰ ਵਿਚ, ਸੰਗ-ਮਰਮਰੀ ਵਸਨੀਕ ਨੇ,
ਏਥੇ ਨਾ ਤੂੰ ਮਾਨ ਐਵੇਂ, ਦਿਲਬਰਾਂ ਦੀ ਕਰ ਤਲਾਸ਼ "
(ਹਰਦਮ ਸਿੰਘ ਮਾਨ)

ਉਪਰੋਕਤ ਸ਼ਿਅਰਾਂ ਵਿਚ ਸਵਰ ਅੱਖਰ ਮਿਸਰੇ ਦੇ ਮੁੱਢ ਵਿਚ ਆਉਂਦੇ ਹਨ ਪਹਿਲੇ ਸ਼ਿਅਰ ਦਾ ਪਹਿਲਾ ਮਿਸਰਾ ਸਵਰ ਅੱਖਰ ੳ ਨਾਲ ਸ਼ੁਰੂ ਹੁੰਦਾ ਹੈ ਅਤੇ ਦੂਸਰਾ ਮਿਸਰਾ ਸਵਰ 'ੲ' ਨਾਲ ਸ਼ੁਰੂ ਹੁੰਦਾ ਹੈ ਬਿਲਕੁਲ ਇਸੇ ਤਰ੍ਹਾਂ ਦੂਸਰੇ ਸ਼ਿਅਰ ਦਾ ਦੂਸਰਾ ਮਿਸਰਾ ਸਵਰ ਅੱਖਰ 'ਅ' ਨਾਲ ਆਰੰਭ ਹੁੰਦਾ ਹੈ ਤੀਸਰੇ ਸ਼ਿਅਰ ਦੇ ਦੂਸਰੇ ਮਿਸਰੇ ਦਾ ਆਰੰਭ ਸਵਰ ਅੱਖਰ 'ੲ' ਨਾਲ ਹੁੰਦਾ ਹੈ ਇਹ ਸਵਰ ਅੱਖਰ ਮਿਸਰੇ ਦੇ ਅਰੰਭ ਵਿਚ ਆਉਣ ਕਰਕੇ ਗਿਰਾਏ ਨਹੀਂ ਜਾ ਸਕਦੇ ਜੇ ਇਹ ਸ਼ਿਅਰ ਦੇ ਵਿਚਾਲੇ ਹੁੰਦੇ ਤਾਂ ਦੂਸਰੇ ਵਿਅੰਜਨ ਅੱਖਰਾਂ ਨਾਲ ਸੰਧੀ ਕਰਕੇ ਅਲੋਪ ਹੋ ਜਾਂਦੇ

ਇਸ ਤਰ੍ਹਾਂ ਹੀ ਜਿਹੜੇ ਸ਼ਬਦ ਵਿੱਚ ਤਿੰਨ ਸਾਕਿਨ ਅੱਖਰ ਇਕੱਠੇ ਹੋ ਜਾਣ ਉਨ੍ਹਾਂ ਵਿੱਚੋਂ ਦੂਸਰਾ ਸਾਕਿਨ ਅੱਖਰ ਮੁਤਹੱਰਕ ਹੋ ਜਾਂਦਾ ਹੈ ਤੇ ਤੀਸਰਾ ਸਾਕਿਨ ਅੱਖਰ ਵਜ਼ਨ ਵਿੱਚੋਂ ਖਾਰਜ ਹੋ ਜਾਂਦਾ ਹੈ ਜਿਵੇਂ ਦੋਸਤ, ਪੋਸਤ, ਗੋਸ਼ਤ ਸ਼ਬਦਾਂ ਵਿੱਚ ਕ੍ਰਮਵਾਰ 'ਦ' ਮੁਕਤਾ, 'ਪ' ਮੁਕਤਾ ਅਤੇ 'ਗ' ਮੁਕਤਾ ਮੁਤਹੱਰਕ ਹਨ, ਅਤੇ ਤਿੰਨਾਂ ਵਿੱਚ 'ਸ' ਮੁਕਤਾ ਮੁਤਹੱਰਕ ਹੋ ਜਾਵੇਗਾ ਤੇ 'ਤ' ਮੁਕਤਾ ਵਜ਼ਨ ਵਿੱਚੋਂ ਖਾਰਜ਼ ਹੋ ਜਾਵੇਗਾ ਜਿਵੇਂ ਦੋਸਤ ਦੋਸਤ ਨਾ ਰਿਹਾ, ਪਿਆਰ ਪਿਆਰ ਨਾ ਰਿਹਾ, ਗੀਤ ਦੇ ਇਸ ਮਿਸਰੇ ਨੂੰ ਵਜ਼ਨ ਵਿੱਚ ਇਸ ਤਰ੍ਹਾਂ ਗਿਣਿਆ ਜਾਵੇਗਾ, ਦੋਸ ਦੋਸ ਨਾ ਰਿਹਾ, ਪਾਰ ਪਾਰ ਨਾ ਰਿਹਾ

ਪਿਆਰੇ ਦੋਸਤੋ ਆਪਾਂ ਅੱਖਰ ਗਿਰਾਉਣ ਦਾ ਵਿਧਾਨ ਮੁਕੰਮਲ ਕਰ ਲਿਆ ਹੈ ਵਾਹ ਲਗਦੀ ਉਦਾਹਰਣਾਂ ਦੇ ਕੇ ਸਪਸ਼ਟ ਕਰ ਦਿੱਤਾ ਗਿਆ ਹੈ ਤਾਂ ਕਿ ਤੁਹਾਨੂੰ ਸਮਝਣ ਵਿੱਚ ਅਸਾਨੀ ਰਹੇ ਸ਼ਾਇਰ ਨਿੱਕੀਆਂ ਨਿੱਕੀਆਂ ਗੱਲਾਂ ਨੂੰ ਲੈ ਕੇ ਦੁਚਿੱਤੀ ਵਿੱਚ ਪਏ ਰਹਿੰਦੇ ਹਨ ਅਸਲ ਵਿੱਚ ਵਜ਼ਨ ਬਹਿਰ ਵਿੱਚ ਜਿਹੜੀਆਂ ਖੁੱਲ੍ਹਾਂ ਤੁਸੀਂ ਲੈ ਸਕਦੇ ਹੋ ਉਨ੍ਹਾਂ ਬਾਰੇ ਵਿਸਤਾਰ ਸਹਿਤ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ ਤੇ ਅਸੀਂ ਆਸ ਕਰਦੇ ਹਾਂ ਕਿ ਤੁਸੀਂ ਇਸ ਤੇ ਅਮਲ ਕਰੋਂਗੇ

ਜ਼ਿਹਾਫ਼ਾਂ ਦਾ ਵੇਰਵਾ

ਪਿਆਰੇ ਦੋਸਤੋ ਹੁਣ ਤੱਕ ਆਪਾਂ ਗ਼ਜ਼ਲ ਦੀਆਂ ਬਹਿਰਾਂ ਅਤੇ ਬਹਿਰਾਂ ਵਿੱਚ ਲਈਆਂ ਜਾਣ ਵਾਲੀਆਂ ਖੁੱਲ੍ਹਾਂ, ਭਾਵ ਅੱਖਰ ਗਿਰਾਉਣ ਦੇ ਵਿਧੀ ਵਿਧਾਨ ਬਾਰੇ ਚਰਚਾ ਕਰ ਚੁੱਕੇ ਹਾਂ ਹੁਣ ਆਪਾਂ ਗ਼ਜ਼ਲ ਦੇ ਇੱਕ ਬਹੁਤ ਹੀ ਜ਼ਰੂਰੀ ਅਤੇ ਮਹੱਤਵਪੂਰਨ ਅੰਗ ਜ਼ਿਹਾਫ਼ ਬਾਰੇ ਵਿਚਾਰ ਚਰਚਾ ਕਰਾਂਗੇ ਜਿਵੇਂ ਕਿ ਆਪਾਂ ਪਹਿਲਾਂ ਹੀ ਜ਼ਿਕਰ ਕਰ ਚੁੱਕੇ ਹਾਂ ਕਿ ਗ਼ਜ਼ਲ ਦੀਆਂ ਉੱਨੀ (19) ਸਾਲਮ ਬਹਿਰਾਂ ਹਨ, ਪਰ ਇਨ੍ਹਾਂ ਤੇ ਜ਼ਿਹਾਫ਼ ਲਾ ਕੇ ਅਸੀਂ ਇੱਕ ਇੱਕ ਸਾਲਮ ਬਹਿਰ ਦੇ ਅਨੇਕਾਂ ਰੂਪ ਬਣਾ ਸਕਦੇ ਹਾਂ ਜ਼ਿਹਾਫ਼ਾਂ ਬਾਰੇ ਜਾਣਕਾਰੀ ਸਾਡੇ ਲਈ ਬੇਹੱਦ ਮਹੱਤਵਪੂਰਨ ਹੈ, ਕਿਉਂ ਕਿ ਜ਼ਿਹਾਫ਼ਾਂ ਦੀ ਜਾਣਕਾਰੀ ਤੋਂ ਬਗੈਰ ਨਾ ਤਾਂ ਅਸੀਂ ਖ਼ੁਦ ਗ਼ਜ਼ਲ ਲਿਖ ਸਕਦੇ ਹਾਂ ਤੇ ਨਾ ਹੀ ਦੂਸਰੇ ਸ਼ਾਇਰਾਂ ਦੀਆਂ ਲਿਖੀਆਂ ਹੋਈਆਂ ਗ਼ਜ਼ਲਾਂ ਦੀਆਂ ਬਹਿਰਾਂ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹਾਂ ਕਿਉਂਕਿ ਇੱਕ ਬਹਿਰ ਤੇ ਵੱਖ ਵੱਖ ਜ਼ਿਹਾਫ਼ ਲਾ ਕੇ ਅਸੀਂ ਉਸੇ ਬਹਿਰ ਨੂੰ ਅਨੇਕਾਂ ਢੰਗਾਂ ਨਾਲ ਵਰਤ ਸਕਦੇ ਹਾਂ ਇਸ ਤਰ੍ਹਾਂ ਜ਼ਿਹਾਫ਼ਾਂ ਦੀ ਜਾਣਕਾਰੀ ਹੋਣ ਨਾਲ ਹੀ ਅਸੀਂ ਕਿਸੇ ਗ਼ਜ਼ਲ ਦੀ ਸਹੀ ਤਕਤੀਹ ਕਰਕੇ ਦੱਸ ਸਕਦੇ ਹਾਂ ਕਿ ਇਹ ਗ਼ਜ਼ਲ ਕਿਸ ਬਹਿਰ ਵਿੱਚ ਲਿਖੀ ਗਈ ਹੈ ਅਤੇ ਇਸ ਵਿਚ ਕਿਹੜੇ ਕਿਹੜੇ ਜ਼ਿਹਾਫ਼ ਵਰਤੇ ਗਏ ਹਨ ਸਾਲਮ ਬਹਿਰ ਤੋਂ ਇਲਾਵਾ ਜੇ ਕਿਸੇ ਹੋਰ ਬਹਿਰ ਦਾ ਨਾਮ ਨਿਰਧਾਰਿਤ ਕਰਨਾ ਹੋਵੇ ਤਾਂ ਉਸ ਵਿੱਚ ਵਰਤੇ ਗਏ ਜ਼ਿਹਾਫ਼ ਦੇ ਅਧਾਰ ਤੇ ਹੀ ਉਸ ਦਾ ਨਾਮ ਨਿਸ਼ਚਿਤ ਕੀਤਾ ਜਾਂਦਾ ਹੈ, ਜਾਂ ਇਹ ਕਹਿ ਲਿਆ ਜਾਵੇ ਕਿ ਕਿਸੇ ਬਹਿਰ ਦਾ ਨਾਮ ਹੀ ਇਹ ਸੰਕੇਤ ਦੇ ਦਿੰਦਾ ਹੈ ਕਿ ਉਸ ਵਿੱਚ ਕਿਹੜੇ ਕਿਹੜੇ ਜ਼ਿਹਾਫ਼ ਵਰਤੇ ਗਏ ਹਨ

ਅਜੋਕੇ ਦੌਰ ਵਿਚ ਅਰੂਜ਼ ਸਬੰਧੀ ਭਾਵੇਂ ਇੱਕ ਦਰਜਣ ਤੋਂ ਵੱਧ ਅਰੂਜ਼ ਦੇ ਵਿਦਵਾਨਾਂ ਦੀਆਂ ਪੁਸਤਕਾਂ ਉਪਲਬਧ ਹਨ, ਪਰ ਬੜੇ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਜ਼ਿਹਾਫ਼ਾਂ ਬਾਰੇ ਜਾਣਕਾਰੀ ਦਿੰਦਿਆਂ ਬਹੁਤੇ ਵਿਦਾਵਾਨਾਂ ਨੇ ਗਿਣਤੀ ਦੇ ਜ਼ਿਹਾਫ਼ਾਂ ਦਾ ਹੀ ਵੇਰਵਾ ਦਿੱਤਾ ਹੈ, ਜਦ ਕਿ ਜ਼ਿਹਾਫ਼ਾਂ ਦੀ ਗਿਣਤੀ ਤਰਤਾਲੀ (43) ਦੇ ਲੱਗਪੱਗ ਬਣਦੀ ਹੈ

ਡਾ: ਨਰੇਸ਼ ਨੇ ਆਪਣੀ ਪੁਸਤਕ ਗ਼ਜ਼ਲ ਦੀ ਪਰਖ਼ ਅਤੇ ਠਾਕਰ ਭਾਰਤੀ ਨੇ ਪੰਜਾਬੀ ਕਵਿਤਾ ਵਿਧਾਨ, ਨਾਮੀ ਪੁਸਤਕ ਵਿਚ ਜ਼ਿਹਾਫ਼ਾਂ ਬਾਰੇ ਕੋਈ ਵੀ ਜ਼ਿਕਰ ਨਹੀਂ ਕੀਤਾ ਪੰਜਾਬੀ ਗ਼ਜ਼ਲ ਦੇ ਬਾਬਾ ਬੋਹੜ ਕਹੇ ਜਾਂਦੇ ਦੀਪਕ ਜੈਤੋਈ ਹੋਰਾਂ ਨੇ ਆਪਣੀ ਪੁਸਤਕ 'ਗ਼ਜ਼ਲ ਕੀ ਹੈ' ਵਿਚ ਤੇਈ (23) ਕੁ ਜ਼ਿਹਾਫ਼ਾਂ ਬਾਰੇ,

ਸੁਲੱਖਣ ਸਰਹੱਦੀ ਹੋਰਾਂ ਨੇ ਆਪਣੀ ਪੁਸਤਕ 'ਸਰਲ ਪਿੰਗਲ ਤੇ ਅਰੂਜ਼' ਵਿੱਚ ਅਤੇ ਡ: ਐਸ ਤਰਸੇਮ ਨੇ ਆਪਣੀ ਪੁਸਤਕ ਵਿਚ ਬਾਈ ਬਾਈ (22) ਜ਼ਿਹਾਫ਼ਾਂ ਬਾਰੇ ਜਾਣਕਾਰੀ ਦਿੱਤੀ ਹੈ ਇਸੇ ਤਰ੍ਹਾਂ ਅਮਰਜੀਤ ਸਿੰਘ ਸੰਧੂ ਹੁਰਾਂ ਦੀ ਪੁਸਤਕ 'ਆਉ ਗ਼ਜ਼ਲ ਲਿਖੀਏ' ਵਿਚ ਜ਼ਿਹਾਫ਼ਾਂ ਬਾਰੇ ਕੋਈ ਵੱਖਰਾ ਅਧਿਆਏ ਤਾਂ ਨਹੀਂ ਦਿੱਤਾ ਪਰ ਤਕਤੀਹ ਵਾਲੇ ਅਧਿਆਏ ਵਿੱਚ ਸ਼ਿਅਰਾਂ ਦੀ ਤਕਤੀਹ ਕਰਦਿਆਂ ਕੁੱਝ ਕੁ ਜ਼ਿਹਾਫ਼ਾਂ ਦੀ ਵਿਆਖਿਆ ਕੀਤੀ ਹੈ ਹਾਂ ਡਾ: ਜੋਗਿੰਦਰ ਸਿੰਘ ਨੇ ਆਪਣੀ ਪੁਸਤਕ 'ਪਿੰਗਲ ਤੇ ਅਰੂਜ਼ ' ਵਿੱਚ ਜ਼ਿਹਾਫ਼ਾਂ ਬਾਰੇ ਮੁਕੰਮਲ ਜਾਣਕਾਰੀ ਜ਼ਰੂਰ ਦਿੱਤੀ ਹੈ

ਸਾਡੇ ਖ਼ਿਆਲ ਅਨੁਸਾਰ ਸਾਡੇ ਅਰੂਜ਼ੀ ਵਿਦਵਾਨਾਂ ਨੇ ਕੇਵਲ ਉਨ੍ਹਾਂ ਜ਼ਿਹਾਫ਼ਾਂ ਬਾਰੇ ਜਾਣਕਾਰੀ ਦੇਣੀ ਹੀ ਮੁਨਾਸਿਬ ਸਮਝੀ ਹੈ, ਜੋ ਪੰਜਾਬੀ ਵਿੱਚ ਪ੍ਰਚਲਿਤ ਹਨ ਪਿਆਰੇ ਦੋਸਤੋ ਆਉਣ ਵਾਲੀਆਂ ਨਸਲਾਂ ਵਾਸਤੇ ਸਾਨੂੰ ਵੱਧ ਤੋਂ ਵੱਧ ਜਾਣਕਾਰੀ ਦੇਣ ਦੀ ਜ਼ਰੂਰਤ ਹੈ, ਜੇ ਅਸੀਂ ਕੁੱਝ ਬਹਿਰਾਂ ਵਿੱਚ ਹੀ ਗ਼ਜ਼ਲਾਂ ਕਹਿ ਸਕੇ ਹਾਂ ਤਾਂ ਇਹ ਜ਼ਰੂਰੀ ਨਹੀਂ ਕਿ ਆਉਣ ਵਾਲੀਆਂ ਨਸਲਾਂ ਵੀ ਉਨ੍ਹਾਂ ਕੁੱਝ ਕੁ ਬਹਿਰਾਂ ਵਿੱਚ ਹੀ ਆਪਣੀਆਂ ਗ਼ਜ਼ਲਾਂ ਕਹਿਣ

ਸਾਡੀਆਂ ਆਉਣ ਵਾਲੀਆਂ ਨਸਲਾਂ ਤੇਜ਼ ਤਰਾਰ ਬੁੱਧੀ ਵਾਲੀਆਂ ਹੋਣਗੀਆਂ ਅੱਜ ਅਸੀਂ ਕਲਾ ਦੇ ਖ਼ੇਤਰ ਵਿੱਚ ਜਿਸ ਮੁਕਾਮ ਤੱਕ ਪਹੁੰਚੇ ਹਾਂ ਸਾਡੀਆਂ ਆਉਣ ਵਾਲੀਆਂ ਨਸਲਾਂ ਦੀ ਸ਼ੁਰੂਆਤ ਏਥੋਂ ਹੀ ਹੋਵੇਗੀ, ਵਿਕਾਸ ਦਾ ਰੁਖ਼ ਹਮੇਸ਼ਾ ਅਗਰਗਾਮੀ ਰਿਹਾ ਹੈ ਇਹ ਸਾਡਾ ਵਿਸ਼ਾਵਾਸ ਹੀ ਨਹੀਂ ਸਗੋਂ ਇੱਟ ਵਰਗਾ ਪੱਕਾ ਯਕੀਨ ਹੈ, ਇਸੇ ਕਰਕੇ ਹੀ ਬੱਚੇ ਨੂੰ ਮਨੁੱਖ ਦਾ ਪਿਉ ਕਿਹਾ ਜਾਂਦਾ ਹੈ, ਅਤੇ ਪੰਜਾਬੀ ਦਾ ਅਖਾਣ ਵੀ ਹੈ ਕਿ ਦੁਨੀਆਂ ਪਰੇ ਤੋਂ ਪਰੇ ਪਈ ਹੈ ਕਿਸੇ ਵੇਲੇ ਮਨੁੱਖ ਦਾ ਮਾਊਂਟ ਐਵਰੈਸਟ ਤੇ ਚੜ੍ਹਨਾਂ ਅਸੰਭਵ ਮੰਨਿਆ ਜਾਂਦਾ ਸੀ, ਪਰ ਅੱਜ ਇਹ ਇੱਕ ਸਧਾਰਾਣ ਵਤੀਰਾ ਬਣ ਗਿਆ ਹੈ

ਸਾਡੇ ਇਸ ਕਥਨ ਦੀ ਪੁਸ਼ਟੀ ਵਾਸਤੇ ਅਸੀਂ ਇਕ ਉਦਾਹਰਣ ਦੇਣੀ ਚਾਹੁੰਦੇ ਹਾਂ ਕਿ ਕੁੱਝ ਦਹਾਕੇ ਪਹਿਲਾਂ ਪੰਜਾਬੀ ਭਾਸ਼ਾ ਤੇ ਕਥਿਤ ਵਿਦਵਾਨਾਂ ਵੱਲੋਂ ਇਹ ਦਾਅਵਾ ਕੀਤਾ ਜਾਂਦਾ ਸੀ ਕਿ ਗ਼ਜ਼ਲ ਪੰਜਾਬੀ ਵਿੱਚ ਲਿਖੀ ਹੀ ਨਹੀਂ ਜਾ ਸਕਦੀ ਕਿਉਂਕਿ ਪੰਜਾਬੀ ਭਾਸ਼ਾ ਗ਼ਜ਼ਲ ਦੇ ਅਨੁਕੂਲ ਹੀ ਨਹੀਂ ਉਨ੍ਹਾਂ ਦਾ ਮੱਤ ਸੀ ਕਿ ਪੰਜਾਬੀ ਭਾਸ਼ਾ ਇਕ ਗੰਵਾਰੂ ਭਾਸ਼ਾ ਹੈ, ਇਹ ਤਾਂ ਸਿਰਫ਼ ਗਾਲ੍ਹਾਂ ਕੱਢਣ ਦੇ ਹੀ ਕੰਮ ਆਉਂਦੀ ਹੈ ਅਸਲ ਵਿੱਚ ਇਹ ਕਮਜ਼ੋਰੀ ਪੰਜਾਬੀ ਜ਼ੁਬਾਨ ਵਿੱਚ ਨਹੀਂ ਸੀ ਬਲਕਿ ਉਹਨਾਂ ਦੇ ਆਪਣੇ ਬੌਧਿਕ ਦਿਵਾਲੀਏ ਹੋਣ ਦਾ ਪ੍ਰਮਾਣ ਸੀ ਪ੍ਰਤੱਖ ਨੂੰ ਪਰਮਾਣ ਦੀ ਕੀ ਲੋੜ ਦੇ ਕਥਨ ਅਨੁਸਾਰ ਅੱਜ ਗ਼ਜ਼ਲ ਪੰਜਾਬੀ ਵਿੱਚ ਨਾ ਸਿਰਫ਼ ਧੜੱਲੇ ਨਾਲ ਲਿਖੀ ਜਾ ਰਹੀ ਹੈ ਬਲਕਿ ਪੰਜਾਬੀ ਦੇ ਦੂਸਰੇ ਕਾਵਿ ਰੂਪਾਂ ਨਾਲੋਂ ਵਧੇਰੇ ਪ੍ਰਵਾਨ ਵੀ ਚੜ੍ਹ ਰਹੀ ਹੈ

1960 ਤੋਂ ਮਗਰੋਂ ਕੁੱਝ ਸ਼ਾਇਰਾਂ ਨੇ ਗ਼ਜ਼ਲ ਕਹਿਣ ਵੱਲ ਤਵੱਜੋਂ ਦਿੱਤੀ ਪਹਿਲਾਂ ਪਹਿਲਾਂ ਉਨ੍ਹਾਂ ਨੇ ਕੁੱਝ ਮੁਫ਼ਰਦ ਬਹਿਰਾਂ ਤੇ ਹੀ ਕਲਮ ਆਜ਼ਮਾਈ, ਖਾਸ ਤੌਰ ਤੇ ਬਹਿਰ ਹਜਜ਼, ਬਹਿਰ ਰਮਲ, ਬਹਿਰ ਮੁਤਦਾਰਿਕ ਅਤੇ ਬਹਿਰ ਮੁਤਕਾਰਿਬ ਵਿੱਚ ਗ਼ਜ਼ਲਾਂ ਕਹੀਆਂ ਬਹਿਰ ਰਜ਼ਜ ਵੱਲ ਵੀ ਘੱਟ ਧਿਆਨ ਦਿੱਤਾ ਜਾਂਦਾ ਰਿਹਾ, ਕਿਉਂਕਿ ਇਹ ਬਹਿਰ ਆਪਣੇ ਰੁਕਨਾਂ ਦੀ ਖ਼ਾਸ ਬਣਤਰ ਕਰਕੇ ਬੀਰ ਰਸੀ, ਜੰਗ ਜੂ ਵਿਸ਼ੇ ਲਈ ਹੀ ਅਨੁਕੂਲ ਮੰਨੀ ਜਾਂਦੀ ਹੈ

ਦੋ ਮੁਫ਼ਰਦ ਬਹਿਰਾਂ, ਬਹਿਰ ਕਾਮਲ ਅਤੇ ਬਹਿਰ ਵਾਫ਼ਰ ਵਿਚ ਗ਼ਜ਼ਲ ਲਿਖਣਾ ਤਾਂ ਕੀ ਸ਼ਾਇਰ ਸੋਚਣ ਤੋਂ ਵੀ ਗੁਰੇਜ਼ ਕਰਦੇ ਸਨ ਅੱਜ ਸਥਿਤੀ ਇਹ ਹੈ ਕਿ ਪੰਜਾਬੀ ਦੇ ਅਨੇਕਾਂ ਗਜ਼ਲਗੋਆਂ ਨੇ ਬਹਿਰ ਕਾਮਲ, ਸਫ਼ਲਤਾ ਸਹਿਤ ਨਿਭਾਈ ਹੈ ਇਸੇ ਤਰ੍ਹਾਂ ਹੀ ਉਸਤਾਦ ਸ਼ਾਇਰ ਬਹਿਰ ਵਾਫ਼ਰ ਵਿੱਚ ਵੀ ਗ਼ਜ਼ਲ ਕਹਿਣ ਤੋਂ ਝਿਜਕਦੇ ਸਨ ਪੰਜਾਬੀ ਗ਼ਜ਼ਲ ਦੇ ਬਾਬਾ ਬੋਹੜ ਕਹੇ ਜਾਂਦੇ ਦੀਪਕ ਜੈਤੋਈ ਦੇ ਬਹਿਰ ਵਾਫ਼ਰ ਬਾਰੇ ਇਹ ਖ਼ਿਆਲ ਸਨ —

"ਵਾਫ਼ਰ ਦਾ ਅਰਥ ਹੁੰਦਾ ਹੈ, ਬਹੁਤ ਜ਼ਿਆਦਾ ਇਸ ਬਹਿਰ ਵਿਚ ਚੂੰਕਿ ਹਰਕਤਾਂ ਬਹੁਤ ਜ਼ਿਆਦਾ ਹਨ, ਯਾਨੀ ਸੱਤ ਅੱਖਰਾਂ ਦੇ ਇਸ ਮੁਫਾ-ਇਲੁ-ਤੁਨ ਰੁਕਨ ਵਿਚ ਪੰਜ ਅੱਖਰ ਮੁਤਹੱਰਕ ਹਨ, ਅਤੇ ਕੇਵਲ ਦੋ ਸਾਕਿਨ ਹਨ ਪੰਜਾਬੀ ਵਿਚ ਇਹ ਸੰਭਵ ਨਹੀਂ "

ਦੀਪਕ ਸਾਹਿਬ ਨੂੰ ਕੀ ਪਤਾ ਸੀ ਕਿ ਪੰਜਾਬੀ ਗ਼ਜ਼ਲ ਨੂੰ ਜਨੂਨ ਦੀ ਹੱਦ ਤੱਕ ਪਿਆਰ ਕਰਨ ਵਾਲੇ ਕੁੱਝ ਸ਼ਾਇਰ ਭਾਸ਼ਾ ਦੀਆਂ ਹੱਦਾਂ ਤੋੜ ਕੇ ਇਹ ਬਹਿਰ ਵੀ ਪੰਜਾਬੀ ਵਿੱਚ ਨਿਭਾ ਲੈਣਗੇ ਪੰਜਾਬੀ ਜ਼ੁਬਾਨ ਦੀ ਸਮਰੱਥਾ ਬਾਰੇ ਸਾਡਾ ਭੁਲੇਖਾ ਵੀ ਕਈ ਵਾਰ ਸਾਨੂੰ ਅਜਿਹੀਆਂ ਗ਼ਲਤ-ਫਹਿਮੀਆਂ ਪਾਲਣ ਲਾ ਦਿੰਦਾ ਹੈ ਹੁਣ ਬਹਿਰ ਵਾਫ਼ਰ ਨੂੰ ਕੁੱਝ ਸ਼ਾਇਰਾਂ ਨੇ ਸਫ਼ਲਤਾ ਪੂਰਵਕ ਨਿਭਾ ਕੇ ਪੰਜਾਬੀ ਜ਼ੁਬਾਨ ਦੀ ਸਮਰੱਥਾ ਦਾ ਸਬੂਤ ਦਿੱਤਾ ਹੈ ਬਹਿਰ ਵਾਫ਼ਰ ਦੀਆਂ ਉਦਾਹਰਣਾਂ ਅਸੀਂ ਅੱਗੇ ਚੱਲ ਕੇ ਦਿਆਂਗੇ ਅੱਜ ਸਾਨੂੰ ਇਹ ਕਹਿੰਦਿਆਂ ਫ਼ਖ਼ਰ ਮਹਿਸੂਸ ਹੋ ਰਿਹਾ ਹੈ ਕਿ ਅਰੂਜ਼ ਦੀਆਂ ਉੱਨੀ ਦੀਆਂ ਉੱਨੀ ਬਹਿਰਾਂ ਪੰਜਾਬੀ ਸ਼ਾਇਰਾਂ ਨੇ ਨਿਭਾ ਲਈਆਂ ਹਨ ਹੁਣ ਕਈ ਸ਼ਾਇਰ ਅਸੰਭਵ ਮੰਨੀਆਂ ਜਾਣ ਵਾਲੀਆਂ ਬਹਿਰਾਂ ਵਿੱਚ ਗ਼ਜ਼ਲਾਂ ਲਿਖ ਰਹੇ ਹਨ ਪੰਜਾਬੀ ਵਿੱਚ ਗ਼ਜ਼ਲ ਦੇ ਹਰਮਨ ਪਿਆਰੀ ਹੋਣ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਲਗਾਇਆ ਜਾ ਸਕਦਾ ਹੈ ਕਿ ਹੁਣ ਤਕ ਅਰੂਜ਼ ਦੀਆਂ ਅਨੇਕਾਂ ਪੁਸਤਕਾਂ ਛਪ ਚੁੱਕੀਆਂ ਹਨ ਅਸੀਂ ਪਿਛਲ ਝਾਤ ਮਾਰੀਏ ਤਾਂ 1978-79 ਵਿੱਚ ਜਦ ਅਸੀਂ ਗ਼ਜ਼ਲ ਕਹਿਣੀ ਸ਼ੁਰੂ ਕੀਤੀ ਤਾਂ ਉਸ ਵੇਲੇ ਸਰਦਾਰ ਜੋਗਿੰਦਰ ਸਿੰਘ ਦੀ ਅਰੂਜ਼ ਦੀ ਕੇਵਲ ਇੱਕੋ ਇੱਕ ਪੁਸਤਕ 'ਪਿੰਗਲ ਤੇ ਅਰੂਜ਼' ਹੀ ਪ੍ਰਕਾਸ਼ਿਤ ਹੋਈ ਸੀ ਉਹ ਵੀ ਐਡੀਸ਼ਨ ਖ਼ਤਮ ਹੋਣ ਕਰਕੇ ਕਿਤਿਉਂ ਵੀ ਮਿਲ ਨਹੀਂ ਸੀ ਰਹੀ ਸਾਨੂੰ ਬੜੀ ਮੁਸ਼ਕਲ ਨਾਲ ਉਹ ਪੁਸਤਕ ਦੇਖਣੀ ਨਸੀਬ ਹੋਈ ਸੀ

ਆਪਾਂ ਗੱਲ ਜ਼ਿਹਾਫ਼ਾਂ ਬਾਰੇ ਸ਼ੁਰੂ ਕੀਤੀ ਸੀ, ਹੁਣ ਇਸ ਮੁੱਦੇ ਤੇ ਆਉਂਦੇ ਹਾਂ, ਪਹਿਲਾਂ ਸਾਡੇ ਮਨ ਵਿੱਚ ਇਹ ਸਵਾਲ ਉੱਠਦਾ ਹੈ ਕਿ ਜ਼ਿਹਾਫ਼ ਹਨ ਕੀ ?

"ਕਰੀਏ ਸ਼ਬਦ ਜ਼ਿਹਾਫ਼ ਦਾ ਆਪਾਂ ਮਤਲਬ ਸਾਫ਼,
ਕਾਂਟ ਛਾਂਟ ਅਰਕਾਨ ਦੀ, ਉਸ ਨੂੰ ਕਹਿਣ ਜ਼ਿਹਾਫ਼"

ਜ਼ਿਹਾਫ਼ ਦਾ ਸ਼ਾਬਦਿਕ ਅਰਥ ਹੈ ਅਸਲੋਂ ਦੂਰ ਜਾਣਾ, ਜਾਂ ਤੀਰ ਨਿਸ਼ਾਨੇ ਤੇ ਨਾ ਲੱਗਣਾ ਪਰ ਨਿਸ਼ਾਨੇ ਦੇ ਨੇੜੇ ਤੇੜੇ ਪਹੁੰਚ ਜਾਣਾ ਪਰ ਅਰੂਜ਼ ਦੀ ਪਰਿਭਾਸ਼ਾ ਅਨੁਸਾਰ ਰੁਕਨਾਂ ਦੀ ਕਾਂਟ ਛਾਂਟ ਜਾਂ ਰੁਕਨਾਂ ਦੇ ਹਰਫ਼ਾਂ ਵਿਚ ਵਾਧਾ ਘਾਟਾ ਕਰਨਾ ਰੁਕਨਾਂ ਵਿੱਚ ਇਹ ਤਬਦੀਲੀ ਤਿੰਨ ਤਰੀਕਿਆਂ ਨਾਲ ਕੀਤੀ ਜਾਂਦੀ ਹੈ -

1. ਰੁਕਨਾਂ ਦੇ ਹਰਫ਼ਾਂ ਵਿੱਚ ਵਾਧਾ ਕਰਕੇ
2. ਰੁਕਨਾਂ ਦੇ ਹਰਫ਼ਾਂ ਨੂੰ ਘਟਾ ਕੇ
3. ਰੁਕਨਾਂ ਦੇ ਮੁਤਹੱਰਕ ਅੱਖਰਾਂ ਨੂੰ ਸਾਕਿਨ ਕਰਕੇ

ਰੁਕਨਾਂ ਦੇ ਹਰਫ਼ਾਂ ਵਿਚ ਵਾਧਾ ਤਾਂ ਇੱਕ ਜਾਂ ਦੋ ਹਰਫ਼ਾਂ ਦਾ ਹੀ ਹੁੰਦਾ ਹੈ ਪਰ ਰੁਕਨਾਂ ਵਿਚ ਹਰਫ਼ਾਂ ਦੀ ਕਾਂਟ ਛਾਂਟ ਦੇ ਨੁਕਤੇ ਤੋਂ ਇਸ ਵਿੱਚ ਗੰਭੀਰ ਤਬਦੀਲੀਆਂ ਆਉਂਦੀਆਂ ਹਨ ਜ਼ਿਹਾਫ਼ਾਂ ਦੀ ਕਾਢ ਅਰੂਜ਼ੀ ਵਿਦਵਾਨਾਂ ਨੇ ਇਸ ਕਰਕੇ ਕੱਢੀ ਕਿ ਰੁਕਨਾਂ ਤੇ ਜ਼ਿਹਾਫ਼ਾਂ ਲਾ ਕੇ ਹਰ ਇੱਕ ਸ਼ਬਦ ਦਾ ਸਹੀ ਨਾਪ ਤੋਲ ਕਰ ਸਕਣ ਸਾਰੇ ਰੁਕਨ ਪੰਜ ਹਰਫ਼ੀ ਜਾਂ ਸੱਤ ਹਰਫ਼ੀ ਹਨ ਤੇ ਇਨ੍ਹਾਂ ਰੁਕਨਾਂ ਵਿਚ ਸਬੱਬ ਜਾਂ ਵਤਦ ਦੀ ਅਦਲਾ ਬਦਲੀ ਕਰਨ ਦੇ ਨਾਲ ਇਹ ਹਰ ਤਰ੍ਹਾਂ ਦੇ ਪੰਜ ਹਰਫ਼ੀ ਤੇ ਸੱਤ ਹਰਫ਼ੀ ਸ਼ਬਦਾਂ ਦੇ ਵਜ਼ਨ ਹਾੜਨ ਵਾਸਤੇ ਕਾਰਆਮਦ ਹਨ ਪਰ ਜਿਹੜੇ ਹਰਫ਼ ਪੰਜ ਜਾਂ ਸੱਤ ਹਰਫ਼ਾਂ ਤੋਂ ਵੱਧ ਜਾਂ ਘੱਟ ਹਨ ਉਹਨਾਂ ਦੇ ਵਜ਼ਨ ਹਾੜਨ ਵਾਸਤੇ ਜ਼ਿਹਾਫ਼ਾਂ ਦੀ ਲੋੜ ਪੈਂਦੀ ਹੈ ਇਨ੍ਹਾਂ ਜ਼ਿਹਾਫ਼ਾਂ ਨਾਲ ਦੋ ਹਰਫ਼ਾਂ ਤੋਂ ਲੈ ਕੇ ਨੌ ਹਰਫ਼ਾਂ ਤੱਕ ਵਾਲੇ ਸ਼ਬਦਾਂ ਦੇ ਵਜ਼ਨ ਦਾ ਨਾਪ ਤੋਲ ਕੀਤਾ ਜਾ ਸਕਦਾ ਹੈ ਸੋ ਜ਼ਿਹਾਫ਼ਾਂ ਦੀ ਮਦਦ ਨਾਲ ਸ਼ਿਅਰ ਵਿਚ ਵਰਤੇ ਹਰ ਤਰ੍ਹਾਂ ਦੇ ਸ਼ਬਦ ਦਾ ਵਜ਼ਨ ਹਾੜਿਆ ਜਾ ਸਕਦਾ ਹੈ

"ਇਕ ਦੋ ਹਰਫ਼ਾਂ ਦਾ ਕਰਨ, ਰੁਕਨਾਂ ਵਿੱਚ ਵਿਸਤਾਰ,
ਪਹਿਲ ਪ੍ਰਿਥਮ ਜ਼ਿਹਾਫ਼ ਉਹ, ਲਈਏ ਕ੍ਰਿਸ਼ਨ ਵਿਚਾਰ "

ਪਹਿਲਾਂ ਆਪਾਂ ਉਹਨਾਂ ਜ਼ਿਹਾਫ਼ਾਂ ਤੇ ਵਿਚਾਰ ਕਰਦੇ ਹਾਂ ਜਿਹੜੇ ਜ਼ਿਹਾਫ਼ ਰੁਕਨਾਂ ਦੇ ਅਖੀਰ ਤੇ ਇਕ ਦੋ ਹਰਫ਼ਾਂ ਦਾ ਵਾਧਾ ਕਰ ਦਿੰਦੇ ਹਨ ਕੇਵਲ ਤਿੰਨ ਹੀ ਜ਼ਿਹਾਫ਼ ਅਜਿਹੇ ਹਨ ਜਿਨ੍ਹਾਂ ਨਾਲ ਰੁਕਨ ਵਿਚ ਇੱਕ ਜਾਂ ਦੋ ਹਰਫ਼ਾਂ ਦਾ ਵਾਧਾ ਕੀਤਾ ਜਾ ਸਕਦਾ ਹੈ

1. ਇਜ਼ਾਲ— ਇਜ਼ਾਲ ਦਾ ਅਰਥ ਹੈ 'ਪੱਲਾ ਅੱਡਣਾ', ਪਰ ਅਰੂਜ਼ੀ ਪਰਿਭਾਸ਼ਾ ਅਨੁਸਾਰ ਜਿਨ੍ਹਾਂ ਰੁਕਨਾਂ ਦੇ ਅਖੀਰ ਤੇ ਵਤਦ ਮਜ਼ਮੂਅ ਯਾਨੀ IS ਆਉਂਦਾ ਹੈ ਉਸ ਦੇ ਅਖ਼ੀਰਲੇ ਸਾਕਿਨ ਅੱਖਰ ਤੋਂ ਪਹਿਲਾਂ ਕੰਨਾਂ ਵਧਾਉਣ ਦੀ

ਕਿਰਿਆ ਹੈ   ਇਹ ਜ਼ਿਹਾਫ਼ ਮੁਤੁਫਾਇਲੁਨ (IISIS) ਫਾਇਲੁਨ (SIS) ਅਤੇ ਮੁਸਤਫ਼ਇਲੁਨ (SSIS) ਰੁਕਨਾਂ ਦੇ ਅਖ਼ੀਰਲੇ ਸਾਕਿਨ ਅੱਖਰ, ਨ ਤੋਂ ਪਹਿਲਾਂ ਇਕ ਕੰਨਾਂ ਵਧਾ ਕੇ ਲਾਗੂ ਕੀਤਾ ਜਾਂਦਾ ਹੈ   ਇਸ ਤਰ੍ਹਾਂ ਇਹ ਰੁਕਨ ਕ੍ਰਮਵਾਰ ਮੁਤੁਫਾਇਲਾਨ, ਫਾਇਲਾਨ ਅਤੇ ਮੁਸਤਫ਼ਇਲਾਨ ਬਣ ਜਾਂਦੇ ਹਨ   ਇੱਥੇ ਹੁਣ ਮੁਕਤਾ ਅੱਖਰ ਨ ਕੇਵਲ ਬਿੰਦੀ ਦੀ ਅਵਾਜ਼ ਪੈਦਾ ਕਰਦਾ ਹੈ ਅਤੇ ਇਹ ਰੁਕਨ ਕ੍ਰਮਵਾਰ ਮੁਤੁਫਾਇਲਾਂ, ਫਾਇਲਾਂ, ਤੇ ਮੁਸਤਫਇਲਾਂ ਬਣ ਜਾਣਗੇ   ਭਾਵੇਂ ਇਸ ਤਰ੍ਹਾਂ ਕਰਨ ਨਾਲ ਰੁਕਨ ਦੇ ਵਜ਼ਨ ਵਿਚ ਕੋਈ ਫ਼ਰਕ ਨਹੀਂ ਪੈਂਦਾ, ਕਿਉਂ ਕਿ ਬਿੰਦੀ ਵਜ਼ਨ ਵਿੱਚ ਗਿਣੀ ਹੀ ਨਹੀਂ ਜਾਂਦੀ   ਪਰ ਗਾਇਕ ਅਖ਼ੀਰ ਤੇ ਬਿੰਦੀ ਦੀ ਅਵਾਜ਼ ਅਦਾ ਕਰ ਸਕੇਗਾ, ਜੇ ਇਹ ਬਿੰਦੀ ਅਖੀਰਲੇ ਅੱਖਰ ਤੇ ਆਉਣ ਦੀ ਬਜਾਇ ਕਿਸੇ ਹੋਰ ਅੱਖਰ ਤੇ ਹੁੰਦੀ ਤਾਂ ਇਹ ਵਜ਼ਨੋਂ ਖਾਰਜ ਹੋ ਜਾਣੀ ਸੀ   ਇਹ ਰੁਕਨ ਅਖੀਰ ਤੇ ਬਿੰਦੀ ਲਾਉਣ ਨਾਲ ਭਾਵੇਂ ਸਿਧਾਂਤਕ ਤੌਰ ਤੇ ਅੱਠ ਅੱਖਰਾਂ ਦੇ ਹੋ ਗਏ ਹਨ ਪਰ ਉਚਾਰਣ ਵਿੱਚ ਸਿਰਫ ਸੱਤ ਅੱਖਰ ਹੀ ਗਿਣੇ ਜਾਣਗੇ   ਇਹ ਜ਼ਿਹਾਫ਼ ਰਜਜ਼, ਮੁਤਦਾਰਿਕ, ਬਸੀਤ, ਕਾਮਿਲ, ਸਰੀਅ, ਮੁਨਸਰਿਹ ਅਤੇ ਮੁਕਤਜ਼ਬ ਬਹਿਰਾਂ ਤੇ ਲਾਗੂ ਹੁੰਦੀ ਹੈ

2. ਤਸਬੀਗ— ਤਸਬੀਗ ਦਾ ਅਰਥ ਹੈ, ਪੂਰਾ ਕਰਨਾ   ਅਰੂਜ਼ੀ ਭਾਸ਼ਾ ਅਨੁਸਾਰ ਸਬੱਬ ਖਫੀਫ ਯਾਨੀ S ਤੇ ਮੁੱਕਣ ਵਾਲੇ ਰੁਕਨਾਂ ਵਿੱਚ ਸਾਕਿਨ ਹਰਫ਼ ਤੋਂ ਪਹਿਲਾਂ ਕੰਨਾਂ ਵਧਾਉਣ ਦੀ ਕਿਰਿਆ ਨੂੰ ਤਸਬੀਗ ਕਿਹਾ ਜਾਂਦਾ ਹੈ   ਇਹ ਜ਼ਿਹਾਫ਼ ਸਿਰਫ ਉਹਨਾਂ ਰੁਕਨਾਂ ਤੇ ਲਾਗੂ ਹੁੰਦੀ ਹੈ, ਜਿਨ੍ਹਾਂ ਰੁਕਨਾਂ ਦੇ ਅਖੀਰ ਵਿੱਚ ਦੋ ਸਬੱਬ ਖ਼ਫੀਫ਼ ਭਾਵ SS ਹੋਣ   ਇਹ ਕੇਵਲ ਫਾਇਲਾਤੁਨ (SISS) ਮੁਫਾਈਲੁਨ (ISSS), ਤੇ ਫਊਲੁਨ (ISS) ਤੇ ਲਾਗੂ ਹੁੰਦੀ ਹੈ   ਤਸਬੀਗ ਜ਼ਿਹਾਫ਼ ਲਾ ਕੇ ਇਹ ਰੁਕਨ ਕ੍ਰਮਵਾਰ ਫਾਇਲਾਤਾਨ, ਮੁਫਾਈਲਾਨ, ਅਤੇ ਫਊਲਾਨ ਬਣ ਜਾਂਦੇ ਹਨ ਅਤੇ ਫਿਰ ਤੋਂ ਅਖੀਰਲਾਂ ਨ ਕੇਵਲ ਬਿੰਦੀ ਦੀ ਅਵਾਜ਼ ਅਦਾ ਕਰਦਾ ਹੈ ਇਸ ਤਰ੍ਹਾਂ ਇਹਨਾਂ ਰੁਕਨਾਂ ਨੂੰ ਕ੍ਰਮਵਾਰ ਫਾਇਲਾਤਾਂ, ਮੁਫਾਈਲਾਂ ਅਤੇ ਫਊਲਾਂ ਕਿਹਾ ਜਾਂਦਾ ਹੈ   ਇਕ ਵਾਰ ਫਿਰ ਤੋਂ ਸਪਸ਼ਟ ਕਰ ਦਈਏ ਕਿ ਇਸ ਜ਼ਿਹਾਫ਼ ਨਾਲ ਰੁਕਨ ਦੇ ਵਜ਼ਨ ਤੇ ਕੋਈ ਫਰਕ ਨਹੀਂ ਪੈਂਦਾ ਪਰ ਗਾਉਣ ਦੇ ਵਕਤ ਗਾਇਕ ਅੰਤ ਵਿੱਚ ਬਿੰਦੀ ਦੀ ਅਵਾਜ਼ ਅਦਾ ਕਰ ਸਕਦਾ ਹੈ   ਇਹ ਰੁਕਨ ਵੀ ਸਿਧਾਂਤਕ ਤੌਰ ਤੇ ਅੱਠ ਹਰਫ਼ੇ ਹੁੰਦੇ ਹੋਏ ਵੀ ਸੱਤ ਹਰਫ਼ੇ ਰੁਕਨਾਂ ਵਾਂਗ ਹੀ ਉਚਾਰੇ ਜਾਂਦੇ ਹਨ, ਕਿਉਂਕਿ ਬਿੰਦੀ ਗਿਣਤੀ 'ਚ ਨਹੀਂ ਆਉਂਦੀ

3. ਤਰਫ਼ੀਲ— ਤਰਫ਼ੀਲ ਦਾ ਅਰਥ ਹੈ, ਪੱਲਾ ਘੜੀਸਣਾ   ਅਰੂਜ਼ੀ ਪਰਿਭਾਸ਼ਾ ਅਨੁਸਾਰ ਜਿਨ੍ਹਾਂ ਰੁਕਨਾਂ ਦੇ ਅੰਤ ਵਿੱਚ ਵਤਦ ਮਜ਼ਮੂਅ ਯਾਨੀ IS ਹੈ ਉਹਨਾਂ ਵਿੱਚ ਅਖ਼ੀਰਲੇ ਰੁਕਨ ਨਾਲ ਇੱਕ ਸਬੱਬ ਖ਼ਫ਼ੀਫ ਯਾਨੀ S ਵਧਾਉਣ ਦੀ ਕ੍ਰਿਆ ਦਾ ਨਾਮ ਹੈ   ਇਹ ਜ਼ਿਹਾਫ਼ ਮੁਸਤਫਇਲੁਨ (SSIS) ਮੁਤੁਫਾਇਲੁਨ (IISIS) ਦੋਹਾਂ ਰੁਕਨਾਂ ਤੇ ਹੀ ਲਾਗੂ ਹੁੰਦੀ ਹੈ   ਇਸ ਨੂੰ ਫਾਇਲੁਨ (SIS) ਰੁਕਨ

ਤੇ ਲਾਗੂ ਨਹੀਂ ਕੀਤਾ ਜਾ ਸਕਦਾ ਭਾਵੇਂ ਕਿ ਇਸ ਦੇ ਅਖੀਰ ਤੇ ਵੀ ਵਤਦ ਮਜ਼ਮੂਅ ਹੈ ਇਹਨਾਂ ਦੋਨਾਂ ਰੁਕਨਾਂ ਤੇ ਤਰਫ਼ੀਲ ਜ਼ਿਹਾਫ਼ ਲਾਗੂ ਕਰਨ ਨਾਲ ਇਨ੍ਹਾਂ ਦਾ ਰੂਪ ਕ੍ਰਮਵਾਰ ਮੁਸਤਫ਼ਇਲਨਤੁਨ, ਅਤੇ ਮੁਤੁਫਾਇਲੁਨਤੁਨ ਬਣ ਜਾਂਦਾ ਹੈ ਤੇ ਅਸੀਂ ਇਹਨਾਂ ਨੂੰ ਮੁਸਤਫ਼ਇਲਾਤੁਨ ਅਤੇ ਮੁਤੁਫਾਇਲਾਤੁਨ ਦੇ ਨਾਲ ਬਦਲ ਲੈਂਦੇ ਹਾਂ

ਜਿਹੜੀਆਂ ਬਹਿਰਾਂ ਤੇ ਇਜ਼ਾਲ, ਤਸਬੀਗ ਅਤੇ ਤਰਫੀਲ ਜ਼ਿਹਾਫ਼ ਲਾਗੂ ਹੋਣ ਉਹਨਾਂ ਬਹਿਰਾਂ ਦੇ ਨਾਮ ਨਾਲ ਕ੍ਰਮਵਾਰ ਮੁਜ਼ਾਲ, ਮੁਸੱਬਗ ਤੇ ਮੁਰੱਫਲ ਵਰਤਿਆ ਜਾਂਦਾ ਹੈ   ਕਿਉਂਕਿ ਹਰੇਕ ਜ਼ਿਹਾਫ਼ ਦਾ ਨਾਮ ਬਹਿਰ ਵਿੱਚ ਵਰਤਣ ਨਾਲ ਇਹ ਸ਼ਬਦ ਕ੍ਰਿਆ ਵਾਚੀ ਰੂਪ ਵਿੱਚ ਬਦਲ ਜਾਂਦੇ ਹਨ   ਜਿਵੇਂ ਪੰਜਾਬੀ ਵਿੱਚ ਦੌੜ ਤੋਂ ਦੌੜਨਾ, ਖੇਡ ਤੋਂ ਖੇਡਣਾ ਅਤੇ ਕੱਟ ਤੋਂ ਕੱਟਣਾ ਕ੍ਰਮਵਾਰ ਦੌੜ, ਖੇਡ, ਅਤੇ ਕੱਟ ਦੇ ਕ੍ਰਿਆਵਾਚੀ ਰੂਪ ਹਨ

ਪਿਆਰੇ ਦੋਸਤੋ ਹੁਣ ਆਪਾਂ ਉਹਨਾਂ ਜ਼ਿਹਾਫ਼ਾਂ ਦਾ ਵਰਣਨ ਕਰਾਂਗੇ ਜਿਹੜੇ ਜ਼ਿਹਾਫ਼ ਬਹਿਰ ਦੇ ਸਿਰਫ਼ ਇਕ ਹਰਫ਼ ਤੇ ਹੀ ਅਸਰ ਕਰਦੇ ਹਨ   ਇਹ ਤਬਦੀਲੀ ਇਸ ਤਰ੍ਹਾਂ ਹੋ ਸਕਦੀ ਹੈ

(1) ਇੱਕ ਸਾਕਿਨ ਅੱਖਰ ਨੂੰ ਉਡਾਉਂਦੇ ਹਨ

(2) ਇੱਕ ਮੁਤਹੱਰਕ ਅੱਖਰ ਨੂੰ ਉਡਾਉਂਦੇ ਹਨ

(3) ਇੱਕ ਮੁਤਹੱਰਕ ਅੱਖਰ ਨੂੰ ਸਾਕਿਨ ਕਰ ਦਿੰਦੇ ਹਨ

ਇੱਕ ਸਾਕਿਨ ਅੱਖਰ ਨੂੰ ਉਡਾਉਣ ਵਾਲੇ ਜ਼ਿਹਾਫ਼

1. ਖ਼ਬਨ— ਖ਼ਬਨ ਦਾ ਅਰਥ ਹੈ ਪੱਲਾ ਚੌੜਾ ਕਰਨਾ ਜਾਂ ਪਲੇਟ ਪਾਉਣੇ ਤਾਂ ਜੋ ਪੱਲਾ ਛੋਟਾ ਹੋ ਜਾਵੇ   ਅਰੂਜ਼ੀ ਪਰਿਭਾਸ਼ਾ ਅਨੁਸਾਰ ਕਿਸੇ ਰੁਕਨ ਦੇ ਦੂਸਰੇ ਸਾਕਿਨ ਹਰਫ਼ ਉੱਡਾ ਦੇਣ ਨੂੰ ਖ਼ਬਨ ਆਖਦੇ ਹਨ   ਇਹ ਜ਼ਿਹਾਫ਼ ਕੇਵਲ ਉਹਨਾਂ ਰੁਕਨਾਂ ਤੇ ਹੀ ਲਾਗੂ ਹੁੰਦਾ ਹੈ ਜਿਨ੍ਹਾਂ ਰੁਕਨਾਂ ਦਾ ਦੂਜਾ ਹਰਫ਼ ਸਾਕਿਨ ਹੋਵੇ ਇਸ ਤਰ੍ਹਾਂ ਖ਼ਬਨ ਜ਼ਿਹਾਫ਼ ਫਾਇਲਾਤੁਨ (SISS), ਮੁਸਤਫ਼ਇਲੁਨ (SSIS), ਫਾਇਲੁਨ (SIS) ਅਤੇ ਮਫ਼ਊਲਾਤ (SSSI) ਤੇ ਲਾਗੂ ਹੁੰਦੀ ਹੈ, ਕਿਉਂਕਿ ਇਹ ਰੁਕਨ ਸਬੱਬ ਖ਼ਫੀਫ ਯਾਨੀ S ਤੋਂ ਸ਼ੁਰੂ ਹੁੰਦੇ ਹਨ   ਆਉ ਦੇਖੀਏ ਖ਼ਬਨ ਜ਼ਿਹਾਫ਼ ਨਾਲ ਇਨ੍ਹਾਂ ਰੁਕਨਾਂ ਵਿੱਚ ਕੀ ਤਬਦੀਲੀ ਆਉਂਦੀ ਹੈ

(ੳ)...ਫਾਇਲਾਤਨੁ ਰੁਕਨ ਦਾ ਦੂਜਾ ਸਾਕਿਨ ਅੱਖਰ ਕੰਨਾਂ ਗਿਰਾ ਦੇਣ ਨਾਲ ਇਹ ਰੁਕਨ ਫਇਲਾਤੁਨ ਦਾ ਰੂਪ ਲੈ ਲੈਂਦਾ ਹੈ ਯਾਨੀ ਫਾਇਲਾਤੁਨ ਦਾ ਰੂਪ IISS ਹੋ ਜਾਵੇਗਾ   ਸਬੱਬ ਖ਼ਫੀਫ਼ ਸਬੱਬ ਸ਼ਕੀਲ ਬਣ ਜਾਵੇਗਾ

(ਅ)... ਮੁਸਤਫ਼ਇਲੁਨ ਰੁਕਨ ਦਾ ਦੂਜਾ ਹਰਫ਼ ਸ ਮੁਕਤਾ ਉੱਡ ਜਾਵੇਗਾ ਤੇ ਇਹ ਮੁਤਫਇਲੁਨ ਯਾਨੀ ਮੁ ਤਫ਼ ਇ ਲੁਨ ਬਣ ਜਾਵੇਗਾ   ਮੁਤਫ਼ ਦੇ ਬਰਵਜ਼ਨ ਸ਼ਬਦ ਮੁਫਾ ਹੈ ਇਸ ਲਈ ਇਸ ਨੂੰ ਮੁਫਾਇਲੁਨ ਯਾਨੀ ISIS ਰੁਕਨ ਦੇ ਬਰਾਬਰ ਕਰ ਲਿਆ ਜਾਵੇਗਾ

(ੲ) ... ਫਾਇਲੁਨ ਰੁਕਨ ਦਾ ਦੂਜਾ ਸਾਕਿਨ ਅੱਖਰ ਕੰਨਾਂ ਝੜ ਜਾਵੇਗਾ ਅਤੇ ਇਹ ਫਇਲੁਨ ਰਹਿ ਜਾਵੇਗਾ, ਯਾਨੀ IIS, ਯਾਨੀ ਸਬੱਬ ਸਕੀਲ + ਸਬੱਬ ਖਫ਼ੀਫ ਯਾਨੀ ਕਿ ਵਤਦ ਕਸਰਤ

(ਸ)... ਮਫ਼ਊਲਾਤ ਰੁਕਨ ਦਾ ਦੂਜਾ ਸਾਕਿਨ ਅੱਖਰ ਫ਼ ਝੜ ਕੇ ਮਊਲਾਤੁ ਰਹਿ ਜਾਵੇਗਾ ਮਊ ਕਿਉਂ ਕਿ ਵਤਦ ਮਜ਼ਮੂਅ ਯਾਨੀ ਕਿ IS ਦੇ ਬਰਵਜ਼ਨ ਹੋ ਜਾਂਦਾ ਹੈ ਇਸ ਤਰ੍ਹਾਂ ਇਹ ਇਸ ਵਾਸਤੇ ਪ੍ਰਚਲਤ ਸ਼ਬਦ ਫ਼ਊ ਨਾਲ ਬਦਲ ਜਾਵੇਗਾ ਅਤੇ ਫ਼ਊਲਾਤ ਕਿਹਾ ਜਾਵੇਗਾ

ਜਿਸ ਬਹਿਰ ਵਿੱਚ ਇਹ ਜ਼ਿਹਾਫ਼ ਲਾਗੂ ਹੋਵੇਗੀ ਉਸ ਦੇ ਨਾਮ ਨਾਲ ਮਖ਼ਬੂਨ ਸ਼ਬਦ ਜੋੜ ਲਿਆ ਜਾਵੇਗਾ

2. ਤੈ — ਤੈ ਦਾ ਅਰਥ ਹੈ ਲਪੇਟਣਾ, ਅਰੂਜ਼ੀ ਪਰਿਭਾਸ਼ਾ ਵਿੱਚ ਤੈ ਰੁਕਨ ਦੇ ਮੁੱਢ ਵਿੱਚੋਂ ਚੌਥੇ ਸਾਕਿਨ ਅੱਖਰ ਨੂੰ ਝਾੜਨ ਵਾਸਤੇ ਵਰਤਿਆ ਜਾਂਦਾ ਹੈ ਇਸ ਨਾਲ ਇਕ ਹੋਰ ਸ਼ਰਤ ਇਹ ਵੀ ਹੈ ਕਿ ਇਹ ਸਾਕਿਨ ਹਰਫ਼ ਨਾਲ ਨਾਲ ਆਉਣ ਵਾਲੇ ਦੋ ਸਬੱਬ ਖ਼ਫ਼ੀਫਾਂ ਵਿੱਚ ਆਉਂਦਾ ਹੋਵੇ ਦੋ ਸਬੱਬ ਖ਼ਫ਼ੀਫਾਂ ਨਾਲ ਸ਼ੁਰੂ ਹੋਣ ਵਾਲੇ ਰੁਕਨਾਂ, ਮੁਸਤਫ਼ਇਲੁਨ ਅਤੇ ਮਫ਼ਊਲਾਤ ਉੱਤੇ ਹੀ ਇਹ ਜ਼ਿਹਾਫ਼ ਲਾਗੂ ਹੁੰਦੀ ਹੈ ਆਉ ਦੇਖੀਏ ਕਿ ਤੈ ਜ਼ਿਹਾਫ਼ ਲਾਉਣ ਨਾਲ ਰੁਕਨਾਂ ਦਾ ਕੀ ਰੂਪ ਬਣਦਾ ਹੈ

(ੳ) ਮੁਸਤਫ਼ਇਲੁਨ- ਇਸ ਰੁਕਨ ਦਾ ਚੌਥਾ ਸਾਕਿਨ ਅੱਖਰ ਫ਼ ਝੜ ਕੇ ਇਹ ਰੁਕਨ ਮੁਸ ਤ ਇ ਲੁਨ ਰਹਿ ਜਾਂਦਾ ਹੈ ਹੁਣ ਪਹਿਲਾਂ ਸਬੱਬ ਖਫ਼ੀਫ S ਯਾਨੀ ਮੁਸ ਨੂੰ ਇਸ ਦੇ ਬਰਵਜ਼ਨ ਸ਼ਬਦ ਮੁਫ਼ ਨਾਲ ਬਦਲ ਕੇ ਇਹ ਰੁਕਨ ਮੁਫ਼ਤੁਇਲੁਨ ਬਣ ਜਾਵੇਗਾ ਇਸ ਤਰ੍ਹਾਂ ਇਸ ਦਾ ਰੂਪ SSIS ਤੋਂ ਬਦਲ ਕੇ SIIS ਹੋ ਜਾਵੇਗਾ

(ਅ) ਮਫ਼ਊਲਾਤ- ਰੁਕਨ ਦਾ ਚੌਥਾ ਸਾਕਿਨ ਅੱਖਰ ਦੁਲੈਂਕੜੇ ਝੜਕੇ ਇਹ ਮਫ਼ਲਾਊਤ ਰਹਿ ਜਾਵੇਗਾ ਯਾਨੀ ਇਸ ਰੁਕਨ ਦਾ ਰੂਪ SSSI ਤੋਂ SISI ਯਾਨੀ ਫਾਇਲਾਤ ਬਣ ਜਾਵੇਗਾ ਬਹਿਰ ਵਿੱਚ ਇਸ ਜ਼ਿਹਾਫ਼ ਦਾ ਨਾਮ ਮਤਵੀ ਸ਼ਬਦ ਜੋੜ ਕੇ ਦਰਸਾਇਆ ਜਾਂਦਾ ਹੈ

3. ਕਬਜ਼— ਕਬਜ਼ ਦਾ ਅਰਥ ਹੈ ਪਕੜਨਾ, ਫੜਨਾ ਅਰੂਜ਼ੀ ਪਰਿਭਾਸ਼ਾ ਅਨੁਸਾਰ ਕੇਵਲ ਦੋ ਰੁਕਨਾ, ਮੁਫਾਈਲੁਨ ਤੇ ਫਊਲੁਨ ਦੇ ਪੰਜਵੇਂ ਸਾਕਿਨ ਹਰਫ਼ ਨੂੰ ਝਾੜਨ ਦਾ ਨਾਮ ਹੈ ਇਹਨਾਂ ਦੋਹਾਂ ਰੁਕਨਾਂ ਤੇ ਕਬਜ਼ ਜ਼ਿਹਾਫ਼ ਲਾ ਕੇ ਇਹ ਰੁਕਨ ਕਿਸ ਤਰ੍ਹਾਂ ਦੀ ਸ਼ਕਲ ਇਖ਼ਤਿਆਰ ਕਰਦੇ ਹਨ ਆਉ ਦੇਖੀਏ

(ੳ) ਮੁਫਾਈਲੁਨ ਰੁਕਨ ਦਾ ਪੰਜਵਾਂ ਸਾਕਿਨ ਹਰਫ਼ ਗਿਰਕੇ ਇਹ ਰੁਕਨ ਮੁਫਾਇਲੁਨ ਦਾ ਰੂਪ ਲੈ ਲੈਂਦਾ ਹੈ, ਜਿਵੇਂ ਕਿ ਅੱਖਰ ਗਿਰਾਉਣ ਦੇ ਵਿਧਾਨ ਅਧੀਨ ਆਪਾਂ ਪੜ੍ਹ ਚੁੱਕੇ ਹਾਂ ਕਿ ਬਿਹਾਰੀ ਗਿਰ ਕੇ ਸਿਹਾਰੀ ਵਿਚ ਤਬਦੀਲ ਹੋ ਜਾਂਦੀ ਹੈ ਯਾਨੀ ਮੁਫਾਈਲੁਨ (ISSS) ਰੁਕਨ ਕਬਜ਼ ਜ਼ਿਹਾਫ਼ ਲਾ ਕੇ ਮੁਫਾਇਲੁਨ (ISIS)ਬਣ ਜਾਂਦਾ ਹੈ

(ਅ) ਫਊਲੁਨ ਰੁਕਨ ਦਾ ਪੰਜਵਾਂ ਸਾਕਿਨ ਹਰਫ਼ ਨ ਝਾੜ ਦਿੱਤਾ ਜਾਂਦਾ ਹੈ ਅਤੇ ਫਊਲੁਨ ਦਾ ਫਊਲੁ (ISI) ਹੋ ਕੇ ਰਹਿ ਜਾਂਦਾ ਹੈ

ਜਿਸ ਬਹਿਰ ਤੇ ਇਹ ਜ਼ਿਹਾਫ਼ ਲਾਗੂ ਹੋਵੇ ਉਸ ਦੇ ਨਾਮ ਨਾਲ ਮਕਬੂਜ਼ ਸ਼ਬਦ ਜੋੜ ਦਿੱਤਾ ਜਾਂਦਾ ਹੈ

4 ਕਫ਼—ਕਫ਼ ਦਾ ਅਰਥ ਹੈ ਰੋਕਣਾ ਪ੍ਰੰਤੂ ਅਰੂਜ਼ੀ ਪਰਿਭਾਸ਼ਾ ਅਨੁਸਾਰ ਕੇਵਲ ਦੋ ਰੁਕਨਾਂ ਫਾਇਲਾਤੁਨ ਤੇ ਮੁਫਾਈਲੁਨ ਦੇ ਸੱਤਵੇਂ ਸਾਕਿਨ ਹਰਫ਼ ਨ ਨੂੰ ਉਡਾਉਣ ਦੀ ਕਿਰਿਆ ਨੂੰ ਕਫ਼ ਕਿਹਾ ਜਾਂਦਾ ਹੈ ਇਹਨਾਂ ਦੋਨਾਂ ਰੁਕਨਾਂ ਦਾ ਸੱਤਵਾਂ ਸਾਕਿਨ ਅੱਖਰ ਉਡਾ ਕੇ ਹੇਠ ਲਿਖੇ ਰੂਪ ਬਣਦੇ ਹਨ

(ੳ) ਫਾਇਲਾਤੁਨ ਦਾ ਸੱਤਵਾਂ ਸਾਕਿਨ ਅੱਖਰ 'ਨ' ਹੈ ਅਗਰ ਇਸ ਜ਼ਿਹਾਫ਼ ਤਹਿਤ ਇਹ ਅੱਖਰ ਗਿਰਾ ਦਿੱਤਾ ਜਾਵੇ ਤਾਂ ਰੁਕਨ ਫਾਇਲਾਤੁਨ ਤੋਂ ਫਾਇਲਾਤ ਰਹਿ ਜਾਂਦਾ ਹੈ ਭਾਵ SISS ਤੋਂ ਬਦਲ ਕੇ SISI ਦਾ ਰੂਪ ਲੈ ਲੈਂਦਾ ਹੈ

(ਅ) ਇਸੇ ਤਰ੍ਹਾਂ ਹੀ ਮੁਫਾਈਲੁਨ ਦਾ ਸੱਤਵਾਂ ਸਾਕਿਨ ਅੱਖਰ 'ਨ' ਗਿਰਾ ਦਿੱਤਾ ਜਾਵੇ ਤਾਂ ਇਹ ਮੁਫਾਈਲ ਰਹਿ ਜਾਂਦਾ ਹੈ ਅਤੇ ISSS ਤੋਂ ਬਦਲ ਕੇ ਇਹ ISSI ਰਹਿ ਜਾਂਦਾ ਹੈ

ਇਹ ਜ਼ਿਹਾਫ਼ ਜਿਸ ਬਹਿਰ ਤੇ ਲਾਗੂ ਕੀਤਾ ਜਾਵੇ ਉਸ ਬਹਿਰ ਦੇ ਨਾਮ ਨਾਲ ਮਕਫ਼ੂਫ ਵਰਤਿਆ ਜਾਂਦਾ ਹੈ

ਹੁਣ ਤੱਕ ਆਪਾਂ ਇਕ ਸਾਕਿਨ ਅੱਖਰ ਗਿਰਾਉਣ ਵਾਲੀਆਂ ਜ਼ਿਹਾਫ਼ਾਂ ਤੇ ਵਿਚਾਰ ਕੀਤਾ ਹੈ ਹੁਣ ਆਪਾਂ ਮੁਤਹੱਰਕ ਅੱਖਰ ਗਿਰਾਉਣ ਵਾਲੀਆਂ ਜ਼ਿਹਾਫ਼ਾਂ ਬਾਰੇ ਗੱਲ ਕਰਦੇ ਹਾਂ

ਪਹਿਲਾ ਮੁਤਹੱਰਕ ਅੱਖਰ ਗਿਰਾਉਣਾ

ਪਹਿਲਾ ਮੁਤਹੱਰਕ ਅੱਖਰ ਗਿਰਾਉਣ ਵਾਲੀਆਂ ਤਿੰਨ ਜ਼ਿਹਾਫ਼ਾਂ ਹਨ ਇਹ ਤਿੰਨੇ ਜ਼ਿਹਾਫ਼ਾਂ ਕੇਵਲ ਉਹਨਾਂ ਰੁਕਨਾਂ ਤੇ ਹੀ ਲਾਗੂ ਹੁੰਦੀਆਂ ਹਨ ਜਿਹੜੇ ਰੁਕਨ ਵਤਦ ਮਜ਼ਮੂਅ ਯਾਨੀ ਕਿ IS ਤੋਂ ਸ਼ੁਰੂ ਹੁੰਦੇ ਹੋਣ ਜਿਵੇਂ ਮੁਫਾਈਲੁਨ (ISSS), ਫਊਲੁਨ (ISS), ਮੁਫਾਇਲੁਤੁਨ (ISIIS)

ਇਹ ਗੱਲ ਵਿਸ਼ੇਸ਼ ਤੌਰ ਤੇ ਯਾਦ ਰੱਖਣ ਵਾਲੀ ਹੈ ਕਿ ਇਨ੍ਹਾਂ ਤਿੰਨਾਂ ਵੱਖਰੇ ਵੱਖਰੇ ਰੁਕਨਾਂ ਦਾ ਪਹਿਲਾ ਮੁਤਹੱਰਕ ਅੱਖਰ ਗਿਰਾਉਣ ਵਾਲੇ ਜ਼ਿਹਾਫ਼ਾਂ ਦਾ ਨਾਮ ਵੀ ਵੱਖਰਾ ਹੈ

1. ਖ਼ਰਮ— ਖ਼ਰਮ ਦਾ ਅਰਥ ਹੈ ਨੱਕ ਵਿੰਨਣਾ, ਅਰੂਜ਼ੀ ਪਰਿਭਾਸ਼ਾ ਅਨੁਸਾਰ ਮੁਫਾਈਲੁਨ ਰੁਕਨ ਤੇ ਪਹਿਲੇ ਮੁਤਹੱਰਕ 'ਮੁ' ਨੂੰ ਗਿਰਾਉਣਾ ਹੈ ਮੁਫਾਈਲਨ ਰੁਕਨ ਨਾਲੋਂ 'ਮੁ' ਝਾੜ ਕੇ ਬਾਕੀ ਫਾਈਲੁਨ ਬਚਦਾ ਹੈ ਤੇ ਫਾਈਲੁਨ ਨੂੰ ਇਸੇ ਸ਼ਬਦ ਦੇ ਬਰਵਜ਼ਨ ਮਫ਼ਊਲੁਨ ਦੇ ਨਾਲ ਬਦਲ ਲਿਆ ਜਾਂਦਾ ਹੈ ਜਿਸ ਬਹਿਰ ਵਿੱਚ ਵੀ ਖਰਮ ਜ਼ਿਹਾਫ਼ ਲਾਗੂ ਹੋਵੇ ਉਸ ਦੇ ਨਾਮ ਨਾਲ ਅਖ਼ਰਮ ਸ਼ਬਦ ਜੋੜ ਦਿੱਤਾ ਜਾਂਦਾ ਹੈ

2. ਸ਼ਲਮ—ਸ਼ਲਮ ਦਾ ਅਰਥ ਹੈ ਰਖਣਾ, ਰਖਣੇ ਤੋਂ ਭਾਵ ਹੈ ਕਿ ਜਿਸ ਵਿੱਚ ਕੋਈ ਵਸਤੂ ਰੱਖੀ ਜਾਵੇ ਪੁਰਾਣੇ ਜ਼ਮਾਨੇ ਵਿੱਚ ਦਿਵਾਰ ਵਿੱਚ ਦੀਵਾ ਰੱਖਣ ਲਈ ਥਾਂ ਰੱਖੀ ਜਾਂਦੀ ਸੀ ਜਾਂ ਮੇਜ਼ ਦੇ ਦਰਾਜ਼ ਜਿਸ ਵਿੱਚ ਕਾਗਜ਼ ਪੱਤਰ ਰੱਖੇ ਜਾਂਦੇ ਹਨ, ਇਸ ਦਾ ਇੱਕ ਹੋਰ ਅਰਥ ਮੋਰੀ ਕਰਨਾ ਵੀ ਹੈ ਅਰੂਜ਼ੀ ਪਰਿਭਾਸ਼ਾ ਅਨੁਸਾਰ ਫਊਲੁਨ ਰੁਕਨ ਦੇ ਪਹਿਲੇ ਮੁਤਹੱਰਕ ਅੱਖਰ 'ਫ' ਨੂੰ ਉਡਾ ਦੇਣ ਨੂੰ ਸ਼ਲਮ ਕਿਹਾ ਜਾਂਦਾ ਹੈ ਫਊਲੁਨ ਭਾਵ ISS ਤੋਂ 'ਫ' ਝੜ ਕੇ ਇਹ ਊਲੁਨ ਬਚਦਾ ਹੈ ਜਿਸ ਨੂੰ ਫਿਅਲੁਨ ਦੇ ਨਾਲ ਬਦਲ ਲੈਂਦੇ ਹਾਂ ਇਸ ਨੂੰ ਫੇਲੁਨ ਵੀ ਕਹਿ ਲਿਆ ਜਾਂਦਾ ਹੈ ਬਹਿਰ ਵਿੱਚ ਇਸ ਦਾ ਨਾਮ ਅਸ਼ਲਮ ਹੁੰਦਾ ਹੈ

3. ਅਜ਼ਬ— ਅਜ਼ਬ ਦਾ ਅਰਥ ਹੁੰਦਾ ਹੈ ਟੁੱਟੀ ਹੋਈ ਟਹਿਣੀ ਅਰੂਜ਼ੀ ਪਰਿਭਾਸ਼ਾ ਅਨੁਸਾਰ ਇਸ ਦਾ ਅਰਥ ਰੁਕਨ ਮੁਫਾਇਲੁਤੁਨ ਦਾ ਪਹਿਲਾ ਮੁਤਹੱਰਕ 'ਮੁ' ਝਾੜਨਾ ਹੈ ਇਸ ਤਰ੍ਹਾਂ 'ਮੁ' ਝਾੜਨ ਤੋਂ ਬਾਦ ਇਹ ਫਾਇਲੁਤੁਨ ਰਹਿ ਜਾਂਦਾ ਹੈ ਅਤੇ ਇਸ ਨੂੰ ਮੁਫ਼ਤੁਇਲੁਨ ਵਿਚ ਬਦਲ ਲਿਆ ਜਾਂਦਾ ਹੈ ਇੰਝ ਇਹ ਮੁਫਾਇਲੁਤੁਨ (ISIIS) ਤੋਂ ਬਦਲ ਕੇ ਮੁਫ਼ਤੁਇਲੁਨ (SIIS) ਦਾ ਰੂਪ ਲੈ ਲੈਂਦਾ ਹੈ

ਇਸ ਤਰ੍ਹਾਂ ਤੁਸੀਂ ਦੇਖਿਆ ਹੈ ਕਿ ਵਤਦ ਮਜ਼ਮੂਅ ਤੋਂ ਸ਼ੁਰੂ ਹੋਣ ਵਾਲੇ ਤਿੰਨਾਂ ਰੁਕਨਾਂ ਮੁਫਾਈਲੁਨ, ਫਊਲੁਨ, ਅਤੇ ਮੁਫਾਇਲੁਤੁਨ ਦਾ ਪਹਿਲਾਂ ਮੁਤਹੱਰਕ ਝਾੜਨ ਵਾਸਤੇ ਤਿੰਨ ਵੱਖਰੇ ਵੱਖਰੇ ਜ਼ਿਹਾਫ਼ ਲਾਗੂ ਹੁੰਦੇ ਹਨ

ਦੂਜਾ ਮੁਤਹੱਰਕ ਅੱਖਰ ਗਿਰਾਉਣਾ

ਸਿਰਫ ਮੁਤੁਫਾਇਲੁਨ ਰੁਕਨ ਤੇ ਹੀ ਇਹ ਜਿਹਾਫ਼ ਲਾਗੂ ਹੁੰਦੀ ਹੈ।

ਵਕਸ਼— ਇਸ ਦਾ ਅਰਥ ਹੈ ਗਰਦਣ ਤੋੜਨਾ ਅਰੂਜ਼ੀ ਪਰਿਭਾਸ਼ਾ ਵਿੱਚ ਰੁਕਨ ਮੁਤੁਫਾਇਲੁਨ ਵਿਚ ਰੁਕਨ ਦਾ ਦੂਜਾ ਮੁਤਹੱਰਕ 'ਤੁ' ਗਿਰਾ ਦੇਣ ਨੂੰ ਵਕਸ਼ ਕਿਹਾ ਜਾਂਦਾ ਹੈ ਇਹ ਜ਼ਿਹਾਫ਼ ਸਿਰਫ ਬਹਿਰ ਕਾਮਿਲ ਤੇ ਹੀ ਲਾਗੂ ਹੁੰਦੀ ਹੈ ਇਸ ਰੁਕਨ ਤੇ ਵਕਸ਼ ਜ਼ਿਹਾਫ਼ ਲਾਗੂ ਕਰਨ ਨਾਲ ਮੁਤੁਫਾਇਲੁਨ ਦਾ ਦੂਜਾ ਮੁਤਹੱਰਕ ਅੱਖਰ 'ਤੁ' ਝੜਕੇ ਮੁਫਇਲੁਨ ਰਹਿ ਜਾਂਦਾ ਹੈ ਅਤੇ ਇਹ ਮੁਤੁਫਾਇਲੁਨ (IISIS) ਤੋਂ ਮੁਫਾਇਲੁਨ (ISIS) ਵਿੱਚ ਤਬਦੀਲ ਹੋ ਜਾਂਦਾ ਹੈ

ਤਸ਼ਈਸ— ਇਸ ਦਾ ਅਰਥ ਹੈ ਬਿਖਰ ਜਾਣਾ ਅਰੂਜ਼ੀ ਪਰਿਭਾਸ਼ਾ ਅਨੁਸਾਰ ਇਹ ਜ਼ਿਹਾਫ਼ ਕੇਵਲ ਇੱਕ ਰੁਕਨ ਫਾਇਲਾਤੁਨ ਤੇ ਹੀ ਲਾਗੂ ਹੁੰਦੀ ਹੈ ਇਸ ਦੇ ਅਨੁਸਾਰ ਅਸੀਂ ਫਾਇਲਾਤੁਨ ਰੁਕਨ ਦੇ ਵਿਚਕਾਰਲੇ ਵਤਦ ਮਜ਼ਮੂਅ ਯਾਨੀ IS ਵਿੱਚੋਂ ਇਕ ਮੁਤਹੱਰਕ ਇ ਜਾਂ ਲ ਅੱਖਰ ਗਿਰਾ ਦੇਈਏ ਫਾਇਲਾਤੁਨ ਰੁਕਨ ਦੇ ਪਹਿਲੇ ਮੁਤਹੱਰਕ 'ਇ' ਨੂੰ ਡੇਗੀਏ ਤਾਂ ਫਾਲਾਤੁਨ ਬਚਦਾ ਹੈ ਪਰ ਜੇ 'ਲ' ਨੂੰ ਡੇਗੀਏ ਤਾਂ ਇਹ ਫਾਆਤੁਨ ਬਚਦਾ ਹੈ ਇਹਨਾਂ ਦੋਨਾਂ ਦੇ ਬਰਵਜ਼ਨ ਸ਼ਬਦ ਮਫ਼ਊਲੁਨ ਰੱਖ ਲਈਦਾ ਹੈ ਫਾਇਲਾਤੁਨ (SISS) ਤੇ ਵਕਸ਼ ਜ਼ਿਹਾਫ਼ ਲਾ ਕੇ ਇਹ ਮਫ਼ਊਲ ਯਾਨੀ SSS ਦੇ ਬਰਾਬਰ ਰਹਿ ਜਾਂਦੀ ਹੈ ਬਹਿਰ ਵਿੱਚ ਇਸ ਦਾ ਨਾਮ ਮੁਅੱਸ਼ਸ਼ ਹੈ

ਪੰਜਵਾਂ ਮੁਤਹੱਰਕ ਅੱਖਰ ਗਿਰਾਉਣਾ

ਪੰਜਵਾਂ ਮੁਤਹੱਰਕ ਅੱਖਰ ਕੇਵਲ ਇੱਕੋ ਰੁਕਨ ਦਾ ਹੀ ਗਿਰਦਾ ਹੈ

ਅਕਲ—ਅਕਲ ਦਾ ਅਰਥ ਹੈ ਊਠ ਦੇ ਅਗਲੇ ਪੈਰਾਂ ਵਿਚ ਨਿਊਲ ਲਾਉਣਾ ਅਰੂਜ਼ੀ ਪਰਿਭਾਸ਼ਾ ਅਨੁਸਾਰ ਰੁਕਨ ਮੁਫਾਇਲਤੁਨ ਦੇ ਪੰਜਵੇਂ ਮੁਤਹੱਰਕ ਅੱਖਰ 'ਲ' ਨੂੰ ਝਾੜਨਾ ਹੈ ਮੁਫਾਇਲਤੁਨ ਦਾ 'ਲ' ਝਾੜਨ ਮਗਰੋਂ ਇਹ ਮੁਫਾਇਤੁਨ ਰਹਿ ਜਾਵੇਗਾ, ਇਤੁਨ ਹੁਣ ਇਲੁਨ ਵਿੱਚ ਬਦਲ ਜਾਵੇਗਾ ਇਸ ਤਰ੍ਹਾਂ ਮੁਫਾਇਲਤੁਨ (ISIIS) ਰੁਕਨ ਅਕਲ ਜ਼ਿਹਾਫ਼ ਲਾਉਣ ਨਾਲ ਮੁਫਾਇਲੁਨ (ISIS) ਵਿੱਚ ਬਦਲ ਜਾਵੇਗਾ

ਸੱਤਵਾਂ ਮੁਤਹੱਰਕ ਅੱਖਰ ਗਿਰਾਉਣਾ

ਕਸ਼ਫ—ਕਸ਼ਫ ਦਾ ਅਰਥ ਹੈ ਊਠ ਦੀ ਖੁੱਚ ਵੱਢਣਾ ਰੁਕਨਾਂ ਦੀ ਬਣਤਰ ਅਨੁਸਾਰ ਕੇਵਲ ਇੱਕੋ ਇੱਕ ਰੁਕਨ ਮਫਊਲਾਤੁ ਹੀ ਅਜਿਹਾ ਰੁਕਨ ਹੈ ਜਿਸ ਦੇ ਅਖ਼ੀਰ ਤੇ ਮੁਤਹੱਰਕ ਅੱਖਰ 'ਤੁ' ਹੈ ਇਹ 'ਤੁ' ਕਸ਼ਫ ਜ਼ਿਹਾਫ਼ ਰਾਹੀਂ ਗਿਰਾਇਆ ਜਾਂਦਾ ਹੈ ਮਫ਼ਊਲਾਤੁ ਯਾਨੀ SSSI, ਅਖ਼ੀਰਲਾ 'ਤੁ' ਗਿਰਾਉਣ ਨਾਲ ਮਫ਼ਊਲਨ ਯਾਨੀ SSS ਦੇ ਬਰਾਬਰ ਰਹਿ ਜਾਂਦਾ ਹੈ ਇਹ ਮਫਊਲਾ ਰਹਿ ਜਾਂਦਾ ਹੈ ਅਤੇ ਇਸ ਨੂੰ ਮਫ਼ਊਲੁਨ ਦੇ ਨਾਲ ਬਦਲ ਲਈਦਾ ਹੈ

ਆਉ ਹੁਣ ਅਸੀਂ ਉਹਨਾਂ ਜ਼ਿਹਾਫ਼ਾਂ ਦਾ ਵਰਣਨ ਕਰੀਏ ਜਿਹੜੇ ਜ਼ਿਹਾਫ਼ ਮੁਤਹੱਰਕ ਅੱਖਰ ਨੂੰ ਸਾਕਿਨ ਕਰਦੇ ਹਨ

ਇਜ਼ਮਾਰ—ਇਜ਼ਮਾਰ ਦਾ ਅਰਥ ਹੈ ਘੋੜੇ ਨੂੰ ਕਮਜ਼ੋਰ ਕਰਨਾ, ਅਰੂਜ਼ੀ ਪਰਿਭਾਸ਼ਾ ਅਨੁਸਾਰ ਮੁਤੁਫਾਇਲੁਨ ਰੁਕਨ ਦੇ ਦੂਜੇ ਮੁਤਹੱਰਕ ਅੱਖਰ 'ਤੁ' ਨੂੰ ਸਾਕਿਨ ਕਰਨਾ ਹੈ ਜਦੋਂ ਮੁਤੁਫਾਇਲੁਨ ਰੁਕਨ ਦੇ ਤੁ ਨੂੰ ਇਜ਼ਮਾਰ ਜ਼ਿਹਾਫ਼ ਤਹਿਤ ਸਾਕਿਨ ਕੀਤਾ ਜਾਂਦਾ ਹੈ ਤਾਂ ਇਸ ਦਾ ਰੂਪ ਮੁਤਫਾਇਲੁਨ ਹੋ ਜਾਂਦਾ ਹੈ ਤੇ ਇਸ ਨੂੰ ਇਸ ਦੇ ਬਰਵਜ਼ਨ ਰੁਕਨ ਮੁਸਤਫ਼ਇਲੁਨ ਦੇ ਨਾਲ ਬਦਲ ਲਿਆ ਜਾਂਦਾ ਹੈ ਹੁਣ ਮੁਤੁਫਾਇਲੁਨ (IISIS) ਤੋਂ ਮੁਸਤਫ਼ਇਲੁਨ (SSIS) ਕਰ ਲਿਆ ਜਾਂਦਾ ਹੈ

ਪੰਜਵੇ ਮੁਤਹੱਰਕ ਅੱਖਰ ਨੂੰ ਸਾਕਿਨ ਕਰਨਾ

ਅਸ਼ਬ— ਅਸ਼ਬ ਦਾ ਅਰਥ ਹੈ, ਬਾਲਣ ਵਾਸਤੇ ਲੱਕੜੀਆਂ ਇਕੱਠੀਆਂ ਕਰਨਾ ਜਾਂ ਥੁੱਕ ਦਾ ਮੂੰਹ ਵਿੱਚ ਹੀ ਖ਼ੁਸ਼ਕ ਹੋ ਜਾਣਾ ਅਰੂਜ਼ੀ ਪਰਿਭਾਸ਼ਾ ਦੇ ਅਨੁਸਾਰ ਇਸ ਦਾ ਅਰਥ ਮੁਫਾਇਲੁਤੁਨ ਦੇ ਪੰਜਵੇ ਮੁਤਹੱਰਕ ਅੱਖਰ 'ਲ' ਨੂੰ ਸਾਕਿਨ ਕਰਨਾ ਹੈ ਮੁਫਾਇਲੁਤੁਨ ਦੇ 'ਲ' ਨੂੰ ਸਾਕਿਨ ਕਰਨ ਨਾਲ ਇਹ ਮੁਫਾਇਲਤੁਨ ਬਣ ਜਾਂਦਾ ਹੈ ਯਾਨੀ ਕਿ ਮੁਫਾਇਲੁਤੁਨ (ISIIS) ਅਸ਼ਬ ਜ਼ਿਹਾਫ਼ ਤੋਂ ਬਾਦ ਮੁਫਾਈਲੁਨ (ISSS) ਦੇ ਬਰਾਬਰ ਬਣ ਜਾਂਦਾ ਹੈ

ਸੱਤਵੇਂ ਮੁਤਹੱਰਕ ਅੱਖਰ ਨੂੰ ਸਾਕਿਨ ਕਰਨਾ

ਵਕਫ਼——ਵਕਫ਼ ਦਾ ਅਰਥ ਹੈ ਰੁਕਣਾ ਅਰੂਜ਼ੀ ਪਰਿਭਾਸ਼ਾ ਅਨੁਸਾਰ

ਰੁਕਨ ਮਫ਼ਊਲਾਤੁ ਦੇ ਸੱਤਵੇਂ ਮੁਤਹੱਰਕ ਅੱਖਰ 'ਤੁ' ਨੂੰ ਸਾਕਿਨ ਕਰਨਾ ਹੈ ਇਸ ਤਰ੍ਹਾਂ ਇਸ ਰੁਕਨ ਦਾ ਸੱਤਵਾਂ ਅੱਖਰ ਸਾਕਿਨ ਕਰਕੇ ਇਸ ਨੂੰ ਮਫ਼ਊਲਾ ਦੇ ਬਰਾਬਰ ਕਰ ਲਿਆ ਜਾਂਦਾ ਹੈ

ਇਸ ਤਰ੍ਹਾਂ ਦੋਸਤੋ ਤੁਸੀਂ ਦੇਖ ਹੀ ਲਿਆ ਹੈ ਕਿ ਰੁਕਨਾਂ ਵਿੱਚ ਸਿਰਫ਼ ਇਕ ਹਰਫ਼ ਦੇ ਵਧਾ ਘਟਾ ਕਰਨ ਨਾਲ ਬਹਿਰ ਦੀ ਚਾਲ ਬਦਲ ਜਾਂਦੀ ਹੈ ਇੱਕੋ ਬਹਿਰ ਦੇ ਅਨੇਕਾਂ ਰੂਪ ਬਣ ਜਾਂਦੇ ਹਨ ਹੁਣ ਤਕ ਆਪਾਂ ਸਿਰਫ਼ ਰੁਕਨਾਂ ਵਿੱਚ ਇੱਕੋ ਹਰਫ਼ ਦੀ ਤਬਦੀਲੀ ਵਾਲੇ ਜ਼ਿਹਾਫ਼ਾਂ ਦਾ ਜ਼ਿਕਰ ਕੀਤਾ ਹੈ ਹੁਣ ਅਸੀਂ ਦੋ ਜਾਂ ਤਿੰਨ ਹਰਫ਼ਾਂ ਦੀ ਤਬਦੀਲੀ ਵਾਲੇ ਜ਼ਿਹਾਫ਼ਾਂ ਬਾਰੇ ਜਾਣਕਾਰੀ ਲਈਏ

ਰੁਕਨਾਂ ਦੇ ਦੋ ਜਾਂ ਤਿੰਨ ਹਰਫ਼ਾਂ ਤੇ ਅਸਰ ਪਾਉਣ ਵਾਲੇ ਜ਼ਿਹਾਫ਼ਾਂ ਦਾ ਵੇਰਵਾ

ਕਸਰ— ਕਸਰ ਦਾ ਅਰਥ ਹੈ ਛੋਟਾ ਕਰਨਾ ਅਰੂਜ਼ੀ ਪਰਿਭਾਸ਼ਾ ਅਨੁਸਾਰ ਰੁਕਨ ਦੇ ਅਖੀਰਲੇ ਸਬੱਬ ਖ਼ਫੀਫ ਦਾ ਸਾਕਿਨ ਹਰਫ਼ ਝਾੜਨ ਅਤੇ ਉਸ ਤੋਂ ਪਹਿਲੇ ਮੁਤਹੱਰਕ ਅੱਖਰ ਨੂੰ ਸਾਕਿਨ ਕਰਨ ਦਾ ਨਾਮ ਹੈ ਇਹ ਜ਼ਿਹਾਫ਼ ਫਾਇਲਾਤੁਨ ਅਤੇ ਮੁਫਾਈਲੁਨ ਰੁਕਨਾਂ ਤੇ ਲਾਗੂ ਹੁੰਦਾ ਹੈ

ਫਾਇਲਾਤੁਨ (SISS) ਦੇ ਅਖੀਰਲੇ 'ਨ' ਸਾਕਿਨ ਨੂੰ ਉੱਡਾ ਦੇਣ ਤੇ ਫਾਇਲਾਤੁ ਰਹਿ ਜਾਂਦਾ ਹੈ, ਮੁਤਹੱਰਕ 'ਤੁ' ਨੂੰ ਸਾਕਿਨ ਕਰਨ ਤੇ ਇਹ ਫਾਇਲਾਤ ਰਹਿ ਜਾਂਦਾ ਹੈ ਸਾਕਿਨ ਅੱਖਰ ਤ ਅਸਲ ਵਿਚ ਅ ਦੀ ਅਵਾਜ਼ ਦਿੰਦਾ ਹੈ ਇਸ ਲਈ ਇਸ ਨੂੰ ਫਾਇਲਾਂ ਵਿੱਚ ਬਦਲ ਲੈਂਦੇ ਹਾਂ

ਰੁਕਨ ਫਊਲੁਨ ਦਾ ਅਖੀਰਲਾ ਨ ਸਾਕਿਨ ਉੱਡਾ ਦੇਣ ਤੇ ਫਊਲ ਰਹਿ ਜਾਂਦਾ ਹੈ ਇਸ ਤਰ੍ਹਾਂ ਮੁਫਾਈਲੁਨ ਰੁਕਨ ਦਾ ਅਖੀਰਲਾ ਸਾਕਿਨ ਹਰਫ਼ ਨ ਝਾੜ ਕੇ ਮੁਫਾਈਲੁ ਤੇ ਲੁ ਮੁਤਹੱਰਕ ਸਾਕਿਨ ਕਰਕੇ ਮੁਫਾਈਲ ਰਹਿ ਜਾਂਦਾ ਹੈ ਬਹਿਰ ਵਿੱਚ ਇਸ ਨੂੰ ਮਕਸੂਰ ਆਖਦੇ ਹਨ

ਕਤਅ—— ਕਤਅ ਦਾ ਅਰਥ ਹੈ ਕੱਪਣਾ ਇਹ ਉਹ ਕੱਪਣਾ ਹੈ ਜਿਸ ਬਾਰੇ ਬਾਬਾ ਫਰੀਦ ਆਪਣੇ ਸ਼ਲੋਕ ਵਿੱਚ ਆਖਦੇ ਹਨ' ਜੋ ਸਿਰ ਸਾਈਂ ਨਾ ਨਿਵੇ ਸੋ ਸਿਰ ਕੱਪ ਉਤਾਰ' ਅਰੂਜ਼ੀ ਪਰਿਭਾਸ਼ਾ ਅਨੁਸਾਰ ਵਤਦ ਮਜ਼ਮੂਅ ਦੇ ਅੰਤ ਤੋਂ ਸਾਕਿਨ ਹਰਫ਼ ਕੱਟਣ ਤੇ ਉਸ ਤੋਂ ਅਗਲੇ ਮੁਤਹੱਰਕ ਅੱਖਰ ਨੂੰ ਸਾਕਿਨ ਕਰਨ ਦਾ ਨਾਮ ਹੈ

ਮੁਸਤਫਇਲੁਨ ਦੇ ਵਤਦ ਮਜ਼ਮੂਅ ਇਲੁਨ IS ਦਾ ਅੰਤਲਾ ਸਾਕਿਨ ਹਰਫ਼ ਨ ਉੱਡਾਉਣ ਤੇ ਪਿੱਛੋਂ ਇਲੁ ਬਚ ਜਾਂਦਾ ਹੈ ਇਲੁ ਦੇ ਲੁ ਮੁਤਹੱਰਕ ਨੂੰ ਸਾਕਿਨ ਕਰਨ ਤੇ ਇਲ ਬਚਿਆ ਇਸ ਤਰ੍ਹਾਂ ਮੁਸਤਫ਼ਇਲੁਨ ਰੁਕਨ ਦਾ ਰੂਪ ਮੁਸਤਫ਼ਇਲ ਬਣ ਗਿਆ ਹੈ ਤੇ ਇਸ ਨੂੰ ਇਸ ਦੇ ਬਰਵਜ਼ਨ ਸ਼ਬਦ ਮਫ਼ਊਲਨ ਦੇ ਨਾਲ ਬਦਲ ਲਿਆ ਜਾਂਦਾ ਹੈ ਯਾਨੀ ਮੁਸਤਫ਼ਇਲੁਨ ਰੁਕਨ ਤੇ ਕਤਅ ਜ਼ਿਹਾਫ਼ ਲਾਉਣ ਦੇ ਨਾਲ ਇਸ ਦਾ ਰੂਪ SSIS ਤੋਂ SSS ਬਣ ਗਿਆ

ਮੁਤੁਫਾਇਲੁਨ ਰੁਕਨ ਦੇ ਵਤਦ ਮਜ਼ਮੂਅ ਇਲੁਨ ਦਾ ਸਾਕਿਨ ਅੱਖਰ ਗਿਰ ਕੇ ਇਲੁ ਬਚਿਆ ਤੇ ਇਲੁ ਦਾ ਲੁ ਮੁਤਹੱਰਕ ਸਾਕਿਨ ਕਰਕੇ ਇਲ ਰਹਿ ਗਿਆ ਯਾਨੀ ਮੁਤੁਫਾਇਲੁਨ ਦਾ ਰੂਪ ਮੁਤੁਫਾਇਲ ਬਾਕੀ ਰਹਿ ਜਾਂਦਾ ਹੈ ਇਸ ਨੂੰ ਫਿਇਲਾਤੁਨ ਵਿਚ ਬਦਲ ਲਿਆ ਜਾਂਦਾ ਹੈ ਯਾਨੀ ਕਿ ਮੁਤੁਫਾਇਲੁਨ (IISIS) ਤੋਂ (IISS) ਬਣ ਗਿਆ ਹੈ

ਫਾਇਲੁਨ ਰੁਕਨ ਦੇ ਇਲੁਨ ਵਤਦ ਮਜ਼ਮੂਅ ਦਾ ਨ ਸਾਕਿਨ ਗਿਰਾ ਕੇ ਫਾਇਲੁ ਬਚਿਆ ਤੇ ਇਲੁ ਦਾ ਮੁਤਹੱਰਕ ਲੁ ਸਾਕਿਨ ਕਰਕੇ ਇਲ ਰਹਿ ਗਿਆ ਤੇ ਇਸ ਤਰ੍ਹਾਂ ਫਾਇਲੁਨ ਰੁਕਨ ਫਾਇਲ ਰਹਿ ਗਿਆ ਇਸ ਦੀ ਥਾਂ ਤੇ ਪ੍ਰਚਲਤ ਸ਼ਬਦ ਫਿਅਲੁਨ ਰੱਖ ਲਿਆ ਜਾਂਦਾ ਹੈ

ਜਿਸ ਬਹਿਰ ਵਿਚ ਕਤਅ ਜ਼ਿਹਾਫ਼ ਲਾਗੂ ਕੀਤਾ ਜਾਂਦਾ ਹੈ ਉਸ ਬਹਿਰ ਦਾ ਨਾਮ ਮਕਤੂਅ ਕਰ ਲਿਆ ਜਾਂਦਾ ਹੈ

ਦੋ ਜਾਂ ਦੋ ਤੋਂ ਵੱਧ ਹਰਫ਼ ਗਿਰਾਉਣ ਵਾਲੇ ਜ਼ਿਹਾਫ਼

ਹਜ਼ਫ਼——ਹਜ਼ਫ਼ ਦਾ ਅਰਥ ਹੈ ਅਲੋਪ ਕਰਨਾ ਅਰੂਜ਼ ਅਨੁਸਾਰ ਰੁਕਨ ਦਾ ਅਖੀਰਲਾ ਸਬੱਬ ਖਫੀਫ ਅਲੋਪ ਕਰਨ ਨੂੰ ਹਜ਼ਫ ਕਹਿੰਦੇ ਹਨ

ਫਊਲੁਨ ISS ਰੁਕਨ ਦਾ ਅਖੀਰਲਾ ਸਬੱਬ ਖ਼ਫ਼ੀਫ ਅਲੋਪ ਕਰਨ ਤੇ ਫਊ ਰਹਿ ਜਾਂਦਾ ਹੈ ਜਿਸ ਨੂੰ ਪ੍ਰਚਲਤ ਰੁਕਨ ਫ਼ਿਅਲ ਦੇ ਨਾਲ ਬਦਲ ਲਿਆ ਜਾਂਦਾ ਹੈ

ਫਾਇਲਾਤੁਨ ਰੁਕਨ ਦਾ ਅਖੀਰਲਾ ਸਬੱਬ ਖ਼ਫ਼ੀਫ ਤੁਨ ਅਲੋਪ ਹੋ ਕੇ ਫਾਇਲਾ ਰਹਿ ਜਾਂਦਾ ਹੈ ਜਿਸਨੂੰ ਇਸ ਦੇ ਬਰਵਜ਼ਨ ਰੁਕਨ ਫਾਇਲੁਨ ਦੇ ਨਾਲ ਤਬਦੀਲ ਕਰ ਲਿਆ ਜਾਂਦਾ ਹੈ ਯਾਨੀ ਫਾਇਲਾਤੁਨ ਤੇ ਹਜ਼ਫ ਜ਼ਿਹਾਫ਼ ਲੱਗ ਕੇ ਫਾਇਲਾਤੁਨ ਰੁਕਨ ਯਾਨੀ SISS ਦਾ ਫਾਇਲੁਨ ਰੁਕਨ SIS ਬਣ ਜਾਂਦਾ ਹੈ

ਇਸੇ ਤਰ੍ਹਾਂ ਮੁਫਾਈਲੁਨ ਰੁਕਨ ਤੇ ਹਜ਼ਫ ਜ਼ਿਹਾਫ਼ ਲਾ ਕੇ ਇਸ ਦਾ ਅਖੀਰਲਾ ਸਬੱਬ ਖ਼ਫ਼ੀਫ ਲੁਨ ਅਲੋਪ ਹੋ ਜਾਂਦਾ ਹੈ ਤੇ ਪਿੱਛੇ ਮੁਫਾਈ ਬਚ ਜਾਂਦਾ ਹੈ ਇਸ ਨੂੰ ਇਸ ਦੇ ਬਰਵਜ਼ਨ ਪ੍ਰਚਲਤ ਰੁਕਨ ਫਊਲੁਨ ਦੇ ਨਾਲ ਬਦਲ ਲਿਆ ਜਾਂਦਾ ਹੈ ਇਸ ਤਰ੍ਹਾਂ ਮੁਫਾਈਲੁਨ ਰੁਕਨ ISSS ਹਜ਼ਫ਼ ਜ਼ਿਹਾਫ਼ ਦੇ ਮਗਰੋਂ ਫਊਲੁਨ ISS ਵਿੱਚ ਤਬਦੀਲ ਹੋ ਜਾਂਦਾ ਹੈ ਬਹਿਰ ਵਿੱਚ ਇਸ ਦਾ ਨਾਮ ਮਹਿਜ਼ੂਫ ਹੁੰਦਾ ਹੈ

ਕਤਫ਼— ਕਤਫ਼ ਦਾ ਅਰਥ ਹੈ ਅੰਗੂਰ ਤੋੜਨਾ ਅਰੂਜ਼ੀ ਪਰਿਭਾਸ਼ਾ ਅਨੁਸਾਰ ਮੁਫਾਇਲਤੁਨ ਰੁਕਨ ਦਾ ਅਖ਼ੀਰਲਾ ਸਬੱਬ ਖ਼ਫ਼ੀਫ ਅਲੋਪ ਕਰਕੇ ਉਸਤੋਂ ਪਹਿਲੇ ਮੁਤਹੱਰਕ ਨੂੰ ਸਾਕਿਨ ਕਰਨਾ ਹੈ ਇਸ ਅਨੁਸਾਰ ਮੁਫਾਇਲਤੁਨ ਰੁਕਨ ਦਾ ਅੰਤਲਾ ਸਬੱਬ ਖ਼ਫ਼ੀਫ ਤੁਨ ਗਿਰ ਜਾਂਦਾ ਹੈ ਤੇ ਮੁਫਾਇਲੁ ਰਹਿ ਜਾਂਦਾ ਹੈ ਫਿਰ ਮੁਫਾਇਲੁ ਦੇ ਮੁਤਹੱਰਕ ਲੁ ਨੂੰ ਸਾਕਿਨ ਕਰਕੇ ਮੁਫਾਇਲ ਰਹਿ ਜਾਂਦਾ ਹੈ ਤੇ ਇਸ ਨੂੰ ਇਸ ਦੇ ਬਰਵਜ਼ਨ ਪ੍ਰਚਲਤ ਰੁਕਨ ਫ਼ਊਲੁਨ ਦੇ ਨਾਲ ਬਦਲ ਲਿਆ

ਜਾਂਦਾ ਹੈ ਯਾਨੀ ਮੁਫਾਇਲੁਤੁਨ ਰੁਕਨ ISIIS ਕਤਫ਼ ਜ਼ਿਹਾਫ਼ ਮਗਰੋਂ ਫਊਲੁਨ ਬਣ ਜਾਂਦਾ ਹੈ ਬਹਿਰ ਵਿੱਚ ਇਸ ਦਾ ਨਾਮ ਮਕਤੂਫ਼ ਹੋ ਜਾਂਦਾ ਹੈ

ਹਜਜ— ਹਜਜ ਦਾ ਅਰਥ ਹੈ ਛੋਟਾ ਹੋਣਾ ਅਰੂਜ਼ੀ ਪਰਿਭਾਸ਼ਾ ਅਨੁਸਾਰ ਰੁਕਨ ਦਾ ਅਖ਼ੀਰਲਾ ਵਤਦ ਮਜ਼ਮੂਅ IS ਉਡਾ ਦੇਣਾ ਹੁੰਦਾ ਹੈ ਸੋ ਇਹ ਜ਼ਿਹਾਫ਼ ਉਹਨਾਂ ਰੁਕਨਾਂ ਤੇ ਲਾਗੂ ਹੁੰਦਾ ਹੈ ਜਿਨ੍ਹਾਂ ਦੇ ਅਖੀਰ ਤੇ ਵਤਦ ਮਜ਼ਮੂਅ ਆਉਂਦਾ ਹੈ ਸੋ ਇਹ ਜ਼ਿਹਾਫ਼ ਮੁਸਤਫ਼ਇਲਨ, ਮੁਤੁਫਾਇਲੁਨ ਤੇ ਫਾਇਲੁਨ ਤੇ ਲਾਗੂ ਹੁੰਦਾ ਹੈ ਮੁਸਤਫ਼ਇਲੁਨ ਰੁਕਨ ਦਾ ਅਖੀਰਲਾ ਵਤਦ ਮਜ਼ਮੂਅ ਹਜਜ ਜ਼ਿਹਾਫ਼ ਰਾਹੀਂ ਗਿਰਾ ਕੇ ਮੁਸਤਫ਼ ਰਹਿ ਜਾਂਦਾ ਹੈ ਸੋ ਮੁਸਤਫ਼ ਇਸ ਦੇ ਬਰਵਜ਼ਨ ਪ੍ਰਚਲਤ ਰੁਕਨ ਫਿਅਲੁਨ ਵਿਚ ਬਦਲ ਲਈਦਾ ਹੈ ਇੰਝ ਮੁਸਤਫ਼ਇਲੁਨ ਹਜਜ ਜ਼ਿਹਾਫ਼ ਰਾਹੀਂ ਫਿਅਲੁਨ ਬਣ ਜਾਂਦਾ ਹੈ ਅਤੇ SSIS ਤੋਂ SS ਰਹਿ ਜਾਂਦਾ ਹੈ ਮੁਤੁਫਾਇਲੁਨ ਅਖੀਰਲਾ ਵਤਦ ਮਜ਼ਮੂਅ ਗਿਰਾਉਣ ਤੋਂ ਮਗਰੋਂ ਮੁਤੁਫਾ ਰਹਿ ਜਾਂਦਾ ਹੈ ਮੁਤੁਫ਼ਾ ਨੂੰ ਇਸ ਦੇ ਬਰਵਜ਼ਨ ਰੁਕਨ ਫ਼ਇਲੁਨ ਯਾਨੀ IISS ਫਾਸਲਾ ਨਾਲ ਬਦਲ ਲੈਂਦੇ ਹਨ ਫਾਇਲੁਨ ਰੁਕਨ ਦਾ ਵਤਦ ਮਜ਼ਮੂਅ ਇਲੁਨ ਗਿਰ ਕੇ ਕੇਵਲ ਫਾ ਬਚਦਾ ਹੈ ਤੇ ਇਸ ਨੂੰ ਇਸਦੇ ਬਰਵਜ਼ਨ ਰੁਕਨ ਫਿਅ ਜਾਂ ਫੇ ਨਾਲ ਬਦਲ ਲਈਦਾ ਹੈ ਬਹਿਰ ਵਿੱਚ ਇਸ ਦਾ ਨਾਮ ਮਹਿਜ਼ੂਜ ਹੈ

ਫਾਇਲਾਤੁਨ ਰੁਕਨ ਤੇ ਹਜ਼ਫ ਤੇ ਕਤਅ ਜ਼ਿਹਾਫ਼ ਮਿਲ ਕੇ ਲਾਗੂ ਹੁੰਦੇ ਹਨ, ਹਜ਼ਫ ਜ਼ਿਹਾਫ਼ ਫਾਇਲਾਤੁਨ ਦੇ ਅਖੀਰਲੇ ਸਬੱਬ ਖਫ਼ੀਫ ਤੁਨ ਨੂੰ ਉਡਾ ਦਿੰਦੀ ਹੈ ਪਿੱਛੇ ਫਾਇਲਾਂ ਰਹਿ ਜਾਂਦਾ ਹੈ ਤਾਂ ਕਤਅ ਜ਼ਿਹਾਫ਼ ਦੁਆਰਾ ਇਸਦੇ ਵਤਦ ਮਜ਼ਮੂਅ ਇਲਾ ਦੇ ਦੂਜੇ ਸਾਕਿਨ ਹਰਫ਼ ਯਾਨੀ ਇਲਾ ਦਾ ਕੰਨਾ ਗਿਰਾ ਦਿੱਤਾ ਜਾਂਦਾ ਹੈ ਅਤੇ ਮੁਤਹੱਰਕ ਲ ਨੂੰ ਸਾਕਿਨ ਕਰ ਲੈਂਦੇ ਹਨ ਤੇ ਅਖੀਰ ਤੇ ਫਾਇਲ ਬਚ ਜਾਂਦਾ ਹੈ ਇਸ ਨੂੰ ਇਸ ਦੇ ਬਰਵਜ਼ਨ ਸ਼ਬਦ ਫਿਅਲੁਨ ਨਾਲ ਤਬਦੀਲ ਕਰ ਲੈਂਦੇ ਹਨ ਸੋ ਫਾਇਲਾਤੁਨ ਇੱਕੋ ਇੱਕ ਰੁਕਨ ਹੈ ਜਿਸ ਤੇ ਹਜ਼ਫ ਅਤੇ ਕਤਅ ਜ਼ਿਹਾਫ਼ ਇਕੱਠੇ ਲਾਗੂ ਹੁੰਦੇ ਹਨ ਤੇ ਬਹਿਰ ਵਿੱਚ ਇਸ ਦਾ ਨਾਮ ਮਹਿਜ਼ੂਫ ਮਕਤੂਅ ਹੋ ਜਾਂਦਾ ਹੈ

ਬਤਰ— ਬਤਰ ਦਾ ਅਰਥ ਹੈ ਪੂਛ ਕੁਤਰਨਾ ਅਰੂਜ਼ ਅਨੁਸਾਰ ਇਹ ਜ਼ਿਹਾਫ਼ ਤਿੰਨ ਰੁਕਨਾ ਵਿੱਚ ਵੱਖਰੇ ਵੱਖਰੇ ਢੰਗ ਨਾਲ ਤਬਦੀਲੀ ਕਰਦਾ ਹੈ

ਇਹ ਰੁਕਨ ਹਨ ਫਊਲੁਨ, ਫਾਇਲਾਤੁਨ, ਮੁਫਾਈਲੁਨ ਇਹ ਅਜਿਹੇ ਰੁਕਨ ਹਨ ਜਿਨ੍ਹਾਂ ਦੇ ਅਖੀਰ ਤੇ ਸਬੱਬ ਖ਼ਫ਼ੀਫ ਹੈ ਇਨ੍ਹਾਂ ਤਿੰਨਾਂ ਰੁਕਨਾਂ ਤੇ ਜਦੋਂ ਬਤਰ ਜ਼ਿਹਾਫ਼ ਲਾਗੂ ਹੁੰਦਾ ਹੈ ਤਾਂ ਤਿੰਨਾਂ ਰੁਕਨਾਂ ਵਿਚ ਆਖਰ ਤੇ ਸਿਰਫ ਫਅ ਸ਼ਬਦ ਬਚਦਾ ਹੈ ਸੋ ਫ਼ਊਲੁਨ ਤੇ ਮੁਫਾਈਲੁਨ ਰੁਕਨਾਂ ਵਿੱਚੋਂ ਫਅ ਬਾਕੀ ਰੱਖਣ ਲਈ ਇਨ੍ਹਾਂ ਰੁਕਨਾਂ ਵਿਚ ਭਿੰਨ ਭਿੰਨ ਤਬਦੀਲੀ ਦੀ ਲੋੜ ਪੈਂਦੀ ਹੈ ਇਸ ਲਈ ਅਰੂਜ਼ੀ ਇਸ ਨੂੰ ਦੋ ਜ਼ਿਹਾਫ਼ਾਂ ਦੇ ਮੇਲ ਤੋਂ ਕੱਢਦੇ ਹਨ

ਫਊਲੁਨ ਰੁਕਨ ਦੇ ਅਖ਼ੀਰ ਤੋਂ ਸਬੱਬ ਖਫ਼ੀਫ ਹਟਾਉਣ ਤੇ ਜਦੋਂ ਫਊ ਰਹਿ ਜਾਵੇ ਤਾਂ ਉਸ ਦਾ ਫ ਉਡਾ ਦੇਣ ਨੂੰ ਕਹਿੰਦੇ ਹਨ ਇਸ ਤਰ੍ਹਾਂ ਊ ਬਾਕੀ ਰਹਿ ਜਾਂਦਾ ਹੈ ਜਿਸ ਨੂੰ ਪ੍ਰਚਲਤ ਫਅ ਰੁਕਨ ਨਾਲ ਤਬਦੀਲ ਕਰ ਲਿਆ ਜਾਂਦਾ ਹੈ

ਫਾਇਲਾਤੁਨ ਰੁਕਨ ਵਿੱਚ ਬਤਰ ਜ਼ਿਹਾਫ਼ ਕਤਅ ਤੇ ਹਜ਼ਫ ਜ਼ਿਹਾਫ਼ ਦਾ ਮੇਲ ਹੈ ਹਜ਼ਫ਼ ਫਾਇਲਾਤੁਨ ਦੇ ਸਬੱਬ ਖਫ਼ੀਫ ਤੁਨ ਝਾੜ ਦਿੰਦਾ ਹੈ ਤਾਂ ਬਾਕੀ ਫਾਇਲਾ ਰਹਿ ਜਾਂਦਾ ਹੈ ਫਾਇਲਾ ਜੋ ਵਤਦ ਮਜ਼ਮੂਅ IS ਹੈ, ਦਾ ਸਾਕਿਨ ਅੱਖਰ ਕੰਨਾਂ ਕਤਅ ਜ਼ਿਹਾਫ਼ ਰਾਹੀਂ ਝਾੜ ਦਿੱਤਾ ਜਾਂਦਾ ਹੈ ਤਾਂ ਬਾਕੀ ਫਾਇਲ ਰਹਿ ਜਾਂਦਾ ਹੈ ਤੇ ਇਸ ਨੂੰ ਫਅ ਨਾਲ ਬਦਲ ਲੈਂਦੇ ਹਨ

ਮੁਫਾਈਲੁਨ ਰੁਕਨ ਤੇ ਬਤਰ ਲਾਗੂ ਕਰਨ ਲਈ ਪਹਿਲਾਂ ਖ਼ਰਮ ਜ਼ਿਹਾਫ਼ ਰਾਹੀਂ ਪਹਿਲਾ ਮੁਤਹੱਰਕ ਮੁ ਝਾੜ ਦਿੱਤਾ ਜਾਂਦਾ ਹੈ ਪਿੱਛੇ ਮਫ਼ਊਲੁਨ ਰਹਿ ਜਾਂਦਾ ਹੈ ਤੇ ਇਸ ਦੇ ਦੋਵੇਂ ਸਬੱਬ ਖਫ਼ੀਫ ਝਾੜ ਦਿੱਤੇ ਜਾਂਦੇ ਹਨ ਤਾਂ ਪਿੱਛੇ ਸਿਰਫ ਫਾ ਰਹਿ ਜਾਂਦਾ ਹੈ ਜਿਸ ਨੂੰ ਫਅ ਵਿੱਚ ਤਬਦੀਲ ਕਰ ਲਿਆ ਜਾਂਦਾ ਹੈ

ਰਫ਼ਅ —ਰਫ਼ਅ ਦਾ ਅਰਥ ਹੈ ਉਡਾਉਣਾ ਜਾਂ ਖਤਮ ਕਰਨਾ ਰਫ਼ਅ ਪੰਜਾਬੀ ਬੋਲਣ ਵਾਲਿਆਂ ਦਾ ਜਾਣਿਆ ਪਛਾਣਿਆ ਸ਼ਬਦ ਹੈ ਇਸ ਤੋਂ ਰਫਾਅ ਦਫ਼ਾਅ ਸ਼ਬਦ ਬਣਿਆ ਹੈ ਜੋ ਅਸੀਂ ਕਈ ਵਾਰ ਆਮ ਬੋਲ ਚਾਲ ਦੀ ਭਾਸ਼ਾ ਵਿੱਚ ਵਰਤਦੇ ਹਾਂ, ਰਫ਼ਾਅ ਦਫ਼ਾਅ ਕਰੋ, ਇਸ ਗੱਲ ਤੇ ਮਿੱਟੀ ਪਾਉ ਵਗ਼ੈਰਾ ਵਗ਼ੈਰਾ ਇਹ ਸ਼ਬਦ ਪਤਾ ਨਹੀਂ ਕਦੋਂ ਪੰਜਾਬੀ ਵਿੱਚ ਆ ਰਲ਼ਿਆ ਹੋਵੇਗਾ ਅਰੂਜ਼ ਅਨੁਸਾਰ ਜੇ ਕਿਸੇ ਰੁਕਨ ਦੇ ਮੁੱਢ ਵਿੱਚ ਦੋ ਸਬੱਬ ਖ਼ਫ਼ੀਫ ਹੋਣ ਤਾਂ ਇਕ ਸਬੱਬ ਖ਼ਫ਼ੀਫ਼ ਝਾੜਨ ਦਾ ਨਾਮ ਰਫ਼ਅ ਹੈ ਮੁਸਤਫ਼ਇਲੁਨ ਦਾ ਸਬੱਬ ਖ਼ਫ਼ੀਫ ਮੁਸ ਝੜਕੇ ਤਫ਼ਇਲੁਨ ਬਚਦਾ ਹੈ ਜਿਸ ਨੂੰ ਫਾਇਲੁਨ ਦੇ ਨਾਲ ਬਦਲ ਲੈਂਦੇ ਹਾਂ ਯਾਨੀ ਮੁਸਤਫ਼ਇਲੁਨ SSIS ਤੇ ਰਫ਼ਅ ਜ਼ਿਹਾਫ਼ ਲਗਾਉਣ ਨਾਲ ਇਹ ਬਦਲ ਕੇ ਫਾਇਲੁਨ (SIS) ਹੋ ਜਾਂਦਾ ਹੈ ਮਫ਼ਊਲਾਤ ਰੁਕਨ ਦਾ ਸਬੱਬ ਖ਼ਫ਼ੀਫ ਮਫ਼ ਅਲੋਪ ਹੋ ਕੇ ਊਲਾਤ ਰਹਿ ਜਾਂਦਾ ਹੈ ਜਿਸ ਨੂੰ ਮਫ਼ਊਲ ਨਾਲ ਬਦਲ ਲੈਂਦੇ ਹਾਂ ਯਾਨੀ ਰੁਕਨ ਮਫ਼ਊਲਾਤ SSSI ਰਫ਼ਅ ਜ਼ਿਹਾਫ਼ ਲੱਗ ਕੇ ਮਫਊਲ SSI ਰਹਿ ਜਾਂਦਾ ਹੈ

ਦੋ ਜ਼ਿਹਾਫ਼ਾਂ ਦੇ ਮੇਲ ਤੋਂ ਬਣੀਆਂ ਜ਼ਿਹਾਫ਼ਾਂ

ਪਿਆਰੇ ਦੋਸਤੋ ਹੁਣ ਅਸੀਂ ਕੁੱਝ ਅਜਿਹੀਆਂ ਜ਼ਿਹਾਫ਼ਾਂ ਦਾ ਵਰਣਨ ਕਰਾਂਗੇ ਜਿਹੜੀਆਂ ਦੋ ਦੋ ਜ਼ਿਹਾਫ਼ਾਂ ਦੇ ਮੇਲ ਤੋਂ ਬਣਦੀਆਂ ਹਨ

ਖ਼ਬਲ—ਖ਼ਬਲ ਦਾ ਅਰਥ ਹੈ ਹੱਥ ਪੈਰ ਵੱਢਣਾ, ਅਰੂਜ਼ੀ ਪਰਿਭਾਸ਼ਾ ਅਨੁਸਾਰ ਖ਼ਬਲ ਦੋ ਜ਼ਿਹਾਫ਼ਾਂ ਖ਼ਬਨ ਤੇ ਤੈ ਦੇ ਮੇਲ ਤੋਂ ਬਣਦੀ ਹੈ ਇਹ ਕੇਵਲ ਦੋ ਰੁਕਨਾਂ ਜਿਨ੍ਹਾਂ ਦੇ ਮੁੱਢ ਵਿਚ ਸਬੱਬ ਖ਼ਫ਼ੀਫ਼ ਹਨ, ਤੇ ਲਾਗੂ ਹੁੰਦੀ ਹੈ

ਮੁਸਤਫ਼ਇਲੁਨ ਰੁਕਨ ਤੇ ਤੈ ਜ਼ਿਹਾਫ਼ ਦੁਆਰਾ ਉਸ ਦਾ ਚੌਥਾ ਸਾਕਿਨ ਹਰਫ਼ ਫ਼ ਝੜ ਜਾਂਦਾ ਹੈ ਤੇ ਖ਼ਬਲ ਜ਼ਿਹਾਫ਼ ਦੁਆਰਾ ਉਸ ਦਾ ਦੂਸਰਾ ਸਾਕਿਨ ਹਰਫ਼ ਸ ਗਿਰ ਜਾਂਦਾ ਹੈ ਬਾਕੀ ਬਚਦਾ ਹੈ ਮੁਤੁਇਲੁਨ ਜਿਸ ਨੂੰ ਫਿਇਲੁਤੁਨ

ਵਿਚ ਬਦਲ ਲੈਂਦੇ ਹਨ ਯਾਨੀ ਮੁਸਤਫ਼ਇਲੁਨ ਖ਼ਬਲ ਜ਼ਿਹਾਫ਼ ਦੁਆਰਾ SSIS ਤੋਂ IIIS ਬਣ ਜਾਂਦਾ ਹੈ, ਇਸ ਰੁਕਨ ਨੂੰ ਫਾਸਿਲਾ, ਕੁਬਰਾ ਜਾਂ ਸਰਲ ਢੰਗ ਨਾਲ ਸਬੱਬ ਸ਼ਕੀਲ + ਵਤਦ ਮਜ਼ਮੂਅ ਕਿਹਾ ਜਾਂਦਾ ਹੈ

ਮਫ਼ਊਲਾਤ ਰੁਕਨ ਉੱਤੇ ਖ਼ਬਲ ਜ਼ਿਹਾਫ਼ ਲੱਗ ਕੇ ਮਫ਼ਊਲਾਤ ਦਾ ਤੈ ਜ਼ਿਹਾਫ਼ ਦੁਆਰਾ ਚੌਥਾ ਸਾਕਿਨ ਹਰਫ਼ ਦੁਲੈਂਕੜ ਝੜ ਜਾਂਦੇ ਹਨ ਤੇ ਖ਼ਬਨ ਜ਼ਿਹਾਫ਼ ਦੁਆਰਾ ਦੂਜਾ ਸਾਕਿਨ ਅੱਖਰ ਫ ਝੜ ਕੇ ਮਅਲਾਤੁ ਰਹਿ ਜਾਂਦਾ ਹੈ ਜਿਸ ਨੂੰ ਫਿਇਲਾਤੁ ਵਿੱਚ ਬਦਲ ਲੈਂਦੇ ਹਨ ਯਾਨੀ ਮਫ਼ਊਲਾਤ ਖ਼ਬਲ ਜ਼ਿਹਾਫ਼ ਦੁਆਰਾ ਫਿਇਲਾਤ IISI ਬਣ ਜਾਂਦਾ ਹੈ ਜੋ ਕਿ ਸਬੱਬ ਸ਼ਕੀਲ + ਵਤਦ ਮਫ਼ਰੂਕ ਦੇ ਬਰਾਬਰ ਹੈ

ਖ਼ਜ਼ਲ—ਇਸ ਦਾ ਅਰਥ ਹੈ ਕੱਟਿਆ ਜਾਣਾ ਅਰੂਜ਼ੀ ਪਰਿਭਾਸ਼ਾ ਅਨੁਸਾਰ ਇਹ ਜ਼ਿਹਾਫ਼ ਇਜ਼ਮਾਰ ਤੇ ਤੈ ਜ਼ਿਹਾਫ਼ ਦਾ ਮੇਲ ਹੈ ਇਹ ਜ਼ਿਹਾਫ਼ ਕੇਵਲ ਮੁਤੁਫਾਇਲੁਨ ਰੁਕਨ ਤੇ ਹੀ ਲਾਗੂ ਹੁੰਦੀ ਹੈ, ਕਿਉਂਕਿ ਕੇਵਲ ਮੁਤੁਫ਼ਾਇਲੁਨ ਰੁਕਨ ਦੇ ਮੁੱਢ ਵਿੱਚ ਹੀ ਕੇਵਲ ਸਬੱਬ ਸਕੀਲ ਯਾਨੀ ਦੋ ਮੁਤਹੱਰਕ ਹਰਫ਼ ਹਨ ਮੁਤੁਫ਼ਾਇਲੁਨ ਰੁਕਨ ਤੇ ਜਦ ਖ਼ਜ਼ਲ ਜ਼ਿਹਾਫ਼ ਲਗਦੀ ਹੈ ਤਾਂ ਪਹਿਲਾਂ ਤੈ ਜ਼ਿਹਾਫ਼ ਦੁਆਰਾ ਚੌਥਾ ਸਾਕਿਨ ਹਰਫ਼ ਕੰਨਾ ਝੜ ਜਾਂਦਾ ਹੈ ਤੇ ਫਿਰ ਇਜ਼ਮਾਰ ਜ਼ਿਹਾਫ਼ ਦੁਆਰਾ ਦੂਜੇ ਮੁਤਹੱਰਕ ਹਰਫ਼ ਨੂੰ ਸਾਕਿਨ ਕਰ ਦਿੱਤਾ ਜਾਂਦਾ ਹੈ ਹੁਣ ਮੁਤਫ਼ਇਲੁਨ ਬਾਕੀ ਰਹਿ ਜਾਂਦਾ ਹੈ ਜਿਸ ਨੂੰ ਮੁਫ਼ਤੁਇਲੁਨ ਨਾਲ ਬਦਲ ਲਿਆ ਜਾਂਦਾ ਹੈ ਯਾਨੀ ਮੁਤੁਫ਼ਾਇਲੁਨ ਰੁਕਨ ਤੇ ਜਦ ਖ਼ਜ਼ਲ ਜ਼ਿਹਾਫ਼ ਲਾਗੂ ਹੁੰਦੀ ਹੈ ਤਾਂ ਇਸ ਦਾ ਰੂਪ IISIS ਤੋਂ SIIS ਬਣ ਜਾਂਦਾ ਹੈ, ਜਾਂ ਸਰਲ ਸ਼ਬਦਾਂ ਵਿੱਚ ਇਹ ਵਤਦ ਮਫ਼ਰੂਕ + ਵਤਦ ਮਜ਼ਮੂਅ ਬਣ ਜਾਂਦਾ ਹੈ

ਸ਼ਕਲ—ਇਸ ਦਾ ਅਰਥ ਹੈ ਘੋੜੇ ਦੇ ਪਿਛਾੜੀ ਲਾਉਣਾ ਅਰੂਜ਼ੀ ਪਰਿਭਾਸ਼ਾ ਅਨੁਸਾਰ ਖ਼ਬਨ ਤੇ ਕਫ਼ ਦੇ ਮੇਲ ਨੂੰ ਸ਼ਕਲ ਕਿਹਾ ਜਾਂਦਾ ਹੈ ਇਹ ਜ਼ਿਹਾਫ਼ ਕੇਵਲ ਦੋ ਰੁਕਨਾਂ ਫ਼ਾਇਲਾਤੁਨ ਅਤੇ ਮੁਸਤਫ਼ਇਲੁਨ ਤੇ ਹੀ ਲਾਗੂ ਹੁੰਦੀ ਹੈ ਫ਼ਾਇਲਾਤੁਨ ਰੁਕਨ ਦਾ ਪਹਿਲਾਂ ਖ਼ਬਨ ਜ਼ਿਹਾਫ਼ ਦੁਆਰਾ ਦੂਜਾ ਸਾਕਿਨ ਹਰਫ਼ ਕੰਨਾਂ ਝਾੜ ਦਿੱਤਾ ਜਾਂਦਾ ਹੈ ਤੇ ਫੇਰ ਕਫ਼ ਜ਼ਿਹਾਫ਼ ਇਸ ਦਾ ਸੱਤਵਾਂ ਸਾਕਿਨ ਹਰਫ਼ ਨ ਝਾੜ ਦਿੰਦਾ ਹੈ ਇਸ ਤਰ੍ਹਾਂ ਬਾਕੀ ਫਇਲਾਤੁ ਯਾਨੀ IISI ਬਚਦਾ ਹੈ

ਇਸੇ ਤਰ੍ਹਾਂ ਹੀ ਮੁਸਤਫ਼ਇਲੁਨ ਰੁਕਨ ਦਾ ਖ਼ਬਨ ਜ਼ਿਹਾਫ਼ ਦੁਆਰਾ ਦੂਜਾ ਸਾਕਿਨ ਅੱਖਰ ਸ ਝੜ ਜਾਂਦਾ ਹੈ ਤੇ ਕਫ਼ ਦੁਆਰਾ ਸੱਤਵਾਂ ਸਾਕਿਨ ਅੱਖਰ ਨ ਝੜ ਜਾਂਦਾ ਹੈ ਤੇ ਮੁਤੁਫਇਲ ਬਾਕੀ ਬਚਦਾ ਹੈ ਇਸ ਨੂੰ ਮੁਫਾਇਲੁ ਨਾਲ ਬਦਲ ਲਿਆ ਜਾਂਦਾ ਹੈ ਯਾਨੀ ਮੁਸਤਫ਼ਇਲੁਨ ਰੁਕਨ ਤੇ ਸ਼ਕਲ ਜ਼ਿਹਾਫ਼ ਲਾ ਕੇ SSIS ਤੋਂ ISII ਬਣ ਜਾਵੇਗਾ ਯਾਨੀ ਕਿ ਵਤਦ ਮਜ਼ਮੂਅ + ਸਬੱਬ ਸ਼ਕੀਲ

ਨਕਸ਼—ਇਸ ਦਾ ਅਰਥ ਹੈ ਘਟਾਉਣਾ ਅਰੂਜ਼ੀ ਪਰਿਭਾਸ਼ਾ ਅਨੁਸਾਰ ਅਸ਼ਬ ਤੇ ਕਫ਼ ਜ਼ਿਹਾਫ਼ ਦੇ ਮੇਲ ਨੂੰ ਕਿਹਾ ਜਾਂਦਾ ਹੈ ਇਹ ਜ਼ਿਹਾਫ਼ ਕੇਵਲ ਮੁਫ਼ਾਇਲਤੁਨ ਰੁਕਨ ਤੇ ਹੀ ਲਾਗੂ ਹੁੰਦੀ ਹੈ ਮੁਫ਼ਾਇਲੁਤੁਨ ਰੁਕਨ ਤੇ ਪਹਿਲਾਂ ਅਸ਼ਬ ਜ਼ਿਹਾਫ਼ ਲਾ ਕੇ ਇਸ ਦੇ ਪੰਜਵੇਂ ਮੁਤਹੱਰਕ ਅੱਖਰ ਲ ਨੂੰ ਸਾਕਿਨ ਕਰ ਲਿਆ ਜਾਂਦਾ ਹੈ ਤੇ ਬਾਕੀ ਬਚਦੇ ਮੁਫ਼ਾਇਲਤੁਨ ਨੂੰ ਮੁਫ਼ਾਈਲੁਨ ਨਾਲ ਬਦਲ ਲਿਆ ਜਾਂਦਾ ਹੈ ਫੇਰ ਇਸ ਤੇ ਕਫ਼ ਜ਼ਿਹਾਫ਼ ਲਾ ਕੇ ਇਸ ਦਾ ਸੱਤਵਾਂ ਸਾਕਿਨ ਅੱਖਰ ਕੱਟ ਕੇ ਮੁਫਾਈਲੁ ਰਹਿ ਜਾਂਦਾ ਹੈ ਯਾਨੀ ਮੁਫ਼ਾਇਲੁਤੁਨ ISIIS ਤੋਂ ISSI ਰਹਿ ਜਾਂਦਾ ਹੈ

ਸ਼ਰਮ— ਇਸ ਦਾ ਅਰਥ ਹੈ ਮੂਹਰਲੇ ਦੰਦ ਝਾੜਨਾ ਅਰੂਜ਼ੀ ਪਰਿਭਾਸ਼ਾ ਅਨੁਸਾਰ ਸ਼ਲਮ ਤੇ ਕਬਜ਼ ਜ਼ਿਹਾਫ਼ ਦੇ ਮੇਲ ਨੂੰ ਸ਼ਰਮ ਕਿਹਾ ਜਾਂਦਾ ਹੈ ਇਹ ਜ਼ਿਹਾਫ਼ ਸਿਰਫ ਫਊਲੁਨ ਰੁਕਨ ਤੇ ਹੀ ਲਾਗੂ ਹੁੰਦੀ ਹੈ ਫ਼ਊਲੁਨ ਰੁਕਨ ਦਾ ਕਬਜ਼ ਜ਼ਿਹਾਫ਼ ਨਾਲ ਪੰਜਵਾਂ ਸਾਕਿਨ ਅੱਖਰ ਨ ਝਾੜ ਕੇ ਜਦੋਂ ਫ਼ਊਲ ਰਹਿ ਜਾਂਦਾ ਹੈ ਤਾਂ ਇਸ ਤੇ ਸ਼ਲਮ ਜ਼ਿਹਾਫ਼ ਲਾ ਕੇ ਇਸ ਦਾ ਪਹਿਲਾ ਮੁਤਹੱਰਕ ਫ ਝਾੜ ਦਿੱਤਾ ਜਾਂਦਾ ਹੈ ਜਿਸ ਨਾਲ ਬਾਕੀ ਬਚੇ ਊਲ ਨੂੰ ਫਾਅ ਦੇ ਨਾਲ ਬਦਲ ਲਿਆ ਜਾਂਦਾ ਹੈ ਯਾਨੀ ਕਿ ਫ਼ਊਲੁਨ (ISS) ਰੁਕਨ ਤੇ ਸ਼ਰਮ ਜ਼ਿਹਾਫ਼ ਮਗਰੋਂ ਇਹ ਕੇਵਲ ਫਾਅ ਯਾਨੀ ਕਿ SI ਬਚਦਾ ਹੈ ਜਿਸ ਦਾ ਮਤਲਬ ਵਤਦ ਮਫ਼ਰੂਕ ਹੁੰਦਾ ਹੈ

ਸ਼ਤਰ— ਇਸ ਦਾ ਅਰਥ ਹੈ ਪਲਕ ਦਾ ਉਲਟ ਜਾਣਾ ਅਰੂਜ਼ੀ ਪਰਿਭਾਸ਼ਾ ਅਨੁਸਾਰ ਖ਼ਰਮ ਤੇ ਕਬਜ਼ ਜ਼ਿਹਾਫ਼ ਦੇ ਮੇਲ ਨੂੰ ਸ਼ਤਰ ਕਿਹਾ ਜਾਂਦਾ ਹੈ ਇਹ ਜ਼ਿਹਾਫ਼ ਕੇਵਲ ਮੁਫਾਈਲੁਨ ਰੁਕਨ ਤੇ ਹੀ ਲਾਗੂ ਹੁੰਦੀ ਹੈ ਮੁਫਾਈਲੁਨ ਰੁਕਨ ਤੇ ਪਹਿਲਾਂ ਖ਼ਰਮ ਜ਼ਿਹਾਫ਼ ਨਾਲ ਇਸ ਦਾ ਮੁਢਲਾ ਮੁਤਹੱਰਕ ਮੁ ਝਾੜ ਦਿੱਤਾ ਜਾਂਦਾ ਹੈ ਤੇ ਬਾਕੀ ਬਚੇ ਫਾਈਲੁਨ ਦਾ ਪੰਜਵਾਂ ਸਾਕਿਨ ਹਰਫ਼ ਡੇਗਣ ਮਗਰੋਂ ਫਾਇਲੁਨ ਬਚ ਜਾਂਦਾ ਹੈ ਬਹਿਰ ਵਿਚ ਇਸ ਨੂੰ ਅਸ਼ਤਰ ਕਿਹਾ ਜਾਂਦਾ ਹੈ

ਖ਼ਰਬ— ਇਸ ਦਾ ਅਰਥ ਹੁੰਦਾ ਹੈ ਖ਼ਰਾਬ ਹੋਣਾ ਜਾਂ ਉਜੜਨਾ ਅਰੂਜ਼ੀ ਪਰਿਭਾਸ਼ਾ ਅਨੁਸਾਰ ਮੁਫ਼ਾਈਲੁਨ ਰੁਕਨ ਤੇ ਖ਼ਰਮ ਤੇ ਕਫ਼ ਜ਼ਿਹਾਫ਼ ਇਕੱਠੇ ਲਾ ਦੇਣ ਨੂੰ ਖ਼ਰਬ ਦਾ ਨਾਮ ਦਿੱਤਾ ਜਾਂਦਾ ਹੈ ਮੁਫਾਈਲੁਨ ਰੁਕਨ ਦਾ ਪਹਿਲਾਂ ਖ਼ਰਮ ਜ਼ਿਹਾਫ਼ ਲਾ ਕੇ ਮੁ ਮੁਤਹੱਰਕ ਝਾੜ ਦਿੱਤਾ ਜਾਂਦਾ ਹੈ ਤੇ ਫਿਰ ਕਫ਼ ਜ਼ਿਹਾਫ਼ ਲਾ ਕੇ ਅਖੀਰਲਾ ਸਾਕਿਨ ਨ ਅੱਖਰ ਵੀ ਡੇਗ ਦਿੱਤਾ ਜਾਂਦਾ ਹੈ ਅਤੇ ਅੰਤ ਵਿੱਚ ਇਹ ਮੁਫਾਇਲੁ ਰਹਿ ਜਾਂਦਾ ਹੈ ਜਿਸ ਦੀ ਥਾਂ ਤੇ ਮਫ਼ਊਲ ਰੁਕਨ ਰੱਖ ਲਈਦਾ ਹੈ ਬਹਿਰ ਵਿੱਚ ਇਸ ਦਾ ਨਾਮ ਅਖ਼ਰਬ ਹੁੰਦਾ ਹੈ

ਕਸ਼ਮ— ਇਸ ਦਾ ਅਰਥ ਹੈ ਟੁੱਟੇ ਦੰਦਾਂ ਵਾਲਾ ਅਰੂਜ਼ੀ ਪਰਿਭਾਸ਼ਾ ਅਨੁਸਾਰ ਮੁਫਾਇਲੁਤੁਨ ਰੁਕਨ ਤੇ ਖ਼ਰਮ ਅਤੇ ਅਸ਼ਬ ਜ਼ਿਹਾਫ਼ ਇਕੱਠੇ ਲਾ ਦੇਣ ਨੂੰ ਕਸ਼ਮ ਕਿਹਾ ਜਾਂਦਾ ਹੈ ਪਹਿਲਾਂ ਖ਼ਰਮ ਜ਼ਿਹਾਫ਼ ਰਾਹੀਂ ਇਸ ਰੁਕਨ ਦਾ ਪਹਿਲਾ

ਮੁਤਹੱਰਕ ਮੁ ਝਾੜ ਦਿੱਤਾ ਜਾਂਦਾ ਹੈ ਅਤੇ ਫਿਰ ਅਸ਼ਬ ਜ਼ਿਹਾਫ਼ ਰਾਹੀਂ ਪੰਜਵਾਂ ਮੁਤਹਰਕ ਹਰਫ਼ ਲੁ ਸਾਕਿਨ ਕਰ ਲਿਆ ਜਾਂਦਾ ਹੈ ਪਿੱਛੇ ਫਾਇਲਤੁਨ ਰਹਿ ਜਾਂਦਾ ਹੈ ਜਿਸ ਦੀ ਥਾਂ ਤੇ ਇਸ ਦਾ ਬਰਵਜ਼ਨ ਰੁਕਨ ਮਫ਼ਊਲੁਨ ਰੱਖ ਲਿਆ ਜਾਂਦਾ ਹੈ ਬਹਿਰ ਵਿੱਚ ਇਸ ਦਾ ਨਾਮ ਅਕਸ਼ਮ ਹੁੰਦਾ ਹੈ

ਜਮਮ—ਇਸ ਦਾ ਅਰਥ ਹੈ ਜੰਗ ਵਿਚ ਜਵਾਨ ਦਾ ਖਾਲੀ ਹੱਥ ਹੋਣਾ ਅਰੂਜ਼ੀ ਪਰਿਭਾਸ਼ਾ ਅਨੁਸਾਰ ਮੁਫਾਇਲੁਤੁਨ ਰੁਕਨ ਤੇ ਖ਼ਰਮ ਤੇ ਅਕਲ ਜ਼ਿਹਾਫ਼ ਇਕੱਠੇ ਲਾਉਣ ਨੂੰ ਜਮਮ ਕਿਹਾ ਜਾਂਦਾ ਹੈ ਪਹਿਲਾਂ ਖਰਮ ਜ਼ਿਹਾਫ਼ ਪਹਿਲਾ ਮੁਤਹੱਰਕ ਮੁ ਝਾੜ ਦਿੰਦਾ ਹੈ ਤੇ ਫੇਰ ਅਕਲ ਜ਼ਿਹਾਫ਼ ਪੰਜਵਾਂ ਮੁਤਹੱਰਕ ਲੁ ਝਾੜ ਦਿੰਦੀ ਹੈ ਬਾਕੀ ਬਚੇ ਫਾਇਤੁਨ ਦੀ ਥਾਂ ਤੇ ਫਾਇਲੁਨ ਰੱਖ ਲਿਆ ਜਾਂਦਾ ਹੈ ਅਤੇ ਬਹਿਰ ਵਿੱਚ ਇਸ ਨੂੰ ਅਜ਼ੱਮ ਆਖਿਆ ਜਾਂਦਾ ਹੈ

ਅਕਸ਼—ਇਸ ਦਾ ਅਰਥ ਹੈ ਜ਼ੁਲਫ ਜਾਂ ਲਿਟਾਂ ਮਰੋੜਨਾ ਅਰੂਜ਼ ਅਨੁਸਾਰ ਮੁਫਾਇਲਤੁਨ ਰੁਕਨ ਤੇ ਖ਼ਰਮ ਤੇ ਕਫ਼ ਜ਼ਿਹਾਫ਼ ਇਕੱਠੇ ਲਾ ਦੇਣ ਨੂੰ ਅਕਸ਼ ਕਿਹਾ ਜਾਂਦਾ ਹੈ ਖ਼ਰਮ ਜ਼ਿਹਾਫ਼ ਦੁਆਰਾ ਮੁਫ਼ਾਇਲਤੁਨ ਦਾ ਪਹਿਲਾ ਮੁਤਹੱਰਕ ਮੁ ਝਾੜ ਦਿੱਤਾ ਜਾਂਦਾ ਹੈ ਫਿਰ ਕਫ਼ ਜ਼ਿਹਾਫ਼ ਦੁਆਰਾ ਸੱਤਵਾਂ ਸਾਕਿਨ ਅੱਖਰ ਨ ਗਿਰਾ ਦਿੱਤਾ ਜਾਂਦਾ ਹੈ ਇਸ ਤਰ੍ਹਾਂ ਬਾਕੀ ਫਾਇਲਤੁ ਰਹਿ ਜਾਂਦਾ ਹੈ ਜਿਸ ਨੂੰ ਮਫ਼ਊਲ ਨਾਲ ਬਦਲ ਲਿਆ ਜਾਂਦਾ ਹੈ

ਪਿਆਰੇ ਦੋਸਤੋ ਉਪਰੋਕਤ ਪੈਂਤੀ ਜ਼ਿਹਾਫ਼ਾਂ ਤਾਂ ਅਰੂਜ਼ ਦੇ ਬਾਨੀ ਖ਼ਲੀਲ ਬਿਨ ਅਹਿਮਦ ਵੱਲੋਂ ਈਜ਼ਾਦ ਕੀਤੀਆਂ ਗਈਆਂ ਹਨ ਹੁਣ ਆਪਾਂ ਕੁੱਝ ਉਹਨਾਂ ਜ਼ਿਹਾਫ਼ਾਂ ਦਾ ਵਰਣਨ ਕਰਦੇ ਹਾਂ ਜੋ ਖ਼ਲੀਲ ਬਿਨ ਅਹਿਮਦ ਤੋਂ ਬਾਦ ਵਿੱਚ ਹੋਰ ਅਰੂਜ਼ੀ ਵਿਦਵਾਨਾਂ ਨੇ ਈਜ਼ਾਦ ਕੀਤੀਆਂ ਇਹਨਾਂ ਜ਼ਿਹਾਫ਼ਾਂ ਦੀ ਕੁੱਲ ਗਿਣਤੀ ਅੱਠ ਹੈ

1. ਜ਼ਬ— ਇਸ ਦਾ ਅਰਥ ਹੈ ਖੱਸੀ ਕਰਨਾ ਅਰੂਜ਼ ਅਨੁਸਾਰ ਮੁਫਾਈਲੁਨ ਦੇ ਪਿਛਲੇ ਦੋ ਸਬੱਬ ਖਫੀਫ ਇਕੱਠੇ ਝਾੜ ਦੇਣ ਨੂੰ ਜ਼ਬ ਕਿਹਾ ਜਾਂਦਾ ਹੈ ਜ਼ਬ ਅਨੁਸਾਰ ਮਫ਼ਾਈਲੁਨ ਦੇ ਸਬੱਬ ਖ਼ਫ਼ੀਫ ਈ ਤੇ ਲੁਨ ਝੜ ਜਾਂਦੇ ਹਨ ਪਿੱਛੇ ਮੁਫਾ ਰਹਿ ਜਾਂਦਾ ਹੈ ਤੇ ਇਸ ਨੂੰ ਫਿਅਲ ਨਾਲ ਬਦਲ ਲਿਆ ਜਾਂਦਾ ਹੈ

2. ਨਹਰ— ਇਸ ਦਾ ਅਰਥ ਹੈ ਗਲਾ ਕੱਟਣਾ ਅਰੂਜ਼ ਅਨੁਸਾਰ ਮਫ਼ਊਲਾਤ ਰੁਕਨ ਦੇ ਪਿਛਲੇ ਦੋ ਸਬੱਬ ਖ਼ਫ਼ੀਫ ਅਤੇ ਪਿਛਲਾ ਮੁਤਹੱਰਕ ਤੁ ਇਕੱਠੇ ਹੀ ਝਾੜ ਦਿੱਤੇ ਜਾਣ ਤਾਂ ਇਸ ਨੂੰ ਨਹਰ ਜ਼ਿਹਾਫ਼ ਦਾ ਨਾਮ ਦਿਤਾ ਜਾਂਦਾ ਹੈ ਜ਼ਬ ਮਫ਼ਊਲਾਤ ਦਾ ਊਲਾਤ ਝਾੜ ਦਿੰਦੀ ਹੈ ਤੇ ਪਿੱਛੇ ਰਹੇ ਮਫ਼ ਦੀ ਥਾਂ ਤੇ ਫਿਅ ਰੱਖ ਲਿਆ ਜਾਂਦਾ ਹੈ

3. ਜਦਅ— ਇਸ ਦਾ ਅਰਥ ਹੈ ਨੱਕ, ਕੰਨ, ਤੇ ਹੱਥ ਕੱਟਣਾ ਅਰੂਜ਼ੀ ਪਰਿਭਾਸ਼ਾ ਅਨੁਸਾਰ ਮਫ਼ਊਲਾਤ ਰੁਕਨ ਦੇ ਅਗਲੇ ਦੋਵੇਂ ਸਬੱਬ ਖ਼ਫ਼ੀਫ ਝਾੜਨੇ ਤੇ

ਪਿੱਛਲੇ ਮੁਤਹੱਰਕ ਤੁ ਨੂੰ ਸਾਕਿਨ ਕਰ ਦੇਣ ਨੂੰ ਜਦਅ ਕਿਹਾ ਜਾਂਦਾ ਹੈ ਜਦਅ ਜ਼ਿਹਾਫ਼ ਮਫ਼ਊਲਾਤ ਦੇ ਦੋਵੇਂ ਅਗਲੇ ਸਬੱਬ ਖ਼ਫ਼ੀਫ ਮਫ਼ ਤੇ ਊ ਝਾੜ ਦਿੰਦੀ ਹੈ ਤੇ ਤੁ ਨੂੰ ਸਾਕਿਨ ਕਰ ਦਿੰਦੀ ਹੈ ਹੁਣ ਪਿੱਛੇ ਬਚੇ ਲਾਤ ਦਾ ਥਾਂ ਫਾਅ ਰੱਖ ਲਿਆ ਜਾਂਦਾ ਹੈ ਅਤੇ ਬਹਿਰ ਵਿੱਚ ਇਸ ਦਾ ਨਾਮ ਮਜ਼ਦੂਅ ਹੁੰਦਾ ਹੈ

4. ਜਹਫ਼— ਇਸ ਦਾ ਅਰਥ ਹੈ ਨੁਕਸਾਨ ਕਰਨਾ ਅਰੂਜ਼ ਅਨੁਸਾਰ ਰੁਕਨ ਫਾਇਲਾਤੁਨ ਤੇ ਖ਼ਬਨ ਜ਼ਿਹਾਫ਼ ਲਾ ਕੇ ਦੂਜੇ ਸਾਕਨ ਹਰਫ਼ ਕੰਨੇ ਨੂੰ ਗਿਰਾ ਦਿੱਤਾ ਜਾਂਦਾ ਹੈ ਅਤੇ ਪਿੱਛੇ ਰਹਿ ਗਏ ਫਇਲਾਤੁਨ ਜੋ ਫਾਸਲਾ ਹੈ ਯਾਨੀ IIS ਹੈ ਨੂੰ ਗਿਰਾ ਦਿੰਦੇ ਹਨ ਸਿਰਫ਼ ਤੁਨ ਬਾਕੀ ਰਹਿ ਜਾਂਦਾ ਹੈ ਜਿਸ ਦੀ ਥਾਂ ਤੇ ਫਿਅ ਰੱਖ ਲਿਆ ਜਾਂਦਾ ਹੈ ਬਹਿਰ ਵਿੱਚ ਇਸ ਦਾ ਨਾਮ ਮਜਹੂਫ਼ ਹੁੰਦਾ ਹੈ

ਇਹਨਾਂ ਤੋਂ ਅਗਲੀਆਂ ਚਾਰ ਜ਼ਿਹਾਫ਼ਾਂ ਦੋ ਜਾਂ ਤਿੰਨ ਜ਼ਿਹਾਫ਼ਾਂ ਦੇ ਮੇਲ ਤੋਂ ਬਣਦੀਆਂ ਹਨ

5. ਹਤਮ—ਹਤਮ ਦਾ ਅਰਥ ਹੈ ਜੜ੍ਹੋਂ ਦੰਦ ਭੰਨਣਾ ਅਰੂਜ਼ੀ ਪਰਿਭਾਸ਼ਾ ਅਨੁਸਾਰ ਮੁਫਾਈਲੁਨ ਰੁਕਨ ਤੇ ਹਜ਼ਫ ਤੇ ਕਸ਼ਰ ਜ਼ਿਹਾਫ਼ ਦੇ ਮੇਲ ਨੂੰ ਹਤਮ ਕਿਹਾ ਜਾਂਦਾ ਹੈ ਮੁਫਾਈਲੁਨ ਰੁਕਨ ਤੇ ਹਜ਼ਫ ਲੱਗ ਕੇ ਪਿਛਲਾ ਸਬੱਬ ਖ਼ਫ਼ੀਫ ਲੁਨ ਕੱਟਿਆ ਜਾਂਦਾ ਹੈ ਫਿਰ ਕਸ਼ਰ ਜ਼ਿਹਾਫ਼ ਰਾਹੀਂ ਪਿੱਛੇ ਰਹਿ ਗਏ ਮੁਫਾਈ ਦੇ ਸਬੱਬ ਖ਼ਫੀਫ਼ ਦੇ ਸਾਕਿਨ ਹਰਫ਼ ਗਿਰਾ ਕੇ ਈ ਮੁਤਹੱਰਕ ਨੂੰ ਸਾਕਿਨ ਕਰ ਲਿਆ ਜਾਂਦਾ ਹੈ ਇਸ ਤਰ੍ਹਾਂ ਬਾਕੀ ਬਚੇ ਮਫ਼ਾਅ ਦੀ ਥਾਂ ਤੇ ਫਊਲ ਰੱਖ ਲਿਆ ਜਾਂਦਾ ਹੈ ਬਹਿਰ ਵਿੱਚ ਇਸ ਨੂੰ ਅਹਤਮ ਕਿਹਾ ਜਾਂਦਾ ਹੈ

6. ਜ਼ਲਲ— ਇਸ ਦਾ ਅਰਥ ਹੈ ਪੱਟ ਦਾ ਮਾਸ ਹੀਣ ਹੋਣਾ ਅਰੂਜ਼ੀ ਪਰਿਭਾਸ਼ਾ ਅਨੁਸਾਰ ਮੁਫਾਈਲੁਨ ਰੁਕਨ ਤੇ ਖ਼ਰਮ ਅਤੇ ਤੈ ਜ਼ਿਹਾਫ਼ਾਂ ਦੇ ਮੇਲ ਨੂੰ ਜਲਲ ਕਿਹਾ ਜਾਂਦਾ ਹੈ ਖ਼ਰਮ ਜ਼ਿਹਾਫ਼ ਦੇ ਨਾਲ ਪਹਿਲਾਂ ਮੁਫਾਈਲੁਨ ਦਾ ਪਹਿਲਾ ਮੁਤਹੱਰਕ ਮੁ ਕੱਟਿਆ ਜਾਂਦਾ ਹੈ ਤੇ ਬਾਕੀ ਬਚੇ ਰੁਕਨ ਤੇ ਫਾਈਲੁਨ ਦਾ ਹਜ਼ਫ ਜ਼ਿਹਾਫ਼ ਦੁਆਰਾ ਪਿਛਲਾ ਸਬੱਬ ਖਫੀਫ ਲੁਨ ਗਿਰਾ ਦਿੱਤਾ ਜਾਂਦਾ ਹੈ ਹੁਣ ਬਾਕੀ ਰਹਿੰਦੇ ਫਾਈ ਦਾ ਚੌਥਾ ਸਾਕਿਨ ਹਰਫ਼ ਵੀ ਤੈ ਜ਼ਿਹਾਫ਼ ਲਾ ਕੇ ਹਟਾ ਦਿੱਤਾ ਜਾਂਦਾ ਹੈ ਫਾਇ ਦੀ ਥਾਂ ਤੇ ਫਾਅ ਰੱਖ ਲਿਆ ਜਾਂਦਾ ਹੈ ਬਹਿਰ ਵਿਚ ਇਸ ਦਾ ਨਾਮ ਅਜ਼ੱਲ ਹੁੰਦਾ ਹੈ

7. ਖ਼ਲਅ— ਇਸ ਦਾ ਅਰਥ ਹੈ ਕੱਪੜੇ ਲਾਹੁਣਾ ਅਰੂਜ਼ੀ ਪਰਿਭਾਸ਼ਾ ਅਨੁਸਾਰ ਰੁਕਨ ਮੁਸਤਫ਼ਇਲੁਨ ਤੇ ਫਾਇਲੁਨ ਤੇ ਖ਼ਬਨ ਤੇ ਕਤਅ ਜ਼ਿਹਾਫ਼ ਦਾ ਇਕੱਠੇ ਲੱਗਣਾ ਹੀ ਖ਼ਲਅ ਕਹਾਉਂਦਾ ਹੈ ਮੁਸਤਫ਼ਇਲੁਨ ਰੁਕਨ ਤੇ ਖ਼ਬਨ ਜ਼ਿਹਾਫ਼ ਲਾ ਕੇ ਦੂਸਰਾ ਸਾਕਿਨ ਹਰਫ਼ ਸ ਗਿਰਾ ਦਿੱਤਾ ਜਾਂਦਾ ਹੈ ਮੁਤਫਇਲੁਨ ਯਾਨੀ ਮੁਫਾਇਲੁਨ ਤੇ ਕਤਅ ਜ਼ਿਹਾਫ਼ ਲਾਗੂ ਕਰਕੇ ਸਾਕਿਨ ਹਰਫ਼ ਨ ਅਲੋਪ ਕਰ ਦਿੱਤਾ ਜਾਂਦਾ ਹੈ ਤੇ ਮੁਤਹੱਰਕ ਲੁ ਸਾਕਿਨ ਕਰ ਲਿਆ ਜਾਂਦਾ ਹੈ ਹੁਣ ਬਾਕੀ

ਬਚੇ ਮੁਫਾਇਲ ਦੀ ਥਾਂ ਤੇ ਫ਼ਊਲੁਨ ਰੱਖ ਲਿਆ ਜਾਂਦਾ ਹੈ ਫਾਇਲੁਨ ਰੁਕਨ ਤੇ ਖ਼ਲਅ ਜ਼ਿਹਾਫ਼ ਲਾਗੂ ਕਰਦਿਆਂ ਪਹਿਲਾਂ ਖ਼ਬਨ ਜ਼ਿਹਾਫ਼ ਦੁਆਰਾ ਇਸ ਦਾ ਦੂਜਾ ਸਾਕਿਨ ਹਰਫ਼ ਕੰਨਾਂ ਅਲੋਪ ਕਰ ਦਿੱਤਾ ਜਾਂਦਾ ਹੈ ਤੇ ਇਲੁਨ ਵਤਦ ਮਜ਼ਮੂਅ ਦਾ ਕਤਅ ਜ਼ਿਹਾਫ਼ ਰਾਹੀਂ ਸਾਕਿਨ ਹਰਫ਼ ਨ ਝਾੜ ਕੇ ਮੁਤਹੱਰਕ ਹਰਫ਼ ਲੁ ਸਾਕਿਨ ਕਰ ਲਿਆ ਜਾਂਦਾ ਹੈ ਹੁਣ ਬਾਕੀ ਬਚੇ ਫਇਲ ਨੂੰ ਫਾਅ ਜਾਂ ਫਿਅਲ ਵਿਚ ਬਦਲ ਲਿਆ ਜਾਂਦਾ ਹੈ ਅਤੇ ਬਹਿਰ ਵਿੱਚ ਇਸ ਦਾ ਨਾਮ ਮੁਖ਼ਲਅ ਹੁੰਦਾ ਹੈ

8. ਰਬਅ — ਇਸ ਦਾ ਅਰਥ ਚਾਰ ਹੁੰਦਾ ਹੈ ਇਸ ਰਬਅ ਤੋਂ ਰੁਬਾਈ ਕਾਵਿ ਰੂਪ ਦਾ ਨਾਮਕਰਣ ਹੋਇਆ ਹੈ ਅਰੂਜ਼ੀ ਪਰਿਭਾਸ਼ਾ ਅਨੁਸਾਰ ਫਾਇਲਾਤੁਨ ਰੁਕਨ ਤੇ ਤਿੰਨ ਜ਼ਿਹਾਫ਼ਾਂ ਖ਼ਬਨ ਹਜ਼ਫ ਤੇ ਕਤਅ ਦੇ ਮੇਲ ਨੂੰ ਰਬਅ ਕਿਹਾ ਜਾਂਦਾ ਹੈ ਫਾਇਲਾਤੁਨ ਦੇ ਫਾ ਦਾ ਕੰਨਾਂ ਖ਼ਬਨ ਜ਼ਿਹਾਫ਼ ਰਾਹੀਂ ਅਤੇ ਹਜ਼ਫ ਜ਼ਿਹਾਫ਼ ਰਾਹੀ ਸਬੱਬ ਖ਼ਫ਼ੀਫ ਤੁਨ ਗਿਰਾ ਦਿੱਤਾ ਜਾਂਦਾ ਹੈ ਫਇਲਾ ਜੋ ਵਤਦ ਮਜ਼ਮੂਅ ਹੈ ਦਾ ਕਤਅ ਜ਼ਿਹਾਫ਼ ਰਹੀ ਕੰਨਾਂ ਗਿਰਾ ਕੇ ਇ ਮੁਤਹੱਰਕ ਨੂੰ ਸਾਕਿਨ ਕਰ ਲਿਆ ਜਾਂਦਾ ਹੈ, ਰਹਿ ਗਏ ਫਇਲ ਦਾ ਇਲਾ ਨੂੰ ਫਾਅਲ ਵਿਚ ਬਦਲ ਲਿਆ ਜਾਂਦਾ ਹੈ ਬਹਿਰ ਵਿੱਚ ਇਸ ਦਾ ਨਾਮ ਮਰਬੂਅ ਹੈ

ਪਿਆਰੇ ਦੋਸਤੋ ਜ਼ਿਹਾਫ਼ਾਂ ਦਾ ਵਿਸਤਾਰ ਸਹਿਤ ਵਰਣਨ ਅਸੀਂ ਇਸ ਕਰਕੇ ਕੀਤਾ ਹੈ ਤਾਂ ਕਿ ਜ਼ਿਹਾਫ਼ਾਂ ਦੀ ਵਰਤੋਂ ਨਾਲ ਅਸੀਂ ਇਕ ਬਹਿਰ ਨੂੰ ਅਨੇਕਾਂ ਰੂਪਾਂ ਵਿੱਚ ਵਰਤ ਸਕੀਏ ਤੁਹਾਡੀ ਤਬੀਅਤ ਨੂੰ ਬਹਿਰ ਦਾ ਜਿਹੜਾ ਰੂਪ ਪਸੰਦ ਆਵੇ ਤੁਸੀਂ ਉਸੇ ਬਹਿਰ ਵਿੱਚ ਆਪਣੇ ਖ਼ਿਆਲ ਕਹਿ ਸਕਦੇ ਹੋ ਆਪਣੇ ਕੋਲ ਮੂਲ ਰੁਕਨ ਤਾਂ ਕੇਵਲ ਅੱਠ ਹੀ ਹਨ ਇਹ ਅੱਠ ਰੁਕਨ ਸਿਰਫ਼ ਸਾਲਮ ਬਹਿਰਾਂ ਵਾਸਤੇ ਹੀ ਹਨ ਪਰ ਜ਼ਿਹਾਫ਼ਾਂ ਦੀ ਮਦਦ ਨਾਲ ਤੁਸੀਂ ਹਰ ਕਿਸਮ ਦੇ ਸ਼ਬਦਾਂ ਵਿੱਚ ਆਪਣੇ ਖ਼ਿਆਲ ਪ੍ਰਗਟ ਕਰ ਸਕਦੇ ਹੋ ਮੂਲ ਰੁਕਨਾਂ ਤੋਂ ਇਲਾਵਾ ਜ਼ਿਹਾਫ਼ਾਂ ਤੁਹਾਡੇ ਲਈ ਪੰਦਰਾਂ ਕੁ ਹੋਰ ਰੁਕਨ ਬਣਾ ਦਿੰਦੀਆਂ ਹਨ

ਪਿਆਰੇ ਦੋਸਤੋ, ਆਮ ਤੌਰ ਤੇ ਅਰੂਜ਼ ਦੇ ਅੱਠ ਰੁਕਨਾਂ ਦਾ ਜ਼ਿਕਰ ਹੀ ਕੀਤਾ ਜਾਂਦਾ ਹੈ, ਪਰ ਇਹਨਾਂ ਅੱਠ ਰੁਕਨਾਂ ਤੋਂ ਇਲਾਵਾ, ਰੁਕਨਾ ਦੀ ਕਾਂਟ-ਛਾਂਟ ਕਰਕੇ ਜਿਹੜੇ ਰੂਪ ਬਣਦੇ ਹਨ, ਉਹਨਾਂ ਦੀ ਜਾਣਕਾਰੀ ਹੋਣੀ ਵੀ ਬਹੁਤ ਜ਼ਰੂਰੀ ਹੈ, ਪੇਸ਼ ਹਨ ਮੂਲ ਰੁਕਨ ਤੇ ਉਹਨਾਂ ਤੋਂ ਬਣਨ ਵਾਲੇ ਹੋਰ ਰੁਕਨ -

ਫਾਇਲੁਨ	ਫ਼ਊਲੁਨ,	ਮੁਫਾਈਲੁਨ,	ਫਾਇਲਾਤੁਨ,
SIS,	ISS,	ISSS,	SISS,
ਮੁਸਤਫਇਲੁਨ,	ਮੁਤੁਫਾਇਲੁਨ,	ਮੁਫਾਇਲੁਤੁਨ,	ਮਫਊਲਾਤ
SSIS,	IISIS,	ISIIS,	SSSI

ਛੇ ਹਰਫ਼ੀ ਸ਼ਬਦਾਂ ਦਾ ਮਾਪ ਤੋਲ ਕਰਨ ਵਾਲੇ ਰੁਕਨ

1 ਮਫ਼ਊਲਨ SSS ਸਬੱਬ ਖ਼ਫ਼ੀਫ + ਸਬੱਬ ਖ਼ਫ਼ੀਫ +ਸਬੱਬ ਖ਼ਫ਼ੀਫ
2 ਮੁਫਾਇਲੁਨ ISIS ਵਤਦ ਮਜ਼ਮੂਅ + ਵਤਦ ਮਜ਼ਮੂਅ
3 ਮੁਫਾਈਲੁ ISSI ਵਤਦ ਮਜ਼ਮੂਅ + ਵਤਦ ਮਫ਼ਰੂਕ
4 ਫਾਇਲਾਤ SISI ਵਤਦ ਮਫ਼ਰੂਕ + ਵਤਦ ਮਫਰੂਕ
5 ਫਿਇਲਾਤੁਨ IISS ਸਬੱਬ ਸ਼ਕੀਲ +ਸਬੱਬ ਖ਼ਫ਼ੀਫ +ਸਬੱਬ ਖ਼ਫ਼ੀਫ
6 ਮੁਫ਼ਤੁਇਲੁਨ SIIS ਸਬੱਬ ਖ਼ਫ਼ੀਫ + ਸਬੱਬ ਸ਼ਕੀਲ + ਸਬੱਬ ਖ਼ਫ਼ੀਫ
ਪੰਜ ਹਰਫ਼ੀ ਸ਼ਬਦਾਂ ਨੂੰ ਹਾੜਨ ਵਾਲੇ ਰੁਕਨ
1 ਮਫ਼ਊਲ SSI ਸਬੱਬ ਖ਼ਫ਼ੀਫ + ਵਤਦ ਮਫ਼ਰੂਕ
2 ਫਿਇਲਾਤ IISI ਸਬੱਬ ਸ਼ਕੀਲ + ਵਤਦ ਮਫ਼ਰੂਕ
3 ਫਿਇਲੁਤੁਨ IIIS ਫਾਸਲਾ + ਸਬੱਬ ਖ਼ਫੀਫ਼
ਚਾਰ ਹਰਫ਼ੇ ਸ਼ਬਦਾਂ ਨੂੰ ਹਾੜਨ ਵਾਲੇ ਰੁਕਨ
1 ਫਿਅਲੁਨ SS ਸਬੱਬ ਖ਼ਫ਼ੀਫ +ਸਬੱਬ ਖ਼ਫੀਫ਼
2 ਫਊਲ ISI ਮੁਤਹੱਰਕ + ਵਤਦ ਮਫ਼ਰੂਕ
3 ਫਿਇਲੁਨ IIS ਸਬੱਬ ਸ਼ਕੀਲ + ਸਬੱਬ ਖ਼ਫੀਫ਼
ਤਿੰਨ ਹਰਫ਼ੀ ਸ਼ਬਦਾਂ ਨੂੰ ਹਾੜਨ ਵਾਲੇ ਰੁਕਨ
ਫਿਅਲ IS ਵਤਦ ਮਜ਼ਮੂਅ
ਫਾਇ SI ਵਤਦ ਮਫ਼ਰੂਕ

ਮੁਤਫਾਇਲੁਨ, ਫਾਇਲੁਨ, ਅਤੇ ਮੁਸਤਫ਼ਇਲੁਨ, ਜਿਨ੍ਹਾਂ ਰੁਕਨਾਂ ਦੇ ਅਖ਼ੀਰ ਉੱਤੇ ਇਲੁਨ ਮਤਲਬ ਵਤਦ ਮਜ਼ਮੂਅ ਹੈ ਜੇ ਉਨ੍ਹਾਂ ਦੇ ਅਖੀਰਲੇ ਹਰਫ਼ ਉੱਤੇ ਬਿੰਦੀ ਹੋਵੇ ਤਾਂ ਉਹ ਬਿੰਦੀ ਵਜ਼ਨ ਵਿੱਚ ਗਿਣ ਲਈ ਜਾਂਦੀ ਹੈ, ਤੇ ਇਜ਼ਾਲ ਜ਼ਿਹਾਫ਼ ਅਨੁਸਾਰ ਇਨ੍ਹਾਂ ਰੁਕਨਾਂ ਦੀ ਬਣਤਰ ਮੁਤੁਫਾਇਲਾਂ, ਫਾਇਲਾਂ ਤੇ ਮੁਸਤਫ਼ਇਲਾਂ ਹੋ ਜਾਵੇਗੀ ਭਾਵੇਂ ਕਿ ਇਹਨਾਂ ਦਾ ਉਚਾਰਣ ਸੱਤ-ਸੱਤ ਹਰਫ਼ਾਂ ਦਾ ਹੀ ਰਹੇਗਾ

ਇਸੇ ਤਰ੍ਹਾਂ ਜੇ ਫਾਇਲਾਤੁਨ, ਮੁਫਾਈਲੁਨ ਅਤੇ ਫਊਲੁਨ ਰੁਕਨਾਂ ਤੇ ਅਖੀਰਲੇ ਹਰਫ਼ ਉੱਤੇ ਬਿੰਦੀ ਹੋਵੇ ਤਾਂ ਉਹ ਗਿਣਤੀ ਵਿੱਚ ਆ ਜਾਂਦੀ ਹੈ ਇਹਨਾਂ ਰੁਕਨਾਂ ਦੇ ਅਖੀਰਲੇ ਸਬੱਬ ਖ਼ਫੀਫ਼ ਤੇ ਇਹ ਬਿੰਦੀ ਆਉਂਦੀ ਹੈ, ਤੇ ਤਸਬੀਗ ਜ਼ਿਹਾਫ਼ ਅਨੁਸਾਰ ਇਨ੍ਹਾਂ ਰੁਕਨਾਂ ਦੀ ਬਣਤਰ ਫਾਇਲੀਯਾਂ, ਮੁਫਾਈਲਾਂ ਤੇ ਫਊਲਾਂ ਹੋ ਜਾਵੇਗੀ ਇਨ੍ਹਾਂ ਦਾ ਉਚਾਰਣ ਵੀ ਸੱਤ ਸੱਤ ਹਰਫ਼ਾਂ ਦਾ ਹੀ ਰਹੇਗਾ

ਜਿਨ੍ਹਾਂ ਰੁਕਨਾਂ ਦੇ ਅਖੀਰ ਵਿੱਚ ਵਤਦ ਮਜ਼ਮੂਅ ਹੈ, ਜਦੋਂ ਉਨ੍ਹਾਂ ਤੇ ਤਰਫ਼ੀਲ ਜ਼ਿਹਾਫ਼ ਲਾਗੂ ਹੋਵੇਗੀ ਭਾਵ ਇੱਕ ਸਬੱਬ ਖ਼ਫੀਫ਼ ਵਧਾ ਦਿੱਤੀ ਜਾਵੇਗੀ ਮਤਲਬ ਜੇ ਮੁਤੁਫਾਇਲੁਨ ਤੇ ਮੁਸਤਫ਼ਇਲੁਨ ਦੇ ਪਿੱਛੇ ਇਕ ਹੋਰ ਸਬੱਬ ਖ਼ਫੀਫ਼

ਯਾਨੀ ਗੁਰੂ S ਵਧਾ ਦਿੱਤਾ ਜਾਵੇ ਤਾਂ ਇਹਨਾਂ ਰੁਕਨਾਂ ਦੀ ਬਣਤਰ ਮੁਤੁਫਾਈਲਤੁਨ, ਮੁਸਤਫਇਲਾਤੁਨ ਹੋ ਜਾਂਦੀ ਹੈ ਤੇ ਇਨ੍ਹਾਂ ਰੁਕਨਾਂ ਦੇ ਹਰਫ਼ਾਂ ਦੀ ਗਿਣਤੀ ਨੌਂ ਹੋ ਜਾਂਦੀ ਹੈ   ਸੋ ਇਸ ਤਰ੍ਹਾਂ ਜ਼ਿਹਾਫ਼ਾਂ ਦੀ ਮਦਦ ਨਾਲ ਹੋਰ ਰੁਕਨ ਬਣ ਜਾਂਦੇ ਹਨ

1. ਮੁਤੁਫਾਇਲਾਂ 2. ਮੁਸਤਫ਼ਇਲਾਂ 3. ਫਾਇਲਾਂ 4. ਫਾਇਲੀਆਂ 5. ਮੁਫਾਈਲਾਂ 6. ਫਊਲਾਂ 7. ਮੁਤਫਾਇਲਤੁਨ 8. ਮੁਸਤਫ਼ਇਲਤੁਨ

ਇੰਝ ਜ਼ਿਹਾਫ਼ਾਂ ਦੇ ਨਾਲ ਰੁਕਨਾਂ ਦੀ ਗਿਣਤੀ 8+15+8 =31 ਹੋ ਜਾਂਦੀ ਹੈ   ਇਨ੍ਹਾਂ ਰੁਕਨਾਂ ਨਾਲ ਅਸੀਂ ਇੱਕ ਤੋਂ ਲੈ ਕੇ ਨੌਂ ਹਰਫ਼ਾਂ ਤੱਕ ਦੇ ਸ਼ਬਦਾਂ ਦਾ ਮਾਪ ਤੋਲ ਕਰ ਸਕਦੇ ਹਾਂ

ਗ਼ਜ਼ਲ ਦੇ ਸ਼ਿਅਰਾਂ ਦੇ ਦੋਸ਼

ਪਿਆਰੇ ਦੋਸਤੋ ਗ਼ਜ਼ਲ ਪੰਜਾਬੀ ਵਿੱਚ ਇੰਨੀ ਕੁ ਹਰਮਨ ਪਿਆਰੀ ਹੋ ਚੁੱਕੀ ਹੈ ਕਿ ਉਹ ਸ਼ਾਇਰ, ਜਿਹੜੇ ਗ਼ਜ਼ਲ ਨੂੰ ਕਾਵਿ-ਰੂਪ ਦੇ ਤੌਰ ਤੇ ਗੌਲ਼ਦੇ ਵੀ ਨਹੀਂ ਸਨ, ਉਨ੍ਹਾਂ ਦਾ ਰੁਝਾਨ ਵੀ ਗ਼ਜ਼ਲ ਵੱਲ ਨੂੰ ਹੋ ਤੁਰਿਆ ਹੈ   ਗ਼ਜ਼ਲ ਲਿਖਣ ਤੋਂ ਪਹਿਲਾਂ, ਗ਼ਜ਼ਲ ਦੇ ਵਿਧੀ-ਵਿਧਾਨ ਬਾਰੇ ਜਾਣਕਾਰੀ ਹਾਸਲ ਕਰਨੀ ਬੇ-ਹੱਦ ਜ਼ਰੂਰੀ ਹੈ   ਹਾਲਾਂ ਕਿ ਕੁੱਝ ਸ਼ਾਇਰਾਂ ਨੂੰ ਤਾਂ ਗ਼ਜ਼ਲ ਦੇ ਵਿਧੀ ਵਿਧਾਨ ਬਾਰੇ ਜਾਣਕਾਰੀ ਦੇਣ ਵਾਲਾ ਕੋਈ ਮਿਲਦਾ ਹੀ ਨਹੀਂ, ਅਤੇ ਕੁੱਝ ਸ਼ਾਇਰ ਕਿਸੇ ਤੋਂ ਜਾਣਕਾਰੀ ਲੈਣਾ ਆਪਣੀ ਸ਼ਾਨ ਦੇ ਖਿਲਾਫ਼ ਸਮਝਦੇ ਹਨ   ਗ਼ਜ਼ਲ ਪੰਜਾਬੀ ਵਿੱਚ ਭਾਵੇਂ ਲਿਖੀ ਤਾਂ ਧੜਾਧੜ ਜਾ ਰਹੀ ਹੈ ਪਰ ਬਹੁਤੀਆਂ ਪੰਜਾਬੀ ਗ਼ਜ਼ਲਾਂ ਵਿੱਚ ਪੁਖ਼ਤਗੀ ਨਜ਼ਰ ਨਹੀਂ ਆਉਂਦੀ , ਜਿਹੜੀ ਕਿ ਗ਼ਜ਼ਲ ਵਿੱਚ ਹੋਣੀ ਚਾਹੀਦੀ ਹੈ   ਸ਼ਾਇਰਾਂ ਦੇ ਅਵੇਸਲ਼ੇ ਹੋਣ ਕਰਕੇ ਜਾਂ ਫਿਰ ਉਹਨਾਂ ਦੇ ਫਨ-ਏ-ਸ਼ਾਇਰੀ ਤੋਂ ਕੋਰੇ ਹੋਣ ਕਰਕੇ ਉਹਨਾਂ ਦੀਆਂ ਗ਼ਜ਼ਲਾਂ ਵਿੱਚ ਕੁੱਝ ਊਣਤਾਈਆਂ ਰਹਿ ਜਾਣੀਆਂ ਸੁਭਾਵਿਕ ਹੀ ਹਨ   ਜੇ ਸ਼ਾਇਰ ਨੂੰ ਆਪਣੇ ਸ਼ਿਅਰਾਂ ਵਿੱਚ ਰਹਿ ਗਈਆਂ ਊਣਤਾਈਆਂ ਦਾ ਸਮੇਂ ਸਿਰ ਪਤਾ ਲੱਗ ਜਾਵੇ ਤਾਂ ਉਹ ਖ਼ੁਦ ਹੀ ਇਹਨਾਂ ਨੂੰ ਦੂਰ ਕਰਕੇ ਸ਼ਿਅਰ ਹੋਰ ਵੀ ਖ਼ੂਬਸੂਰਤ ਬਣਾ ਸਕਦਾ ਹੈ, ਜਾਂ ਕਿਸੇ ਉਸਤਾਦ ਸ਼ਾਇਰ ਕੋਲੋਂ ਸਲਾਹ ਲੈ ਸਕਦਾ ਹੈ   ਪਿਆਰੇ ਦੋਸਤੋ-

"ਜੀ ਸਦਕੇ ਕਹੀਏ ਗ਼ਜ਼ਲ, ਰਹੀਏ ਪਰ ਬਾ-ਹੋਸ਼,
ਆਉ ਕ੍ਰਿਸ਼ਨ ਪਛਾਣੀਏ, ਸ਼ਿਅਰਾਂ ਦੇ ਕੁੱਝ ਦੋਸ਼ "

ਗ਼ਜ਼ਲ ਦੇ ਸ਼ਿਅਰਾਂ ਵਿੱਚ ਰਹਿ ਗਏ ਦੋਸ਼ਾਂ ਦੀ ਪਛਾਣ ਕਰਦਿਆਂ, ਅਸੀਂ ਤੁਹਾਨੂੰ ਪਹਿਲਾਂ ਹੀ ਇਹ ਸਪਸ਼ਟ ਕਰ ਦੇਣਾ ਚਹੁੰਦੇ ਹਾਂ ਕਿ ਸਾਡਾ ਮੰਤਵ, ਕਿਸੇ ਵਿਸ਼ੇਸ਼ ਸ਼ਾਇਰ ਦੀਆਂ ਕਮੀਆਂ ਉਜਾਗਰ ਕਰਕੇ, ਕਿਸੇ ਸ਼ਾਇਰ ਨੂੰ ਛੁਟਿਆਉਣਾ ਨਹੀਂ ਸਗੋਂ ਸਮੁੱਚੀ ਗ਼ਜ਼ਲ ਦੇ ਸੰਦਰਭ ਵਿੱਚ, ਗ਼ਜ਼ਲ ਦੇ ਸ਼ਿਅਰਾਂ ਵਿੱਚ ਰਹਿ ਜਾਣ ਵਾਲੀਆਂ ਕਮੀਆਂ ਬਾਰੇ ਸੁਚੇਤ ਕਰਨਾ ਹੈ   ਅਸੀਂ ਸਾਰੇ ਸ਼ਾਇਰਾਂ ਦਾ ਤਹਿ-ਦਿਲੋਂ ਸਤਿਕਾਰ ਕਰਦੇ ਹੋਏ, ਕਿਸੇ ਵੀ ਸ਼ਾਇਰ ਦਾ ਨਾਮ ਲਏ ਬਗ਼ੈਰ, ਉਹਨਾਂ ਦੇ ਸ਼ਿਅਰਾਂ ਵਿੱਚ ਰਹਿ ਗਏ ਦੋਸ਼ਾਂ ਦੀ ਪਛਾਣ ਕਰਾਂਗੇ

1. ਬੇ-ਵਜ਼ਨ ਸ਼ਿਅਰ— ਵਜ਼ਨ ਬਹਿਰ ਕਵਿਤਾ ਦਾ ਮੁਢਲਾ ਗੁਣ ਮੰਨਿਆ ਜਾਂਦਾ ਹੈ   ਵਜ਼ਨ ਬਹਿਰ ਹੀ ਕਵਿਤਾ ਨੂੰ ਸੰਗੀਤਮਈ ਵੀ ਬਣਾਉਂਦਾ ਹੈ। ਕਵਿਤਾ ਅਤੇ ਵਾਰਤਕ ਦਾ ਨਿਖੇੜਾ ਕਰਨ ਦੀ ਕਸਵੱਟੀ ਵੀ ਹੈ   ਵਜ਼ਨ ਬਹਿਰ ਦੀ ਅਧੂਰੀ ਜਾਣਕਾਰੀ ਜਾਂ ਸ਼ਾਇਰਾਂ ਦੇ ਅਵੇਸਲੇਪਣ ਕਰਕੇ, ਕਈ ਵਾਰ

ਕਿਸੇ ਸ਼ਿਅਰ ਦੀ ਪਹਿਲੀ ਤੁਕ ਹੋਰ ਵਜ਼ਨ ਵਿੱਚ ਕਹੀ ਜਾਂਦੀ ਹੈ ਤੇ ਦੂਜੀ ਤੁਕ ਕਿਸੇ ਹੋਰ ਵਜ਼ਨ ਵਿੱਚ, ਭਾਵੇਂ ਦੋਵੇਂ ਤੁਕਾਂ ਆਪੋ ਆਪਣੇ ਥਾਂ ਤੇ ਵਜ਼ਨ ਵਿੱਚ ਮੁਕੰਮਲ ਹੋਣ, ਪਰ ਇਸ ਸ਼ਿਅਰ ਨੂੰ ਬੇ-ਵਜ਼ਨ ਮੰਨਿਆ ਜਾਂਦਾ ਹੈ ਜਿਵੇਂ—

"ਜਦ ਕਦੀ ਦਾਮਨ ਤੇ ਧੱਬਾ ਲੱਗਿਆ,
ਹੰਝੂ ਵਹਾ ਕੇ ਵੀ ਗਿਆ ਧੋਇਆ ਨਹੀਂ "

ਉਪਰੋਕਤ ਸ਼ਿਅਰ ਦਾ ਪਹਿਲਾ ਮਿਸਰਾ 'ਜਦ ਕਦੀ ਦਾਮਨ ਤੇ ਧੱਬਾ ਲੱਗਿਆ' ਬਹਿਰ ਰਮਲ ਮੁਸੰਮਨ ਮਹਿਜ਼ੂਫ ਵਿੱਚ ਕਿਹਾ ਗਿਆ ਹੈ, ਜਿਸ ਦੇ ਰੁਕਨ ਹਨ , ਫਾਇਲਾਤੁਨ, ਫਾਇਲਾਤੁਨ, ਫਾਇਲੁਨ ਹੁਣ ਦੂਸਰਾ ਮਿਸਰਾ

'ਹੰਝੂ ਵਹਾ ਕੇ ਵੀ ਗਿਆ ਧੋਇਆ ਨਹੀਂ'

ਬਹਿਰ ਰਜਜ ਮੁਸੱਦਸ ਸਾਲਿਮ ਵਿੱਚ ਹੈ, ਜਿਸ ਦੇ ਰੁਕਨ ਹਨ , ਮੁਸਤਫ਼-ਇਲੁਨ, ਮੁਸਤਫ਼-ਇਲੁਨ, ਮੁਸਤਫ਼-ਇਲੁਨ

ਇਹ ਦੋਵੇਂ ਮਿਸਰੇ ਭਾਵੇਂ ਆਪੋ ਆਪਣੀਆਂ ਬਹਿਰਾਂ ਵਿੱਚ ਸਹੀ ਹਨ, ਪਰ ਫੇਰ ਵੀ ਇਸ ਸ਼ਿਅਰ ਨੂੰ ਬੇ-ਵਜ਼ਨ ਹੀ ਮੰਨਿਆ ਜਾਵੇਗਾ ਕਿਉਂ ਕਿ ਸ਼ਿਅਰ ਦੇ ਦੋਨੋ ਮਿਸਰੇ ਹਮ-ਵਜ਼ਨ ਹੋਣੇ ਚਾਹੀਦੇ ਹਨ

2 ਬੇ-ਵਜ਼ਨ ਸ਼ਿਅਰ— ਅਜਿਹੇ ਸ਼ਿਅਰ ਨੂੰ ਵੀ ਬੇ-ਵਜ਼ਨ ਹੀ ਮੰਨਿਆ ਜਾਂਦਾ ਹੈ ਜਿਸ ਵਿੱਚ ਕੋਈ ਅਜਿਹਾ ਅੱਖਰ ਜਾਂ ਸ਼ਬਦ ਆਉਂਦਾ ਹੈ, ਜੋ ਬੇ-ਲੋੜਾ ਹੋਵੇ, ਭਾਵ ਜਿਸ ਅੱਖਰ ਜਾਂ ਸ਼ਬਦ ਦੀ ਬਹਿਰ ਅਨੁਸਾਰ ਲੋੜ ਨਾ ਹੋਵੇ ਜਿਵੇਂ—

"ਵਿੱਛੜੇ ਮਿਲਵਾਉਣ ਵਰਗਾ ਅਹਿਸਾਨ ਕਰਦਾ ਹੈ ਕੁਈ,
ਆਪ ਬੀਤੀ ਨਾਲ ਮਿਲਦੀ ਗੱਲ ਦੁਹਰਾਵੇ ਜਦੋਂ "

ਇਹ ਸ਼ਿਅਰ ਬਹਿਰ ਰਮਲ ਮੁਸੰਮਨ ਮਹਿਜ਼ੂਫ ਵਿੱਚ ਕਿਹਾ ਗਿਆ ਹੈ, ਜਿਸ ਦਾ ਵਜ਼ਨ ਹੈ, ਫਾਇਲਾਤੁਨ, ਫਾਇਲਾਤੁਨ, ਫਾਇਲਾਤੁਨ, ਫਾਇਲਨ ਹੈ

ਇਸ ਬਹਿਰ ਅਨੁਸਾਰ ਪਹਿਲਾ ਮਿਸਰਾ ਇਸ ਤਰ੍ਹਾਂ ਹੋਣਾ ਚਾਹੀਦਾ ਸੀ ਵਿੱਛੜੇ ਮਿਲਵਾਉਣ ਵਰਗਾ ਸਾਨ ਕਰਦਾ ਹੈ ਕੁਈ, ਇਸ ਕਰਕੇ ਅਹਿਸਾਨ ਸ਼ਬਦ ਦਾ 'ਅਹਿ' ਬੇ-ਲੋੜਾ ਹੈ, ਵਾਧੂ ਹੈ, ਇਸ ਕਰਕੇ ਇਹ ਸ਼ਿਅਰ ਵੀ ਬੇ-ਵਜ਼ਨ ਹੀ ਮੰਨਿਆ ਜਾਵੇਗਾ ਕਿਉਂ ਕਿ ਬਹਿਰ ਕਿਸੇ 'ਲਗ ਮਾਤਰ' ਦਾ ਵਾਧੂ ਵਜ਼ਨ ਨਹੀਂ ਸਹਾਰਦੀ

3. ਬੇ-ਵਜ਼ਨ ਸ਼ਿਅਰ— ਤੀਸਰਾ ਬੇ-ਵਜ਼ਨ ਸ਼ਿਅਰ ਉਹ ਹੁੰਦਾ ਹੈ ਜਿਹੜਾ ਕਿਸੇ ਵੀ ਬਹਿਰ ਵਿਚ ਨਾ ਆਉਂਦਾ ਹੋਵੇ , ਜਿਵੇਂ

"ਜਿਸ ਨੇ ਕਦੇ ਕੋਈ ਦੁਸ਼ਮਣ ਨਹੀਂ ਬਣਾਇਆ ਹੋਣਾ,
ਪਸੰਦ ਉਹ ਵੀ ਦੁਨੀਆਂ ਦੇ ਨਹੀਂ ਆਇਆ ਹੋਣਾ "

ਇਹ ਸ਼ਿਅਰ ਕਿਸੇ ਵੀ ਬਹਿਰ ਵਜ਼ਨ ਵਿੱਚ ਨਹੀਂ ਆਉਂਦਾ, ਭਾਵੇਂ ਕਿ ਸ਼ਾਇਰ ਨੇ ਆਪਣੇ ਜਾਣੀ , ਕਾਫ਼ੀਆ ਵੀ ਵਰਤਿਆ ਹੈ ਤੇ ਰਦੀਫ਼ ਵੀ

ਇਸ ਤਰ੍ਹਾਂ ਦੇ ਬੇ-ਬਹਿਰੇ ਸ਼ਿਅਰ ਕਹਿਣੇ, ਆਪਣਾ ਸਮਾਂ ਤੇ ਪ੍ਰਤਿਭਾ

ਬਰਬਾਦ ਕਰਨ ਦੇ ਤੁੱਲ ਹੈ ਪਾਣੀ ਵਰੋਲ ਕੇ ਕਦੇ ਵੀ ਮੱਖਣ ਨਹੀਂ ਕੱਢਿਆ ਜਾ ਸਕਦਾ ਜੇ ਅਸੀਂ ਮਿਹਨਤ ਨਹੀਂ ਕਰਦੇ ਤਾਂ ਸਾਨੂੰ ਅਜਿਹੀਆਂ ਬੇ-ਬਹਿਰੀਆਂ ਗ਼ਜ਼ਲਾਂ ਲਿਖਣੀਆਂ ਛੱਡ ਕੇ ਕਵਿਤਾ ਦੀ ਕੋਈ ਹੋਰ ਸੌਖੀ ਵਿਧਾ ਅਪਣਾ ਲੈਣੀ ਚਾਹੀਦੀ ਹੈ

ਸਕਤਾ— ਸਕਤਾ ਉਂਝ ਤਾਂ ਮਿਰਗੀ ਦੇ ਦੌਰੇ ਨੂੰ ਕਿਹਾ ਜਾਂਦਾ, ਜਿਸ ਵਿਅਕਤੀ ਨੂੰ ਮਿਰਗੀ ਦਾ ਦੌਰਾ ਪੈਂਦਾ ਹੈ ਤਾਂ ਕੁੱਝ ਦੇਰ ਲਈ ਉਸ ਦੇ ਅੰਗ ਬੇ-ਹਰਕਤ ਹੋ ਜਾਂਦੇ ਹਨ ਅਤੇ ਚੇਤਨਾਂ ਜਾਂਦੀ ਰਹਿੰਦੀ ਹੈ ਅਰੂਜ਼ੀ ਪਰਿਭਾਸ਼ਾ ਅਨੁਸਾਰ ਸ਼ਿਅਰ ਵਿੱਚ ਸਕਤਾ ਉਦੋਂ ਪੈਂਦਾ ਹੈ ਜਦੋਂ ਸ਼ਾਇਰ ਆਪਣੇ ਸ਼ਿਅਰ ਵਿੱਚ ਅਜਿਹੇ ਅੱਖਰ ਗਿਰਾ ਦੇਵੇ ਜਿਨ੍ਹਾਂ ਦੇ ਗਿਰਾਉਣ ਦੀ ਇਜ਼ਾਜਤ ਨਾ ਹੋਵੇ ਜਦੋਂ ਅਸੀਂ ਅਜਿਹਾ ਸ਼ਿਅਰ, ਉਸ ਵਿੱਚ ਵਰਤੀ ਗਈ ਬਹਿਰ ਅਨੁਸਾਰ ਪੜ੍ਹਦੇ ਹਾਂ ਅਜਿਹਾ ਸ਼ਬਦ ਪੜ੍ਹਦੇ ਸਾਰ ਹੀ ਸਾਡੀ ਜ਼ੁਬਾਨ ਅਟਕ ਜਾਂਦੀ ਹੈ , ਤੇ ਅਸੀਂ ਉਸ ਦਾ ਸਹੀ ਉਚਾਰਣ ਨਹੀਂ ਕਰ ਸਕਦੇ ਇਸ ਨੂੰ ਹੀ ਸ਼ਿਅਰ ਵਿੱਚ ਸਕਤਾ ਪੈਣਾ ਕਹਿੰਦੇ ਹਨ, ਮਿਸਾਲ ਵਜੋਂ—

"ਪਿਆਰ ਤੱਕਣੀ ਤੇਰੀ ਫੁੱਲਾਂ ਦੀ ਜਿਵੇਂ ਬਰਸਾਤ ਹੈ,
ਜ਼ਿੰਦਗੀ ਦਾ ਥਲ ਇਦੇ ਸੰਗ ਸੰਗ ਲੰਘਾ ਲੈਂਦਾ ਹਾਂ ਮੈਂ "

ਉਪਰੋਕਤ ਸ਼ਿਅਰ ਬਹਿਰ ਰਮਲ ਮੁਸੰਮਨ ਮਹਿਜ਼ੂਫ ਵਿੱਚ ਕਿਹਾ ਗਿਆ ਹੈ, ਜਿਸ ਦੇ ਰੁਕਨ ਹਨ ਫਾਇਲਾਤੁਨ, ਫਾਇਲਾਤੁਨ, ਫਾਇਲਾਤੁਨ, ਫਾਇਲਨ

ਜਦੋਂ ਅਸੀਂ ਇਸ ਦਾ ਦੂਸਰਾ ਮਿਸਰਾ ਪੜ੍ਹਦੇ ਹਾਂ ਤਾਂ ਇਸ ਵਿੱਚ ਆਉਣ ਵਾਲੇ ਸ਼ਬਦ 'ਸੰਗ ਸੰਗ' ਦੀਆਂ ਦੋਵੇਂ ਟਿੱਪੀਆਂ ਗਿਰਾ ਦਿੱਤੀਆਂ ਜਾਂਦੀਆਂ ਹਨ , ਜਿਨ੍ਹਾਂ ਦੇ ਗਿਰਾਉਣ ਦੀ ਅਰੂਜ਼ੀ ਵਿਦਵਾਨਾਂ ਵੱਲੋਂ ਇਜ਼ਾਜਤ ਨਹੀਂ ਹੈ ਜਦੋਂ ਅਸੀਂ ਸ਼ਿਅਰ ਨੂੰ ਇਸ ਵਿੱਚ ਦਿੱਤੀ ਗਈ ਬਹਿਰ ਅਨੁਸਾਰ ਪੜ੍ਹਦੇ ਹਾਂ ਤਾਂ 'ਸੰਗ ਸੰਗ' ਤੇ ਆ ਕੇ ਜ਼ੁਬਾਨ ਅਟਕ ਜਾਂਦੀ ਹੈ ਅਤੇ ਸਕਤਾ ਪੈਦਾ ਹੋ ਜਾਂਦਾ ਹੈ ਸੰਗ ਸੰਗ ਨੂੰ ਇਥੇ ਸਗ ਸਗ ਦੇ ਵਜ਼ਨ ਤੇ ਬੰਨਿਆਂ ਗਿਆ ਹੈ ਜੋ ਕਿ ਅਰੂਜ਼ੀ ਨਿਯਮਾਂ ਦੇ ਬਿਲਕੁਲ ਉਲਟ ਹੈ

ਇਹ ਅਸੂਲ ਪੱਕੇ ਤੌਰ ਤੇ ਪੱਲੇ ਬੰਨਣ ਦੀ ਲੋੜ ਹੈ ਕਿ ਪੰਜਾਬੀ ਦੇ ਜਿਹੜੇ ਸ਼ਬਦ ਵਿੱਚ ਟਿੱਪੀ ਵਾਲੇ ਸ਼ਬਦ ਮਗਰ 'ਗ' ਮੁਕਤਾ ਯਾਨੀ ਕਿ ਮਾਤਰਾ ਤੋਂ ਬਿਨਾਂ ਲੱਗਦਾ ਹੈ, ਉਸ ਅੱਖਰ ਤੋਂ ਟਿੱਪੀ ਗਿਰਾਉਣ ਦੀ ਇਜ਼ਾਜਤ ਨਹੀਂ ਹੈ ਇਹ ਤੁਸੀਂ ਖ਼ੁਦ ਮਹਿਸੂਸ ਕਰੋਗੇ ਜਦੋਂ ਤੁਸੀਂ , ਸੰਗ, ਰੰਗ, ਵੰਗ, ਭੰਗ, ਨੰਗ ਆਦਿ ਨੂੰ ਸਗ, ਰਗ, ਵਗ, ਭਗ, ਨਗ ਪੜ੍ਹੋਗੇ ਤਾਂ ਇਹਨਾਂ ਸ਼ਬਦਾਂ ਦੇ ਅਰਥਾਂ ਦੇ ਅਨਰਥ ਹੋ ਜਾਣਗੇ

ਐਬ ਏ ਤਅਕੀਦ, ਤਅਕੀਦ ਦੇ ਸ਼ਾਬਦਿਕ ਅਰਥ ਗੁੰਝਲ ਪੈ ਜਾਣ ਤੋਂ ਹਨ ਪਰ ਅਰੂਜ਼ ਅਨੁਸਾਰ ਤਅਕੀਦ ਦਾ ਅਰਥ ਕਿਸੇ ਸ਼ਿਅਰ ਦੇ ਅਰਥ ਨਾ ਸਪਸ਼ਟ ਹੋਣ ਤੋਂ ਹੈ ਇਹ ਗੁੰਝਲ ਦੋ ਤਰ੍ਹਾਂ ਦੀ ਹੁੰਦੀ ਹੈ ਪਹਿਲੀ ਸ਼ਬਦ ਗੁੰਝਲ

ਅਤੇ ਦੂਜੀ ਅਰਥ ਗੁੰਝਲ ਸ਼ਬਦ ਗੁੰਝਲ ਉਦੋਂ ਕਹੀ ਜਾਂਦੀ ਹੈ ਜਦੋਂ ਸ਼ਿਅਰ ਵਿਚ ਦੋ ਨਾਲ ਨਾਲ ਆਉਣ ਵਾਲੇ ਸ਼ਬਦ ਇੱਕ ਦੂਸਰੇ ਤੋਂ ਦੂਰ ਚਲੇ ਜਾਂਦੇ ਹਨ ਸ਼ਿਅਰ ਵਿੱਚ ਸ਼ਬਦ ਆਪਣੀ ਸਹੀ ਜਗ੍ਹਾ ਤੇ ਨਾ ਹੋਣ ਕਾਰਣ ਸ਼ਿਅਰ ਦੇ ਉਹ ਅਰਥ ਨਹੀਂ ਨਿੱਕਲਦੇ ਜੋ ਸ਼ਾਇਰ ਚਾਹੁੰਦਾ ਹੈ ਗ਼ਜ਼ਲ ਦੇ ਸ਼ਿਅਰ ਵਿੱਚ ਖ਼ੂਬਸੂਰਤੀ ਉਦੋਂ ਪੈਦਾ ਹੁੰਦੀ ਹੈ ਜਦੋਂ ਢੁਕਵੇਂ ਸ਼ਬਦ ਆਪਣੀ ਢੁਕਵੀਂ ਥਾਂ ਤੇ ਹੋਣ ਮਿਸਾਲ ਵਜੋਂ—

"ਪੋਲੇ ਪੋਲੇ ਪੱਥਰ ਤੇ ਪੱਬ ਧਰਦਾ ਹੈ,
ਤਿੜਕ ਜਾਣ ਤੋਂ ਪੰਛੀ ਕਿੰਨਾਂ ਡਰਦਾ ਹੈ "

ਉਪਰੋਕਤ ਸ਼ਿਅਰ ਦੇ ਦੋਹਾਂ ਮਿਸਰਿਆਂ ਵਿੱਚ ਸ਼ਬਦ ਆਪਣੇ ਅਸਲੀ ਥਾਂ ਤੋਂ ਦੂਰ ਚਲੇ ਗਏ ਹਨ ਪਹਿਲੇ ਮਿਸਰੇ ਵਿੱਚ ਪੋਲੇ ਪੋਲੇ ਦਾ ਸਬੰਧ ਪੱਥਰ ਨਾਲ ਨਹੀਂ ਹੋ ਸਕਦਾ ਅਤੇ ਦੂਸਰੇ ਮਿਸਰੇ ਵਿੱਚ ਤਿੜਕ ਜਾਣ ਦਾ ਕੋਈ ਅਰਥ ਨਹੀਂ, ਇਹ ਗੁੰਝਲ ਦੂਰ ਹੋ ਸਕਦੀ ਸੀ ਜੇ ਇਹ ਮਤਲਾ ਇਸ ਤਰ੍ਹਾਂ ਆਖਿਆ ਜਾਂਦਾ—

"ਪੱਥਰ ਤੇ ਪੋਲੇ ਪੋਲੇ ਪੱਬ ਧਰਦਾ ਹੈ ,
ਤਿੜਕ ਨ ਜਾਵੇ ਪੱਥਰ ਪੰਛੀ ਡਰਦਾ ਹੈ "

ਅਰਥ ਗੁੰਝਲ—ਕਈ ਵਾਰੀ ਸ਼ਿਅਰ ਦੇ ਸ਼ਬਦਾਂ ਵਿੱਚ ਤਾਂ ਕੋਈ ਗੁੰਝਲ ਨਹੀਂ ਹੁੰਦੀ ਬਹਿਰ ਕਾਫ਼ੀਆ ਰਦੀਫ਼ ਬਿਲਕੁਲ ਸਹੀ ਹੁੰਦੇ ਹਨ, ਪਰ ਸ਼ਾਇਰ ਕਹਿਣਾ ਕੀ ਚਾਹੁੰਦਾ ਹੈ, ਇਹ ਸਪਸ਼ਟ ਨਹੀਂ ਹੁੰਦਾ ਮਿਸਾਲ ਵਜੋਂ—

"ਉਫ਼ ਇਹ ਲਾਚਾਰੀ ਕਿ ਪੰਛੀ ਵੇਚਦੇ ਨੇ ਪਿੰਜਰੇ,
ਉਫ਼ ਹਿਯਾਤੀ ਦੀ ਇਹ ਸੂਰਤ, ਮੌਤ ਜਿਸ ਤੋਂ ਡਰ ਗਈ "

ਪੰਛੀਆਂ ਦਾ ਲਾਚਾਰ ਹੋ ਪਿੰਜਰੇ ਵੇਚਣ ਨਾਲ ਸ਼ਿਅਰ ਦਾ ਕੋਈ ਅਰਥ ਸਪਸ਼ਟ ਨਹੀਂ ਹੁੰਦਾ ਇਸ ਤਰ੍ਹਾਂ ਇਸ ਸ਼ਿਅਰ ਦੇ ਅਰਥਾਂ ਵਿੱਚ ਗੁੰਝਲ ਪੈ ਗਈ ਹੈ, ਅਤੇ ਇਹ ਪਤਾ ਨਹੀਂ ਲੱਗ ਰਿਹਾ ਕਿ ਸ਼ਾਇਰ ਕਹਿਣਾ ਕੀ ਚਾਹੁੰਦਾ ਹੈ

ਸ਼ੁਤਰ ਗੁਰਬਾ— ਸ਼ੁਤਰ ਦੇ ਅਰਥ ਹਨ ਊਠ ਅਤੇ ਗੁਰਬਾ ਦੇ ਅਰਥ ਹਨ ਬਿੱਲੀ ਅਰੂਜ਼ ਅਨੁਸਾਰ ਇਹ ਐਬ ਉਦੋਂ ਪੈਦਾ ਹੁੰਦਾ ਹੈ ਜਦੋਂ ਸ਼ਿਅਰ ਦੇ ਸੰਬੋਧਨ ਵਿੱਚ ਕਦੇ ਇੱਕ ਵਚਨ ਹੋਵੇ ਤੇ ਕਦੇ ਬਹੁਵਚਨ ਜਿਵੇਂ—

"ਸੁਪਨਿਆਂ ਦੇ ਫਾਸਲੇ ਸਭ ਮਿਟਣ ਲਗਦੇ ਨੇ ਜਦੋਂ,
ਛਲਕਦਾ ਜ਼ਜਬਾਤ ਹੋਵੇ, ਸ਼ਬਦ ਹੋਵਣ ਬੇ-ਜ਼ੁਬਾਨ "

ਇਸ ਸ਼ਿਅਰ ਦੇ ਦੂਸਰੇ ਮਿਸਰੇ ਵਿੱਚ ਜ਼ਜਬਾਤ ਬਹੁਵਚਨ ਨਾਲ ਕਿਰਿਆ 'ਛਲਕਦਾ' ਇੱਕ ਵਚਨ ਲਾਈ ਹੋਈ ਹੈ ਇਸ ਤਰ੍ਹਾਂ ਇਸ ਸ਼ਿਅਰ ਵਿੱਚ ਸ਼ੁਤਰ-ਗੁਰਬਾ ਦਾ ਦੋਸ਼ ਪੈਦਾ ਹੋ ਗਿਆ

ਪੰਜਾਬੀ ਵਿੱਚ ਇਕ ਕਹਾਉਤ ਹੈ, ਊਠ ਬਲੇਦੇ ਦਾ ਸਾਥ' ਜਿਸਦਾ ਮਤਲਬ ਊਠ ਤੇ ਬਲਦ ਦੀ ਜੋੜੀ ਤੋਂ ਹੈ ਇੰਝ ਹੀ ਸ਼ੁਤਰ ਗੁਰਬਾ ਵੀ ਏਹੋ ਅਣਜੋੜ ਦਾ ਸੰਕੇਤ ਕਰਦੇ ਹਨ

ਐਬ-ਏ-ਤਨਾਫ਼ਰ— ਤਨਾਫਰ ਦਾ ਅਰਥ ਹੈ, ਨਫ਼ਰਤ ਸ਼ਿਅਰ ਵਿੱਚ ਤਨਾਫ਼ਰ ਦਾ ਦੋਸ਼ ਉਦੋਂ ਪੈਦਾ ਹੁੰਦਾ ਹੈ ਜਦੋਂ ਕਿਤੇ ਸ਼ਬਦ ਦਾ ਅਖੀਰਲਾ ਮੁਕਤਾ ਅੱਖਰ ਅਤੇ ਅਗਲੇ ਸ਼ਬਦ ਦਾ ਮੁਢਲਾ ਮੁਕਤਾ ਅੱਖਰ ਇੱਕ ਹੀ ਹੋਵੇ ਸ਼ਿਅਰ ਵਿੱਚ ਅਗਰ ਅਜਿਹੇ ਸ਼ਬਦ ਆਉਂਦੇ ਹੋਣ ਤਾਂ ਇਹਨਾਂ ਨੂੰ ਉਚਾਰਦਿਆਂ ਮੁਸ਼ਕਲ ਪੇਸ਼ ਆਉਂਦੀ ਹੈ ਇਸ ਕਰਕੇ ਇਸ ਨੂੰ ਸ਼ਿਅਰ ਦਾ ਦੋਸ਼ ਗਿਣਿਆ ਜਾਂਦਾ ਹੈ ਉਦਾਹਰਣ ਵਜੋਂ—

"ਧਰਤ ਚੋਂ ਹਲ਼ ਨਾਲ ਨਿਕਲੇ ਅੱਜ ਵੀ ਸੀਤਾ,
ਜਨਕ ਦੀ ਥਾਂ ਹਰ ਰਚੇ ਰਾਵਣ ਸੁਅੰਬਰ "

ਉਪਰੋਕਤ ਸ਼ਿਅਰ ਦੀ ਦੂਸਰੀ ਤੁਕ ਵਿਚ 'ਹਰ ਰਚੇ' ਸ਼ਬਦਾਂ ਚੋਂ ਪਹਿਲੇ ਸ਼ਬਦ ਹਰ ਦਾ ਆਖਰੀ ਮੁਕਤਾ ਅੱਖਰ 'ਰ' ਅਤੇ ਦੂਸਰੇ ਸ਼ਬਦ 'ਰਚੇ' ਦਾ ਪਹਿਲਾ ਮੁਕਤਾ ਅੱਖਰ 'ਰ' ਇੱਕ ਹੀ ਹਨ ਇਸ ਤਰ੍ਹਾਂ ਇਸ ਸ਼ਿਅਰ ਵਿਚ ਤਨਾਫ਼ਰ ਦਾ ਦੋਸ਼ ਪੈਦਾ ਹੋ ਗਿਆ ਹੈ ਇਹ ਸ਼ਿਅਰ ਤਨਾਫ਼ਰ ਮੁਕਤ ਹੋ ਸਕਦਾ ਸੀ ਅਗਰ ਇਸ ਨੂੰ ਇਸ ਤਰ੍ਹਾਂ ਕਹਿ ਲਿਆ ਜਾਂਦਾ—

"ਧਰਤ ਚੋਂ ਹਲ਼ ਨਾਲ ਨਿਕਲੇ ਅੱਜ ਵੀ ਸੀਤਾ,
ਜਨਕ ਦੀ ਥਾਂ ਤੇ ਰਚੇ ਰਾਵਣ ਸੁਅੰਬਰ "

ਸ਼ਬਦਾਂ ਦੀ ਘਾਟ (ਐਬ ਏ ਅਖ਼ਲਾਲ) ਕਈ ਵਾਰੀ ਸ਼ਿਅਰ ਵਿੱਚ ਕਿਸੇ ਸ਼ਬਦ ਦੀ ਘਾਟ ਮਹਿਸੂਸ ਹੁੰਦੀ ਹੈ, ਇਸ ਕਰਕੇ ਸ਼ਿਅਰ ਦੇ ਅਰਥ ਪੂਰੀ ਤਰ੍ਹਾਂ ਨਹੀਂ ਖੁੱਲ੍ਹਦੇ ਜਿਸ ਤਰ੍ਹਾਂ ਵਾਰਤਕ ਵਿੱਚ ਵਿਆਕਰਣ ਨਿਯਮਾਂ ਦਾ ਪੂਰਾ ਪੂਰਾ ਖ਼ਿਆਲ ਰੱਖਿਆ ਜਾਂਦਾ ਹੈ, ਉਸੇ ਤਰ੍ਹਾਂ ਹੀ ਸ਼ਾਇਰੀ ਵਿੱਚ ਵੀ ਵਿਆਕਰਣਿਕ ਨਿਯਮਾਂ ਦੀ ਪਾਲਣਾ ਜ਼ਰੂਰੀ ਹੁੰਦੀ ਹੈ ਸ਼ਿਅਰ ਵਿੱਚ ਕਰਤਾ, ਕਰਮ, ਕਿਰਿਆ, ਜਾਂ ਵਿਸ਼ੇਸ਼ਣ ਦੀ ਕਮੀ ਕਰਕੇ ਸ਼ਿਅਰ ਦੀ ਖ਼ੂਬਸੂਰਤੀ ਖ਼ਰਾਬ ਹੋ ਜਾਂਦੀ ਹੈ ਅਤੇ ਇਸ ਸ਼ਬਦਾਂ ਦੀ ਘਾਟ ਵਾਲੀ ਸ਼ਾਇਰੀ ਨੂੰ ਪਿਆਸੀ ਸ਼ਾਇਰੀ ਵੀ ਕਿਹਾ ਜਾਂਦਾ ਹੈ ਜੇ ਕਿਸੇ ਸ਼ਿਅਰ ਵਿੱਚ ਸ਼ਬਦਾਂ ਦੀ ਥੁੜ ਮਹਿਸੂਸ ਹੋਵੇ ਤਾਂ ਉਸ ਨੂੰ ਐਬ ਏ ਅਖ਼ਲਾਲ ਕਿਹਾ ਜਾਂਦਾ ਹੈ ਨਮੂਨੇ ਵਜੋਂ—

"ਕਦੇ ਪੌਣਾਂ 'ਚ ਮੈਂ ਖੁਸ਼ਬੂ ਤਰ੍ਹਾਂ ਸਾਂ,
ਮੈਂ ਆਖ਼ਰ ਖੁਰ ਗਿਆ ਰੰਗਾਂ ਚ ਵਹਿ ਕੇ "

ਉਪਰੋਕਤ ਸ਼ਿਅਰ ਦੀ ਪਹਿਲੀ ਤੁਕ ਵਿੱਚ ਖੁਸ਼ਬੂ ਦੇ ਨਾਲ 'ਦੀ' ਸ਼ਬਦ ਦੀ ਘਾਟ ਮਹਿਸੂਸ ਹੁੰਦੀ ਹੈ ਅਤੇ ਸ਼ਿਅਰ ਵਿੱਚ ਐਬ ਏ ਅਖ਼ਲਾਲ ਪੈਦਾ ਹੋ ਗਿਆ ਹੈ

ਹਸ਼ਵ ਕਬੀਹ, ਹਸ਼ਵ ਦਾ ਅਰਥ ਹੈ ਭਰਤੀ ਅਤੇ ਕਬੀਹ ਦਾ ਅਰਥ ਹੈ ਭੱਦੀ ਇਹ ਦੋਸ਼ ਐਬ-ਏ-ਅਖ਼ਲਾਲ ਜਾਣੀ ਪਿਆਸੀ ਸ਼ਾਇਰੀ ਤੋਂ ਬਿਲਕੁਲ ਉਲਟ ਹੈ ਸ਼ਿਅਰ ਦਾ ਵਜ਼ਨ ਪੂਰਾ ਕਰਨ ਲਈ ਸ਼ਾਇਰ ਅਕਸਰ ਸ਼ਿਅਰ ਵਿੱਚ ਅਜਿਹੇ ਸ਼ਬਦ ਵਰਤ ਲੈਂਦੇ ਹਨ ਜਿਨ੍ਹਾਂ ਦਾ ਸ਼ਿਅਰ ਵਿਚ ਕੋਈ ਅਰਥ ਨਹੀਂ ਹੁੰਦਾ

ਅਜਿਹੇ ਬੇਲੋੜੇ ਸ਼ਬਦ ਜੇ ਸ਼ਿਅਰ ਵਿੱਚੋਂ ਕੱਢ ਵੀ ਦਿੱਤੇ ਜਾਣ ਤਾਂ ਸ਼ਿਅਰ ਦੇ ਅਰਥਾਂ ਵਿੱਚ ਕੋਈ ਫ਼ਰਕ ਨਹੀਂ ਪੈਂਦਾ

"ਲੋਕ ਏਥੇ ਅੱਗ ਦੇ ਅੰਗਿਆਰਿਆਂ ਤੇ ਨੱਚਦੇ,
ਮੋਮ ਦੇ ਹੀ ਲੋਕ ਨੇ ਜਿੱਥੇ, ਇਹ ਉਹ ਬਸਤੀ ਨਹੀਂ "

ਵਜ਼ਨ ਪੂਰਾ ਕਰਨ ਲਈ ਉਪਰੋਕਤ ਸ਼ਿਅਰ ਦੀ ਪਹਿਲੀ ਤੁਕ ਵਿਚ ਅੱਗ ਦੇ ਸ਼ਬਦ ਖ਼ਰਾਬ ਭਰਤੀ ਹੈ, ਕਿਉਂ ਕਿ ਅੰਗਿਆਰੇ ਤਾਂ ਹੁੰਦੇ ਹੀ ਅੱਗ ਦੇ ਹਨ ਜੇ ਇਹ ਅੱਗ ਦੇ ਸ਼ਬਦ ਸ਼ਿਅਰ ਵਿੱਚੋਂ ਕੱਢ ਵੀ ਦਿੱਤਾ ਜਾਵੇ ਤਾਂ ਅਰਥ ਉੱਤੇ ਕੋਈ ਵੀ ਫ਼ਰਕ ਨਹੀਂ ਪੈਂਦਾ ਜੇ ਇਸ ਸ਼ਿਅਰ ਵਿੱਚ ਕੋਈ ਅਜਿਹਾ ਸ਼ਬਦ ਪਾ ਲਿਆ ਜਾਂਦਾ ਜਿਹੜਾ ਕੇ ਬੇਲੋੜਾ ਨਾ ਲਗਦਾ ਤਾਂ ਸ਼ਿਅਰ ਦਾ ਇਹ ਦੋਸ਼ ਦੂਰ ਹੋ ਜਾਣਾ ਸੀ ਜਿਵੇਂ,

"ਲੋਕ ਏਥੇ ਰਾਤ ਦਿਨ ਅੰਗਿਆਰਿਆਂ ਤੇ ਨੱਚਦੇ"

ਐਬ-ਏ-ਤਅਕੀਬ, ਤਅਕੀਬ ਦਾ ਅਰਥ ਹੈ ਪਿੱਛੇ ਚਲੇ ਜਾਣਾ ਇਹ ਦੋਸ਼ ਸ਼ਿਅਰ ਵਿੱਚ ਉਦੋਂ ਪੈਦਾ ਹੁੰਦਾ ਹੈ ਜਦੋਂ ਜਿਹੜੇ ਸ਼ਬਦ ਸ਼ਿਅਰ ਵਿੱਚ ਪਹਿਲਾਂ ਆਉਣੇ ਚਾਹੀਦੇ ਸੀ ਉਹ ਪਿੱਛੇ ਚਲੇ ਜਾਣ ਜਿਵੇਂ—

"ਉਮਰ ਭਰ ਦੇ ਵਾਸਤੇ ਇਕ ਦਰਦ ਪੱਲੇ ਪਾ ਲਿਆ,
ਯਾਰ ਤੇਰੇ ਹੀ ਹਿਜ਼ਰ ਨੇ ਵਾਂਗ ਘੁਣ ਦੇ ਖਾ ਲਿਆ "

ਇਸ ਸ਼ਿਅਰ ਦੀ ਦੂਸਰੀ ਤੁਕ ਵਿੱਚ ਵਾਂਗ ਤੋਂ ਪਹਿਲਾਂ ਘੁਣ ਸ਼ਬਦ ਆਉਣਾ ਚਾਹੀਦਾ ਸੀ, ਜੋ ਕਿ ਪਿੱਛੇ ਚਲਾ ਗਿਆ ਹੈ ਦੂਸਰੇ ਮਿਸਰੇ ਵਿੱਚ ਭਾਵੇਂ ਹੋਰ ਵੀ ਦੋਸ਼ ਹਨ ਪਰ ਏਥੇ ਅਸੀਂ ਸਿਰਫ਼ ਐਬ-ਏ- ਤਅਕੀਬ ਦਾ ਹੀ ਜ਼ਿਕਰ ਕੀਤਾ ਹੈ ਤਅਕੀਬ ਦਾ ਦੋਸ਼ ਇਸ ਤਰ੍ਹਾਂ ਦੂਰ ਕੀਤਾ ਜਾ ਸਕਦਾ ਸੀ,

"ਹਿਜ਼ਰ ਤੇਰੇ ਨੇ ਤਾਂ ਮੈਨੂੰ ਘੁਣ ਦੇ ਵਾਂਗੂ ਖਾ ਲਿਆ"

ਪਹਿਲੂ-ਏ-ਜਮ, ਪਹਿਲੂ ਦਾ ਅਰਥ ਹੈ ਪਾਸੇ, ਜਮ ਦਾ ਅਰਥ ਹੈ ਬੁਰਾਈ ਜਿਹੜੇ ਸ਼ਿਅਰ ਵਿੱਚ ਨਗਨਤਾ ਜਾਂ ਅਸ਼ਲੀਲਤਾ ਪੈਦਾ ਹੁੰਦੀ ਹੈ ਉਸ ਵਿੱਚ ਪਹਿਲੂ-ਏ-ਜਮ ਦਾ ਦੋਸ਼ ਹੁੰਦਾ ਹੈ ਅਜਿਹੇ ਸ਼ਿਅਰ ਵਿੱਚ ਦੂਹਰੇ ਮਤਲਬ ਵਾਲੇ ਸ਼ਬਦ ਜਿਨ੍ਹਾਂ ਵਿੱਚੋਂ ਅਸ਼ਲੀਲਤਾ ਝਲਕਦੀ ਹੋਵੇ, ਵੀ ਇਹ ਦੋਸ਼ ਪੈਦਾ ਕਰ ਦਿੰਦੇ ਹਨ ਕਈ ਵਾਰ ਤਾਂ ਸ਼ਾਇਰ ਜਾਣ ਬੁਝ ਕੇ ਅਜਿਹਾ ਕਰਦਾ ਹੈ ਪਰ ਕਈ ਵਾਰ ਅਵੇਸਲੇਪਣ ਵਿੱਚ ਵੀ ਅਜਿਹਾ ਵਾਪਰ ਜਾਂਦਾ ਹੈ ਅਜਿਹੇ ਸ਼ਿਅਰ ਦੀ ਮਿਸਾਲ ਦੇਣ ਤੋਂ ਅਸੀਂ ਸੰਕੋਚ ਹੀ ਕਰਦੇ ਹਾਂ

ਮੁਹਾਵਰਾ ਬਿਗਾੜਨਾ, ਜੁਅਫ਼-ਏ-ਤਾਲੀਫ, ਮੁਹਾਵਰੇ ਅਤੇ ਅਖ਼ਾਣ ਕਿਸੇ ਭਾਸ਼ਾ ਦੇ ਗਹਿਣਿਆਂ ਵਾਂਗ ਹੁੰਦੇ ਹਨ , ਜੋ ਭਾਸ਼ਾ ਨੂੰ ਖ਼ੂਬਸੂਰਤੀ ਪ੍ਰਦਾਨ ਕਰਦੇ ਹਨ ਵਜ਼ਨ ਪੂਰਾ ਕਰਨ ਹਿਤ ਕਿਸੇ ਮੁਹਾਵਰੇ ਦੇ ਸ਼ਬਦਾਂ ਨੂੰ ਅੱਗੇ ਪਿੱਛੇ ਕਰ ਦੇਣਾ ਬਹੁਤ ਵੱਡਾ ਦੋਸ਼ ਹੈ

"ਤਾਰਿਆਂ ਨੂੰ ਗਿਣਦਿਆਂ ਬਹਿ ਕੇ ਗੁਜ਼ਾਰਾਂ ਰਾਤ ਮੈਂ,
ਕੋਈ ਪਾ ਕੇ ਸਿਲਵਟਾਂ ਜਾਂਦੈਂ ਮੇਰੇ ਬਿਸਤਰ ਕਿਵੇਂ "

ਸਹੀ ਮੁਹਾਵਰਾ ਤਾਰੇ ਗਿਣਨਾ ਹੈ, ਉਪਰੋਕਤ ਸ਼ਿਅਰ ਵਿੱਚ ਸ਼ਾਇਰ ਨੇ ਆਪਣਾ ਵਜ਼ਨ ਬਹਿਰ ਪੂਰਾ ਕਰਨ ਹਿਤ ਮੁਹਾਵਰੇ ਦੇ ਸ਼ਬਦਾਂ ਨੂੰ ਅੱਗੇ ਪਿੱਛੇ ਕਰ ਕੇ ਮੁਹਾਵਰਾ ਵਿਗਾੜ ਦਿੱਤਾ ਹੈ ਇਸੇ ਨੂੰ ਹੀ ਜ਼ੁਅਫ-ਏ-ਤਾਲੀਫ਼ ਕਿਹਾ ਜਾਂਦਾ ਹੈ

ਗਲਤ ਮੁਹਾਵਰੇਬੰਦੀ

ਅਖਾਣ ਤੇ ਮੁਹਾਵਰੇ ਲੋਕਾਂ ਦੀ ਜ਼ੁਬਾਨ ਤੇ ਚੜ੍ਹੇ ਹੁੰਦੇ ਹਨ ਮੁਹਾਵਰਿਆਂ ਦੇ ਸ਼ਾਬਦਿਕ ਅਰਥ ਨਹੀਂ ਬਲਕਿ ਭਾਵਅਰਥ ਹੁੰਦੇ ਹਨ ਸ਼ਾਇਰ ਦਾ ਫਰਜ਼ ਬਣਦਾ ਹੈ ਕਿ ਉਹ ਮੁਹਾਵਰਿਆਂ ਦੀ ਸਹੀ ਵਰਤੋਂ ਕਰੇ ਕਈ ਸ਼ਾਇਰ ਬਿਨਾ ਸੋਚੇ ਸਮਝੇ ਹੀ ਗਲਤ ਮੁਹਾਵਰੇਬੰਦੀ ਕਰਕੇ ਸ਼ਿਅਰ ਦੀ ਖ਼ੂਬਸੂਰਤੀ ਵਿਗਾੜ ਦਿੰਦੇ ਹਨ

"ਜੇਕਰ ਤੈਨੂੰ ਨਜ਼ਰ ਵਿਛਾਉਣੀ ਆ ਜਾਂਦੀ,
ਮੈਨੂੰ ਮੇਰੀ ਵਾਟ ਮੁਕਾਉਣੀ ਆ ਜਾਂਦੀ "

ਸਹੀ ਮੁਹਾਵਰੇ ਅੱਖੀਆਂ ਵਿਛਾਉਣਾ ਹੈ, ਜਿਸ ਦਾ ਮਤਲਬ ਹੁੰਦਾ ਹੈ ਬੜੀ ਬੇਸਬਰੀ ਨਾਲ ਕਿਸੇ ਦੀ ਉਡੀਕ ਕਰਨੀ ਉਪਰੋਕਤ ਸ਼ਿਅਰ ਦੀ ਪਹਿਲੀ ਤੁਕ ਵਿੱਚ ਨਜ਼ਰ ਵਿਛਾਉਣੀ ਵਰਤਿਆ ਹੈ ਜੋ ਕਿ ਸਹੀ ਜ਼ੁਬਾਨਦਾਨੀ ਨਹੀਂ ਹੈ ਵੈਸੇ ਵੀ ਅਸੀਂ ਮਹਿਬੂਬ ਦੇ ਰਾਹਾਂ ਵਿੱਚ ਅੱਖੀਆਂ ਵਿਛਾਉਂਦੇ ਹਾਂ ਕਦੇ ਮਹਿਬੂਬ ਨੂੰ ਇਹ ਨਹੀਂ ਕਹਿੰਦੇ ਕਿ ਤੈਨੂੰ ਸਾਡੇ ਰਾਹਾਂ ਵਿੱਚ ਅੱਖੀਆਂ ਵਿਛਾਉਣੀਆਂ ਨਹੀਂ ਆਉਂਦੀਆਂ, ਇਹ ਮੁਹੱਬਤ ਦੀ ਭਾਵਨਾ ਦੇ ਵਿਰੋਧੀ ਗੱਲ ਹੈ

ਐਬ-ਏ-ਤਜ਼ਮੀਨ, ਇਹ ਦੋਸ਼ ਸ਼ਿਅਰ ਵਿੱਚ ਉਦੋਂ ਪੈਦਾ ਹੁੰਦਾ ਹੈ ਜਦੋਂ ਸ਼ਿਅਰ ਦੀ ਪਹਿਲੀ ਤੁਕ ਵਿੱਚ ਜਿਹੜਾ ਸ਼ਬਦ ਆਉਣਾ ਚਾਹੀਦਾ ਸੀ ਉਹ ਦੂਸਰੀ ਤੁਕ ਵਿੱਚ ਚਲਿਆ ਜਾਂਦਾ ਹੈ ਜਿਵੇਂ—

"ਖ਼ਿਆਲਾਂ ਨੂੰ ਸੂਲੀ, ਉਮੀਦਾਂ ਨੂੰ ਫਤਵੇ,
ਮਿਲੇ, ਪਰ ਦੀਵਾਨਾ, ਦੀਵਾਨਾ ਰਿਹਾ "

ਇਸ ਸ਼ਿਅਰ ਦੀ ਪਹਿਲੀ ਤੁਕ ਵਿਚ ਫਤਵੇਂ ਮਿਲੇ ਸ਼ਬਦ ਲਗਦਾ ਤਾਂ ਹੀ ਇਸ ਦਾ ਅਰਥ ਸਪਸ਼ਟ ਹੋਣਾ ਸੀ ਪਹਿਲੀ ਤੁਕ ਦਾ ਸ਼ਬਦ ਦੂਸਰੀ ਤੁਕ ਵਿੱਚ ਚਲੇ ਜਾਣ ਨਾਲ ਸ਼ਿਅਰ ਵਿੱਚ ਐਬ-ਏ-ਤਜ਼ਮੀਨ ਪੈਦਾ ਹੋ ਗਿਆ ਹੈ

ਐਬ-ਦੋ ਲਖ਼ਤ, ਲਖ਼ਤ ਦਾ ਅਰਥ ਹੈ ਟੁਕੜੇ ਤਾਂ ਹੀ ਮਾਪੇ ਅਪਣੇ ਬੱਚਿਆਂ ਨੂੰ ਲਖ਼ਤੇ ਜਿਗਰ ਆਖਦੇ ਹਨ ਸ਼ਿਅਰ ਵਿੱਚ ਇਹ ਦੋਸ਼ ਉਦੋਂ ਪੈਦਾ ਹੁੰਦਾ ਹੈ ਜਦੋਂ ਪਹਿਲੀ ਤੁਕ ਵਿੱਚ ਕਿਸੇ ਹੋਰ ਵਿਸ਼ੇ ਬਾਰੇ ਖ਼ਿਆਲ ਪ੍ਰਗਟਾਇਆ ਹੋਵੇ ਅਤੇ ਦੂਸਰੀ ਤੁਕ ਵਿੱਚ ਕਿਸੇ ਹੋਰ ਵਿਸ਼ੇ ਬਾਰੇ—

"ਰਤ ਧਰਤ ਦੀ ਚੂਸੀ ਹੈ, ਅਗਨੀ ਦੇ ਠੇਕੇਦਾਰਾਂ ,
ਕਾਲਾ ਗੁਲਾਬ ਉਗਦਾ ਤਾਂ ਹੀ ਤਾਂ ਹੈ ਬਥੇਰਾ "

ਇਸ ਸ਼ਿਅਰ ਦੀ ਪਹਿਲੀ ਤੁਕ ਵਿੱਚ ਮਨੁੱਖ ਹੱਥੋਂ ਮਨੁੱਖ ਦੀ ਹੋ ਰਹੀ ਲੁੱਟ ਖਸੁੱਟ ਦਾ ਜ਼ਿਕਰ ਹੈ, ਜਦ ਕਿ ਦੂਸਰੀ ਤੁਕ ਵਿੱਚ ਕਾਲੇ ਗੁਲਾਬ ਦੇ ਉੱਗਣ ਦਾ ਲੁੱਟ ਖਸੁੱਟ ਨਾਲ ਕੋਈ ਸਬੰਧ ਨਹੀਂ ਇਸ ਤਰ੍ਹਾਂ ਇਸ ਸ਼ਿਅਰ ਵਿੱਚ ਐਬ ਦੋ ਲਖਤ ਪੈਦਾ ਹੋ ਗਿਆ ਹੈ

ਐਬ ਜ਼ਿਆਦਤੀ ਏ ਰੁਕਨ, ਕਈ ਵਾਰ ਸ਼ਾਇਰ ਆਪਣੇ ਸ਼ਿਅਰ ਦੀ ਇਕ ਤੁਕ ਵਿਚ ਪੂਰਾ ਰੁਕਨ ਵਧਾ ਦਿੰਦੇ ਹਨ ਆਪਣੀ ਪੁਸਤਕ 'ਗ਼ਜ਼ਲ ਕੀ ਹੈ' ਵਿੱਚ ਜਨਾਬ ਦੀਪਕ ਜੈਤੋਈ, ਸਵਰਗੀ ਨੰਦ ਲਾਲ ਨੂਰਪੁਰੀ ਦੇ ਇੱਕ ਸ਼ਿਅਰ ਦੀ ਉਦਾਹਰਣ ਦਿੰਦੇ ਹਨ—

"ਨੂਰਪੁਰੀਆ ਜ਼ਿਕਰ ਤੇਰਾ ਹੁੰਦਾ ਹੁੰਦਾ ਸੀ ਕਦੇ,
ਹੁਣ ਤਾਂ ਤੇਰਾ ਜ਼ਿਕਰ ਹੈ ਨਾ ਨਾਮ ਹੈ "

ਉਪਰੋਕਤ ਸ਼ਿਅਰ ਦੀ ਪਹਿਲੀ ਤੁਕ ਵਿੱਚ ਇਕ ਪੂਰਾ ਰੁਕਨ 'ਫਾਇਲਾਤੁਨ' ਵੱਧ ਗਿਆ ਹੈ ਇਸੇ ਨੂੰ ਹੀ ਜ਼ਿਆਦਤੀ ਏ ਰੁਕਨ ਦਾ ਦੋਸ਼ ਮੰਨਿਆ ਜਾਂਦਾ ਹੈ

ਐਬ-ਏ-ਕਮ ਰੁਕਨ, ਇਹ ਦੋਸ਼ ਐਬ ਏ ਜ਼ਿਆਦਤੀ ਰੁਕਨ ਦੇ ਬਿਲਕੁਲ ਉਲਟ ਦੋਸ਼ ਹੈ ਇਸ ਦੋਸ਼ ਦੇ ਤਹਿਤ ਕਈ ਵਾਰ ਸ਼ਾਇਰ ਆਪਣੇ ਸ਼ਿਅਰ ਵਿੱਚ ਲੋੜੀਂਦੇ ਰੁਕਨ ਨਾਲੋਂ ਇਕ ਰੁਕਨ ਘਟਾ ਦਿੰਦੇ ਹਨ ਉਦਾਹਰਣ ਵਜੋਂ—

"ਨਾ ਨਾ ਨਾ ਨਾ ਨਾ ਨਾ ਨਾ ਜੀ ਨਾ,
ਦਰਦ ਨਾ ਕੱਢਿਉ ਦਿਲ ਚੋਂ ਬੰਦਾ ਘਰ ਦਾ ਹੈ "

ਉਪਰੋਕਤ ਸ਼ਿਅਰ ਦਾ ਵਜ਼ਨ ਫਿਅਲੁਨ, ਫਿਅਲੁਨ, ਫਿਅਲੁਨ, ਫਿਅਲੁਨ, ਫਿਅਲੁਨ ਫੇ ਹੈ ਪਰ ਸ਼ਾਇਰ ਨੇ ਪਹਿਲੀ ਤੁਕ ਵਿੱਚ ਇਕ ਪੂਰਾ ਰੁਕਨ ਘਟਾ ਦਿੱਤਾ ਹੈ ਯਾਨੀ ਕਿ ਮਿਸਰਾ ਫਿਅਲੁਨ, ਫਿਅਲੁਨ, ਫਿਅਲੁਨ, ਫਿਅਲੁਨ ਫੇ ਰਹਿ ਗਿਆ ਹੈ

ਐਬ ਮੁਖ਼ਾਲਿਫ਼ ਲੁਗਤ, ਇਸ ਦਾ ਸ਼ਾਬਦਿਕ ਅਰਥ, ਸ਼ਬਦ ਕੋਸ਼ ਦੇ ਵਿਰੁੱਧ ਹੈ ਜਦੋਂ ਸ਼ਿਅਰ ਵਿੱਚ ਕੋਈ ਸ਼ਬਦ, ਸ਼ਬਦਕੋਸ਼ ਵਿੱਚ ਦਿੱਤੇ ਗਏ ਉਸ ਸ਼ਬਦ ਦੇ ਉਚਾਰਣ ਤੋਂ ਉਲਟ ਬੰਨ੍ਹਿਆ ਜਾਵੇ ਤਾਂ ਉਸ ਨੂੰ ਐਬ ਮੁਖ਼ਾਲਿਫ਼ ਲੁਗਤ ਕਿਹਾ ਜਾਂਦਾ ਹੈ ਇਹ ਐਬ ਖ਼ਾਸ ਕਰਕੇ ਤਿੰਨ ਅੱਖਰੇ ਸ਼ਬਦਾਂ ਤੇ ਲਾਗੂ ਹੁੰਦਾ ਹੈ ਸ਼ਬਦਾਂ ਨੂੰ ਉਹਨਾਂ ਦੇ ਸਹੀ ਉਚਾਰਣ ਤੇ ਬੰਨ੍ਹਣਾ ਹੀ ਸ਼ਾਇਰਾਂ ਦੀ ਖ਼ੂਬੀ ਮੰਨੀ ਜਾਂਦੀ ਹੈ, ਕਿਉਂਕਿ ਵਾਰਤਿਕ ਵਿੱਚ ਤਾਂ ਕਿਸੇ ਸ਼ਬਦ ਦੇ ਸਹੀ ਉਚਾਰਣ ਦਾ ਪਤਾ ਹੀ ਨਹੀਂ ਲੱਗਦਾ ਸ਼ਬਦਾਂ ਦਾ ਸਹੀ ਉਚਾਰਣ ਸ਼ਿਅਰ ਵਿੱਚ ਖ਼ੂਬਸੂਰਤੀ ਪੈਦਾ ਕਰਦਾ ਹੈ ਮਿਸਾਲ ਵਜੋਂ ਹੁਸਨ ਸ਼ਬਦ ਦਾ ਉਚਾਰਣ ਸ਼ਬਦ ਕੋਸ਼ ਅਨੁਸਾਰ ਹੁਸ+ਨ ਹੈ, ਪਰ ਜੇ ਅਸੀਂ ਸ਼ਿਅਰ ਵਿੱਚ ਇਸ ਨੂੰ ਹੁ+ਸਨ ਦੇ ਵਜ਼ਨ ਤੇ ਬੰਨ੍ਹ ਦੇਈਏ ਤਾਂ ਇਹ ਘਸੁੰਨ ਵਰਗਾ ਲਗਦਾ ਹੈ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਪੰਜਾਬੀ ਦੇ ਹਮਾਤੜ

ਤਮਾਤੜ੍ਹ ਸ਼ਾਇਰ ਤਾਂ ਕੀ ਬਲਕਿ ਕਹਿੰਦੇ ਕਹਾਉਂਦੇ ਸ਼ਾਇਰ ਵੀ ਇਸ ਦੋਸ਼ ਤੋਂ ਮੁਕਤ ਨਹੀਂ ਹਨ

"ਉਹ ਮੇਰੇ ਕੋਲ ਆਉਂਦਾ ਹੈ, ਤਲਬ ਦੀ ਬਾਤ ਪਾਉਂਦਾ ਹੈ,
ਤਲਬ ਦੀ ਬਾਤ ਪਾਉਂਦਾ ਹੈ, ਸਬਰ ਨੂੰ ਸੰਨ੍ਹ ਲਾਉਂਦਾ ਹੈ "
ਜਦੋਂ ਉਹ ਪੱਥਰਾਂ ਨੂੰ ਝਰਨਿਆਂ ਦੇ ਸੁਰ ਸੁਣਾਉਂਦਾ ਹੈ,
ਤਾਂ ਉਹਦੇ ਹੁਨਰ ਦੀ ਲੈਅ ਤੇ ਹਿਮਾਲਾ ਤਿਲਮਿਲਾਉਂਦਾ ਹੈ

ਉਪਰੋਕਤ ਸ਼ਿਅਰਾਂ ਵਿੱਚੋਂ ਪਹਿਲੇ ਸ਼ਿਅਰ ਵਿਚ ਵਰਤੇ ਗਏ ਸਬਰ ਤੇ ਤਲਬ ਸ਼ਬਦਾਂ ਦਾ ਉਚਾਰਣ ਸਬ+ਰ ਤੇ ਤਲ+ਬ ਹੈ ਪਰ ਇਨ੍ਹਾਂ ਸ਼ਬਦਾਂ ਨੂੰ ਸ਼ਾਇਰ ਨੇ ਸ+ਬਰ ਤੇ ਤ+ਲਬ ਦੇ ਵਜ਼ਨ ਤੇ ਬੰਨ੍ਹਿਆ ਹੈ ਇਸੇ ਤਰ੍ਹਾਂ ਦੂਸਰੇ ਸ਼ਿਅਰ ਵਿਚਲੇ ਸ਼ਬਦ ਹੁਨਰ ਦਾ ਉਚਾਰਣ ਹੁ+ਨਰ ਦੇ ਵਜ਼ਨ ਤੇ ਹੈ ਪਰ ਸ਼ਾਇਰ ਨੇ ਇਸ ਨੂੰ ਹੁਨ+ਰ ਦੇ ਵਜ਼ਨ ਤੇ ਬੰਨਿਆ ਹੈ

ਬੇਲੋੜੇ ਨੂੰ ਦੀ ਵਰਤੋਂ, ਕਈ ਵਾਰ ਸ਼ਾਇਰ ਵਜ਼ਨ ਬਹਿਰ ਦੀ ਪੂਰਤੀ ਕਰਨ ਖਾਤਰ ਉਹਨਾਂ ਸ਼ਬਦਾਂ ਨਾਲ ਵੀ ਨੂੰ ਸ਼ਬਦ ਵਰਤਦੇ ਹਨ ਜਿੱਥੇ ਇਸ ਦੀ ਲੋੜ ਹੀ ਨਹੀਂ ਹੁੰਦੀ ਬੇਲੋੜੀ ਥਾਂ ਤੇ ਵਰਤਿਆ ਗਿਆ 'ਨੂੰ' ਸ਼ਿਅਰ ਵਿਚ ਬੇ-ਸੁਆਦੀ ਪੈਦਾ ਕਰਦਾ ਹੈ

"ਜੋ ਖਾਂਦੇ ਪਿੰਜਰਿਆਂ ਵਿੱਚ ਦਾਣਿਆਂ ਨੂੰ,
ਕਰਨਗੇ ਕੀ ਉਹ ਸੋਨੇ ਦੇ ਪਰਾਂ ਨੂੰ "

ਇਸ ਸ਼ਿਅਰ ਵਿੱਚ ਦਾਣਿਆਂ ਦੇ ਨਾਲ ਬੇ-ਲੋੜਾ 'ਨੂੰ' ਵਰਤਿਆ ਗਿਆ ਹੈ ਦਾਣੇ ਖਾਣਾ ਕਹਿਣ ਨਾਲ ਵੀ ਸਰ ਜਾਣਾ ਸੀ ਵੈਸੇ ਪੰਛੀ ਦਾਣਾ ਖਾਂਦੇ ਨਹੀਂ ਚੁਗਦੇ ਹਨ

ਐਬ ਗ਼ੈਰ ਮਾਨੂਸ ਜਾਂ ਗਰਾਬਤ ਏ ਲਫ਼ਜੀ, ਇਹ ਦੋਸ਼ ਉਦੋਂ ਪੈਦਾ ਹੁੰਦਾ ਹੈ, ਜਦੋਂ ਕਿਸੇ ਸ਼ਿਅਰ ਵਿੱਚ ਉਹ ਸ਼ਬਦ ਵਰਤੇ ਜਾਣ, ਜਿਹੜੇ ਅਜੀਬੋ ਗ਼ਰੀਬ ਹੋਣ, ਜੋ ਸੁਣਨ ਵਾਸਤੇ ਚੰਗੇ ਨਾ ਲੱਗਣ ਅਜਿਹੇ ਸ਼ਬਦ ਵਰਤਣ ਨਾਲ ਸ਼ਿਅਰਾਂ ਦੀ ਸੰਗੀਤਆਤਕਮਕਤਾ ਭੰਗ ਹੁੰਦੀ ਹੋਵੇ, ਗ਼ਜ਼ਲ ਦੀ ਜ਼ੁਬਾਨ ਇਕ ਖ਼ਾਸ ਕਿਸਮ ਦੀ ਜ਼ੁਬਾਨ ਹੁੰਦੀ ਹੈ, ਇਸ ਵਿੱਚ ਵਰਤੇ ਜਾਣ ਵਾਲੇ ਸ਼ਬਦ ਅਤਿ ਕੋਮਲ ਹੋਣੇ ਚਾਹੀਦੇ ਹਨ

"ਏਥੇ ਸੌਂ ਕੇ, ਬੰਨ੍ਹੀਏ ਸੁਪਨੇ ਵਿਚ ਓਥੇ,
ਪੰਜ ਕਲਿਆਣੀ, ਤੋਕੜ, ਕਾਲੀ ਬੱਗ੍ਹੀ, ਬੂਰੀ "

ਉਪਰੋਕਤ ਸ਼ਿਅਰ ਵਿੱਚ ਆਏ ਸ਼ਬਦ ਪੰਜ-ਕਲਿਆਣੀ, ਤੋਕੜ, ਕਾਲੀ, ਬੂਰੀ ਵਗੈਰਾ ਮੱਝਾਂ ਦੀਆਂ ਕਿਸਮਾਂ ਬਿਆਨ ਕਰਦੇ ਹਨ ਸ਼ਾਇਰ ਨੇ ਸ਼ਿਅਰ ਵਿੱਚ ਪੂਰਾ ਪਸ਼ੂਆਂ ਦਾ ਚੌਣਾ ਛੱਡ ਦਿੱਤਾ ਹੈ ਸ਼ਿਅਰ ਦਾ ਹਸ਼ਰ ਤੁਸੀਂ ਆਪ ਹੀ ਦੇਖ ਲਵੋ, ਤਰੰਨੁਮ ਚ ਪੜ੍ਹਦਿਆਂ ਕੀ ਨਜ਼ਾਰਾ ਬੱਝੇਗਾ, ਇਸ ਦਾ ਤੁਸੀਂ ਖ਼ੁਦ ਹੀ ਅੰਦਾਜ਼ਾ ਲਗਾ ਲਵੋ ਉਪਰੋਕਤ ਸ਼ਿਅਰ ਵਿੱਚ ਐਬ ਗ਼ੈਰ ਮਾਨੂਸ ਰੜਕਦਾ ਹੈ

ਅਜਿਹੇ ਸ਼ਬਦ ਅਤੇ ਵਿਸ਼ੇ ਗ਼ਜ਼ਲ ਵਿੱਚ ਵਰਤਣ ਤੋਂ ਸੰਕੋਚ ਹੀ ਕਰਨਾ ਚਾਹੀਦਾ ਹੈ ਗ਼ਜ਼ਲ ਦੇ ਪਾਠਕ ਜਾਂ ਸਰੋਤੇ ਪਹਿਲਾਂ ਹੀ ਬਹੁਤ ਘੱਟ ਹਨ

ਨ ਅਤੇ ਣ ਦਾ ਕਾਫ਼ੀਆ—

ਕਈ ਸ਼ਾਇਰ ਆਪਣੇ ਸ਼ਿਅਰ ਵਿੱਚ ਕਾਫ਼ੀਆ ਬੰਨ੍ਹਦਿਆਂ ਕਈ ਵਾਰੀ ਨ ਬੰਨ੍ਹਦੇ ਹਨ ਤੇ ਕਈ ਵਾਰ ਣ ਇਹ ਜ਼ਾਇਜ ਨਹੀਂ ਠਹਿਰਾਇਆ ਜਾ ਸਕਦਾ ਗ਼ਜ਼ਲ ਕਾਫ਼ੀ ਸੂਖਮ ਕਾਵਿ ਰੂਪ ਹੈ ਇਸ ਤਰ੍ਹਾਂ ਦੀ ਛੇੜ ਛਾੜ ਵੀ ਇਹ ਝੱਲਦੀ ਨਹੀਂ

"ਜ਼ਿੰਦਗੀ ਨੂੰ ਜੀਣ ਦਾ ਕੋਈ ਬਹਾਨਾ ਲੱਭ ਦਿਲਾ,
ਯਾਰ ਹੁਣ ਕੋਈ ਨਵਾਂ ਜਾਂ ਫਿਰ ਪੁਰਾਣਾ ਲੱਭ ਦਿਲਾ "

ਉਪਰੋਕਤ ਸ਼ਿਅਰ ਨ ਤੇ ਣ ਦਾ ਕਾਫ਼ੀਆ ਰੜਕਦਾ ਹੈ ਕਈ ਸ਼ਾਇਰ ਕਰਤਾ ਵਿਹੂਣੇ ਸ਼ਿਅਰ ਵੀ ਕਹਿ ਜਾਂਦੇ ਹਨ ਜਿਨ੍ਹਾਂ ਵਿੱਚ ਕਰਤਾ ਗ਼ੈਰ-ਹਾਜ਼ਰ ਹੁੰਦਾ ਹੈ, ਇਹ ਵੀ ਇੱਕ ਐਬ ਹੈ

"ਕਣਕ ਬਥੇਰੀ ਉਗਦੀ ਫਿਰ ਵੀ ਖਾਂਦੇ ਨੇ,
ਮੁਰਗੇ, ਬੱਕਰੇ, ਗਾਵਾਂ ਵਿੱਚ ਪ੍ਰਦੇਸਾਂ ਦੇ "

ਉਪਰੋਕਤ ਸ਼ਿਅਰ ਵਿਚ ਇਹ ਪਤਾ ਨਹੀਂ ਲਗਦਾ ਕਿ ਮੁਰਗੇ, ਬੱਕਰੇ ਗਾਵਾਂ ਕੌਣ ਖਾਂਦੇ ਹਨ, ਸੋ ਇਸ ਤਰ੍ਹਾਂ ਉਪਰੋਕਤ ਸ਼ਿਅਰ ਕਰਤਾ ਵਿਹੂਣਾ ਹੈ ਵੈਸੇ ਵੀ ਦੁੱਖ ਦਾ ਸਬੰਧ ਭੁੱਖ ਨਾਲ ਹੈ ਮੁਰਗੇ ਬੱਕਰੇ ਖਾਣ ਨਾਲ ਦੁੱਖ ਦਾ ਕੀ ਸਬੰਧ ਹੈ ਵੈਸੇ ਵੀ ਅਜਿਹੇ ਸ਼ਬਦ ਗ਼ਜ਼ਲ ਦੇ ਅਨੁਕੂਲ ਨਹੀਂ

ਹਰਫ਼ ਏ ਇਸ਼ਾਰਾ ਜਾਂ ਸੰਕੇਤਕ ਅੱਖਰ ਦੀ ਘਾਟ—

ਕਈ ਵਾਰ ਸ਼ਿਅਰ ਵਿੱਚ ਮਹਿਬੂਬ ਦਾ ਜ਼ਿਕਰ ਕਰਦਿਆਂ ਸੰਕੇਤ ਦੀ ਘਾਟ ਰੜਕਦੀ ਹੈ ਪਾਠਕ ਨੂੰ ਇਹ ਪਤਾ ਨਹੀਂ ਲਗਦਾ ਕਿ ਸ਼ਾਇਰ ਕਿਸ ਦੀ ਤਰਫ਼ ਇਸ਼ਾਰਾ ਕਰਦਾ ਹੈ ਇਸ ਕਰਕੇ ਸ਼ਿਅਰ ਦੇ ਅਰਥ ਸਪਸ਼ਟ ਨਹੀਂ ਹੁੰਦੇ, ਸੋ ਪਾਠਕ ਜਾਂ ਸਰੋਤਾ ਸ਼ਿਅਰ ਦਾ ਪੂਰਾ ਲੁਤਫ਼ ਨਹੀਂ ਉਠਾ ਸਕਦਾ।

"ਆਖ ਦੇਵੋ ਹੁਣ ਤੁਸੀਂ ਹੀ ਦੋਸਤੋ,
ਇਸ ਤਰ੍ਹਾਂ ਤਾਂ ਜ਼ੁਲਮ ਨਾ ਢਾਇਆ ਕਰੇ "

ਉਪਰੋਕਤ ਸ਼ਿਅਰ ਵਿੱਚ ਇਹ ਪਤਾ ਨਹੀਂ ਲਗਦਾ ਕਿ ਕੌਣ ਕਿਸ ਉੱਤੇ ਜ਼ੁਲਮ ਨਾ ਢਾਵੇ, ਦੋਵੇਂ ਧਿਰਾਂ ਗ਼ੈਰ-ਹਾਜ਼ਰ ਨੇ, ਇਹ ਤਾਂ ਹਵਾ 'ਚ ਡਾਗਾਂ ਮਾਰਨ ਵਾਲੀ ਗੱਲ ਹੈ ਇਹ ਸ਼ਿਅਰ ਜੇ ਇਸ ਤਰ੍ਹਾਂ ਕਿਹਾ ਜਾਂਦਾ ਤਾਂ ਦੋਹਾਂ ਧਿਰਾਂ ਦੀ ਹਾਜ਼ਰੀ ਲੱਗ ਜਾਣੀ ਸੀ, ਤੇ ਇਹ ਸ਼ਿਅਰ ਸਪਸ਼ਟ ਹੋ ਜਾਣਾ ਸੀ

"ਆਖ ਦੇਵੋ ਹੁਣ ਤੁਸੀਂ ਹੀ ਓਸ ਨੂੰ,
ਅਪਣਿਆਂ ਤੇ ਜ਼ੁਲਮ ਨਾ ਢਾਇਆ ਕਰੇ "

ਸੋ ਸ਼ਿਅਰ ਵਿੱਚ ਹਰਫ਼-ਏ-ਇਸ਼ਾਰਾ ਬਹੁਤ ਜ਼ਰੂਰੀ ਹੈ

ਅੱਧਕ ਦੋਸ਼—

ਕਈ ਵਾਰੀ ਸ਼ਾਇਰ ਆਪਣੇ ਸ਼ਿਅਰ ਵਿੱਚ, ਅਜਿਹੇ ਕਾਫ਼ੀਏ ਲੈ ਲੈਂਦੇ ਹਨ ਜਿਨ੍ਹਾਂ ਵਿੱਚੋਂ ਕੁੱਝ ਕਾਫੀਏ ਅੱਧਕ ਵਾਲੇ ਹੁੰਦੇ ਹਨ, ਤੇ ਕੁੱਝ ਬਿਨਾਂ ਅੱਧਕ ਦੇ, ਇਸ ਤਰ੍ਹਾਂ ਸ਼ਿਅਰ ਦੀ ਖ਼ੂਬਸੂਰਤੀ ਭੰਗ ਹੋ ਜਾਂਦੀ ਹੈ ਤੇ ਅਰਥਾਂ ਦਾ ਵੀ ਅਨਰਥ ਹੋ ਜਾਂਦਾ ਹੈ

"ਪੀੜ ਧੁਖੀ ਤਾਂ ਸਫ਼ਿਆਂ ਉੱਤੇ ਹਰਫ਼ ਉਲੀਕਣ ਲੱਗ ਪੈਣਾ,
ਸਾਡਾ ਕੀ ਏ, ਅੱਥਰੂਆਂ ਦਾ, ਮਨ ਭਰਿਆ ਤਾਂ ਵਗ ਪੈਣਾ "

ਇਸ ਤਰ੍ਹਾਂ ਉਪਰੋਕਤ ਮਤਲੇ ਵਿੱਚ ਲੱਗ ਤੇ ਵਗ ਕਾਫੀਏ ਹਨ ਜੋ ਕਿ ਵੱਖੋ ਵੱਖਰੀ ਤਰ੍ਹਾਂ ਦੇ ਹਨ ਲੱਗ ਉੱਤੇ ਅਧਕ ਲਗਦੀ ਹੈ ਪਰ ਵਗ ਤੇ ਨਹੀਂ ਲਗਦੀ ਜੇਕਰ ਵਗ ਤੇ ਅੱਧਕ ਲਾ ਦੇਈਏ ਤਾਂ ਇਹ ਵੱਗ ਬਣ ਜਾਂਦਾ ਹੈ ਅਤੇ ਇਸ ਦਾ ਅਰਥ ਵੀ ਬਦਲ ਜਾਂਦਾ ਹੈ ਵੱਗ ਪਸ਼ੂਆਂ ਦੇ ਇਕੱਠ ਨੂੰ ਕਿਹਾ ਜਾਂਦਾ ਹੈ ਇਸੇ ਤਰ੍ਹਾਂ ਜੇ ਲੱਗ ਦਾ ਅੱਧਕ ਹਟਾ ਦਿੱਤਾ ਜਾਵੇ ਤਾਂ ਇਹ ਲਗ ਰਹਿ ਜਾਂਦਾ ਹੈ, ਜੋ ਕਿ ਇਕ ਮਾਤਰਾ ਨੂੰ ਕਿਹਾ ਜਾਂਦਾ ਹੈ ਇਸ ਲਈ ਅਰਥਾਂ ਤੋਂ ਅਨਰਥ ਕਰਨ ਵਾਲੇ ਕਾਫ਼ੀਏ ਵਰਤਣ ਤੋਂ ਸੰਕੋਚ ਕਰਨਾ ਚਾਹੀਦਾ ਹੈ

ਐਬ-ਤਕਾਬੁਲ ਏ ਰਦੀਫ਼ ਐਨ, —ਤਕਾਬੁਲ ਦਾ ਅਰਥ ਹੈ ਮੁਕਾਬਲਾ ਤਕਾਬੁਲ ਵੈਸੇ ਸ਼ਿਅਰ ਦਾ ਗੁਣ ਮੰਨਿਆਂ ਜਾਂਦਾ ਹੈ ਤਕਾਬੁਲ ਦੋਸ਼ ਉਦੋਂ ਬਣਦਾ ਹੈ ਜਦੋਂ ਕਿਸੇ ਸ਼ਿਅਰ ਦੀ ਪਹਿਲੀ ਤੁਕ ਦੇ ਅਖ਼ੀਰ ਉੱਤੇ ਉਹੀ ਲਗਾਂ ਜਾਂ ਅੱਖਰ ਆ ਰਹੇ ਹੋਣ ਜਿਹੜੇ ਦੂਜੀ ਤੁਕ ਦੇ ਅਖ਼ੀਰ ਵਿੱਚ ਆਉਂਦੇ ਹੋਣ ਦੂਸਰੀ ਤੁਕ ਦੇ ਅਖ਼ੀਰ ਵਿੱਚ ਰਦੀਫ ਹੋਣ ਕਰਕੇ ਇਸ ਨੂੰ ਰਦੀਫ ਦਾ ਟਕਰਾਉ ਕਿਹਾ ਜਾਂਦਾ ਹੈ ਜੇ ਰਦੀਫ ਦੇ ਬਗ਼ੈਰ ਵੀ ਸ਼ਿਅਰ ਹੋਵੇ ਤਾਂ ਇਹ ਕਾਫ਼ੀਏ ਨਾਲ ਟਕਰਾਉ ਪੈਦਾ ਕਰਦਾ ਹੈ ਅਤੇ ਇਹ ਦੋਸ਼ ਮੰਨਿਆ ਜਾਂਦਾ ਹੈ —

"ਹਨੇਰੇ ਦੇ ਜਦ ਵੀ, ਤੁਸੀਂ ਬੀਜ ਬੀਜੇ,
ਅਸੀਂ ਵੀ ਘਰਾਂ ਵਿੱਚ ਉਗਾਲਾਂਗੇ ਦੀਵੇ "

ਉਪਰੋਕਤ ਸ਼ਿਅਰ ਵਿੱਚ, ਦੂਜੀ ਤੁਕ ਵਿਚ ਦੀਵੇ, ਗ਼ਜ਼ਲ ਦਾ ਰਦੀਫ਼ ਹੈ ਪਹਿਲੀ ਤੁਕ ਦੇ ਅਖ਼ੀਰ ਉੱਤੇ ਬੀਜੇ ਸ਼ਬਦ ਬੰਨ੍ਹਿਆ ਗਿਆ ਹੈ, ਇਸ ਤਰ੍ਹਾਂ ਸ਼ਿਅਰ ਮਤਲੇ ਦਾ ਭੁਲੇਖਾ ਪਾ ਜਾਂਦਾ ਹੈ

ਲ, ਲ਼ ਤੇ ਲ੍ਹ ਦਾ ਕਾਫ਼ੀਆ ਬੰਨਣਾ— ਕਈ ਵਾਰੀ ਸ਼ਾਇਰ ਆਪਣੇ ਸ਼ਿਅਰਾਂ ਵਿਚ ਲ, ਲ਼, ਲ੍ਹ ਦਾ ਕਾਫ਼ੀਆ ਬੰਨ੍ਹ ਲੈਂਦੇ ਹਨ ਇਨ੍ਹਾਂ ਅੱਖਰਾਂ ਦਾ ਉਚਾਰਣ ਵੱਖੋ- ਵੱਖਰਾ ਹੋਣ ਕਰਕੇ ਇਹ ਕਾਫ਼ੀਆ ਦਰੁਸਤ ਨਹੀਂ ਮੰਨਿਆ ਜਾਂਦਾ—

"ਕਿਸਮਤ ਦੇ ਸੁੱਕੇ ਬੀਜ਼ ਚੋਂ ਫੁੱਲਾਂ ਨੂੰ ਟੋਲ੍ਹਦੇ,
ਮਿੱਟੀ ਦੀਆਂ ਹੀ ਰਹਿ ਗਏ ਪਰਤਾਂ ਫਰੋਲ਼ਦੇ "

ਉਪਰੋਕਤ ਸ਼ਿਅਰ ਵਿੱਚ ਪਹਿਲੀ ਤੁਕ ਵਿੱਚ ਲੂ ਅਤੇ ਦੂਸਰੀ ਤੁਕ ਵਿੱਚ ਲ਼ ਦਾ ਕਾਫ਼ੀਆ ਬੰਨ੍ਹਿਆ ਗਿਆ ਹੈ

ਐਬ ਇਤਸਾਲ, ਬਾਅਦ ਸਕੂਤ— ਇਤਸਾਲ ਦਾ ਅਰਥ ਹੈ ਮਿਲਣਾ ਅਤੇ ਸਕੂਤ ਦਾ ਅਰਥ ਹੈ ਡਿੱਗਣਾ ਭਾਵ ਕਿਸੇ ਅੱਖਰ ਦਾ ਡਿੱਗਣ ਮਗਰੋਂ ਮਿਲਣਾ ਇਹ ਵੀ ਐਬ ਤਨਾਫ਼ਰ ਦਾ ਹੀ ਰੂਪ ਹੈ ਐਬ ਏ ਤਨਾਫ਼ਰ ਕਿਸੇ ਸ਼ਬਦ ਦੇ ਅਖ਼ੀਰਲੇ ਅਤੇ ਉਸ ਤੋਂ ਅਗਲੇ ਸ਼ਬਦ ਦੇ ਪਹਿਲੇ ਅੱਖਰ ਦਾ ਟਕਰਾਉਣਾ ਹੈ ਐਬ ਇਤਸਾਲ ਬਾਅਦ ਸਕੂਤ ਦਾ ਮਤਲਬ ਅੱਖਰ ਦਾ ਡਿਗਣ ਮਗਰੋਂ ਟਕਰਾਉਣਾ ਹੈ ਸ਼ਿਅਰ ਵਿੱਚ ਕਈ ਵਾਰ ਓ, ਅ, ੲ ਜਾਂ ਫਿਰ ਕੋਈ ਦੀਰਘ ਲਗ ਬਹਿਰ ਦੀ ਮਜਬੂਰੀ ਕਾਰਣ ਗਿਰਾਉਣੀ ਪੈਂਦੀ ਹੈ, ਪਰ ਇਸ ਤਰ੍ਹਾਂ ਕਰਨ ਨਾਲ ਕਈ ਵਾਰ ਅੱਖਰ ਗਿਰਾਉਣ ਮਗਰੋਂ ਅਗਲੇ ਤੇ ਪਿਛਲੇ ਦੋਵੇਂ ਅੱਖਰ ਇੱਕੋ ਜਹੇ ਰਹਿ ਜਾਂਦੇ ਹਨ ਅਤੇ ਆਪਸ ਵਿੱਚ ਟਕਰਾ ਜਾਂਦੇ ਹਨ ਇਸ ਤਰ੍ਹਾਂ ਸ਼ਿਅਰ ਵਿੱਚ ਇਤਸਾਲ ਬਾਅਦ ਸਕੂਤ ਦਾ ਦੋਸ਼ ਪੈਦਾ ਹੋ ਜਾਂਦਾ ਹੈ

ਗ਼ੈਰ ਫ਼ਸੀਹ ਐਬ—

ਫਸੀਹ ਦਾ ਅਰਥ ਹੁੰਦਾ ਹੈ ਖ਼ੁਸ਼ ਬਿਆਨੀ ਕਹਿਣ ਦਾ ਮਤਲਬ ਹੈ ਜਦੋਂ ਸ਼ਬਦ ਗ਼ੈਰ-ਕਾਵਿਕ ਹੋਣ ਤਾਂ ਸੁਣਦਿਆਂ ਚੰਗੇ ਨਹੀਂ ਲੱਗਦੇ ਅਜਿਹੇ ਸ਼ਬਦਾਂ ਤੇ ਗ਼ੈਰ ਫਸੀਹ ਹੋਣ ਦਾ ਦੋਸ਼ ਲਗਦਾ ਹੈ ਕਿਉਂਕਿ ਖ਼ੁਸ਼ ਬਿਆਨੀ ਗ਼ਜ਼ਲ ਦੀ ਜਿੰਦ ਜਾਨ ਹੈ

"ਹਮੇਸ਼ਾ ਤਾਰਦਾ ਮੈਂ ਦੀਪ ਨੂੰ ਰਸਤਾ ਦਿਖਾਵਣ ਨੂੰ,
ਤਰਾ ਕੇ ਹੁਣ ਡੁਬੋਵਣ ਦਾ ਕੋਈ ਕਾਰਣ ਵੀ ਤਾਂ ਹੋਵੇ "

ਉਪਰੋਤਕ ਸ਼ਿਅਰ ਦੀ ਪਹਿਲੀ ਤੁਕ ਦਾ ਸ਼ਬਦ ਦਿਖਾਵਣ ਅਤੇ ਦੂਸਰੀ ਤੁਕ ਦਾ ਸ਼ਬਦ ਡੁਬੋਵਣ ਗ਼ੈਰ ਫਸੀਹ ਹਨ ਅਜਿਹੇ ਸ਼ਬਦ ਵਰਤਣ ਨਾਲ ਸ਼ਿਅਰ ਦੀ ਖ਼ੂਬਸੂਰਤੀ ਜਾਂਦੀ ਰਹਿੰਦੀ ਹੈ

ਹਰਫ਼ੇ ਨਿਦਾ ਦੀ ਘਾਟ— ਨਿਦਾ ਦਾ ਅਰਥ ਹੈ ਸੰਬੋਧਨ ਕਰਨਾ ਜਾਂ ਮੁਖ਼ਾਤਿਬ ਹੋਣਾ ਐ ਜਾਂ ਓ ਸ਼ਬਦ ਹਰਫ਼ੇ ਨਿਦਾ ਜਾਂ ਸੰਬੋਧਨੀ ਸ਼ਬਦ ਕਹਾਉਂਦੇ ਹਨ ਹਰਫ਼ੇ ਨਿਦਾ ਬਿਨ੍ਹਾਂ ਸ਼ਿਅਰ ਸਪਸ਼ਟ ਨਹੀਂ ਹੁੰਦਾ

"ਉਹ ਮੋਏ ਦਾ ਸੁਣ ਕੇ, ਖ਼ੁਸ਼ੀ ਨਾਲ ਆਇਆ,
ਫਰਿਸ਼ਤੇ ਅਜ਼ਲ ਤੂੰ ਰਹੀਂ ਰੋਜ਼ ਆਉਂਦਾ "

ਉਪਰੋਕਤ ਸ਼ਿਅਰ ਦੀ ਦੂਜੀ ਤੁਕ ਵਿੱਚ ਫਰਿਸ਼ਤੇ ਤੋਂ ਪਹਿਲਾਂ ਐ ਫਰਿਸ਼ਤੇ ਸੰਬੋਧਨੀ ਸ਼ਬਦ ਆਉਣਾ ਚਾਹੀਦਾ ਸੀ, ਤਾਂ ਹੀ ਸ਼ਿਅਰ ਖ਼ੂਬਸੂਰਤ ਹੋ ਸਕਦਾ ਸੀ

ਪਿਛਲੀਆਂ ਕਿਸ਼ਤਾਂ ਵਿੱਚ ਕਾਫ਼ੀਏ ਦਾ ਜ਼ਿਕਰ ਕਰਦੇ ਹੋਏ ਕਾਫ਼ੀਏ ਦੇ ਦੋਸ਼ਾਂ ਬਾਰੇ ਚਰਚਾ ਹੋ ਚੁੱਕੀ ਹੈ ਹੁਣ ਕਾਫ਼ੀਏ ਦੇ ਦੋਸ਼ ਨਹੀਂ ਦੁਹਾਰਾਵਾਂਗੇ

ਜ਼ੁਬਾਨਦਾਨੀ--

ਅਜੋਕੇ ਦੌਰ ਵਿੱਚ ਸ਼ਾਇਰ ਅਣਗਹਿਲੀ ਕਰਕੇ ਜਾਂ ਨਾਦਾਨੀ ਕਰਕੇ ਚੰਗੀ ਭਲੀ ਜ਼ੁਬਾਨ ਵਿਗਾੜ ਰਹੇ ਹਨ ਹਾਲਾਤ ਅਤੇ ਜਜ਼ਬਾਤ ਦੋਵੇਂ ਕ੍ਰਮਵਾਰ ਹਾਲਤ ਅਤੇ ਜਜ਼ਬੇ ਦੇ ਬਹੁਵਚਨ ਹਨ ਪਰ ਕੁੱਝ ਸ਼ਾਇਰ ਹਾਲਾਤਾਂ ਅਤੇ ਜਜ਼ਬਾਤਾਂ ਦਾ ਕਾਫ਼ੀਆ ਬੰਨ੍ਹ ਰਹੇ ਹਨ, ਜੋ ਕਿ ਗ਼ਲਤ ਹੈ, ਕਿਉਂਕਿ ਬਹੁਵਚਨ ਦਾ ਅੱਗੇ ਹੋਰ ਬਹੁਵਚਨ ਕਰਨਾ ਹਾਸੋ-ਹੀਣਾ ਹੈ ਇਸੇ ਤਰ੍ਹਾਂ ਕੁੱਝ ਸ਼ਾਇਰ ਰਵਾਨੀ ਦੀ ਥਾਂ ਤੇ ਰਵਾਨਗੀ ਸ਼ਬਦ ਵਰਤਕੇ ਅਰਥਾਂ ਦਾ ਅਨਰਥ ਕਰ ਦਿੰਦੇ ਹਨ ਕਿਉਂਕਿ ਰਵਾਨੀ ਦਾ ਅਰਥ ਚਾਲ (Flow) ਅਤੇ ਰਵਾਨਗੀ ਦਾ ਅਰਥ ਵਿਦਾਇਗੀ ਹੈ ਇਸੇ ਤਰ੍ਹਾਂ ਹੀ ਰੋਸੇ ਦੀ ਥਾਂ ਰੁਸਵਾਈ ਸ਼ਬਦ ਵਰਤਦਿਆਂ ਵੀ ਸਥਿਤੀ ਹਾਸੋ ਹੀਣੀ ਹੋ ਜਾਂਦੀ ਹੈ, ਕਿਉਂ ਕਿ ਰੁਸਵਾਈ ਸ਼ਬਦ ਦਾ ਮਤਲਬ ਬਦਨਾਮੀ ਹੁੰਦਾ ਹੈ ਅਖ਼ਬਾਰ ਅਪਣੇ ਆਪ ਵਿੱਚ ਖ਼ਬਰਾਂ ਦਾ ਬਹੁਵਚਨ ਹੈ ਪਰ ਅਸੀਂ ਅਖ਼ਬਾਰ ਤੋਂ ਅਖ਼ਬਾਰਾਂ ਬਣਾ ਰਹੇ ਹਾਂ ਇਸੇ ਤਰ੍ਹਾਂ ਰੌਸ਼ਨੀ ਦੀ ਥਾਂ ਰੁਸ਼ਨਾਈ ਵਰਤ ਲਿਆ ਜਾਂਦਾ ਹੈ ਜਦਕਿ ਰੁਸ਼ਨਾਈ ਦਾ ਮਤਲਬ ਸ਼ਿਆਹੀ ਹੁੰਦਾ ਹੈ ਜ਼ੁਬਾਨਦਾਨੀ ਦਾ ਖ਼ਿਆਲ ਰੱਖਣਾ ਸ਼ਾਇਰ ਵਾਸਤੇ ਬਹੁਤ ਜ਼ਰੂਰੀ ਹੈ ਜਿਹੜੇ ਸ਼ਬਦ ਦੇ ਅਰਥ ਤੁਹਾਨੂੰ ਖ਼ੁਦ ਨੂੰ ਸਪਸ਼ਟ ਨਾ ਹੋਣ ਅਜਿਹੇ ਸ਼ਬਦ ਵਰਤਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ

ਗ਼ਜ਼ਲ ਦੇ ਸ਼ਿਅਰਾਂ ਦੀਆਂ ਖ਼ੂਬੀਆਂ—(ਸ਼ਿਅਰਾਂ ਦੀਆਂ ਉਦਾਹਰਣਾਂ ਸਮੇਤ)

ਪਿਆਰੇ ਦੋਸਤੋ ਇਸ ਤੋਂ ਪਹਿਲਾਂ ਅਸੀਂ ਸ਼ਿਅਰਾਂ ਵਿਚ ਰਹਿ ਜਾਣ ਵਾਲੇ ਸੰਭਾਵਿਤ ਦੋਸ਼ਾਂ ਬਾਰੇ ਚਰਚਾ ਕਰ ਚੁੱਕੇ ਹਾਂ ਸ਼ਿਅਰਾਂ ਵਿੱਚ ਰਹਿ ਜਾਣ ਵਾਲੀਆਂ ਕਮੀਆਂ ਦਾ ਜ਼ਿਕਰ ਅਸੀਂ ਇਸ ਕਰਕੇ ਪਹਿਲਾਂ ਕੀਤਾ ਹੈ, ਤਾਂ ਕਿ ਸਾਨੂੰ ਸ਼ਿਅਰਾਂ ਵਿੱਚ ਰਹਿ ਜਾਣ ਵਾਲੇ ਸੰਭਾਵਿਤ ਦੋਸ਼ਾਂ ਦੀ ਜਾਣਕਾਰੀ ਪਹਿਲਾਂ ਹੋ ਜਾਵੇ ਅਤੇ ਅਸੀਂ ਇਨ੍ਹਾਂ ਦੋਸ਼ਾਂ ਤੋਂ ਮੁਕਤ ਹੋ ਜਾਈਏ ਜੇ ਸਾਡੀ ਸ਼ਾਇਰੀ ਦੋਸ਼ਾਂ ਤੋਂ ਮੁਕਤ ਹੋ ਜਾਵੇਗੀ ਤਾਂ ਅਸੀਂ ਸ਼ਿਅਰਾਂ ਵਿੱਚ ਖ਼ੂਬੀਆਂ ਪੈਦਾ ਕਰ ਸਕਾਂਗੇ

ਗ਼ਜ਼ਲ ਸਿਰਫ਼ ਪ੍ਰੰਪਰਾ ਤੇ ਹੀ ਰੁਕੀ ਨਹੀਂ ਰਹਿੰਦੀ ਸਗੋਂ ਵਕਤ ਦੇ ਅਨੁਸਾਰ ਆਪਣਾ ਮੁਹਾਂਦਰਾ ਵੀ ਬਦਲਦੀ ਰਹਿੰਦੀ ਹੈ , ਕੋਈ ਵਕਤ ਸੀ ਜਦੋਂ ਗ਼ਜ਼ਲ ਦਾ ਦਾਇਰਾ ਔਰਤਾਂ ਨਾਲ ਗੱਲਾਂ ਕਰਨ ਤੱਕ ਹੀ ਸੀਮਤ ਸੀ, ਫੇਰ ਇਸ ਵਿੱਚ ਰਿੰਦਾਨਾ ਰੰਗ ਵੀ ਆਉਣ ਲੱਗਾ, ਮਤਲਬ ਇਸ ਵਿੱਚ ਸਾਕੀ, ਸੁਰਾਹੀ, ਮਹਿਫਿਲ, ਜਾਮ ਵਗ਼ੈਰਾ ਦਾ ਜ਼ਿਕਰ ਵੀ ਆਉਣ ਲੱਗਾ, ਫਿਰ ਇਸ ਨੇ ਹੌਲੀ ਹੌਲੀ ਸੂਫੀਆਨਾ ਰੰਗ ਵੀ ਅਪਣਾ ਲਿਆ, ਯਾਨੀ ਇਸ ਵਿੱਚ ਆਸ਼ਕਾਨਾ, ਰਿੰਦਾਨਾ, ਤੇ ਸੂਫੀਆਨਾ ਵਿਸ਼ਿਆਂ ਦਾ ਬੋਲ-ਬਾਲਾ ਹੋ ਗਿਆ ਅਜੋਕੇ ਦੌਰ ਦੀ ਗ਼ਜ਼ਲ ਵਿੱਚ ਜ਼ਿੰਦਗੀ ਦੇ ਹਰ ਸਰੋਕਾਰ ਦੀ ਗੱਲ ਹੋ ਸਕਦੀ ਹੈ ਅੱਜ ਗ਼ਜ਼ਲ ਦਾ ਦਾਇਰਾ ਸਮਾਜਿਕ, ਰਾਜਨੀਤਿਕ, ਧਾਰਮਿਕ, ਬੌਧਿਕ, ਗੱਲ ਕੀ ਹਰ ਖੇਤਰ ਤੀਕ ਫੈਲਿਆ ਹੋਇਆ ਹੈ ਵਿਸ਼ਿਆਂ ਦੇ ਅਨੁਸਾਰ ਗ਼ਜ਼ਲ ਵਿੱਚ ਨਵੇਂ, ਰੂਪਕ, ਬਿੰਬ, ਤਸਬੀਹਾਂ, ਵਗੈਰਾ ਵਰਤੀਆਂ ਜਾਣ ਲੱਗੀਆਂ ਹਨ

ਗ਼ਜ਼ਲ ਦਾ ਸ਼ਾਇਰ ਆਪਣੇ ਸ਼ਿਅਰਾਂ ਨੂੰ ਖ਼ੂਬਸੂਰਤੀ ਪ੍ਰਦਾਨ ਕਰਨ ਵਾਸਤੇ ਉਨ੍ਹਾਂ ਨੂੰ ਅਲੰਕਾਰਾਂ, ਰੂਪਕਾਂ, ਤਸਬੀਹਾਂ, ਬਿੰਬਾਂ ਨਾਲ ਸ਼ਿੰਗਾਰਦਾ ਸੰਵਾਰਦਾ ਹੈ-

"ਸ਼ਬਦਾਂ ਦੀ ਵੀ ਆਪਣੀ, ਮਿਕਨਾਤੀਸੀ ਖਿੱਚ,
ਪੜ੍ਹਦੇ ਸੁਣਦੇ ਸਾਰ ਜੋ, ਉਤਰਨ ਦਿਲ ਦੇ ਵਿੱਚ "

ਸ਼ਬਦ ਤਾਂ ਉਹੀ ਹੁੰਦੇ ਹਨ, ਜੋ ਸਾਰੇ ਲੋਕ ਬੋਲਦੇ ਹਨ, ਪਰ ਸ਼ਬਦਾਂ ਵਿੱਚ ਮਿਕਨਾਤੀਸੀ ਖਿੱਚ ਪੈਦਾ ਕਰਨਾ ਸ਼ਾਇਰ ਦੇ ਹੱਥ ਵੱਸ ਹੁੰਦਾ ਹੈ ਸ਼ਾਇਰ ਆਪਣੇ ਸ਼ਬਦਾਂ ਵਿੱਚ ਉਹ ਅਸਰ ਪੈਦਾ ਕਰਦਾ ਹੈ, ਕਿ ਪੜ੍ਹਨ ਸੁਣਨ ਵਾਲੇ ਦੇ ਦਿਲ ਵਿੱਚ ਉੱਤਰ ਜਾਂਦੇ ਹਨ ਕੁਦਰਤ ਨੇ ਸ਼ਾਇਰ ਨੂੰ ਉਹ ਤੌਫ਼ੀਕ ਦਿੱਤੀ ਹੈ ਕਿ ਉਹ ਸ਼ਬਦਾਂ ਵਿੱਚ ਜਾਦੂ ਭਰ ਸਕਦਾ ਹੈ, ਕਿਉਂਕਿ—

"ਸ਼ਬਦਾਂ ਦੀ ਜਾਦੂਗਰੀ, ਸ਼ਾਇਰ ਨੂੰ ਦਰਕਾਰ,
ਸ਼ਬਦ ਨਾ ਰਹਿੰਦੇ ਸ਼ਬਦ ਫਿਰ, ਹੋ ਨਿਬੜਨ ਅਲੰਕਾਰ "

ਸ਼ਬਦਾਂ ਵਿੱਚ ਜਾਦੂ ਜਗਾ ਕੇ ਸ਼ਿਅਰਾਂ ਵਿੱਚ ਮਿਕਨਾਤੀਸੀ ਖਿੱਚ ਕਿਸ ਤਰ੍ਹਾਂ ਪੈਦਾ ਕੀਤੀ ਜਾਵੇ, ਉਸਤਾਦ ਸ਼ਾਇਰਾਂ ਨੇ ਗੁਰ ਜਾਂ ਨੁਕਤੇ ਦਰਸਾਏ ਹਨ, ਉਨ੍ਹਾਂ ਦਾ ਸੰਖ਼ੇਪ ਜ਼ਿਕਰ ਕਰਦੇ ਹਾਂ ਸ਼ਿਅਰਾਂ ਵਿੱਚ ਦੋ ਪ੍ਰਕਾਰ ਦੇ ਗੁਣ ਹੁੰਦੇ ਹਨ-

(1) ਸ਼ਬਦ ਅਲੰਕਾਰ (2) ਅਰਥ ਅਲੰਕਾਰ

(1) ਸ਼ਬਦ ਅਲੰਕਾਰ— ਜਾਂ ਸਨਅਤ ਲਫ਼ਜ਼ੀ (ਸ਼ਬਦਾਂ ਦੀ ਕਾਰੀਗਰੀ) ਸ਼ਬਦਾਂ ਦੀ ਕਾਰੀਗਰੀ ਉਸ ਨੂੰ ਕਿਹਾ ਜਾਂਦਾ ਹੈ ਜਦੋਂ ਕੋਈ ਸ਼ਾਇਰ ਆਪਣੇ ਸ਼ਬਦਾਂ ਦੁਆਰਾ ਸ਼ਿਅਰਾਂ ਵਿਚ ਖ਼ੂਬਸੂਰਤੀ ਪੈਦਾ ਕਰਦਾ ਹੈ ਸ਼ਾਇਰ ਆਪਣੇ ਸ਼ਿਅਰ ਵਿੱਚ ਸ਼ਬਦ ਦੀ ਜੜ੍ਹਤ ਇਸ ਤਰ੍ਹਾਂ ਕਰਦਾ ਹੈ ਕਿ ਪੜ੍ਹਨ ਸੁਣਨ ਵਾਲੇ ਦੇ ਦਿਲ 'ਚੋਂ ਆਪ ਮੁਹਾਰੇ ਵਾਹ ਵਾਹ ਨਿਕਲਦੀ ਹੈ, ਸ਼ਾਇਰਾਂ ਨੂੰ ਸਾਡਾ ਇਹੋ ਮਸ਼ਵਰਾ ਹੈ ਕਿ—

"ਮੰਗੇ ਤੋਂ ਮਿਲਦੀ ਨਹੀਂ, ਇਹ ਗੱਲ ਰੱਖੋ ਯਾਦ,
ਆਪ ਮੁਹਾਰੇ ਕ੍ਰਿਸ਼ਨ ਖ਼ੁਦ, ਲੋਕੀ ਦਿੰਦੇ ਦਾਦ "

2) ਅਰਥ ਅਲੰਕਾਰ— ਅਰਥਾਂ ਦੀ ਕਾਰੀਗਰੀ (ਸਨਅਤ ਮਾਅਨਵੀ) ਉਸ ਨੂੰ ਕਹਿੰਦੇ ਹਨ, ਜਦੋਂ ਸ਼ਿਅਰ ਵਿੱਚ ਅਰਥਾਂ ਦੁਆਰਾ ਖ਼ੂਬਸੂਰਤੀ ਪੈਦਾ ਕੀਤੀ ਜਾਵੇ

ਹੁਣ ਪਹਿਲਾਂ ਅਸੀਂ ਸ਼ਬਦ ਅਲੰਕਾਰ ਬਾਰੇ ਜ਼ਿਕਰ ਕਰਾਂਗੇ ਸ਼ਬਦ ਅਲੰਕਾਰ ਵਿੱਚ ਇੱਕੋ ਸ਼ਬਦ ਦਾ ਦੁਹਰਾਉ (ਤਕਰਾਰ ਲਫ਼ਜ਼ੀ) 2. ਇੱਕੋ ਸ਼ਬਦ ਜਿਸ ਦੇ ਵੱਖਰੇ ਵੱਖਰੇ ਅਰਥ ਨਿਕਲਦੇ ਹੋਣ (ਤਜਨੀਸ) 3. ਇੱਕੋ ਸ਼ਬਦ ਤੋਂ ਦੂਜਾ ਸ਼ਬਦ ਬਣਾਉਣਾ (ਇਸ਼ਤਕਾਕ) 4. ਇੱਕੋ ਸ਼ਬਦ ਉਲਟਾ ਕੇ ਦੂਜਾ ਸ਼ਬਦ ਬਣਾਉਣਾ (ਮਾਅਕੂਸ) 5. ਪਹਿਲਾ ਸ਼ਬਦ ਪਿੱਛੋਂ ਵਰਤਣਾ ਤੇ ਪਿਛਲਾ ਸ਼ਬਦ ਪਹਿਲਾਂ ਵਰਤਣਾ (ਰੱਦ ਉਲ ਅਜ਼ਿਜ ਅਲੀ ਉਲ ਸਦਰ) ਭਾਵ ਪਹਿਲੀ ਤੁਕ ਦੇ ਪਿਛਲਾ ਸ਼ਬਦ ਦੂਜੀ ਤੁਕ ਦੇ ਪਹਿਲਾਂ ਲਿਆਉਣਾ 6. ਸ਼ਿਅਰ ਵਿੱਚ ਹਿਸਾਬ ਦੇ ਹਿੰਦਸੇ ਵਰਤਣੇ 7. ਚਿਹਰਾ (ਮੁਹਾਂਦਰਾ) 8. ਖ਼ੁੱਲ੍ਹੇ ਬੁੱਲ੍ਹ (ਵਾਸਿਆ ਓ ਸ਼ਫਤੀਨ) 9. ਮਿਲੇ ਬੁੱਲ੍ਹ,

(ਵਾਸਲ ਓ ਸ਼ਫਤੀਨ) 1 . ਨਗੀਨੇ ਜੜ੍ਹਨਾ (ਤਰਸੀਹ) 11. ਚਾਰ ਖਾਨਾ 12. ਸਿੰਘ-ਅਵਲੋਕਨ (ਤਬਦੀਲ) 13. ਇਕਹਿਰਾ ਕਾਫ਼ੀਆ 14. ਦੂਹਰਾ ਕਾਫ਼ੀਆ 15. ਤੀਹਰਾ ਕਾਫ਼ੀਆ 16. ਸਿਫ਼ਤ ਪ੍ਰਬੰਧ 17. ਤਲਮੀਹ ਵਗ਼ੈਰਾ ਸ਼ਬਦ ਅਲੰਕਾਰ ਹਨ

ਆਉ ਹੁਣ ਅਰਥ ਅਲੰਕਾਰ ਬਾਰੇ ਗੱਲ ਕਰੀਏ ਅਰਥ ਅਲੰਕਾਰ ਜਾਂ ਅਰਥਾਂ ਦੀ ਕਾਰੀਗਰੀ (ਸਨਅਤ ਮਾਅਨਵੀ), ਸ਼ਾਇਰਾਂ ਵੱਲੋਂ ਇਸ ਦੀ ਵਧੇਰੇ ਵਰਤੋਂ ਕਰਨ ਕਰਕੇ ਇਸ ਨੂੰ ਮਾਅਨਵੀ-ਲਫ਼ਜ਼ੀ (ਅਰਥਾਂ ਅਤੇ ਸ਼ਬਦਾਂ) ਦੀ ਕਾਰੀਗਰੀ ਵੀ ਕਿਹਾ ਜਾਂਦਾ ਹੈ 1. ਜਮਾਂ ਕਰਨ (ਮੁਰਾਤ ਓ ਨਜ਼ੀਰ) 2. ਤਜ਼ਾਦ ਜਾਂ ਤਕਾਬਲ 3.(ਭੁਲੇਖਾ) ਈਹਾਮ 4. ਨਿਗਾਹਬਾਨੀ (ਇਰੁਸਾਦ) 5. ਸੁਚੱਜੀ ਸਿਫ਼ਤ (ਮਦਾਹ ਸਬੀਹ) 6. ਸਿਫ਼ਤੀ ਸ਼ਬਦਾਂ 'ਚ ਨਿੰਦਿਆ ਕਰਨੀ (ਹਜਵ ਮਲੀਹ) 7. ਅਖ਼ਾਣ ਦੇ ਉਲਟ (ਕੌਲ ਬਿਲ ਮੂਜ਼ਬ) 8. ਦਲੀਲ ਨਾਲ ਗੱਲ ਕਰਨੀ (ਮੁਦੱਲਲ) 9. ਦੋ ਅਰਥੀ ਸ਼ਬਦ ਵਰਤਣੇ (ਓਮਾਜ) 10. ਮੁਹਾਵਰੇਬੰਦੀ (ਈਰਾਦ ਉਲ ਮਿਸਲ) 11. ਦੋ ਚੀਜ਼ਾਂ ਨੂੰ ਇੱਕੋ ਜਹੀਆਂ ਦੱਸਣਾ (ਮੁਜਾਵਿ ਜ਼ਾਹ) 12. ਜਾਣਕੇ ਮੁਕਰਨਾ (ਤਜਾਹੁਲ- ਆਰਫ) 13. ਹਮਸ਼ਕਲ ਸ਼ਬਦ ਵਰਤਣੇ (ਮੁਸ਼ਾਕਲ) 14. ਸ਼ਿਅਰ ਵਿੱਚ ਕਿਸੇ ਘਟਨਾ ਦਾ ਜ਼ਿਕਰ ਕਰਨਾ (ਤਲਮੀਹ) 15. ਤਫ਼ਰੀਕ 16. ਗੱਲ ਤੋਂ ਫਿਰਨਾ (ਰੁਜੂਅ) 17. ਅਤਿ-ਕਥਨੀ (ਮੁਬਾਲਗਾ)18. ਲਪੇਟਣਾ ਤੇ ਫੈਲਾਉਣਾ (ਲਿਫ਼ ਓ ਨਸ਼ਰ) 19. ਤਕਸੀਮ 20. ਜੋੜ 21. ਸੋਜ਼ ਓ ਗੁਦਾਜ਼ (ਦਰਦ ਦਾ ਅਸਰ ਭਰਪੂਰ ਜ਼ਿਕਰ) 22. ਸਾਦਗੀ 23. ਬਾਤ ਪੈਦਾ ਕਰਨਾ (ਇਨਸ਼ਾਂ) 24. ਸੰਕੇਤ (ਕਿਨਾਇਆ) 25. ਪਵਿੱਤਰਤਾ (ਪਾਕੀਜ਼ਗੀ) 26. ਬਿਆਨ ਦੀ ਮਜ਼ਬੂਤੀ (ਪੁਖ਼ਤਗੀ) 27. ਸ਼ੋਖੀ ਜਾਂ ਸ਼ਰਾਰਤ 28. ਦ੍ਰਿਸ਼ ਚਿਤਰਣ (ਮੰਜ਼ਰ ਨਿਗਾਰੀ) 29. ਤਾਸੀਰ 30. ਸੂਫੀਆਨਾ 31. ਆਧੁਨਿਕਤਾ (ਜਿੱਦਤ) 32. ਡੂੰਘੇ ਖ਼ਿਆਲ (ਬਲਾਗ਼ਤ) 33. ਮਿਸਾਲ ਦੇਣਾ (ਤਮਸੀਲ) 34. ਵਿਅੰਗ 35. ਰੂਪਕ (ਇਸਤਿਆਰਾ) 36. ਖ਼ੂਬਸੂਰਤ ਟੁਕੜੀਆਂ (ਤੇਵਰ) 37. ਕੁੱਜ਼ੇ ਵਿੱਚ ਸਮੁੰਦਰ ਬੰਦ ਕਰਨਾ (ਇਖ਼ਤਿਸਾਰ) 38. ਖ਼ੂਬਸੂਰਤ ਬਿਆਨ (ਅੰਦਾਜ਼ੇ ਬਿਆਂ) 39. ਤਗ਼ਜ਼ਲ ਆਦਿ ਖ਼ੂਬੀਆਂ ਅਰਥ ਅਲੰਕਾਰ ਸ਼੍ਰੇਣੀ ਵਿੱਚ ਆਉਂਦੀਆਂ ਹਨ

ਪਿਆਰੇ ਦੋਸਤੋ ਇਸ ਤੋਂ ਪਹਿਲਾਂ ਅਸੀਂ ਗ਼ਜ਼ਲ ਦੇ ਸ਼ਿਅਰਾਂ ਵਿੱਚ ਰਹਿ ਗਈਆਂ ਕਮੀਆਂ ਬਾਰੇ ਜ਼ਿਕਰ ਕਰ ਚੁੱਕੇ ਹਾਂ ਸ਼ਿਅਰਾਂ ਦੀਆਂ ਕਮੀਆਂ ਵੱਲ ਸੰਕੇਤ ਕਰਦਿਆਂ ਅਸੀਂ ਕਿਸੇ ਸ਼ਾਇਰ ਦਾ ਨਾਂ ਉਜਾਗਰ ਨਹੀਂ ਕੀਤਾ, ਕਿਉਂ ਕਿ ਸਾਡਾ ਮੰਤਵ ਕਿਸੇ ਸ਼ਾਇਰ ਵਿਸ਼ੇਸ਼ ਨੂੰ ਹੀਣਾ ਦਰਸਾਉਣਾ ਨਹੀਂ ਸਗੋਂ ਸ਼ਿਅਰਾਂ ਦੀਆਂ ਤਰੁੱਟੀਆਂ ਵੱਲ ਧਿਆਨ ਦਿਵਾਉਣਾ ਹੈ ਅਸੀਂ ਸਾਰੇ ਸ਼ਾਇਰਾਂ ਦਾ ਤਹਿ ਦਿਲੋਂ ਸਤਿਕਾਰ ਕਰਦੇ ਹਾਂ ਸ਼ਿਅਰਾਂ ਵਿੱਚ ਰਹਿ ਗਈਆਂ ਕਮੀਆਂ ਬਾਰੇ ਪੜ੍ਹਕੇ ਬਹੁਤ ਸਾਰੇ ਸ਼ਾਇਰਾਂ ਨੇ ਸਾਡੇ ਨਾਲ ਨਿੱਜੀ ਸੰਪਰਕ ਕਰਕੇ ਸਾਡਾ ਸ਼ੁਕਰੀਆ ਅਦਾ

ਕੀਤਾ ਹੈ, ਕਿ ਅਸੀਂ ਉਨ੍ਹਾਂ ਦੀਆਂ ਕਮੀਆਂ ਬਾਰੇ ਉਨ੍ਹਾਂ ਨੂੰ ਸੁਚੇਤ ਕੀਤਾ ਹੈ ਪਰ ਸਾਡੇ ਇਕ ਅਤਿ ਅਜ਼ੀਜ਼ ਸ਼ਾਇਰ ਨੇ ਰੋਸਾ ਵੀ ਪ੍ਰਗਟਾਇਆ ਹੈ ਜਦੋਂ ਕੋਈ ਪੁਸਤਕ ਛਪ ਕੇ ਲੋਕ- ਅਰਪਣ ਹੋ ਜਾਂਦੀ ਹੈ ਤਾਂ ਉਹ ਸਮੁੱਚੇ ਸਮਾਜ ਦੀ ਮਲਕੀਅਤ ਹੋ ਜਾਂਦੀ ਹੈ, ਲੇਖਕ ਦੀ ਨਿਜੀ ਨਹੀਂ ਰਹਿੰਦੀ ਆਲੋਚਨਾ ਸਹਿਣ ਦਾ ਜੇਰਾ ਹਰ ਲੇਖਕ ਵਿੱਚ ਹੋਣਾ ਚਾਹੀਦਾ ਹੈ, ਤਾਂ ਹੀ ਅਸੀਂ ਕੁੱਝ ਚੰਗਾ ਲਿਖ ਸਕਾਂਗੇ ਗ਼ਜ਼ਲ ਦੇ ਸ਼ਿਅਰਾਂ ਦੀਆਂ ਖ਼ੂਬੀਆਂ ਦਾ ਜ਼ਿਕਰ ਕਰਦੇ ਹੋਏ ਅਸੀਂ ਸ਼ਾਇਰਾਂ ਦਾ ਜ਼ਿਕਰ ਵੀ ਜ਼ਰੂਰ ਕਰਾਂਗੇ, ਜਿਨ੍ਹਾਂ ਦੇ ਸ਼ਿਅਰ ਅਸੀਂ ਕੋਟ ਕਰਾਂਗੇ

ਗ਼ਜ਼ਲ ਦੇ ਸ਼ਿਅਰਾਂ ਦੇ ਗੁਣ,

ਤਕਰਾਰ ਲਫ਼ਜ਼ੀ- ਤਕਰਾਰ ਦਾ ਸ਼ਾਬਦਿਕ ਅਰਥ ਝਗੜਾ ਹੁੰਦਾ ਹੈ ਸ਼ਾਇਰੀ ਦੀ ਜ਼ੁਬਾਨ ਵਿੱਚ ਜੇ ਕਿਸੇ ਸ਼ਿਅਰ ਵਿੱਚ ਇੱਕੋ ਸ਼ਬਦ ਵਾਰ-ਵਾਰ ਵਰਤਿਆ ਜਾਵੇ, ਤਾਂ ਉਸ ਵਿੱਚ ਤਕਰਾਰ ਦਾ ਗੁਣ ਪੈਦਾ ਹੋ ਜਾਂਦਾ ਹੈ

ਮੁਸ਼ਕਲ ਨੂੰ ਮੁਸ਼ਕਲ ਜੇ ਸਮਝੇ ਤਾਂ ਜੀਣਾਂ ਮੁਸ਼ਕਲ ਹੋ ਜਾਂਦੈ
ਬਸ ਮੁਸ਼ਕਲ ਦਾ ਹੈ ਹੱਲ ਇੱਕੋ, ਕਿ ਮੁਸ਼ਕਲ ਦੀ ਨਾ ਗੱਲ ਕਰੀਏ
(ਉਲਫ਼ਤ ਬਾਜਵਾ)

ਉਪਰੋਕਤ ਸ਼ਿਅਰ ਵਿੱਚ ਮੁਸ਼ਕਲ ਦਾ ਦੁਹਰਾਉ ਹੈ ਜੋ ਇਸ ਵਿੱਚ ਤਕਰਾਰ ਲਫ਼ਜ਼ੀ ਦਾ ਗੁਣ ਪੈਦਾ ਕਰਦਾ ਹੈ।

ਤਜਨੀਸ-ਤਜਨੀਸ ਸ਼ਬਦ ਜਿਣਸ ਤੋਂ ਬਣਿਆ ਹੈ ਜਿਸਦਾ ਅਰਥ ਹੈ ਹਮਜਿਣਸ,

ਸ਼ਾਇਰੀ ਦੀ ਜ਼ੁਬਾਨ ਵਿੱਚ ਜਦੋਂ ਇੱਕ ਸ਼ਿਅਰ ਵਿੱਚ ਕੋਈ ਇੱਕ ਸ਼ਬਦ ਦੁਹਰਾਇਆ ਜਾਵੇ ਜਿਸਦੇ ਦੋ ਵੱਖਰੇ ਅਰਥ ਨਿੱਕਲਦੇ ਹੋਣ ਤਾਂ ਤਜਨੀਸ ਦਾ ਗੁਣ ਪੈਦਾ ਹੋ ਜਾਂਦਾ ਹੈ ਪਿੰਗਲ ਵਿੱਚ ਇਸਨੂੰ ਯਮਕ ਅਲੰਕਾਰ ਕਿਹਾ ਜਾਂਦਾ ਹੈ

ਦੇਖ ਮੈਂ ਖ਼ੁਦ ਵੀ ਤਾਂ ਇੱਕ ਸ਼ੀਸ਼ਾ ਹਾਂ,
ਕਿੰਝ ਸ਼ੀਸ਼ੇ 'ਚ, ਉਤਰ ਜਾਵਾਂਗਾ (ਜਸਪਾਲ ਘਈ)

ਉਪਰੋਕਤ ਸ਼ਿਅਰ ਵਿੱਚ ਸ਼ੀਸ਼ਾ ਦੋਹਰੇ ਅਰਥਾਂ ਵਿੱਚ ਵਰਤਿਆ ਗਿਆ ਹੈ ਇੱਕ ਵਸਤੂ ਦੇ ਤੌਰ ਤੇ, ਦੂਜਾ ਮੁਹਾਵਰੇ ਦੇ ਰੂਪ ਵਿੱਚ

ਮੁਸਾਵਾਤ -ਮੁਸਾਵਾਤ ਦਾ ਅਰਥ ਬਰਾਬਰੀ ਤੋਂ ਹੈ, ਸ਼ਾਇਰੀ ਭਾਸ਼ਾ ਵਿੱਚ ਜਦੋਂ ਕਿਸੇ ਸ਼ਿਅਰ ਵਿੱਚ ਕੋਈ ਵੀ ਲਗ ਮਾਤਰਾ ਗਿਰਾਈ ਨਾ ਗਈ ਹੋਵੇ।

ਵਜ਼ਨ ਪੂਰਾ ਕਰਨ ਵਾਸਤੇ ਕੋਈ ਵੀ ਭਰਤੀ ਦਾ ਸ਼ਬਦ ਨਾ ਵਰਤਿਆ ਗਿਆ ਹੋਵੇ, ਤੇ ਸ਼ਿਅਰ ਦੇ ਅਰਥ ਵੀ ਸ਼ਪਸ਼ਟ ਹੁੰਦੇ ਹੋਣ ਤਾਂ ਇਹ ਸ਼ਿਅਰ ਦੀ ਖ਼ੂਬੀ ਮੰਨੀ ਜਾਂਦੀ ਹੈ

ਜਦ ਖ਼ੁਸ਼ੀ ਜਾਂ ਗ਼ਮੀਂ ਨਾ ਸਮੋਈ ਗਈ,
ਵਾਫ਼ਰੀ ਖ਼ੂਬਸੂਰਤ ਗ਼ਜ਼ਲ ਹੋ ਗਈ (ਕ੍ਰਿਸ਼ਨ ਭਨੋਟ)

ਮੁਆਮਲਾਬੰਦੀ ਜਾਂ ਮੁਹਾਕਾਤ-ਮੁਹਾਕਾਤ ਸ਼ਬਦ ਹਕਾਇਤ ਤੋਂ ਬਣਿਆ

ਹੈ, ਹਕਾਇਤ ਦਾ ਅਰਥ ਹੈ ਕਹਾਣੀ ਸ਼ਾਇਰਾਨਾ ਜ਼ੁਬਾਨ ਵਿੱਚ ਜਦੋਂ ਕਿਸੇ ਸ਼ਿਅਰ ਵਿੱਚ ਹੁਸਨ, ਇਸ਼ਕ ਦੇ ਮੁਆਮਲੇ ਸਬੰਧੀ ਜ਼ਿਕਰ ਕੀਤਾ ਗਿਆ ਹੋਵੇ ਤਾਂ ਇਸ ਖ਼ੂਬੀ ਨੂੰ ਮੁਆਮਲਾ ਬੰਦੀ ਕਿਹਾ ਜਾਂਦਾ ਹੈ

ਘੜ੍ਹਾ ਕੱਚਾ ਹੀ ਮਿਲਦਾ ਹੈ, ਮੁਹੱਬਤ ਨੂੰ ਝਨਾਂ ਅੰਦਰ,
ਹੁਣੇ ਹੀ ਵਰਜ ਸੋਹਣੀ ਨੂੰ, ਸੰਭਲ ਜਾਵੇ, ਸੰਭਲ ਜਾਵੇ
(ਦਾਦਰ ਪੰਡੋਰਵੀ)

ਤਲਮੀਹ- ਤਲਮੀਹ ਦਾ ਅਰਥ, ਕਿਸੇ ਸ਼ਿਅਰ ਵਿੱਚ ਕਿਸੇ ਇਤਿਹਾਸਕ ਜਾਂ ਮਿਥਿਹਾਸਕ ਕਹਾਣੀ ਵੱਲ ਇਸ਼ਾਰਾ ਕਰਨਾ ਹੁੰਦਾ ਹੈ ਮੁਆਮਲਾਬੰਦੀ ਅਤੇ ਤਲਮੀਹ ਵਿੱਚ ਸਿਰਫ਼ ਏਨਾ ਹੀ ਫ਼ਰਕ ਹੁੰਦਾ ਹੈ ਕਿ ਮੁਆਮਲਾਬੰਦੀ ਵਿੱਚ ਕਿਸੇ ਹੁਸਨ ਇਸ਼ਕ ਦੀ ਘਟਨਾ ਦਾ ਜ਼ਿਕਰ ਹੁੰਦਾ ਹੈ ਤੇ ਤਲਮੀਹ ਵਿੱਚ ਕਿਸੇ ਇਤਿਹਾਸਕ, ਮਿਥਿਹਾਸਕ ਘਟਨਾ ਦਾ

ਉੱਚੇ ਟਿੱਬੇ ਤੋਂ ਸੁਰੀਲੀ ਤਾਨ ਸੁਣਕੇ,
ਵੱਗ ਹੀ ਮੁੜ੍ਹਦੇ ਨੇ ਹੇ ਗੋਪਾਲ ਤੇਰੇ,
ਮੁਕਟ ਲਾਹਕੇ ਜੇ ਵਜਾਉਂਦਾ ਬੰਸਰੀ ਤੂੰ,
ਸਾਰਾ ਜੰਗਲ ਝੂੰਮਣਾਂ ਸੀ ਨਾਲ ਤੇਰੇ (ਜਸਵਿੰਦਰ)

ਏ ਸ ਸ਼ਿਅਰ ਵਿੱਚ ਮਹਾਂਭਾਰਤ ਦੇ ਨਾਇਕ ਕ੍ਰਿਸ਼ਨ ਦਾ ਜ਼ਿਕਰ ਕੀਤਾ ਗਿਆ ਹੈ

ਮੁਰਾਤ ਓ ਨਜ਼ੀਰ-ਮੁਰਾਤ ਓ ਨਜ਼ੀ ਰ ਦਾ ਅਰਥ ਹੈ ਜਮਾਂ ਕਰਨਾ ਸ਼ਾਇਰਾਨਾ ਜ਼ੁਬਾਨ ਵਿੱਚ ਜਦੋਂ ਕਿਸੇ ਸ਼ਿਅਰ ਵਿੱਚ ਅਜਿਹੇ ਸ਼ਬਦ ਵਰਤੇ ਜਾਣ ਜਿਨ੍ਹਾਂ ਦਾ ਆਪਸ ਵਿੱਚ ਸਬੰਧ ਹੋਵੇ, ਇਸ ਖ਼ੂਬੀ ਨੂੰ ਮੁਰਾਤ ਓ ਨਜ਼ੀਰ ਕਿਹਾ ਜਾਂਦਾ ਹੈ ?

ਤਜ਼ਾਦ ਜ਼ਾਂ ਤਕਾਬਲ -ਤਜ਼ਾਦ ਦਾ ਅਰਥ ਵਿਰੋਧਤਾ ਤੇ ਤਕਾਬਲ ਦਾ ਅਰਥ ਹੈ ਮੁਕਾਬਲਾ ਇਹ ਦੋਵੇਂ ਸਮਅਰਥੀ ਸ਼ਬਦ ਹਨ, ਸ਼ਾਇਰਾਨਾ ਜ਼ੁਬਾਨ ਵਿੱਚ, ਸ਼ਿਅਰ ਵਿੱਚ ਅਜਿਹੇ ਸ਼ਬਦ ਵਰਤਣੇ, ਜਿਨ੍ਹਾਂ ਦਾ ਆਪਸੀ ਵਿਰੋਧ ਹੋਵੇ

ਮਿਸਾਲ ਦੇ ਤੌਰ ਤੇ ਰਾਤ ਦਿਨ ਫੁੱਲ, ਕੰਡੇ, ਅੱਗ, ਪਾਣੀ ਵਗੈਰਾ

ਹੈ ਦਿਲ ਸ਼ੀਸ਼ੇ ਜਿਹਾ, ਤੇ ਕਰ ਲਿਆ ਇਤਬਾਰ ਪੱਥਰ ਦਾ
ਮੈਂ ਟੁੱਟ ਜਾਵਾਂਗੀ, ਜਦ ਟੁੱਟ ਜਾਏਗਾ ਇਕਰਾਰ ਪੱਥਰ ਦਾ
(ਅਨੁ ਬਾਲਾ)

ਉਪਰੋਕਤ ਸ਼ਿਅਰ ਵਿੱਚ ਪੱਥਰ ਤੇ ਸ਼ੀਸ਼ੇ ਦਾ ਤਜ਼ਾਦ ਹੈ

ਖ਼ੂਬਸੂਰਤ ਟੁਕੜੀਆਂ ਜਾਂ ਤੇਵਰ- ਸ਼ਿਅਰਾਂ ਵਿੱਚ ਸ਼ਬਦਾਂ ਦੀਆਂ ਟੁਕੜੀਆਂ ਵਰਤਣਾਂ ਵੀ ਖ਼ੂਬੀ ਮੰਨੀ ਜਾਂਦੀ ਹੈ ਟੁਕੜੀਆਂ ਵਰਤਣ ਨੂੰ ਤੇਵਰ ਵੀ ਕਿਹਾ ਜਾਂਦਾ ਹੈ

ਪੀੜ, ਉਦਾਸੀ, ਬੇਚੈਨੀ ਚੁੱਪ ਤਨਹਾਈ,
ਰੋਜ਼ ਤਿਕਾਲੀਂ ਪਰਤਣ ਬੰਦੇ ਨਾਲ ਘਰੇ (ਵਿਜੇ ਵਿਵੇਕ)

ਇਰਸ਼ਾਦ-(ਨਿਗਾਹਬਾਨੀ) ਸ਼ਾਇਰਾਨਾ ਜ਼ੁਬਾਨ ਵਿੱਚ ਅਜਿਹਾ ਸ਼ਿਅਰ

ਕਹਿਣਾ ਕਿ ਦੂਜੀ ਤੁਕ ਵਿੱਚ ਲੱਗਣ ਵਾਲਾ ਕਾਫ਼ੀਆ ਸਰੋਤੇ ਦੀ ਜ਼ੁਬਾਨ ਤੇ ਅਪਣੇ ਆਪ ਆ ਜਾਵੇ ਆਮ ਤੌਰ ਤੇ ਅਜਿਹਾ ਓਦੋਂ ਹੀ ਹੁੰਦੈ ਜਦੋਂ ਸ਼ਾਇਰ ਚੁਸਤ ਕਾਫ਼ੀਆ ਵਰਤਦੇ ਨੇ

ਇਸ ਤੋਂ ਤਾਂ ਚੰਗਾ ਉਹ ਮੇਰੇ ਹੋਵੇ ਨਾ ਸਾਮ੍ਹਣੇ,
ਹਰ ਵਾਰ ਆਕੇ ਇਸ ਤਰ੍ਹਾਂ, ਰੋਵੇ ਨਾ ਸਾਮ੍ਹਣੇ

ਲਾਹੁਣਾ ਪਵੇਗਾ ਮੁਕਟ ਤੇ ਖੁਰਨੇ ਨੇ ਰੰਗ ਵੀ,
ਤਾਂ ਹੀ ਤਾਂ ਉਹ ਚਿਹਰਾ ਕਦੀ, ਧੋਵੇ ਨਾ ਸਾਮ੍ਹਣੇ
(ਸੁਰਿੰਦਰ ਸੀਹਰਾ)

ਦੂਜੀ ਤੁਕ ਦਾ ਤਾਂ ਹੀ ਤਾਂ ਉਹ ਚਿਹਰਾ ਕਦੀ, ਅਪਣੇ ਆਪ ਹੀ ਸੁਣਨ ਵਾਲੇ ਦੇ ਮੂੰਹੋਂ, ਅਗਲਾ ਕਾਫ਼ੀਆ, ਧੋਵੇ ਨਿਕਲ ਜਾਂਦਾ ਹੈ

ਈਰਾਦੁ-ਉਲ-ਮਿਸਲ (ਮੁਹਾਵਰੇਬੰਦੀ) ਇਹਦਾ ਸ਼ਾਬਦਿਕ ਅਰਥ ਹੈ ਮਿਸਾਲ ਦੇਣੀ ਇਹ ਖ਼ੂਬੀ ਸ਼ਿਅਰ ਵਿੱਚ ਉਦੋਂ ਪੈਦਾ ਹੁੰਦੀ ਹੈ ਸ਼ਾਇਰ ਅਪਣੇ ਸ਼ਿਅਰ ਵਿੱਚ ਕੋਈ ਮੁਹਾਵਰਾ ਬੰਨ੍ਹਦਾ ਹੈ

ਸਾਵਣ ਦੇ ਅੰਨ੍ਹੇ ਤਾਂ ਭੋਲੇ ਭਾਲੇ ਨੇ,
ਇਨ੍ਹਾਂ ਨੂੰ ਕਿਹੜਾ ਸਮਝਾਏ, ਕੀ ਕਰੀਏ (ਹਰਦਮ ਸਿੰਘ ਮਾਨ)

ਉਪਰੋਕਤ ਸ਼ਿਅਰ ਵਿੱਚ ਸਾਵਣ ਦੇ ਅੰਨੇ ਮੁਹਾਵਰਾ ਵਰਤਿਆ ਗਿਆ ਹੈ

ਵਾਸੀਆ- ਓ -ਸ਼ਫ਼ਤੀਨ- ਵਾਸਿਅ ਦਾ ਅਰਥ ਹੈ ਖੁਲ੍ਹਣਾ, ਸ਼ਫ਼ਤੀਨ ਦਾ ਅਰਥ ਹੈ ਦੋਵੇਂ ਬੁੱਲ੍ਹ ਇਹ ਗੁਣ ਸ਼ਿਅਰ ਵਿੱਚ ਓਦੋਂ ਪੈਦਾ ਹੁੰਦਾ ਹੈ ਕਿਸੇ ਸ਼ਿਅਰ ਵਿੱਚ ਸਾਰੇ ਅਜਿਹੇ ਸ਼ਬਦ ਹੀ ਵਰਤੇ ਜਾਣ ਜਿਨ੍ਹਾਂ ਨੂੰ ਉਚਾਰਦਿਆਂ ਹੋਇਆਂ ਬੁੱਲ੍ਹ ਆਪੋ ਵਿੱਚ ਨਾ ਮਿਲਣ ਹਿੰਦੀ ਪਿੰਗਲ ਵਿੱਚ ਇਸ ਅਲੰਕਾਰ ਦਾ ਨਾਮ ਅਧਰ ਹੈ ਪੰਜਾਬੀ ਦੇ ਪੁਰਾਣੇ ਸਟੇਜੀ ਸ਼ਾਇਰ ਖ਼ਾਸ ਤੌਰ ਤੇ ਜਨਾਬ ਫ਼ਿਰੋਜ਼ ਦੀਨ ਹਰਫ਼ ਤੇ ਉਸਤਾਦ ਸ਼ਾਇਰ, ਹਮਦਮ ਦੇ ਕਲਾਮ ਵਿੱਚ ਇਹ ਖ਼ੂਬੀ ਆਮ ਪਾਈ ਜਾਂਦੀ ਹੈ ਉਸਤਾਦ ਸ਼ਾਇਰ ਦੀਪਕ ਜੈਤੋਈ ਸਾਹਿਬ ਆਪਣੀ ਕਿਤਾਬ, ਗ਼ਜ਼ਲ ਕੀ ਹੈ, ਵਿੱਚ ਇਸਦੀ ਉਦਾਹਰਣ ਦਿੰਦੇ ਹਨ

ਤਿਰੇ ਹਿੱਸੇ ਹੀ ਆਈ ਹੈ, ਤਿਰੀ ਤਕਦੀਰ ਐ ਸ਼ੀਸ਼ੇ
ਤਿਰੇ ਹੀ ਕੋਲ ਆਕੇ ਉਹ, ਸਦਾ ਲੈਂਦੇ ਨੇ ਅੰਗੜਾਈ

ਵਾਸਲ-ਓ-ਸ਼ਫ਼ਤੀਨ, ਵਾਸਲ ਦਾ ਅਰਥ ਹੈ ਮਿਲੇ ਹੋਏ ਤੇ ਸ਼ਫਤੀਨ ਦਾ ਅਰਥ ਹੈ ਦੋਵੇਂ ਬੁੱਲ੍ਹ-ਜਦੋਂ ਕਿਸੇ ਸ਼ਿਅਰ ਵਿੱਚ ਅਜਿਹੇ ਸ਼ਬਦ ਵਰਤੇ ਜਾਣ ਜਿਨ੍ਹਾਂ ਦੇ ਨਾਲ ਬੁੱਲ੍ਹ ਮਿਲਦੇ ਹੋਣ ਮਤਲਬ ਹਰ ਸ਼ਬਦ ਪਵਰਗ ਤੋਂ ਸ਼ੁਰੂ ਹੁੰਦਾ ਹੋਵੇ,

ਭਾਵ ਪ ਫ ਬ ਭ ਮ ਤੋਂ ਜੈਤੋਈ ਸਾਹਿਬ ਇਸਦੀ ਵੀ ਉਦਾਹਰਣ ਦਿੰਦੇ

ਹਨ-ਮਰ ਗਏ ਮੁੱਹਬਤ ਵਿੱਚ ਭਾਵੇਂ, ਮਨ ਫਿਰ ਵੀ ਮੁਹੱਬਤ ਮੰਗਦਾ ਹੈ

ਮੁਦੱਲਲ-ਦਾ ਅਰਥ ਹੈ ਦਲੀਲ ਨਾਲ ਗੱਲ ਕਰਨੀ-ਜਦੋਂ ਕਿਸੇ ਸ਼ਿਅਰ ਵਿੱਚ ਸ਼ਾਇਰ ਦਲੀਲ ਨਾਲ ਆਪਣੀ ਗੱਲ ਸਮਝਾਉਂਦਾ ਹੈ ਤਾਂ ਸ਼ਿਅਰ ਵਿੱਚ ਮੁਦੱਲਲ ਦੀ ਖ਼ੂਬੀ ਪੈਦਾ ਹੋ ਜਾਂਦੀ ਹੈ।

ਭੰਵਰ ਦੀ ਥਾਹ ਕਿਵੇਂ ਪਾਵਣ, ਜੁ ਕੰਢਿਆਂ ਤੇ ਖੜ੍ਹੇ,
ਕਿ ਥਾਹ ਉਹ ਪਾ ਸਕਣ, ਜਿਹੜ੍ਹੇ ਭੰਵਰ ਵਿਚਾਲੇ ਹੋਣ
(ਕ੍ਰਿਸ਼ਨ ਭਨੋਟ)

ਉਪਰੋਕਤ ਸ਼ਿਅਰ ਵਿੱਚ ਦਲੀਲ ਨਾਲ ਇਹ ਗੱਲ ਸਮਝਾਈ ਗਈ ਕਿ ਕੰਢਿਆਂ ਤੇ ਖੜ੍ਹ ਕੇ ਪਾਣੀ ਦੀ ਗਹਿਰਾਈ ਨਹੀਂ ਮਾਪੀ ਜਾ ਸਕਦੀ ਸੋ ਏਥੇ ਮੁਦੱਲਲ ਦੀ ਖ਼ੂਬੀ ਆ ਗਈ ਹੈ

ਮੰਜ਼ਰਕਸ਼ੀ -(ਦ੍ਰਿਸ਼-ਚਿਤਰਣ) ਸ਼ਿਅਰ ਵਿੱਚ ਇਹ ਗੁਣ ਉਦੋਂ ਪੈਦਾ ਹੁੰਦਾ ਹੈ ਜਦੋਂ ਸ਼ਾਇਰ ਆਪਣੇ ਸ਼ਿਅਰ ਵਿੱਚ ਸ਼ਬਦਾਂ ਦੀ ਅਜਿਹੀ ਕਾਰੀ ਗਰੀ ਦਿਖਾਉਂਦਾ ਹੈ ਕਿ ਪਾਠਕ ਜਾਂ ਸਰੋਤੇ ਅੱਗੇ ਇੱਕ ਜੀਵੰਤ ਦ੍ਰਿਸ਼ ਸਾਕਾਰ ਹੋ ਉੱਠਦਾ ਹੈ

ਪਰਿੰਦੇ ਉਡ ਗਏ ਤਾਂ ਓਸ ਟਹਿਣੀ ਨਾਲ ਪੱਤੇ,
ਵਿਦਾਈ ਦੀ ਅਦਾ ਵਿੱਚ ,ਦੇਰ ਤੱਕ ਹਿਲਦੇ ਰਹੇ ਨੇ (ਕ੍ਰਿਸ਼ਨ ਭਨੋਟ)

ਉਪਰੋਕਤ ਸ਼ਿਅਰ ਵਿੱਚ ਪੰਛੀ ਦੇ ਉੱਡਣ ਤੋਂ ਮਗਰੋਂ ਟਹਿਣੀ ਨਾਲ ਪੱਤੇ ਹਿੱਲਣ ਦਾ ਦ੍ਰਿਸ਼ ਅੱਖਾਂ ਅੱਗੇ ਸਾਕਾਰ ਹੋ ਉੱਠਦਾ ਹੈ

-ਤਮਸੀਲ - ਦਾ ਅਰਥ ਹੈ ਮਿਸਾਲ ਦੇ ਕੇ ਆਪਣੀ ਗੱਲ ਸਮਝਾਉਣੀ- ਜਦੋਂ ਕਵੀ ਆਪਣੇ ਸ਼ਿਅਰ ਵਿੱਚ ਕਿਸੇ ਚੀਜ਼ ਦੀ ਮਿਸਾਲ ਦੇ ਕੇ ਆਪਣੀ ਗੱਲ ਸਮਝਾਉਂਦਾ ਹੈ ਤਾਂ ਇਸ ਖ਼ੂਬੀ ਨੂੰ ਤਮਸੀਲ ਆਖਦੇ ਹਨ,

ਅਸਾਡੀ ਤੁਹਾਡੀ ਮੁਲਾਕਾਤ ਹੋਈ,
ਜਿਵੇਂ ਸੜਦੇ ਜੰਗਲ ਤੇ ਬਰਸਾਤ ਹੋਈ।
(ਸੁਰਜੀਤ ਪਾਤਰ)

ਉਪਰੋਕਤ ਸ਼ਿਅਰ ਵਿੱਚ ਸੜਦੇ ਜੰਗਲ ਤੇ ਬਰਸਾਤ ਹੋਣ ਦੀ ਮਿਸਾਲ ਦੇਕੇ ਮੁਲਾਕਾਤ ਦੀ ਸ਼ਿਦਤ ਨੂੰ ਬਿਆਨ ਕੀਤਾ ਗਿਆ ਹੈ

ਲਿਫ-ਨਸ਼ਰ-(ਲਪੇਟਣਾ-ਫੈਲਾਉਣਾ)-ਲਿਫ ਦਾ ਅਰਥ ਹੈ ਲਪੇਟਣਾ ਤੇ ਨਸ਼ਰ ਦਾ ਅਰਥ ਹੈ ਫੈਲਾਉਣਾ-ਜਦੋਂ ਕਿਸੇ ਸ਼ਿਅਰ ਵਿੱਚ ਕੁੱਝ ਅਜਿਹੀਆਂ ਚੀਜ਼ਾਂ ਦਾ ਜ਼ਿਕਰ ਕੀਤਾ ਜਾਵੇ ਜਿਨ੍ਹਾਂ ਦਾ ਆਪਸ ਵਿੱਚ ਸਬੰਧ ਹੋਵੇ

ਅੱਗ ਨੂੰ ਨਦੀ ਨੂੰ ਪੌਣ ਨੂੰ ਮਿਲਿਆ ਹਾਂ ਸਿਰਫ ਮੈਂ,
ਇਕ ਸਾੜੇ, ਦੂਜੀ ਖੋਰਦੀ, ਤੀਜੀ ਬਿਖੇਰਦੀ (ਵਿਜੇ ਵਿਵੇਕ)

ਉਪਰੋਕਤ ਸ਼ਿਅਰ ਦੀ ਪਹਿਲੀ ਤੁਕ ਵਿੱਚ ਅੱਗ ਦਾ, ਨਦੀ ਦਾ, ਤੇ ਪੌਣ ਦਾ ਜ਼ਿਕਰ ਆਇਆ ਹੈ ਅੱਗ ਦਾ ਸਬੰਧ ਸਾੜ੍ਹਨ ਨਾਲ, ਨਦੀ ਦਾ ਸਬੰਧ

ਘੋਰਨ ਨਾਲ, ਤੇ ਹਵਾ ਦਾ ਸਬੰਧ ਬਿਖੇਰਨ ਨਾਲ ਹੈ ਇਸ ਤਰ੍ਹਾਂ ਇਸ ਸ਼ਿਅਰ ਵਿੱਚ ਲਫ -ਨਸ਼ਰ ਦੀ ਖ਼ੂਬੀ ਪੈਦਾ ਹੋ ਗਈ ਹੈ

ਹਜਵ ਮਲੀਹ-ਇਸਦਾ ਅਰਥ ਹੈ ਅਜਿਹੇ ਸਬਦਾਂ ਵਿੱਚ ਤਾਰੀਫ਼ ਕੀਤੀ ਜਾਵੇ ਜਿਹੜੀ ਦੇਖਣ ਵਿੱਚ ਤਾਂ ਤਾਰੀਫ਼ ਲੱਗੇ ਪਰ ਹੋਵੇ ਨਿੰਦਿਆ,

ਓਸ ਦਾ ਧੂੰਆਂ ਤਾਂ ਸਾਰੀ ਛੱਤ ਕਾਲੀ ਕਰ ਗਿਆ,
ਜੋ ਅਸੀਂ ਦੀਵਾ ਜਗਾਇਆ ਸੀ ਤੁਹਾਡੀ ਯਾਦ ਵਿੱਚ
(ਸਤੀਸ਼ ਗੁਲਾਟੀ)

ਉਪਰੋਕਤ ਸ਼ਿਅਰ ਵਿੱਚ ਦੇਖਣ ਨੂੰ ਤਾਂ ਭਾਵੇਂ ਸਿਫ਼ਤ ਕੀਤੀ ਗਈ ਹੈ ਪਰ ਅਸਲ ਵਿੱਚ ਹੈ ਇਹ ਨਿੰਦਿਆ

ਕੌਲ- ਬਿਲ-ਮੁਜਬ (ਕਿਸੇ ਧਾਰਨਾ ਜਾਂ ਅਖਾਣ ਦੇ ਉਲਟ ਅਰਥ ਕੱਢਣੇ) ਜਦੋਂ ਸ਼ਾਇਰ ਕਿਸੇ ਪ੍ਰਚਲਤ ਧਾਰਨਾ ਜਾਂ ਅਖਾਣ ਦੇ ਉਲਟ ਅਰਥ ਕੱਢੇ ਪਰ ਹੋਣ ਉਹ ਬਾ-ਦਲੀਲ

ਦੁਨੀਆਂ ਤੇ ਨ ਥਿਰ ਕੁੱਝ ਵੀ, ਕਹਿੰਨੇ ਓਂ ਤਾਂ ਮੰਨ ਲਈਏ,
ਪਰ ਦਰਦ ਤੁਸੀਂ ਦੱਸੋ, ਕਿਉਂ ਦਿਲ 'ਚ, ਠਹਿਰ ਜਾਵੇ
(ਕ੍ਰਿਸ਼ਨ ਭਨੋਟ)

ਉਪਰੋਕਤ ਸ਼ਿਅਰ ਵਿੱਚ ਕਿ ਦੁਨੀਆਂ ਤੇ ਕੁੱਝ ਵੀ ਥਿਰ ਨਹੀਂ ਦੀ ਧਾਰਨਾ ਦੇ ਬਾ-ਦਲੀਲ ਉਲਟ ਅਰਥ ਕੱਢੇ ਗਏ ਹਨ

ਇਖ਼ਤਿਸਾਰ-(ਕੁੱਜੇ ਵਿੱਚ ਸਾਗਰ ਬੰਦ ਕਰਨਾ)-
ਪਲ ਕੁ ਲਗਦੈ ਜ਼ਖ਼ਮ ਡੂੰਘਾ ਕਰਨ ਤੇ
ਉਮਰ ਲਗ ਜਾਂਦੀ ਹੈ ਲੇਕਿਨ ਭਰਨ ਤੇ
(ਸਤੀਸ਼ ਗੁਲਾਟੀ)

ਮੁਕੱਦਰ-ਮੁਕੱਦਰ ਦੇ ਅਰਥ ਹਨ ਅੰਦਾਜ਼ਾ ਕੀਤਾ ਗਿਆ ਮੁਕੱਦਰ-ਸ਼ਿਅਰ ਦੀ ਉਸ ਖ਼ੂਬੀ ਨੂੰ ਕਿਹਾ ਜਾਂਦਾ ਹੈ ਜਦੋਂ ਸ਼ਿਅਰ ਵਿੱਚ ਕੋਈ ਸ਼ਬਦ ਲਿਆਂਦਾ ਤਾਂ ਨਾ ਗਿਆ ਹੋਵੇ ਪਰ ਸ਼ਿਅਰ ਵਿਚ ਜੜੇ ਸ਼ਬਦਾਂ ਦੀ ਸੁਚੱਜਤਾ ਸਾਫ਼ ਦੱਸੇ ਕਿ ਇਸ ਵਿੱਚ ਫਲਾਨਾ ਸ਼ਬਦ ਮੁਕੱਦਰ ਹੈ ਯਾਨੀ ਸ਼ਿਅਰ ਵਿੱਚ ਕਿਸੇ ਸ਼ਬਦ ਦੇ ਨਾ ਹੋਣ ਦੇ ਬਾਵਜੂਦ ਇਹ ਅੰਦਾਜ਼ਾ ਕਰ ਲਿਆ ਜਾਂਦੈਂ ਕਿ ਇਸ ਵਿੱਚ ਇਹ ਸ਼ਬਦ ਮੁਕੱਦਰ ਹੈ-

ਚਿਰਾਂ ਤੋਂ ਦਰ-ਬ-ਦਰ ਰੁਲਦੇ ਰਹੇ, ਕੁੱਝ ਬਣਨ ਦੀ ਖ਼ਾਤਰ,
ਜਦੋਂ ਪਰਤੇ, ਤਾਂ ਗਲ ਲੱਗ ਰੋ ਪਿਆ, ਵੀਰਾਨ ਘਰ ਯਾਰੋ

ਉਪਰੋਕਤ ਸ਼ਿਅਰ ਵਿੱਚ ਅਸੀਂ ਸ਼ਬਦ ਮੁਕੱਦਰ ਹੈ ਮਤਲਬ ਕਿ ਜਦੋਂ ਅਸੀਂ ਕੁੱਝ ਬਣਨ ਦੀ ਖ਼ਾਤਰ ਦਰ-ਬ-ਦਰ ਰੁਲਕੇ ਘਰ ਪਰਤੇ ਤਾਂ ਵੀਰਾਨ ਘਰ ਸਾਡੇ ਗਲ਼ ਲੱਗ ਕੇ ਰੋ ਪਿਆ

ਇਸ਼ਤਕਾਕ ਦਾ ਅਰਥ ਹੈ ਇੱਕ ਸ਼ਬਦ ਤੋਂ ਦੂਜਾ ਸ਼ਬਦ ਬਣਾਉਣਾ

ਇਸ਼ਤਕਾਕ ਉਸ ਕਾਰੀਗਰੀ ਦਾ ਨਾਂ ਹੈ

-ਜਦੋਂ ਸ਼ਿਅਰ ਵਿੱਚ ਦੋ ਸ਼ਬਦ ਅਜਿਹੇ ਲਿਆਂਦੇ ਜਾਣ ਜਿਹੜੇ ਇੱਕੋ ਜੜ੍ਹ ਤੋਂ ਨਿੱਕਲੇ ਹੋਣ ,

ਬੜੀ ਮੁਸ਼ਕਲ 'ਚ, ਛੱਡਿਆ ਸਾਥ ਜਦ ਯਾਰਾਂ,ਬੜੀ ਹੋਈ,
ਘੜ੍ਹੀ ਔਖੀ 'ਚ, ਬਹੁੜ੍ਹੀ ਹੱਥ ਦੀ ਕਿਸਮਤ ਘੜ੍ਹੀ ਹੋਈ
(ਤਰਲੋਕ ਜੱਜ)

ਉਪਰੋਕਤ ਸ਼ਿਅਰ ਵਿੱਚ ਬੜੀ ਸ਼ਬਦ ਦੋ ਅਰਥਾਂ ਵਿੱਚ ਆਇਆ ਤੇ ਇਸੇ ਤਰਾਂ ਘੜ੍ਹੀ ਸ਼ਬਦ ਵੀ ਦੋ ਅਰਥਾਂ ਵਿੱਚ

ਤਫ਼ਰੀਕ-ਤਫ਼ਰੀਕ ਦਾ ਅਰਥ ਹੈ ਫ਼ਰਕ ਦੱਸਣਾ -ਜਦੋਂ ਕਿਸੇ ਸ਼ਿਅਰ ਵਿੱਚ ਸ਼ਾਇਰ ਇੱਕ ਚੀਜ਼ ਦਾ ਦੂਸਰੀ ਨਾਲੋਂ ਫ਼ਰਕ ਦਰਸਾਉਂਦਾ ਹੈ ਉਦੋਂ ਸ਼ਿਅਰ ਵਿੱਚ ਤਫ਼ਰੀਕ ਦੀ ਖ਼ੂਬੀ ਪੈਦਾ ਹੋ ਜਾਂਦੀ ਹੈ-

ਭਰਿਆ ਭਰਿਆ ਇੱਕ, ਤੇ ਇੱਕ ਖ਼ਾਲੀ ਖ਼ਾਲੀ,
ਕਿੰਨਾ ਅੰਤਰ, ਤੇਰੇ ਮੇਰੇ ਪੱਲੇ ਵਿੱਚ ।
(ਕ੍ਰਿਸ਼ਨ ਭਨੋਟ)

ਉਪਰੋਕਤ ਸ਼ਿਅਰ ਵਿੱਚ ਦੋਨਾਂ ਪੱਲਿਆਂ ਵਿੱਚ ਅੰਤਰ ਦਰਸਾਇਆ ਗਿਆ ਹੈ, ਇਸ ਕਰਕੇ ਇਸ ਵਿੱਚ ਤਫ਼ਰੀਕ ਦਾ ਗੁਣ ਪੈਦਾ ਹੋ ਗਿਆ ਹੈ

ਰਜੂਅ (ਕਹਿਕੇ ਮੁੱਕਰ ਜਾਣਾ) ਇਹ ਗੁਣ ਸ਼ਿਅਰ ਵਿੱਚ ਓਦੋਂ ਪੈਦਾ ਹੁੰਦਾ ਹੈ ਜਦੋਂ ਸ਼ਾਇਰ ਆਪਣੇ ਸ਼ਿਅਰ ਵਿੱਚ ਕਿਸੇ ਚੀਜ਼ ਨੂੰ ਪਹਿਲਾਂ ਇੱਕ ਚੀਜ਼ ਨਾਲ ਤੁਲਨਾ ਦਿੰਦਾ ਹੈ ਤੇ ਫਿਰ ਆਪ ਹੀ ਉਸ ਤੋਂ ਮੁੱਕਰਕੇ ਉਸ ਚੀਜ਼ ਦੀ ਕਿਸੇ ਦੂਜੀ ਚੀਜ਼ ਨਾਲ ਤਸ਼ਬੀਹ ਕਰ

ਦਿੰਦਾ ਹੈ-ਤੇਰਾ ਮੁਖੜਾ ਗੁਲਾਬ ਵਰਗਾ ਹੈ,
ਜੀ ਨਹੀਂ ਆਫ਼ਤਾਬ ਵਰਗਾ ਹੈ

ਉਪਰੋਕਤ ਸ਼ਿਅਰ ਵਿੱਚ ਪਹਿਲਾਂ ਸ਼ਾਇਰ ਮਹਿਬੂਬ ਦੇ ਮੁਖੜੇ ਨੂੰ ਗੁਲਾਬ ਨਾਲ ਤਸ਼ਬੀਹ ਦਿੰਦਾ ਹੈ, ਫੇਰ ਅਪਣੀ ਗੱਲ ਤੋਂ ਮੁੱਕਰ ਕੇ ਮੁਖੜੇ ਦੀ ਤੁਲਨਾ ਆਫ਼ਤਾਬ ਨਾਲ ਕਰ ਦਿੰਦਾ ਹੈ

ਤਸੱਵਫ਼-(ਸੂਫੀਆਨਾ ਰੰਗ)-ਗ਼ਜ਼ਲ ਵਿੱਚ ਸੂਫੀਆਨਾ ਰੰਗ ਵੀ ਕਮਾਲ ਪੈਦਾ ਕਰਦਾ ਹੈ, ਕੋਈ ਵਕਤ ਸੀ ਜਦੋਂ ਗ਼ਜ਼ਲ ਦੇ ਤਿੰਨ ਵਿਸ਼ੇਸ਼ ਰੰਗ ਮੰਨੇ ਜਾਂਦੇ ਸਨ, ਆਸ਼ਕਾਨਾ, ਰਿੰਦਾਨਾ,ਤੇ ਸੂਫ਼ੀਆਨਾ

ਹਵਾ ਇਸ ਬੁਲਬਲੇ ਦੀ ਫਿਰ, ਹਵਾ ਵਿੱਚ ਜਾਣ ਵਾਲੀ ਹੈ,
ਲਿਆਈ ਸੀ ਹਵਾ ਮੈਨੂੰ, ਲਿਜਾਏਗੀ ਹਵਾ ਮੈਨੂੰ
(ਉਲਫ਼ਤ ਬਾਜਵਾ)

ਉਪਰੋਕਤ ਸ਼ਿਅਰ ਵਿੱਚ ਜ਼ਿੰਦਗੀ ਤੇ ਮੌਤ ਸਬੰਧੀ ਚਰਚਾ ਕੀਤੀ ਗਈ ਹੈ

ਇਸ ਨਾਲ ਸ਼ਿਅਰ ਵਿੱਚ ਤਸੱਵਫ਼ ਦਾ ਰੰਗ ਪੈਦਾ ਹੋ ਗਿਆ ਹੈ

ਕਨਾਇਆ-(ਰਮਜ਼)-ਗ਼ਜ਼ਲ ਦੇ ਸ਼ਿਅਰਾਂ ਵਿੱਚ ਸਪਾਟ ਬਿਆਨੀ ਨਹੀਂ ਕੀਤੀ ਜਾ ਸਕਦੀ, ਰਮਜ਼ ਤੇ ਇਸ਼ਾਰਾ ਗ਼ਜ਼ਲ ਦੀ ਜਿੰਦ-ਜਾਨ ਹੁੰਦੇ ਹਨ ਸਾਡੇ ਲੋਕ ਗੀਤਾਂ ਵਿੱਚ ਵੀ ਇਹ ਰਮਜ਼ ਹੀ ਪ੍ਰਧਾਨ ਹੈ, ਲਓ ਲੋਕ ਗੀਤ ਦੀ ਹੀ ਇੱਕ ਮਿਸਾਲ ਪੇਸ਼ ਹੈ-

ਪੱਲਾ ਮਾਰਕੇ ਬੁਝਾ ਗਈ ਦੀਵਾ,
ਅੱਖ ਨਾਲ ਗੱਲ ਕਰ ਗਈ

ਉਪਰੋਕਤ ਲੋਕ ਬੋਲੀ ਵਿੱਚ ਕਿੰਨਾ ਖ਼ੂਬਸੂਰਤ ਇਸ਼ਾਰਾ ਕੀਤਾ ਗਿਆ ਹੈ

ਸ਼ੋਖੀ-ਇਸਦਾ ਅਰਥ ਚੁਲਬਲਾਪਣ, ਸ਼ਰਾਰਤ ਹੈ, ਪੁਰਾਣੇ ਸ਼ਾਇਰ ਆਪਣੇ ਸ਼ਿਅਰਾਂ ਵਿੱਚ ਸਾਕੀ, ਜਾਮ, ਸੁਰਾਹੀ ਮੈਅਕਦਾ ਆਦਿ ਨਾਲ ਸ਼ਿਅਰਾਂ ਵਿੱਚ, ਸ਼ੋਖੀ ਪੈਦਾ ਕਰ ਲੈਂਦੇ ਸਨ-ਮਿਸਾਲ ਵਜੋਂ ਇੱਕ ਉਰਦੂ ਸ਼ਿਅਰ ਹਾਜ਼ਰ ਹੈ-

ਮੈਅਕਦੇ ਮੇਂ ਆਪ ਕੈਸੇ, ਸ਼ੈਖ਼ ਜੀ,
ਹਮ ਤੋ ਬੈਠੇ ਹੈਂ ਜ਼ਰੂਰੀ ਕਾਮ ਸੇ
(ਸਰਦਾਰ ਪੰਛੀ)

ਉਪਰੋਕਤ ਸ਼ਿਅਰ ਵਿੱਚ ਇੱਕ ਰਿੰਦ ਯਾਨੀ ਸ਼ਰਾਬੀ ਦਾ ਇੱਕ ਸ਼ੈਖ਼ (ਪਰਹੇਜ਼ਗਾਰ, ਜਿਹੜਾ ਸ਼ਰਾਬ ਨਹੀਂ ਪੀਂਦਾ) ਨੂੰ ਠੇਕੇ ਵਿੱਚ ਦੇਖਕੇ, ਇਹ ਸਵਾਲ ਪੁੱਛਣਾ ਕੀ ਉਹ ਠੇਕੇ ਵਿੱਚ ਕਿਵੇਂ ਆਇਆ ਹੈ ਤੇ ਆਪਣੇ ਬਾਰੇ ਕਹਿਣਾ ਕਿ ਮੈਂ ਤਾਂ ਭਲਾ ਜ਼ਰੂਰੀ ਕੰਮ ਆਇਆਂ ਹਾਂ ਸ਼ਿਅਰ ਵਿੱਚ ਲੋਹੜੇ ਦੀ ਸ਼ੋਖ਼ੀ ਪੈਦਾ ਕਰ ਦਿੰਦਾ ਹੈ

ਫ਼ਬਤੀ-ਫ਼ਬਤੀ ਦਾ ਅਰਥ ਇਸ ਤਰ੍ਹਾਂ ਦੀ ਤਸ਼ਬੀਹ ਹੁੰਦਾ ਹੈ -ਜਦੋਂ ਇੱਕ ਚੀਜ਼ ਨੂੰ ਦੂਸਰੀ ਦੇ ਬਰਾਬਰ ਦੱਸਕੇ ਵਿਅੰਗ ਕਸਿਆ ਜਾਂਦਾ ਹੈ, ਜਿਵੇਂ ਜੇ ਕੋਈ ਕਾਲਾ ਕਲੂਟਾ ਬੰਦਾ ਸਰ੍ਹੋਂ ਦੇ ਖਿੜ੍ਹੇ ਹੋਏ ਖੇਤ ਵਿੱਚ ਫਿਰਦਾ ਹੋਵੇ ਤਾਂ ਇਹ ਕਿਹਾ ਜਾਵੇ ਕਿ ਦੇਖੋ ਸਰ੍ਹੋਂ ਦੇ ਖੇਤ ਵਿੱਚ ਝੋਟਾ ਫਿਰਦਾ ਹੈ

ਤਸ਼ਬੀਹ ਅਤੇ ਫ਼ਬਤੀ ਵਿੱਚ ਫ਼ਰਕ ਏਨਾ ਕੁ ਹੁੰਦਾ ਹੈ ਕਿ ਤਸ਼ਬੀਹ ਤਾਂ ਥੋੜ੍ਹੇ ਬਹੁਤੇ ਫ਼ਰਕ ਨਾਲ ਦਿੱਤੀ ਜਾ ਸਕਦੀ ਹੈ ਪਰ ਫ਼ਬਤੀ ਓਨੀ ਦੇਰ ਨਹੀਂ ਕਸੀ ਜਾ ਸਕਦੀ ਜਿੰਨੀ ਦੇਰ ਹੂ-ਬ-ਹੂ ਨਾ ਮਿਲਦੀ ਹੋਵੇ, ਸਰ੍ਹੋਂ ਦੇ ਵਿੱਚ ਕਾਲੇ ਬੰਦੇ ਨੂੰ ਝੋਟਾ ਆਖਕੇ ਵਿਅੰਗ ਕਸਿਆ ਗਿਆ ਹੈ ਕਹਿਣ ਦਾ ਮਤਲਬ ਕਿ ਫ਼ਬਤੀ ਵਿੱਚ ਵਿਅੰਗ ਦੀ ਪੁੱਠ ਜ਼ਰੂਰੀ ਹੈ ਜਿਵੇਂ-

ਹਨ੍ਹੇਰੀ ਰਾਤ ਦੇ ਵਿੱਚ, ਹਬਸ਼ਣਾ ਕੁੜੀਆਂ ਜਦੋਂ ਨੱਚੀਆਂ,
ਨਜ਼ਰ ਆਇਆ ਜਿਵੇਂ, ਭੂਤਾਂ ਨੇ ਤੀਆਂ ਲਾਈਆਂ ਹੋਈਆਂ ਨੇ

ਉਪਰੋਕਤ ਸ਼ਿਅਰ ਵਿੱਚ ਸ਼ਾਇਰ ਨੇ ਹਨ੍ਹੇਰੀ ਰਾਤ ਵਿੱਚ ਨੱਚ ਰਹੀਆਂ ਹਬਸ਼ਣਾ ਕੁੜੀਆਂ ਨੂੰ ਭੂਤਾਂ ਕਹਿ ਕੇ ਫ਼ਬਤੀ ਕਸੀ ਹੈ

ਸਾਦਗੀ-ਸਾਦਗੀ ਸ਼ਿਅਰ ਦੀ ਸਭ ਤੋਂ ਵੱਡੀ ਖੂਬੀ ਮੰਨੀ ਜਾਂਦੀ ਹੈ, ਸਾਦਗੀ ਭਰਪੂਰ ਸ਼ਿਅਰ, ਪੜ੍ਹਨ ਸੁਣਨ ਵਾਲੇ ਦੀ ਜ਼ੁਬਾਨ ਤੇ ਝੱਟ ਪੱਟ ਚੜ੍ਹ ਜਾਂਦਾ ਹੈ ਸਾਦਗੀ ਐਵੇਂ ਨਹੀਂ ਆ ਜਾਂਦੀ ਇਸ ਵਾਸਤੇ ਉਮਰ ਭਰ ਦੀ ਸਾਧਨਾ ਦਰਕਾਰ ਹੁੰਦੀ ਹੈ

ਇਹ ਲੜਾਈ ਜ਼ਿੰਦਗੀ ਦੀ, ਮੈਂ ਲੜਾਂਗੀ ਉਮਰ ਭਰ,
ਮੈਂ ਨਹੀਂ ਸੁਕਰਾਤ ਜਿਸਨੇ, ਜ਼ਹਿਰ ਹਸਕੇ ਪੀ ਲਿਆ

ਉਪਰੋਕਤ ਸ਼ਿਅਰ ਵਿੱਚ ਸ਼ਾਇਰਾ ਨੇ ਬੜ੍ਹੇ ਸਿੱਧੇ ਸਾਦੇ ਢੰਗ ਨਾਲ ਆਪਣੀ ਵਿਚਾਰਧਾਰਾ ਦਾ ਇਜ਼ਹਾਰ ਕੀਤਾ ਹੈ

ਪੁਖ਼ਤਗੀ -ਪੁਖ਼ਤਗੀ ਦਾ ਅਰਥ ਮਜ਼ਬੂਤੀ, ਬਿਆਨ ਦਾ ਜ਼ੋਰ ਹੈ ਸ਼ਾਇਰ ਦੇ ਕਲਾਮ ਵਿੱਚ ਜਿੰਨੀ ਪੁਖ਼ਤਗੀ ਹੋਵੇਗੀ ਉਹ ਓਨਾ ਹੀ ਮਕਬੂਲ ਹੋਵੇਗਾ

ਪਲਾਂ ਵਿੱਚ ਕਰ ਲਈ ਉਸਨੇ, ਸ਼ਨਾਖ਼ਤ ਮੇਰੀ ਸ਼ਿੱਦਤ ਦੀ,
ਅਜੇ ਨਾ ਬੁੱਲ੍ਹ ਫਰਕੇ ਸੀ, ਨਾ ਦੱਸਿਆ ਸੀ ਮੈਂ ਸਿਰਨਾਵਾਂ
(ਦੇਵਿੰਦਰ ਦਿਲਰੂਪ)

ਉਪਰੋਕਤ ਸ਼ਿਅਰ ਵਿੱਚ ਬਿਆਨ ਦੀ ਪੁਖ਼ਤਗੀ ਦੇਖਣਯੋਗ ਹੈ

ਰੱਦੋ- ਉਲ-ਅਜ਼ਿਜ਼, ਅਲੀ -ਉਲ ਸਦਰ-(ਪਿੱਛਲਾ ਸ਼ਬਦ ਪਹਿਲਾਂ ਤੇ ਪਹਿਲਾ ਮਗਰੋਂ ਲਿਆਉਣਾ)-ਸ਼ਿਅਰ ਦੀ ਬਣਤਰ ਪੱਖੋਂ ਸ਼ਿਅਰ ਦੇ ਚਾਰ ਹਿੱਸੇ ਹੁੰਦੇ ਹਨ, ਪਹਿਲੀ ਤੁਕ ਦੇ ਪਹਿਲੇ ਸ਼ਬਦ ਨੂੰ ਸਦਰ ਕਿਹਾ ਜਾਂਦਾ ਹੈ ਤੇ ਅਖੀਰਲੇ ਸ਼ਬਦ ਨੂੰ ਅਰੂਜ਼, ਦੂਜੀ ਤੁਕ ਦੇ ਪਹਿਲੇ ਸ਼ਬਦ ਨੂੰ ਇਬਤਦਾ ਕਹਿੰਦੇ ਹਨ ਤੇ ਮਗਰਲੇ ਨੂੰ ਅਜ਼ਿਜ਼ ਇਨ੍ਹਾਂ ਚਾਰਾਂ ਸ਼ਬਦਾਂ ਦੇ ਆਪਸ ਵਿੱਚ ਸਥਾਨ ਬਦਲਣ ਨੂੰ ਹੀ ਰੱਦੋ-ਉਲ-ਅਜ਼ਿਜ਼ ਅਲੀ-ਉਲ-ਸਦਰ ਕਿਹਾ ਜਾਂਦਾ ਹੈ ਜਦੋਂ ਸ਼ਾਇਰ ਆਪਣੇ ਕਿਸੇ ਸ਼ਿਅਰ ਵਿੱਚ ਪਹਿਲੀ ਤੁਕ ਦੇ ਸ਼ਬਦਾਂ ਨੂੰ ਦੂਜੀ ਤੁਕ ਵਿੱਚ ਉਲਟਾ ਦਿੰਦਾ ਤਾਂ ਉਸ ਵਿੱਚ ਉਪਰੋਕਤ ਗੁਣ ਪੈਦਾ ਹੋ ਜਾਂਦਾ ਹੈ,

ਮਿਰੇ ਦੋਸਤੋ ਇਹ ਜ਼ਮਾਨਾ ਬੁਰਾ
ਜ਼ਮਾਨਾ ਬੁਰਾ ਇਹ ਮਿਰੇ ਦੋਸਤੋ

ਮਅਕੂਸ- ਮਾਅਕੂਸ ਸ਼ਬਦ ਅਕਸ ਤੋਂ ਬਣਿਆ ਹੈ ਜਿਸਦਾ ਅਰਥ ਹੈ ਪ੍ਰਤੀਬਿੰਬ ਯਾਨੀ ਪ੍ਰਛਾਈ-ਇਸਦਾ ਅਰਥ ਉਲਟਾ ਵੀ ਹੁੰਦਾ ਹੈ ਕੋਈ ਸ਼ਾਇਰ ਜਦੋਂ ਆਪਣੇ ਸ਼ਿਅਰ ਵਿੱਚ ਦੋ ਅਜਿਹੇ ਸ਼ਬਦ ਵਰਤਦਾ ਹੈ ਜੋ ਉਨ੍ਹਾਂ ਨੂੰ ਉਲਟਾਇਆ ਜਾਵੇ ਤਾਂ ਉਹ ਇੱਕ ਦੂਜੇ ਵਰਗੇ ਬਣ ਜਾਂਦੇ ਹਨ ਜਦੋਂ ਅਸੀਂ ਸ਼ੀਸ਼ਾ ਦੇਖਦੇ ਹਾਂ ਤਾਂ ਸਾਡਾ ਅਕਸ ਯਾਨੀ ਬਿੰਬ, ਉਲਟਾ ਦਿਸਦਾ ਹੈ, ਪ੍ਰਤੀਬਿੰਬ ਨਜ਼ਰ ਆਉਂਦਾ ਹੈ ਮਿਸਾਲ ਵਜੋਂ-

ਤਾਰ ਦਿਲ ਵਿੱਚ ਫਿਰੀ ਹੈ ਮਿਰੇ ਜਿਸ ਤਰ੍ਹਾਂ,
ਰਾਤ ਭਰ ਹੀ ਤੁਸੀਂ ਯਾਦ ਆਉਂਦੇ ਰਹੇ

ਉਪਰੋਕਤ ਸ਼ਿਅਰ ਵਿੱਚ ਪਹਿਲੀ ਤੁਕ ਦਾ ਸ਼ਬਦ ਤਾਰ ਦੂਜੀ ਤੁਕ ਵਿੱਚ ਉਲਟਕੇ ਰਾਤ ਬਣ ਗਿਆ ਹੈ ਇਸੇ ਤਰ੍ਹਾਂ ਜੇ ਅਸੀਂ ਰਾਤ ਸ਼ਬਦ ਨੂੰ ਉਲਟਾ ਦੇਈਏ ਤਾਂ ਉਹ ਤਾਰ ਬਣ ਜਾਵੇਗਾ

ਇਸ ਤਰ੍ਹਾਂ ਇਸ ਸ਼ਿਅਰ ਵਿੱਚ ਮਾਅਕੂਸ ਦੀ ਖ਼ੂਬੀ ਪੈਦਾ ਹੋ ਗਈ

ਪੁਖ਼ਤਗੀ-ਪੁਖ਼ਤਗੀ ਦਾ ਅਰਥ ਹੈ ਮਜ਼ਬੂਤੀ, ਯਾਨੀ ਬਿਆਨ ਦਾ ਜ਼ੋਰਦਾਰ ਹੋਣਾ ਸ਼ਿਅਰਾ ਵਿੱਚ ਪੁਖ਼ਤਗੀ ਹੀ ਸ਼ਿਅਰਾਂ ਨੂੰ ਖ਼ੂਬਸੂਰਤੀ ਬਖ਼ਸ਼ਦੀ ਹੈ ਕੱਚਾ ਪਿੱਲਾ ਸ਼ਿਅਰ ਸੁਣਨ ਜਾਂ ਪੜ੍ਹਨ ਵਾਲੇ ਦੇ ਮਨ ਤੇ ਅਸਰ ਨਹੀਂ ਪਾਉਂਦਾ

ਆਮ ਇਨਸਾਨ ਹਾਂ ਮੈਂ, ਸਿਕੰਦਰ ਨਹੀਂ,
ਨਾ ਸੀ ਦੁਨੀਆਂ ਨੂੰ ਜਿੱਤਣ ਦੀ ਖਾਹਿਸ਼ ਕੋਈ,
ਇਹ ਜ਼ਮਾਨਾ ਤਾਂ ਐਵੇਂ ਫਤਹਿ ਹੋ ਗਿਆ,
ਸਿਰਫ਼ ਤੈਨੂੰ ਫ਼ਤਹਿ ਕਰਦਿਆਂ, ਕਰਦਿਆਂ (ਸੁਰਜੀਤ ਸਖੀ)

ਉਪਰੋਕਤ ਸ਼ਿਅਰ ਵਿੱਚ ਬਿਆਨ ਦੀ ਪੁਖ਼ਤਗੀ ਮੱਲੋਮੱਲੀ ਧਿਆਨ ਖਿੱਚਦੀ ਹੈ

ਤਾਸੀਰ-ਤਾਸੀਰ ਦਾ ਅਰਥ ਹੈ ਅਸਰ ਭਰਪੂਰ ਹੋਣਾ ਖ਼ਿਆਲ ਭਾਵੇਂ ਕਿੰਨਾ ਵੀ ਬੁਲੰਦ ਕਿਉਂ ਨਾ ਹੋਵੇ ਜੇ ਉਸ ਵਿੱਚ ਤਾਸੀਰ ਪੈਦਾ ਨਾ ਕੀਤੀ ਜਾਵੇ, ਤਾਂ ਆਨੰਦ ਨਹੀਂ ਆਉਂਦਾ ਸ਼ਿਅਰ ਵਿੱਚ ਅਸਰ ਪੈਦਾ ਕਰਨਾ ਬੜਾ ਵੱਡਾ ਗੁਣ ਸਮਝਿਆ ਜਾਂਦਾ ਹੈ ਤਾਸੀਰ ਦੀ ਖ਼ੂਬਸੂਰਤੀ ਨਾਲ ਸਧਾਰਣ ਖ਼ਿਆਲ ਵੀ ਬੁਲੰਦੀ ਤੇ ਪਹੁੰਚ ਜਾਂਦਾ ਹੈ

ਜੱਮਅ-ਜੱਮਅ ਦਾ ਅਰਥ ਹੈ ਜੋੜ-ਇਹ ਖ਼ੂਬੀ ਸ਼ਿਅਰ ਵਿੱਚ ਓਦੋਂ ਪੈਦਾ ਹੁੰਦੀ ਹੈ ਜਦੋਂ ਕੋਈ ਸ਼ਾਇਰ ਇੱਕ ਸ਼ਿਅਰ ਵਿੱਚ ਕਈ ਚੀਜ਼ਾਂ ਨੂੰ ਇਕੱਠਾ ਕਰ ਦੇਵੇ, ਜਿਵੇਂ-

ਦੋਸਤਾ ਤੁਰ ਜਾਣੀਆਂ ਨੇ ਸਾਰੀਆਂ,
ਪਾਤਸ਼ਾਹੀਆਂ, ਪਦਵੀਆਂ, ਸਰਦਾਰੀਆਂ
ਅੱਜ ਦੇ ਅਹਿਸਾਸ ਦੀ ਨੇ ਆਰਸੀ,
ਸ਼ੁਹਰਤਾਂ, ਸ਼ੈਤਾਨੀਆਂ, ਮੱਕਾਰੀਆਂ (ਅਮਰੀਕ ਸਿੰਘ ਪੂਨੀ)

ਉਪਰੋਕਤ ਦੋਨਾਂ ਸ਼ਿਅਰਾਂ ਵਿੱਚ, ਕ੍ਰਮਵਾਰ, ਪਾਤਸ਼ਾਹੀਆਂ,ਪਦਵੀਆਂ, ਸਰਦਾਰੀਆਂ ਤੇ ਸ਼ੁਹਰਤਾਂ, ਸ਼ੈਤਾਨੀਆਂ, ਮੱਕਾਰੀਆਂ ਇੱਕ ਜਗ੍ਹਾ ਇਕੱਠੀਆਂ ਕਰ ਦਿੱਤੀਆਂ ਗਈਆਂ ਹਨ ਸੋ ਉਪਰੋਕਤ ਸ਼ਿਅਰ ਵਿੱਚ ਜੋੜ ਦੀ ਖ਼ੂਬੀ ਪੈਦਾ ਹੋ ਗਈ ਹੈ

ਮੁਬਾਲਗਾ-ਮੁਬਾਲਗਾ ਦਾ ਅਰਥ ਹੈ ਹੱਦੋਂ ਵੱਧ, ਅਸੰਭਵ, ਜੋ ਹੋ ਨਾ ਸਕਦਾ ਹੋਵੇ, ਕਿਸੇ ਸ਼ਿਅਰ ਵਿੱਚ ਮੁਬਾਲਗਾ ਦੀ ਖ਼ੂਬੀ ਓਦੋਂ ਪੈਦਾ ਹੁੰਦੀ ਹੈ ਜਦੋਂ ਕੋਈ ਸ਼ਾਇਰ ਆਪਣੇ ਸ਼ਿਅਰ ਵਿੱਚ ਕਿਸੇ ਦੀ ਇਸ ਹੱਦ ਤੱਕ ਤਾਰੀਫ਼ ਜਾਂ ਨਿੰਦੀਆ ਕਰੇ ਕਿ ਨਾ-ਮੁਮਕਿਨ ਲੱਗੇ ਪਿੰਗਲ ਅਨੁਸਾਰ ਮੁਬਾਲਗਾ ਨੂੰ ਅਤਿ -ਕਥਨੀ ਅਲੰਕਾਰ ਕਿਹਾ ਜਾਂਦਾ ਹੈ, ਜਿਵੇਂ-

ਡੁੱਬਿਆ ਰਿਹਾ ਹਾਂ ਇਸ ਕਦਰ ਤੇਰੇ ਖ਼ਿਆਲ ਵਿੱਚ,
ਮਿਸ਼ਰੀ ਦੀ ਥਾਂ ਤੇ ਬੰਨ੍ਹ ਲਿਆ, ਪਾਣੀ ਰੁਮਾਲ ਵਿੱਚ
(ਤਿਰਲੋਕ ਸਿੰਘ ਆਨੰਦ)

ਉਪਰੋਕਤ ਸ਼ਿਅਰ ਵਿੱਚ ਕਿਸੇ ਦੇ ਖ਼ਿਆਲ ਵਿੱਚ ਡੁੱਬਕੇ, ਰੁਮਾਲ ਵਿੱਚ ਪਾਣੀ ਬੰਨ੍ਹਣਾ, ਮੁਬਾਲਗਾ ਦੀ ਖ਼ੂਬਸੂਰਤ ਮਿਸਾਲ ਹੈ

ਪਾਕੀਜ਼ਗੀ-ਪਾਕੀਜ਼ਗੀ ਦਾ ਅਰਥ ਹੈ ਪਵਿੱਤਰਤਾ ਕਿਸੇ ਸ਼ਿਅਰ ਵਿੱਚ ਪਾਕੀਜ਼ਗੀ ਦੀ ਖ਼ੂਬੀ ਓਦੋਂ ਪੈਦਾ ਹੁੰਦੀ ਹੈ ਜਦੋਂ ਕੋਈ ਸ਼ਾਇਰ ਆਪਣੇ ਸ਼ਿਅਰ ਵਿੱਚ ਅਜਿਹੀ ਭਾਵਨਾ ਪੈਦਾ ਕਰੇ ਜਿਸ ਨਾਲ ਮਨ ਦੀ ਪਵਿੱਤਰਤਾ ਤੇ ਸੁਹਿਰਦਤਾ ਦਾ ਇਜ਼ਹਾਰ ਹੋਵੇ ਜਿਵੇਂ-

ਆ ਅੱਖਾਂ ਵਿੱਚ ਅੱਥਰੂ ਭਰਕੇ, ਦੋਵੇਂ ਕਰ ਲਈਏ ਇਕਬਾਲ,
ਕੀ ਕੀ ਆਪਾਂ ਝੂਠ ਬੋਲਿਆ, ਸੌਣ ਮਹੀਨੇ ਪਿਛਲੇ ਸਾਲ
(ਅਜਾਇਬ ਹੁੰਦਲ)

ਅੱਖਾਂ ਵਿੱਚ ਅੱਥਰੂ ਭਰਕੇ, ਆਪਣੇ ਗ਼ੁਨਾਹ ਦਾ ਇਕਬਾਲ ਕਰਨਾ ਮਨ ਦੀ ਪਾਕੀਜ਼ਗੀ ਨੂੰ ਦਰਸਾਉਂਦਾ ਹੈ ਇਸ ਕਰਕੇ ਇਸ ਸ਼ਿਅਰ ਵਿੱਚ ਪਾਕੀਜ਼ਗੀ ਦੀ ਖ਼ੂਬੀ ਪੈਦਾ ਹੋ ਗਈ ਹੈ ਇਹ ਪਾਕੀਜ਼ਗੀ ਦੇ ਖ਼ਿਆਲ ਨੂੰ ਬੁਲੰਦੀ ਬਖ਼ਸ਼ਦੀ ਹੈ

ਬਲਾਗ਼ਤ-ਬਲਾਗ਼ਤ ਦਾ ਅਰਥ ਹੈ ਡੂੰਘੇ ਖ਼ਿਆਲਾਂ ਨੂੰ ਸਿੱਧੇ ਸਾਦੇ ਸ਼ਬਦਾਂ ਵਿੱਚ ਪੇਸ਼ ਕਰਨਾ-

ਕੁੱਝ ਇਕ ਚੇਤੇ ਸਾਹਵਾਂ ਵਰਗੇ ਹੁੰਦੇ ਨੇ,
ਆਪਣੇ ਪਿੰਡ ਦੇ ਰਾਹਵਾਂ ਵਰਗੇ ਹੁੰਦੇ ਨੇ,
ਕੁੱਝ ਸੱਜਣਾ ਦੀ ਯਾਦ ਆਏ ਤਾਂ ਸਿਰ ਝੁਕਦੈ,
ਪੈਗੰਬਰਾਂ ਦੇ ਨਾਵਾਂ ਵਰਗੇ ਹੁੰਦੇ ਨੇ
(ਸੁਲੱਖਣ ਸਰਹੱਦੀ)

ਉਪਰੋਕਤ ਸ਼ਿਅਰ ਵਿੱਚ ਚੇਤਿਆਂ ਨੂੰ ਸਾਹਵਾਂ ਨਾਲ ਤਸ਼ਬੀਹ ਦੇਣੀ ਤੇ ਸੱਜਣਾ ਨੂੰ ਪੈਗੰਬਰ ਕਹਿਣਾ, ਸ਼ਿਅਰ ਵਿੱਚ ਬਲਾਗ਼ਤ ਦੀ ਖ਼ੂਬੀ ਪੈਦਾ ਕਰਦਾ ਹੈ

ਰੂਪਕ-ਜਦ ਇੱਕ ਚੀਜ਼ ਨੂੰ ਬਿਲਕੁਲ ਦੂਜੀ ਵਰਗੀ ਦਰਸਾਇਆ ਜਾਵੇ-

ਮੈਨੂੰ ਤੇਰਾ ਸ਼ਬਾਬ ਲੈ ਬੈਠਾ,
ਰੰਗ ਗੋਰਾ ਗ਼ੁਲਾਬ ਲੈ ਬੈਠਾ
(ਸ਼ਿਵ ਕੁਮਾਰ ਬਟਾਲਵੀ)

ਉਪਰੋਕਤ ਸ਼ਿਅਰ ਵਿੱਚ, ਗੋਰੇ ਨੂੰ ਗ਼ੁਲਾਬ ਕਿਹਾ ਗਿਆ ਹੈ ਇਸ ਤਰ੍ਹਾਂ ਗੋਰਾ ਰੰਗ ਗ਼ੁਲਾਬ ਦਾ ਰੂਪਕ ਹੋ ਗਿਆ ਹੈ

ਤਨਜ਼-ਤਨਜ਼ ਦਾ ਅਰਥ ਹੈ-ਵਿਅੰਗ ਜਾਂ ਕਟਾਖਸ਼ ਕਿਸੇ ਦੀ ਕਮਜ਼ੋਰੀ ਜਾਂ ਔਗੁਣ ਤੇ ਵਿਅੰਗ ਕਸਣ ਨੂੰ ਹੀ ਤਨਜ਼ ਕਿਹਾ ਜਾਂਦਾ ਹੈ ਤਨਜ਼ ਨੂੰ ਸ਼ਿਅਰ ਦੀ ਬਹੁਤ ਵੱਡੀ ਖ਼ੂਬੀ ਮੰਨਿਆ ਜਾਂਦਾ ਹੈ ਤਨਜ਼ ਦੀ ਪੁੱਠ ਨਾਲ ਸਧਾਰਣ ਖ਼ਿਆਲ ਵੀ ਨਾਟਕੀ ਤੇ ਰੌਚਕ ਹੋ ਜਾਂਦਾ ਹੈ

ਬੈਠਕੇ ਇੱਕ ਭਵਨ ਵਿੱਚ, ਕੁੱਝ ਭੰਡ ਤੇ ਕੁੱਝ ਮਸਖ਼ਰੇ,
ਮਰਸੀਆ ਪੜ੍ਹਦੇ ਵਤਨ ਦਾ,ਲੋਕ ਲਾਉਂਦੇ ਕਹਿ ਕਹੇ
(ਹਰਦਿਆਲ ਸਾਗਰ)

ਉਪਰੋਕਤ ਸ਼ਿਅਰ ਵਿੱਚ ਸ਼ਾਇਰ ਨੇ ਰਾਜਨੀਤਕ ਲੋਕਾਂ ਨੂੰ ਭੰਡ ਤੇ ਮਸਖਰੇ ਕਿਹਾ ਹੈ, ਜਿਹੜੇ ਸੰਸਦ ਵਿੱਚ ਬੈਠਕੇ ਦੇਸ ਦਾ ਮਰਸੀਆ ਪੜ੍ਹਦੇ ਹਨ ਤੇ ਲੋਕ ਉਨ੍ਹਾਂ ਦੀ ਕਾਰ-ਗੁਜ਼ਾਰੀ ਤੇ ਕਹਿ ਕਹੇ ਲਾਉਂਦੇ ਹਨ ਇਸ ਤਰ੍ਹਾਂ ਸ਼ਾਇਰ ਨੇ ਰਾਜਨੀਤਕ ਲੋਕਾਂ ਤੇ ਤਨਜ਼ ਕੀਤੀ ਹੈ

ਜਿੱਦਤ-ਨੁਦਰਤ-(ਨਵੀਨਤਾ-ਅਨੋਖਾਪਣ)-ਜਦ ਕੋਈ ਸ਼ਾਇਰ ਆਪਣੇ ਸ਼ਿਅਰ ਵਿੱਚ ਕਿਸੇ ਸਧਾਰਣ ਗੱਲ ਨੂੰ ਅਜਿਹੇ ਅੰਦਾਜ਼ ਵਿੱਚ ਕਹੇ ਕਿ ਉਹ ਨਵੀਂ ਤੇ ਅਨੋਖੀ ਲੱਗੇ ਤਾਂ ਉਸਨੂੰ ਜਿੱਦਤ ਤੇ ਨੁਦਰਤ ਕਹਿੰਦੇ ਹਨ ਜਿਵੇਂ ਕਿ-

ਇਹ ਦਿਲ ਦਫ਼ਤਰ ਹੈ, ਦਫ਼ਤਰ ਵਿੱਚ ਮੁਲਾਜ਼ਮ ਆਉਂਦੇ ਜਾਂਦੇ ਨੇ,
ਤੇ ਕਾਰੋਬਾਰ ਦਿਲ ਦਾ ਧੜ੍ਹਕਣਾਂ, ਦਮ ਆਉਂਦੇ ਜਾਂਦੇ ਨੇ ;
(ਕ੍ਰਿਸ਼ਨ ਭਨੋਟ)

ਉਪਰੋਕਤ ਸ਼ਿਅਰ ਵਿੱਚ ਦਿਲ ਨੂੰ ਦਫ਼ਤਰ ਆਖਣਾਂ ਤੇ ਸਾਹਾਂ ਨੂੰ ਮੁਲਾਜ਼ਮ ਕਹਿਣਾ ਸ਼ਿਅਰ ਵਿੱਚ ਨਵੀਨਤਾ ਪੈਦਾ ਕਰਦੇ ਹਨ ਇਸ ਤਰ੍ਹਾਂ ਇਸ ਸ਼ਿਅਰ ਵਿੱਚ ਜਿੱਦਤ ਤੇ ਨੁਦਰਤ ਦੀ ਖ਼ੂਬੀ ਪੈਦਾ ਹੋ ਗਈ

ਅੰਦਾਜ਼- ਏ-ਬਿਆਨ (ਬਿਆਨ ਦੀ ਖ਼ੂਬਸੂਰਤੀ)-ਖ਼ੂਬਸੂਰਤ ਬਿਆਨ ਦਾ ਢੰਗ ਵੀ ਸ਼ਿਅਰ ਦੀ ਬਹੁਤ ਵੱਡੀ ਖ਼ੂਬੀ ਮੰਨੀ ਜਾਂਦੀ ਹੈ-ਮਿਰਜ਼ਾ ਗ਼ਾਲਿਬ ਦਾ ਇਹ ਮਕਤਾ ਜਣੇ ਖਣੇ ਦੀ ਜ਼ੁਬਾਨ ਤੇ ਚੜ੍ਹਿਆ ਹੋਇਆ ਹੈ-

ਹੈਂ ਔਰ ਭੀ ਦੁਨੀਆਂ ਮੇਂ, ਸੁਖ਼ਨਵਰ ਬਹੁਤ ਅੱਛੇ.
ਕਹਿਤੇਂ ਹੇਂ ਕਿ ਗ਼ਾਲਿਬ ਕਾ, ਅੰਦਾਜ਼ -ਏ-ਬਿਆਂ ਹੈ ਔਰ

ਸੋ ਖ਼ੂਬਸੂਰਤ ਬਿਆਨ ਦੀ ਸ਼ਿਅਰ ਵਿੱਚ ਬਹੁਤ ਮਹੱਤਤਾ ਹੈ ਦਰਅਸਲ ਕਿਸੇ ਸ਼ਾਇਰ ਦਾ ਆਪਣਾ ਬਿਆਨ ਢੰਗ, ਸ਼ੈਲੀ ਜਾਂ ਸਟਾਈਲ ਹੀ ਉਸਨੂੰ ਦੂਜੇ ਸ਼ਾਇਰਾਂ ਨਾਲੋਂ ਵੱਖ ਕਰਦਾ ਹੈ ਨਿਮਨ-ਲਿਖਤ ਸ਼ਿਅਰਾਂ ਵਿੱਚ ਅੰਦਾਜ਼- ਏ-ਬਿਆਨ ਦੇਖਣਯੋਗ ਹੈ -

ਮੈਂ ਕਿਹਾ ਕੀ ਸੋਚਦੇ ਹੋ? ਯਾਰ ਬੋਲੇ ਕੁੱਝ ਨਹੀਂ,
ਮੈਂ ਉਹਨਾ ਨੂੰ ਪੁੱਛਿਆ ਸੌ ਵਾਰ, ਬੋਲੇ ਕੁੱਝ ਨਹੀਂ
ਕੁੱਝ ਨਹੀਂ ਦਾ ਅਰਥ ਕੀ ਸਮਝਾਂ ਮੈਂ, ਦੱਸੋਗੇ ਹਜ਼ੂਰ?
ਉਹ ਮੇਰੇ ਮੂੰਹੋਂ ਇਹ ਸੁਣਦੇ ਸਾਰ ਬੋਲੇ, ਕੁੱਝ ਨਹੀਂ (ਗੁਰਦਿਆਲ ਰੌਸ਼ਨ)

ਓਮਾਜ-ਓਮਾਜ ਦਾ ਅਰਥ ਹੈ, ਦੂਹਰੇ ਅਰਥਾਂ ਵਾਲੇ ਸ਼ਬਦ-ਜਦੋਂ ਕੋਈ ਸ਼ਾਇਰ ਆਪਣੇ ਸ਼ਿਅਰ ਵਿੱਚ ਅਜਿਹਾ ਸ਼ਬਦ ਵਰਤੇ ਜਿਸਦੇ ਦੋ ਅਰਥ ਨਿੱਕਲਦੇ ਹੋਣ,ਤੇ ਦੋਵੇਂ ਅਰਥ ਸ਼ਿਅਰ ਵਿੱਚ ਪੂਰੀ ਤਰ੍ਹਾਂ ਢੁੱਕਦੇ ਹੋਣ, ਓਸ ਖ਼ੂਬੀ ਨੂੰ ਓਮਾਜ ਕਹਿੰਦੇ ਹਨ ਓਮਾਜ ਦੀ ਮਿਸਾਲ ਅਸੀਂ ਉਰਦੂ ਸ਼ਾਇਰੀ ਵਿੱਚੋਂ ਦਿਆਂਗੇ-

ਇੱਕ ਵਾਰੀ ਕਿਤੇ ਉਰਦੂ ਮੁਸ਼ਾਇਰਾ ਰੱਖਿਆ ਗਿਆ, ਮੁਸ਼ਾਇਰੇ ਦੇ ਪ੍ਰਬੰਧਕਾਂ ਨੇ ਜਾਣ ਬੁੱਝਕੇ ਅਜਿਹਾ ਤਰਹ-ਮਿਸਰਾ (ਸਮੱਸਿਆ) ਰੱਖ ਦਿੱਤਾ ਕਿ ਉਸ ਵਿੱਚ ਮੁਸਲਮਾਨ ਸ਼ਾਇਰ ਹੀ ਹਿੱਸਾ ਲੈ ਸਕਣ ਇਸ ਮੁਸ਼ਾਇਰੇ ਵਾਸਤੇ ਜਨਾਬ ਹਰੀ ਚੰਦ ਅਖ਼ਤਰ ਨੂੰ ਵੀ ਸੱਦਾ ਪੱਤਰ ਮਿਲਿਆ ਮੁਸ਼ਾਇਰੇ ਵਾਸਤੇ ਤਰਹ ਮਿਸਰਾ ਸੀ-ਵੁਹ ਹੈਂ ਕਾਫ਼ਿਰ, ਜੋ ਕਿ ਸ਼ੈਦਾਈ ਨਹੀਂ ਇਸਲਾਮ ਕੇ

ਜਨਾਬ ਹਰੀ ਚੰਦ ਅਖ਼ਤਰ ਉਰਦੂ ਦੇ ਉਸਤਾਦ ਸ਼ਾਇਰ ਸਨ, ਮੁਸ਼ਾਇਰੇ ਤੇ ਪਹੁੰਚੇ,ਜਦ ਉਨ੍ਹਾਂ ਦੀ ਕਲਾਮ ਪੜ੍ਹਨ ਦੀ ਵਾਰੀ ਆਈ ਤਾਂ ਉਨ੍ਹਾਂ ਨੇ ਤਰਹ ਮਿਸਰੇ ਵਾਲੇ ਸ਼ਿਅਰ ਤੇ ਐਸੀ ਗਿਰਹ ਲਾਈ ਕਿ ਸਰੋਤੇ ਅਸ਼ ਅਸ਼ ਕਰ ਉੱਠੇ, ਤੁਹਾਡੇ ਨਾਲ ਉਹ ਸ਼ਿਅਰ ਸਾਂਝਾ ਕਰਦੇ ਹਾਂ- ਹੋ ਸਕਦਾ ਹੈ ਕਿ ਅਸੀਂ ਸਹੀ ਸ਼ਿਅਰ ਨਾ ਕਹਿ ਸਕੀਏ, ਪਰ ਓਮਾਜ ਵਾਲੇ ਸ਼ਬਦ ਬਾਰੇ ਕੋਈ ਭੁਲੇਖਾ ਨਹੀਂ-

ਜ਼ੁਲਫ ਬਲ ਖਾਤੀ ਹੈ ਰੁਖ ਪੇ ਯੂੰ ਮਿਰੇ ਘਨਸ਼ਾਮ ਕੇ;
ਵੁਹ ਹੈਂ ਕਾਫ਼ਿਰ ਜੋ ਕਿ ਸ਼ੈਦਾਈ ਨਹੀਂ ਇਸ ਲਾਮ ਕੇ

ਉਰਦੂ ਜ਼ੁਬਾਨ ਵਿੱਚ ਲਾਮ ਵਾਲਾਂ ਦੀ ਲਿਟ ਨੂੰ ਕਿਹਾ ਜਾਂਦਾ ਹੈ

ਉਪਰੋਕਤ ਸ਼ਿਅਰ ਵਿੱਚ ਇਸਲਾਮ ਸ਼ਬਦ ਦੋਹਰੇ ਅਰਥਾਂ ਵਿੱਚ ਵਰਤਿਆ ਗਿਆ ਹੈ, ਸੋ ਇਸ ਸ਼ਿਅਰ ਵਿੱਚ ਓਮਾਜ ਦੀ ਖ਼ੂਬੀ ਪੈਦਾ ਹੋ ਗਈ

ਹੁਸਨ-ਏ-ਤਰਤੀਬ-ਹੁਸਨ -ਏ ਤਰਤੀਬ ਦਾ ਅਰਥ ਹੈ ਸ਼ਬਦਾਂ ਨੂੰ ਤਰਤੀਬ ਅਨੁਸਾਰ ਰੱਖਣਾ, ਜਦੋਂ ਕੋਈ ਸ਼ਾਇਰ ਆਪਣੇ ਸ਼ਿਅਰ ਵਿੱਚ ਸ਼ਬਦਾਂ ਨੂੰ ਲੜੀਵਾਰ ਇਸ ਤਰ੍ਹਾਂ ਰੱਖਦਾ ਹੈ ਜਿਵੇਂ -ਦਿਨ, ਮਹੀਨਾ, ਸਾਲ, ਤਾਂ ਓਸ ਸ਼ਿਅਰ ਵਿੱਚ ਹੁਸਨ-ਏ-ਤਰਤੀਬ ਦੀ ਖ਼ੂਬੀ ਪੈਦਾ ਹੋ ਜਾਂਦੀ ਹੈ, ਜਿਵੇਂ-

ਜ਼ਿੰਦਗੀ ਜ਼ਿੰਦਾਦਿਲੀ ਦਾ ਪਿਆਮ ਹੈ,
ਮੌਤ ਹੀ ਮੁਰਦਾਦਿਲੀ ਦਾ ਨਾਮ ਹੈ,
ਹੋ ਰਹੀ ਹੈ ਜ਼ਿੰਦਗੀ ਏਦਾਂ ਬਤੀਤ,
ਹੁਣ ਸੁਬਹ, ਹੁਣ ਦੋਪਹਿਰ, ਹੁਣ ਸ਼ਾਮ ਹੈ

ਉਪਰੋਕਤ ਸ਼ਿਅਰ ਵਿੱਚ ਸ਼ਾਇਰ ਨੇ, ਸੁਬਹ, ਦੋਪਹਿਰ, ਸਾਮ ਤਰਤੀਬ ਅਨੁਸਾਰ ਰੱਖੇ ਹਨ ਇਸ ਕਰਕੇ ਇਸ ਸ਼ਿਅਰ ਵਿੱਚ ਹੁਸਨ-ਏ ਤਰਤੀਬ ਦੀ ਖ਼ੂਬੀ ਪੈਦਾ ਹੋ ਗਈ

ਈਜਾਜ਼- ਈਜਾਜ਼ ਦਾ ਅਰਥ ਹੁੰਦੈ, ਸੰਖੇਪਤਾ ਜਦੋਂ ਕੋਈ ਸ਼ਾਇਰ ਥੋੜ੍ਹੇ ਜਿਹੇ ਸ਼ਬਦਾਂ ਵਿੱਚ ਹੀ ਪੂਰੀ ਕਹਾਣੀ ਬਿਆਨ ਕਰ ਦੇਵੇ ਤਾਂ ਉਸ ਖ਼ੂਬੀ ਨੂੰ ਈਜਾਜ਼ ਕਹਿੰਦੇ ਹਨ ਜਿਵੇਂ-

ਪੈਰੀਂ ਝਾਂਜਰ, ਹੋਠੀਂ ਤਾਲਾ, ਲੁਕਵੇਂ ਹੰਝੂ,
ਦਿਲ ਦੇ ਬਦਲੇ ਤੁਹਫ਼ੇ ਤਾਂ ਵਡਮੁੱਲੇ ਨੇ (ਰਤਨੀਵ)

ਉਪਰੋਕਤ ਸਿਅਰ ਵਿੱਚ ਸ਼ਾਇਰਾ ਨੇ ਥੋੜ੍ਹੇ ਜਹੇ ਸ਼ਬਦਾਂ ਵਿੱਚ ਹੀ ਪੂਰੀ ਕਹਾਣੀ ਬਿਆਨ ਕਰ ਦਿੱਤੀ ਹੈ ਪੈਰੀਂ ਝਾਂਜਰ, ਹੋਠਾਂ ਤੇ ਤਾਲੇ ਲੁਕਵੇਂ ਹੰਝੂ ਸਿਰਫ਼ ਇਹ ਤਿੰਨੇ ਸ਼ਬਦ ਇੱਕ ਪੂਰੀ ਕਹਾਣੀ ਬਿਆਨ ਕਰ ਦਿੰਦੇ ਹਨ ਸੋ ਇਸ ਤਰ੍ਹਾਂ ਇਸ ਸ਼ਿਅਰ ਵਿੱਚ ਈਜਾਜ਼ ਦੀ ਖ਼ੂਬੀ ਪੈਦਾ ਹੋ ਗਈ ਹੈ

ਇਨਸ਼ਾ-ਦਾ ਅਰਥ ਹੈ ਬਾਤ ਪੈਦਾ ਕਰਨੀ ਇਨਸ਼ਾ ਉਸ ਵਾਕ ਨੂੰ ਕਿਹਾ ਜਾਂਦਾ ਹੈ ਜਿਸ ਵਾਕ ਵਿੱਚ ਦਰਦ, ਖਾਹਿਸ਼ ਤੇ ਹੈਰਾਨੀ ਦੇ ਭਾਵ ਹੋਣ ਇੱਕ ਸਧਾਰਣ ਖ਼ਬਰ ਨੂੰ ਵੀ ਸ਼ਾਇਰ ਆਪਣੇ ਕਮਾਲ ਨਾਲ ਇਨਸ਼ਾ ਬਣਾ ਲੈਂਦੇ ਹਨ ਮਿਸਾਲ ਵਜੋਂ -

ਉਹ ਮਟਕ ਮਟਕ ਆਏ, ਮੇਰੇ ਨਾਲ ਲੱਗਕੇ ਬਹਿ ਗਏ,
ਮੈਨੂੰ ਇਵੇਂ ਸੀ ਲੱਗਾ, ਜੀਕਣ ਮੈਂ ਖ਼ਾਬ ਡਿੱਠਾ

ਜੇ ਉਪਰੋਕਤ ਸ਼ਿਅਰ ਵਿੱਚ ਇੰਨੀ ਗੱਲ ਕਹੀ ਹੁੰਦੀ ਕਿ ਉਹ ਮਟਕ ਮਟਕ ਆਏ, ਮੇਰੇ ਨਾਲ ਲੱਗਕੇ ਬਹਿ ਗਏ,ਤਾਂ ਇਹ ਇੱਕ ਸਧਾਰਣ ਗੱਲ ਹੋਣੀ ਸੀ ਪਰ ਮੈਨੂੰ ਇਵੇਂ ਸੀ ਲੱਗਾ, ਜੀਕਣ ਮੈਂ ਖ਼ਾਬ ਡਿੱਠਾ ਕਹਿਣ ਨਾਲ ਸ਼ਿਅਰ ਵਿੱਚ ਖ਼ੂਬਸੂਰਤੀ ਤੇ ਲੁਤਫ਼ ਪੈਦਾ ਹੋ ਗਿਆ ਹੈ ਇਸ ਤਰ੍ਹਾਂ ਇਸ ਸ਼ਿਅਰ ਵਿੱਚ ਇਨਸ਼ਾ ਦੀ ਖ਼ੂਬੀ ਪੈਦਾ ਹੋ ਗਈ

ਤਕਸੀਮ-(ਵੰਡਣਾ) ਜਦੋਂ ਸ਼ਾਇਰ ਆਪਣੇ ਸ਼ਿਅਰ ਵਿੱਚ ਕੁੱਝ ਚੀਜ਼ਾਂ ਇਕੱਠੀਆਂ ਕਰਕੇ ਅੱਗੇ ਵੰਡਦਾ ਹੈ ਤਾਂ ਸ਼ਿਅਰ ਵਿੱਚ ਤਕਸੀਮ ਦੀ ਖ਼ੂਬੀ ਪੈਦਾ ਹੋ ਜਾਂਦੀ ਹੈ ਉਦਾਹਰਣ ਦੇ ਤੌਰ ਤੇ-

ਆਫ਼ ਦਾ ਪਾਣੀ, ਖ਼ੁਸ਼ਬੂ, ਰਸਤਾ, ਖੰਭ, ਕਲਮ, ਰੰਗ, ਨੂਰ,
ਦਿਲ ਕਰਦੈ ਸਰਹੱਦੀ ਤੈਨੂੰ, ਇਹ ਸਭ ਲਕਬ ਦਿਆਂ
(ਸੁਲੱਖਣ ਸਰਹੱਦੀ)

ਉਪਰੋਕਤ ਸ਼ਿਅਰ ਵਿੱਚ ਸ਼ਾਇਰ ਨੇ ਕੁੱਝ ਚੀਜ਼ਾਂ ਇਕੱਠੀਆਂ ਕਰਕੇ ਅੱਗੇ ਵੰਡ ਦਿੱਤੀਆਂ ਹਨ,

ਇਸ ਤਰ੍ਹਾਂ ਇਸ ਸ਼ਿਅਰ ਵਿੱਚ ਤਕਸੀਮ ਦੀ ਖ਼ੂਬੀ ਪੈਦਾ ਹੋ ਗਈ ਹੈ

ਈਹਾਮ- ਦਾ ਅਰਥ ਹੈ ਭੁਲੇਖਾ ਪਾਉਣਾ ਜਦੋਂ ਕੋਈ ਸ਼ਾਇਰ ਆਪਣੇ ਸ਼ਿਅਰ ਵਿੱਚ ਕੋਈ ਅਜਿਹਾ ਸ਼ਬਦ ਵਰਤੇ ਜਿਸਦੇ ਦੋ ਅਰਥ ਨਿਕਲਦੇ ਹੋਣ, ਇੱਕ ਨੇੜੇ ਦਾ, ਇੱਕ ਦੂਰ ਦਾ ਸ਼ਾਇਰ ਦਾ ਮੰਤਵ ਦੂਰ ਦੇ ਅਰਥਾਂ ਤੋਂ ਹੋਵੇ, ਪਰ ਸਰੋਤਾ ਜਾਂ ਪਾਠਕ ਨੇੜੇ ਦੇ ਅਰਥ ਕੱਢੇ ਤਾਂ ਸ਼ਿਅਰ ਵਿੱਚ ਈਹਾਮ ਦੀ ਖ਼ੂਬੀ ਪੈਦਾ ਹੋ ਜਾਂਦੀ ਹੈ ਮਿਸਾਲ ਵਜੋਂ-

ਉਸਨੂੰ ਕਿਸਨੇ ਆਖਿਆ ਝੂਠੀ ਕਸਮ (ਗੁਰਚਰਨ ਕੌਰ ਕੋਚਰ)
ਖਾਣ ਵਾਲੀ ਚੀਜ਼ ਹੈ, ਖਾਇਆ ਕਰੋ

ਉਪਰੋਕਤ ਸ਼ਿਅਰ ਵਿੱਚ ਇਹੋ ਖ਼ੂਬੀ ਹੈ

ਚਾਰਖਾਨਾ-ਜਦੋਂ ਹਰ ਸ਼ਿਅਰ ਚਾਰ ਹਿੱਸਿਆਂ ਵਿੱਚ ਵੰਡਿਆ ਹੋਵੇ ਤੇ ਹਰ ਹਿੱਸੇ ਵਿੱਚ ਨਵਾਂ ਕਾਫ਼ੀਆ ਹੋਵੇ ਤਾਂ ਓਸ ਸ਼ਿਅਰ ਵਿੱਚ ਚਾਰ ਖਾਨੇ ਦੀ ਖ਼ੂਬੀ

ਪੈਦਾ ਹੋ ਜਾਂਦੀ ਹੈ ਇਹ ਖ਼ੂਬੀ ਸਿਰਫ਼ ਲੰਮੀਆਂ ਬਹਿਰਾਂ ਵਿੱਚ ਹੀ ਪੈਦਾ ਹੋ ਸਕਦੀ ਹੈ, ਜਿਨਹਾ ਵਿੱਚ ਰੁਕਨਾਂ ਦੇ ਦੋ ਦੋ ਟੋਟੇ ਕਰਕੇ ਕਾਫ਼ੀਆ ਬੰਦ ਕੀਤਾ ਜਾਂਦਾ ਹੈ ਮਿਸਾਲ ਦੇ ਤੌਰ ਤੇ-

ਅਸੀਂ ਤਾਂ ਫਿਰਦੇ ਮਲੰਗ ਹੋਏ, ਤੇ ਜ਼ਿੰਦਗੀ ਤੋਂ ਹਾਂ ਤੰਗ ਹੋਏ,
ਤੁਸੀਂ ਵੀ ਦਿਲਬਰ ਨਾ ਸੰਗ ਹੋਏ,ਅਜਿਹਾ ਜੀਣਾ ਨਿਸੰਗ ਹੋਏ
ਨਾ ਪੁੱਛੋ ਕਿ ਸ਼ਬ ਕਿਵੇਂ ਬਿਤਾਈ, ਨਾ ਚੈਨ ਆਇਆ ਨਾ ਨੀਂਦ ਆਈ,
ਸਿਤਾਰੇ ਦਿੰਦੇ ਰਹੇ ਦੁਹਾਈ, ਵਿਚਾਰੇ ਤਕ ਤਕ ਕੇ ਦੰਗ ਹੋਏ

ਉਪਰੋਕਤ ਸ਼ਿਅਰ ਵਿੱਚ ਮਲੰਗ, ਤੰਗ, ਸੰਗ, ਨਿਸੰਗ, ਪਹਿਲੀ ਤੁਕ ਵਿੱਚ ਤੇ ਦੂਜੀ ਤੁਕ ਵਿੱਚ ਬਿਤਾਈ, ਆਈ, ਦੁਹਾਈ, ਵਗ਼ੈਰਾ ਚਾਰ ਚਾਰ ਕਾਫ਼ੀਏ ਸ਼ਿਅਰ ਵਿੱਚ ਚਾਰ ਖਾਨਾ ਦੀ ਖ਼ੂਬੀ ਪੈਦਾ ਕਰਦੇ ਹਨ

ਤਰਸੀਹ (ਨਗੀਨੇ ਜੜ੍ਹਨਾ)

ਤਰਸੀਹ ਦਾ ਅਰਥ ਹੈ ਨਗੀਨੇ ਜੜ੍ਹਨਾ, ਇਹ ਸ਼ਬਦ ਵੈਸੇ ਤਾਂ ਸਵਰਨਕਾਰਾਂ ਦੇ ਕਿੱਤੇ ਨਾਲ ਸਬੰਧਤ ਹੈ ਕਿਉਂਕਿ ਸਵਰਨਕਾਰ ਗਹਿਣੇ ਘੜ੍ਹਦਿਆਂ ਹੋਇਆਂ ਗਹਿਣਿਆਂ ਵਿੱਚ ਨਗੀਨੇ ਜੜ੍ਹਦੇ ਹਨ, ਇਸ ਤਰ੍ਹਾਂ ਗਹਿਣਿਆਂ ਦੀ ਖ਼ੂਬਸੂਰਤੀ ਵੱਧ ਜਾਂਦੀ ਹੈ, ਐਪਰ ਸ਼ਾਇਰਾਨਾ ਜ਼ੁਬਾਨ ਵਿੱਚ ਜਦੋਂ ਕੋਈ ਸ਼ਾਇਰ ਦੋ ਤੁਕਾਂ ਵਿੱਚ ਕੁੱਝ ਅਜਿਹੇ ਸ਼ਬਦ ਵਰਤਦਾ ਹੈ, ਜਿਨ੍ਹਾਂ ਸ਼ਬਦਾਂ ਦਾ ਕ੍ਰਮਵਾਰ ਕਾਫ਼ੀਆ ਵੀ ਮਿਲਦਾ ਹੋਵੇ ਤੇ ਉਹ ਆਪਸ ਵਿੱਚ ਹਮਵਜ਼ਨ ਵੀ ਹੋਣ,ਤਾਂ ਇਸ ਖ਼ੂਬੀ ਨੂੰ ਤਰਸੀਹ ਯਾਨੀ ਨਗੀਨੇ ਜੜ੍ਹਨਾ ਕਿਹਾ ਜਾਂਦਾ ਹੈ ਮਿਸਾਲ ਦੇ ਤੌਰ ਤੇ-

ਨਾਮ ਤੇਰਾ ਹੈ, ਜ਼ਿੰਦਗੀ ਮੇਰੀ ,
ਕਾਮ ਮੇਰਾ ਹੈ, ਬੰਦਗੀ ਤੇਰੀ

ਉਪਰੋਕਤ ਸ਼ਿਅਰ ਦੀਆਂ ਦੋਨਾਂ ਤੁਕਾਂ ਵਿੱਚ ਕ੍ਰਮਵਾਰ , ਨਾਮ,ਕਾਮ, ਤੇਰਾ, ਮੇਰਾ, ਜ਼ਿਦਗੀ, ਬੰਦਗੀ, ਮੇਰੀ, ਤੇਰੀ, ਸ਼ਬਦ ਆਪਸ ਵਿੱਚ ਕਾਫੀਆਬੰਦ ਵੀ ਹਨ ਤੇ ਹਮਵਜ਼ਨ ਵੀ ਇਸ ਤਰ੍ਹਾਂ ਇਸ ਸ਼ਿਅਰ ਵਿੱਚ ਤਰਸੀਹ ਦੀ ਖ਼ੂਬੀ ਪੈਦਾ ਹੋ ਗਈ ਹੈ

ਨਾਜ਼ੁਕ-ਬਿਆਨੀ - ਨਾਜ਼ੁਕ ਬਿਆਨੀ ਸ਼ਿਅਰ ਵਿੱਚ ਅੰਤਾਂ ਦੀ ਖ਼ੂਬਸੂਰਤੀ ਪੈਦਾ ਕਰ ਦਿੰਦੀ ਹੈ ਸ਼ਾਇਰ ਜਦੋਂ ਕਿਸੇ ਖ਼ਿਆਲ ਨੂੰ ਨਾਜ਼ੁਕਤਾ ਨਾਲ ਬਿਆਨ ਕਰਦਾ ਹੈ ਤਾਂ ਪਾਠਕ ਜਾਂ ਸਰੋਤੇ ਦੇ ਮੂੰਹੋਂ ਬਦੋ ਬਦੀ ਵਾਹ ਤੇ ਆਹ ਨਿਕਲ ਜਾਂਦੀਆਂ ਹਨ ਨਾਜ਼ੁਕ ਬਿਆਨੀ ਦੀ ਇੱਕ ਮਿਸਾਲ ਪੇਸ਼ ਹੈ-

ਫ਼ੁੱਲ ਦੀ ਪੱਤੀ ਵੀ, ਕਰ ਸਕਦੀ ਹੈ ਕੋਈ ਹਾਦਸਾ,
ਲਾਜ਼ਮੀ ਹੁੰਦਾ ਨਹੀਂ, ਪੱਥਰ ਹੀ ਠੋਕਰ ਵਾਸਤੇ (ਜਸਵਿੰਦਰ)
"ਮੈਨੂੰ ਤਾਂ ਗਵਾਰਾ ਨਈਂ, ਇਹ ਸੋਚ ਠਰੀ ਹੋਈ,
ਆਵੇ ਤੇ ਕੋਈ ਆ ਕੇ, ਅੰਗਾਰ ਹੀ ਧਰ ਜਾਵੇ "
(ਕ੍ਰਿਸ਼ਨ ਭਨੋਟ)

ਆਧੁਨਿਕਤਾ-ਬਦਲਦੇ ਸਮੇਂ ਅਨੁਸਾਰ ਪੰਜਾਬੀ ਗ਼ਜ਼ਲ ਵੀ ਸਮੇਂ ਦੀ ਹਾਣੀ ਹੁੰਦੀ ਰਹੀ ਹੈ ਇਹ ਹਮੇਸ਼ਾਂ ਨਵੇਂ ਵਿਚਾਰ, ਆਪਣੇ ਵਿੱਚ ਸਮਾਉਂਦੀ ਰਹੀ ਹੈ ਜਿਵੇਂ ਕਿ-

ਇਨ੍ਹਾਂ ਨੂੰ ਕੁੱਝ ਸਮਾਜਿਕ ਹੋਣ ਬਾਰੇ ਵੀ ਤੁਸੀਂ ਦੱਸੋ,
ਇਕੱਲਾ ਬੱਚਿਆਂ ਨੂੰ ਕਰਦੈ ਇੰਟਰਨੈੱਟ ਦਾ ਚੁੰਬਕ

ਕਿਸੇ ਚੀਜ਼ ਖਾਤਰ , ਕਿਤੇ ਵਿਕ ਨਾ ਜਾਵਾਂ,
ਬਹੁਤ ਡਰ ਗਿਆਂ ਹਾਂ ਮੈਂ, ਬਾਜ਼ਾਰ ਆਕੇ (ਦਵਿੰਦਰ ਪੂਨੀਆਂ)

ਉਪਰੋਕਤ ਦੋਵੇਂ ਸ਼ਿਅਰ ਨਵੇਂ ਭਾਵ-ਬੋਧ ਨੂੰ ਪ੍ਰਗਟਉਂਦੇ ਹਨ

ਯਥਾਰਥਵਾਦ ਜਾਂ ਹਕੀਕਤ ਬਿਆਨੀ-ਜ਼ਿੰਦਗੀ ਦੀਆਂ ਹਕੀਕਤਾਂ ਨੂੰ ਸ਼ਿਅਰ ਵਿੱਚ ਬਿਆਨ ਕਰਨਾ ਵੀ ਸ਼ਿਅਰ ਦੀ ਖ਼ੂਬੀ ਗਿਣੀ ਜਾਂਦੀ ਹੈ ਜਿਵੇਂ

ਅਜੋਕੇ ਦੌਰ ਵਿੱਚ ਕੁੱਝ ਐਸੀਆਂ ਵੀ ਮੰਡੀਆਂ ਤੱਕੀਆਂ
(ਹਰਚਰਨ ਸ਼ਰੀਫ)

ਉਪਰੋਕਤ ਸ਼ਿਅਰਾਂ ਵਿੱਚ ਜ਼ਿੰਦਗੀ ਦੀਆਂ ਹਕੀਕਤਾਂ ਬਿਆਨੀਆਂ ਗਈਆਂ ਹਨ,

ਸ਼ੋਜ਼- ਓ- ਗੁਦਾਜ਼- (ਦਰਦ ਤੇ ਤੜ੍ਹਪ) -ਸ਼ਿਅਰ ਵਿੱਚ ਦਰਦ ਤੇ ਤੜ੍ਹਪ ਪੈਦਾ ਕਰਨੀ ਸ਼ਿਅਰ ਦੀ ਖ਼ੂਬੀ ਮੰਨੀ ਜਾਂਦੀ ਹੈ ਦਰਦ ਤੇ ਤੜ੍ਹਪ ਹੀ ਸ਼ਿਅਰਾਂ ਵਿੱਚ ਤਾਸੀਰ ਪੈਦਾ ਕਰਦੇ ਹਨ ਜਿਵੇਂ-

ਖ਼ੁਸ਼ੀਆਂ ਨਹੀਂ ਤਾਂ ਨਾ ਸਹੀ, ਹਉਕਾ ਤਾਂ ਭਰ ਸਕਾਂ,
ਐਨਾ ਕੁ ਹਕ ਤਾਂ ਦੇ, ਤੇਰੇ ਪਹਿਲੂ 'ਚ, ਮਰ ਸਕਾਂ

ਸੰਜਮ ਤੇ ਵਰ੍ਹ ਤੂੰ, ਮੇਰੀ ਪਿਆਸ ਤੇ ਨਾ ਜਾ,
ਐਨੀ ਨਮੀ ਨਾ ਦੇ ਕਿ ਮੈਂ, ਔੜ੍ਹਾਂ ਨਾ ਜਰ ਸਕਾਂ

ਉਪਰੋਕਤ ਸ਼ਿਅਰਾਂ ਵਿੱਚ ਦਰਦ ਦੀ ਇੰਨੀ ਸ਼ਿੱਦਤ ਹੈ ਕਿ ਇਹ ਸ਼ਿਅਰ ਵਾਰ ਵਾਰ ਸੁਣਨ ਨੂੰ ਜੀਅ ਕਰਦਾ ਹੈ

ਤੁਗ਼ਜ਼ਲ-ਤੁਗ਼ਜ਼ਲ ਸ਼ਿਅਰ ਦੀ ਇੱਕ ਅਹਿਮ ਖ਼ੂਬੀ ਮੰਨਿਆ ਜਾਂਦਾ ਹੈ ਤੁਗ਼ਜ਼ਲ ਭਰਪੂਰ ਸ਼ਿਅਰ ਉਹ ਹੁੰਦਾ ਹੈ ਜਿਸ ਵਿੱਚ ਮੁਹੱਬਤ ਦਾ ਦਿਲ ਪਿਘਲਾ ਦੇਣ ਵਾਲਾ ਬਿਆਨ ਹੋਵੇ ਤੁਗ਼ਜ਼ਲ ਸ਼ਿਅਰ ਦੀ ਜਿੰਦਜਾਨ ਮੰਨਿਆ ਜਾਂਦਾ ਹੈ ਮਿਸਾਲ ਵਜੋਂ ਹੇਠ ਲਿਖੇ ਸ਼ਿਅਰ ਹਾਜ਼ਰ ਹਨ-

ਤੂੰ ਜੇ ਆਖੇਂ ਤਾਂ ਮਹੁਰਾ ਵੀ ਹਸ ਖਾ ਲਵਾਂ,
ਤੂੰ ਜੇ ਆਖੇਂ ਤਾਂ ਮੈਂ ਦੂਜਾ ਸਾਹ ਨਾ ਲਵਾਂ
ਤੇਰੇ ਇਸ਼ਕ 'ਚ, ਪਾਗਲ ਹੋਈ ਰਾਂਝਣਾਂ,
ਬੇਲੇ ਹਿਜਰਾਂ ਦੇ ਦਿਨ ਰਾਤ ਗਾਹੁੰਦੀ ਹਾਂ ਮੈਂ (ਸਿਮਰਨਜੋਤ ਮਾਨ)

ਬੱਦਲੀ ਨਾ ਅਪਣੇ ਮੋਹ ਦੀ ਕਰ ਬੇਕਰਾਰ ਇੰਨੀ,
ਤੂੰ ਠਹਿਰ ਹਾਲੇ ਮੇਰੇ ਦਿਲ ਨੇ ਜ਼ਮੀਨ ਹੋਣਾ (ਅਨੂ ਬਾਲਾ)

ਪਿਆਰੇ ਦੋਸਤੋ ਇਨ੍ਹਾਂ ਖ਼ੂਬੀਆਂ ਤੋਂ ਇਲਾਵਾ ਕਾਫੀਏ ਸਬੰਧੀ ਖ਼ੂਬੀਆਂ, ਜਿਵੇਂ (ਯਕ ਕਾਫ਼ੀਆ ਗ਼ਜ਼ਲ) ਗ਼ਜ਼ਲ ਜਿਸ ਵਿੱਚ ਇੱਕੋ ਕਾਫ਼ੀਆ ਵਰਤਿਆ ਜਾਵੇ, ਪਰ ਸ਼ਰਤ ਇਹ ਹੈ ਕਿ ਉਸਦਾ ਅਰਥ ਹਰ ਸ਼ਿਅਰ ਵਿੱਚ ਵੱਖੋ ਵੱਖਰਾ ਹੋਵੇ

ਦੂਹਰੇ ਕਾਫ਼ੀਏ ਵਾਲੀ ਗ਼ਜ਼ਲ- (ਜ਼ੂ ਕਾਫ਼ੀਆ ਗ਼ਜ਼ਲ) -ਜਿਸ ਗ਼ਜ਼ਲ ਵਿੱਚ ਦੂਹਰਾ ਕਾਫ਼ੀਆ ਨਿਭਾਇਆ ਜਾਵੇ

ਤੀਹਰੇ ਕਾਫ਼ੀਏ ਵਾਲੀ, ਚੌਹਰੇ ਕਾਫ਼ੀਏ ਵਾਲੀ ਤੇ ਤੀਕ ਕਿ ਛੇ ਕਾਫ਼ੀਏ ਵਾਲੀ ਗ਼ਜ਼ਲ ਵੀ ਲਿਖੀ ਜਾ ਸਕਦੀ ਹੈ ਕਾਫ਼ੀਏ ਦੀ ਪਛਾਣ ਤੁਸੀਂ ਆਪ ਹੀ ਕਰ ਲੈਣੀ ਹੈ, ਇਸ ਕਰਕੇ ਅਸੀਂ ਉਦਾਹਰਣਾਂ ਦੇਣੀਆਂ ਜ਼ਰੂਰੀ ਨਹੀਂ ਸਮਝਦੇ ਗ਼ਜ਼ਲ ਦੇ ਸ਼ਿਅਰਾਂ ਦੀਆਂ ਉਦਾਹਰਣਾਂ ਅਸੀਂ ਸਾਡੇ ਕੋਲ ਉਪਲਬਧ ਸਮੱਗਰੀ ਵਿੱਚੋਂ ਹੀ ਦੇ ਸਕੇ ਹਾਂ, ਇਸਦਾ ਮਤਲਬ ਇਹ ਨਹੀਂ ਕਿ ਅਸੀਂ ਕਿਸੇ ਸ਼ਾਇਰ ਨਾਲ ਵਿਤਕਰਾ ਕਰਦੇ ਹਾਂ, ਅਸੀਂ ਸਾਰੇ ਸ਼ਾਇਰਾਂ ਦਾ ਤਹਿ ਦਿਲੋਂ ਸਤਿਕਾਰ ਕਰਦੇ ਹਾਂ ਅਸੀਂ ਆਪਣੇ ਸ਼ਿਅਰਾਂ ਦੀ ਮਿਸਾਲ ਸਿਰਫ਼ ਓਸ ਵੇਲੇ ਹੀ ਦਿੱਤੀ ਹੈ ਜਦੋਂ ਸਾਨੂੰ ਉਪਲਬਧ ਸਮੱਗਰੀ ਵਿੱਚੋਂ ਕੋਈ ਹੋਰ ਮਿਸਾਲ ਨਹੀਂ ਮਿਲੀ

ਬਹਿਰ ਹਜ਼ਜ਼ ਅਤੇ ਉਸਦੇ ਜ਼ਿਹਾਫ਼ੇ ਰੂਪ-

ਬਹਿਰ ਹਜ਼ਜ਼ ਪੰਜਾਬੀ ਵਿੱਚ ਵਰਤੀ ਜਾਣ ਵਾਲੀ ਸਭ ਤੋਂ ਹਰਮਨ ਪਿਆਰੀ ਬਹਿਰ ਹੈ ਦਰਅਸਲ ਅਰਬੀ ਜ਼ੁਬਾਨ ਵਿੱਚ ਵੀ ਹਜ਼ਜ਼ ਸ਼ਬਦ ਅਰਥ ਦਿਲਕਸ਼ ਜਾਂ ਮਨਮੋਹਣੀ ਹੀ ਹੁੰਦਾ ਹੈ ਬਹਿਰ ਹਜ਼ਜ਼ ਰੁਕਨ ਮੁਫਾਈਲੁਨ ਤੋਂ ਬਣਦੀ ਹੈ ਇਸ ਰੁਕਨ ਦੇ ਅੱਖਰਾਂ ਦੀ ਬਣਤਰ ਹੀ ਅਜਿਹੀ ਹੈ ਕਿ ਇਸਦੇ ਉਚਾਰਣ ਨਾਲ ਅਪਣੇ ਆਪ ਹੀ ਲੈਅ ਪੈਦਾ ਹੋ ਜਾਂਦੀ ਹੈ ਹਰ ਬਹਿਰ ਨੂੰ ਸੌਖੀ ਤਰ੍ਹਾਂ ਸਮਝਣ ਵਾਸਤੇ ਅਸੀਂ ਅਰੂਜ਼ ਅਨੁਸਾਰ, ਪਿੰਗਲ ਦੇ ਚਿੰਨਾਂ ਅਨੁਸਾਰ ਤੇ ਇਸ ਵਿੱਚ ਵਰਤੀਆਂ ਗਈਆਂ ਲਗਾਂ ਮਾਤਰਾਵਾਂ ਦੀ ਗਿਣਤੀ ਅਨੁਸਾਰ ਵੀ ਲਿਖਾਂਗੇ ਤਾਂ ਕਿ ਹਰ ਪੱਧਰ ਦਾ ਪਾਠਕ ਇਸ ਨੂੰ ਸੌਖੀ ਤਰ੍ਹਾਂ ਸਮਝ ਸਕੇ ਜਿਸ ਰੁਕਨ ਤੇ ਜਿਹੜਾ ਜ਼ਿਹਾਫ਼ ਲਾਇਆ ਗਿਆ ਹੈ,ਉਹ ਵੀ ਦੱਸਾਂਗੇ

ਮੁਸੰਮਨ ਦਾ ਅਰਥ ਇੱਕ ਸ਼ਿਅਰ ਵਿੱਚ ਅੱਠ ਵਾਰ, ਮੁਸੱਦਸ ਦਾ ਅਰਥ ਛੇ ਵਾਰ ਤੇ ਮੁਰੱਬਾ ਦਾ ਅਰਥ ਚਾਰ ਵਾਰ ਹੈ

1. ਬਹਿਰ-ਹਜ਼ਜ਼ ਮੁਸੰਮਨ ਸਾਲਮ (ਅੱਠ ਰੁਕਨ ਪੂਰੇ)

ਮੁਫ਼ਾਈਲੁਨ	ਮੁਫ਼ਾਈਲੁਨ	ਮੁਫ਼ਾਈਲੁਨ	ਮੁਫ਼ਾਈਲੁਨ,
1SSS	1SSS	1SSS	1SSS
1222	1222	1222	1222

ਦੋਨਾਂ ਤੁਕਾਂ ਵਿੱਚ ਚਾਰ ਚਾਰ ਵਾਰ

2. ਬਹਿਰ- ਹਜ਼ਜ਼ ਮੁਸੰਮਨ ਮਹਿਜ਼ੂਫ਼ (ਚੌਥੈ ਰੁਕਨ ਤੇ ਹਜ਼ਫ਼ ਜ਼ਿਹਫ਼)

ਮੁਫ਼ਾਈਲੁਨ	ਮੁਫ਼ਾਈਲੁਨ	ਮੁਫ਼ਾਈਲੁਨ	ਫ਼ਊਲੁਨ
1SSS	1SSS	1SSS	1SS
1222	1222	1222	1222

3 ਬਹਿਰ -ਹਜ਼ਜ਼ ਮਸੰਮਨ ਅਖ਼ਰਮ ਮਹਿਜ਼ੂਫ਼ (ਚੌਥੇ ਰੁਕਨ ਤੇ ਖ਼ਰਮ ਅਤੇ ਹਜ਼ਫ਼ ਜ਼ਿਹਾਫ਼)

ਮੁਫ਼ਾਈਲੁਨ	ਮੁਫ਼ਾਈਲੁਨ	ਮੁਫ਼ਾਈਲੁਨ	ਫ਼ਿਅਲੁਨ
1SSS	1SSS	1SSS	SS
1222	1222	1222	22

4. ਬਹਿਰ- ਹਜ਼ਜ਼ ਮੁਸੰਮਨ ਅਖ਼ਰਬ ਮਕਬੂਜ਼ ਅਜ਼ਲ

ਮਫ਼ਊਲ	ਮੁਫ਼ਾਇਲੁਨ	ਮੁਫ਼ਾਈਲੁਨ	ਫ਼ਾਅ
SS1	1S1S	1SSS	S1
(ਖ਼ਰਬ)	(ਕਬਜ਼)		(ਜ਼ਲਲ)
221	1212	1222	122

5. ਬਹਿਰ- ਹਜ਼ਜ਼ ਮੁਸੰਮਨ ਅਖ਼ਰਬ ਮਕਫ਼ੂਫ ਅਜ਼ਲ

ਮਫ਼ਊਲ	ਮੁਫ਼ਾਈਲੁ	ਮੁਫ਼ਾਈਲੁਨ	ਫ਼ਾਅ
SS1	1SS1	1SSS	S1
(ਖ਼ਰਬ)	(ਕਫ਼)		(ਜ਼ਲਲ)
221	1221	1222	21

6. ਬਹਿਰ - ਹਜ਼ਜ਼ ਮੁਸੰਮਨ ਅਖ਼ਰਬ ਅਖ਼ਰਮ ਅਜ਼ਲ

ਮਫ਼ਊਲੁ	ਮੁਫ਼ਾਈਲੁਨ	ਮਫ਼ਊਲੁਨ	ਫ਼ਾਅ
SS1	1SSS	SSS	S
(ਖਰਬ)		(ਖ਼ਰਮ)	

7. ਬਹਿਰ - ਹਜ਼ਜ਼ ਮੁਸੰਮਨ ਅਖ਼ਰਬ ਮਕਬੂਜ਼ ਮਕਫ਼ਫ ਮਜ਼ਬੂਬ

ਮਫ਼ਊਲ	ਮੁਫ਼ਾਇਲੁਨ	ਮੁਫ਼ਾਈਲੁਨ	ਫ਼ਿਅ
SS1	1S1S	1SSS	S
(ਖ਼ਰਬ)	(ਕਬਜ਼)		(ਜਬ)
221	1212	1222	2

8. ਬਹਿਰ-ਹਜ਼ਜ਼ ਮੁਸੰਮਨ ਅਖ਼ਰਬ ਮਕਬੂਜ਼ ਅਬਤਰ

ਮਫ਼ਊਲੁ	ਮੁਫ਼ਾਈਲੁ	ਮੁਫ਼ਾਈਲੁਨ	ਫ਼ਿਅ
SS1	1SS1	1SSS	S
(ਖ਼ਰਬ)	(ਕਬਜ਼)		(ਬਤਰ)
221	1221	1222	2

9. ਬਹਿਰ-ਹਜ਼ਜ਼ ਮੁਸੰਮਨ ਅਖ਼ਰਬ ਮਕਫ਼ੂਫ ਅਬਤਰ

ਮਫ਼ਊਲੁ	ਮੁਫ਼ਾਈਲੁ	ਮੁਫ਼ਾਈਲੁਨ	ਫ਼ਿਅ
SS1	1SS1	1SSS	S
(ਖ਼ਰਬ)	(ਕਫ਼)		(ਬਤਰ)
221	1221	1222	2

10. ਬਹਿਰ -ਹਜ਼ਜ਼ ਮੁਸੰਮਨ ਅਖ਼ਰਬ ਅਹਤਮ

ਮਫ਼ਊਲੁ	ਮੁਫ਼ਾਈਲੁਨ	ਮਫ਼ਊਲ	ਫ਼ਊਲੁ
SS1	1SSS	SS1	1S1
(ਖ਼ਰਬ)		(ਖ਼ਰਬ)	(ਹਤਮ)
221	1222	221	121

11. ਬਹਿਰ - ਹਜ਼ਜ਼ ਮੁਸੰਮਨ ਅਖ਼ਰਬ ਅਖ਼ਰਮ ਅਬਤਰ

ਮਫ਼ਊਲ	ਮੁਫ਼ਾਈਲੁਨ	ਮਫ਼ਊਲੁਨ	ਅਬਤਰ
SS1	1SSS	SSS	S
(ਖ਼ਰਬ)		(ਖ਼ਰਮ)	(ਬਤਰ)
221	1222	222	2

12. ਬਹਿਰ -ਹਜ਼ਜ਼ ਮੁਸੰਮਨ ਅਖ਼ਰਬ ਮਜਬੂਬ

ਮਫਊਲੁ	ਮੁਫਾਈਲੁਨ	ਮਫ਼ਊਲੁ	ਫ਼ਿਅਲ
SS1	1SSS	SS1	1S
(ਖ਼ਰਬ)		(ਖ਼ਰਬ)	(ਜਬ)

13. ਬਹਿਰ- ਹਜ਼ਜ਼ ਮੁਸੰਮਨ ਅਖ਼ਰਬ ਮਕਫ਼ੂਫ ਅਹਤਮ

ਮਫ਼ਊਲੁ	ਮੁਫ਼ਾਈਲੁ	ਮੁਫ਼ਾਈਲੁ	ਫ਼ਊਲੁ
SS1	1SS1	1SS1	1S1
(ਖ਼ਰਬ)	(ਕਫ਼)	(ਕਫ਼)	(ਹਤਮ)
221	1221	1221	121

14. ਬਹਿਰ -ਹਜ਼ਜ਼ ਮੁਸੰਮਨ ਅਖ਼ਰਬ ਮਕਫ਼ੂਫ ਮਜਬੂਬ

ਮਫਊਲੁ	ਮੁਫ਼ਾਈਲੁ	ਮੁਫ਼ਾਈਲੁ	ਫ਼ਿਅਲ
SS1	1SS1	1SS1	1S
(ਖ਼ਰਬ)	(ਕਫ਼)	(ਖ਼ਰਬ)	(ਜਬ)
221	1221	1221	12

15. ਬਹਿਰ- ਹਜ਼ਜ਼ ਮੁਸੰਮਨ ਅਖ਼ਰਮ ਅਖ਼ਰਬ ਅਹਿਤਮ

ਮਫ਼ਊਲੁਨ	ਮਫ਼ਊਲਨ	ਮਫ਼ਊਲੁ	ਫ਼ਊਲੁ
SSS	SSS	SS1	1S1

(ਖ਼ਰਮ)	(ਖ਼ਰਮ)	(ਖ਼ਰਬ)	(ਹਤਮ)
222	222	221	121

16.ਬਹਿਰ ਹਜ਼ਜ਼–ਅਖ਼ਰਮ ਅਖ਼ਰਬ ਮਕਫ਼ੂਫ ਮਹਿਜ਼ੂਫ਼

ਮਫ਼ਊਲੁਨ	ਮਫ਼ਊਲੁ	ਮੁਫ਼ਾਈਲੁ	ਫ਼ਊਲੁਨ
SSS	SS1	1SS1	1SS
(ਖ਼ਰਮ)	(ਖ਼ਰਬ)	(ਕਫ਼)	(ਹਜ਼ਫ)
222	221	1221	1221

17. ਬਹਿਰ – ਹਜ਼ਜ਼ ਮੁਸੰਮਨ ਅਖ਼ਰਮ ਅਖ਼ਰਬ ਮਜ਼ਬੂਬ

ਮਫ਼ਊਲਨ	ਮਫ਼ਊਲੁਨ	ਮਫ਼ਊਲੁ	ਫ਼ਿਅਲ
SSS	SSS	SS1	1S
(ਅਖ਼ਰਮ)	(ਅਖ਼ਰਮ)	(ਅਖ਼ਰਬ)	(ਜਬ)
222	222	221	12

18.ਬਹਿਰ ਹਜ਼ਜ਼ ਮੁਸੰਮਨ ਅਖ਼ਰਮ ਅਸ਼ਤਰ ਮਕਫ਼ੂਫ ਅਹਤਮ

ਮਫ਼ਊਲੁਨ	ਫ਼ਾਇਲੁਨ	ਮੁਫ਼ਾਈਲੁ	ਫ਼ਊਲੁ
SSS	SIS	1SS1	1S1
(ਖ਼ਰਮ)	(ਸ਼ਤਰ)	(ਕਫ਼)	(ਹਤਮ)
222	112	1221	121

19.ਬਹਿਰ ਹਜ਼ਜ਼– ਮੁਸੰਮਨ ਅਖ਼ਰਮ ਅਖ਼ਰਬ ਅਜ਼ਲ

ਮਫ਼ਊਲੁਨ	ਮਫ਼ਊਲੁਨ	ਮਫ਼ਊਲ	ਫ਼ਾਅ
SSS	SSS	SS1	S1
(ਖ਼ਰਮ)	(ਖ਼ਰਮ)	(ਖ਼ਰਬ)	(ਜ਼ਲਲ)
222	222	221	21

20.ਬਹਿਰ –ਹਜ਼ਜ਼ ਮੁਸੰਮਨ ਅਖ਼ਰਮ ਅਖ਼ਰਬ ਮਕਫ਼ੂਫ ਮਜਬੂਬ

ਮਫ਼ਊਲੁਨ	ਮਫ਼ਊਲੁ	ਮੁਫ਼ਾਈਲ	ਫ਼ਿਅਲ
SSS	SS1	1SS1	1S
(ਖ਼ਰਮ)	(ਖ਼ਰਬ)	(ਕਫ਼)	(ਜਬ)
222	221	1221	12

21.ਬਹਿਰ–ਹਜ਼ਜ਼ ਮੁਸੰਮਨ ਅਖ਼ਰਮ ਅਸ਼ਤਰ ਅਜ਼ਲ

ਮਫ਼ਊਲੁਨ	ਫ਼ਾਇਲੁਨ	ਮੁਫ਼ਾਈਲੁਨ	ਫ਼ਾਅ
SSS	S1S	1SSS	S
(ਖ਼ਰਮ)	(ਸ਼ਤਰ)		(ਜ਼ਲਲ)
222	212	1222	2

22.ਬਹਿਰ–ਹਜ਼ਜ਼ ਮੁਸੰਮਨ ਅਖ਼ਰਮ ਅਬਤਰ

ਮਫ਼ਊਲੁਨ	ਮਫ਼ਊਲੁਨ	ਮਫ਼ਊਲੁਨ	ਫ਼ਅ
SSS	SSS	SSS	S
(ਖ਼ਰਮ)	(ਖ਼ਰਮ)	(ਖ਼ਰਮ)	(ਬਤਰ)
222	222	222	2

23.ਬਹਿਰ ਹਜ਼ਜ਼ –ਮੁਸੰਮਨ ਅਖ਼ਰਮ ਅਖ਼ਰਬ ਅਬਤਰ

ਮਫ਼ਊਲੁਨ	ਮਫ਼ਊਲੁ	ਮੁਫ਼ਾਈਲੁਨ	ਫ਼ਅ
SSS	SS1	1SSS	S
(ਖ਼ਰਮ)	(ਖ਼ਰਬ)		(ਬਤਰ)
222	221	1222	2

24. ਬਹਿਰ–ਹਜ਼ਜ਼ ਮੁਸੰਮਨ ਅਖ਼ਰਮ ਅਸ਼ਤਰ ਮਕਫ਼ੂਫ ਮਜ਼ਬੂਬ

ਮਫ਼ਊਲੁਨ	ਫ਼ਾਇਲੁਨ	ਮੁਫ਼ਾਈਲੁ	ਫ਼ਿਅਲ
SSS	S1S	1SS1	1S
(ਖ਼ਰਮ)	(ਸ਼ਤਰ)	(ਕਫ਼)	(ਜਬ)
222	212	1221	12

25.ਬਹਿਰ–ਹਜ਼ਜ਼ ਮੁਸੰਮਨ ਅਖ਼ਰਮ ਅਸ਼ਤਰ ਅਬਤਰ

ਮਫ਼ਊਲੁਨ	ਫ਼ਾਇਲੁਨ	ਮੁਫ਼ਾਈਲੁਲੁਨ	ਫ਼ਿਅ
SSS	S1S	1SSS	S
(ਖ਼ਰਮ)	(ਸ਼ਤਰ)		(ਬਤਰ)
222	212	1222	2

26.ਬਹਿਰ– ਹਜ਼ਜ਼ ਮੁਸੰਮਨ ਅਖ਼ਰਮ ਅਖ਼ਰਬ ਅਜ਼ਲ

ਮਫ਼ਊਲੁਨ	ਮਫ਼ਊਲੁ	ਮੁਫ਼ਾਈਲੁਨ	ਫ਼ਾਅ
SSS	SS1	1SSS	S
(ਖ਼ਰਮ)	(ਖ਼ਰਬ)		(ਜ਼ਲਲ)
222	221	1222	2

27.ਬਹਿਰ– ਹਜ਼ਜ਼ ਮੁਸੰਮਨ ਅਸ਼ਤਰ (ਅਸ਼ਤਰ ਜ਼ਿਹਾਫ਼ ਨਾਲ)

ਫ਼ਾਇਲੁਨ	ਮੁਫਾਈਲੁਨ	ਫ਼ਾਇਲੁਨ	ਮੁਫਾਈਲੁਨ
S1S	1SSS	S1S	1SSS
(ਸ਼ਤਰ)		(ਸ਼ਤਰ)	
212	1222	212	1222

28.ਹਜ਼ਜ਼– ਮੁਸੰਮਨ ਅਖ਼ਰਬ (ਖ਼ਰਬ ਜ਼ਿਹਾਫ਼ ਨਾਲ)

SS1	1SSS	SS1	1SSS
(ਖ਼ਰਬ)		(ਖ਼ਰਬ)	
221	1222	221	1222

29.ਬਹਿਰ– ਹਜ਼ਜ਼ ਮੁਸੰਮਨ ਮਕਬੂਜ਼ (ਕਬਜ਼ ਜ਼ਿਹਾਫ਼ ਨਾਲ)

ਮੁਫ਼ਾਇਲੁਨ	ਮੁਫ਼ਾਇਲੁਨ	ਮੁਫ਼ਾਇਲੁਨ	ਮੁਫ਼ਾਇਲੁਨ
1S1S	1S1S	1S1S	1S1S
(ਕਬਜ਼)	(ਕਬਜ਼)	(ਕਬਜ਼)	(ਕਬਜ਼)
1212	1212	1212	1212

30.ਬਹਿਰ- ਹਜ਼ਜ਼ ਮੁਸੰਮਨ ਅਬਤਰ (ਬਤਰ ਜ਼ਿਹਾਫ਼ ਨਾਲ)

ਮੁਫ਼ਾਈਲੁਨ	ਮੁਫ਼ਾਈਲੁਨ	ਮੁਫ਼ਾਈਲੁਨ	ਫ਼ਿਅ
1SSS	1SSS	1SSS	S
			(ਬਤਰ)
1222	1222	1222	2

31.ਬਹਿਰ- ਹਜ਼ਜ਼ ਮੁਸੰਮਨ ਅਖ਼ਰਬ ਮਕਫ਼ੂਫ ਮਕਸੂਰ (ਖ਼ਰਬ, ਕਫ਼ ਤੇ ਕਸਰ ਜ਼ਿਹਾਫ਼ਾਂ ਨਾਲ)

ਮਫ਼ਊਲੁ	ਮੁਫ਼ਾਈਲੁ	ਮੁਫ਼ਾਈਲੁ	ਮੁਫ਼ਾਈਲੁ
SS1	1SS1	1SS1	1SS1
(ਖ਼ਰਬ)	(ਕਫ਼ +ਕਸਰ)	(ਕਫ਼+ਕਸਰ)	(ਕਫ਼+ ਕਸਰ)
221	1221	1221	1221

32.ਬਹਿਰ-ਹਜ਼ਜ਼ ਮੁਸੰਮਨ ਮਕਬੂਜ਼ ਅਸ਼ਤਰ (ਕਬਜ਼ ਤੇ ਅਸ਼ਤਰ ਜ਼ਿਹਾਫ਼ ਨਾਲ)

ਮੁਫ਼ਾਇਲੁਨ	ਫ਼ਾਇਲੁਨ	ਮੁਫ਼ਾਇਲੁਨ	ਫ਼ਾਇਲੁਨ
1S1S	S1S	1S1S	S1S
(ਕਬਜ਼)	(ਅਸ਼ਤਰ)	(ਕਬਜ਼)	(ਅਸ਼ਤਰ)
1212	212	1212	212

33.ਬਹਿਰ- ਹਜ਼ਜ਼ ਮੁਸੰਮਨ ਮਸਬੱਗ (ਤਸਬੀਗ ਜ਼ਿਹਾਫ਼ ਨਾਲ)

ਮੁਫ਼ਾਈਲੁਨ	ਮੁਫ਼ਾਈਲੁਨ	ਮੁਫ਼ਾਈਲੁਨ	ਮੁਫ਼ਾਈਲਾਨ
1SSS	1SSS	1SSS	1SSS1
			(ਤਸਬੀਗ)
1222	1222	1222	12221

34.ਬਹਿਰ - ਹਜ਼ਜ਼ ਮੁਸੱਦਸ ਸਾਲਿਮ

ਮੁਫ਼ਾਈਲੁਨ	ਮੁਫ਼ਾਈਲੁਨ	ਮੁਫ਼ਾਈਲੁਨ
1SSS	1SSS	1SSS
1222	1222	1222

35.ਬਹਿਰ- ਹਜ਼ਜ਼ ਮੁਸੱਦਸ ਮਹਿਜ਼ੂਫ਼ (ਹਜ਼ਫ਼ ਜ਼ਿਹਾਫ਼ ਨਾਲ)

ਮੁਫ਼ਾਈਲੁਨ	ਮੁਫ਼ਾਈਲੁਨ	ਫ਼ਊਲੁਨ
1SSS	1SSS	1SS
		(ਹਜ਼ਫ਼)
1222	1222	122

36. ਬਹਿਰ-ਹਜ਼ਜ਼ ਮੁਸੱਦਸ ਮਕਸੂਰ (ਕਸਰ ਜ਼ਿਹਾਫ਼ ਨਾਲ)

ਮੁਫ਼ਾਈਲੁਨ	ਮੁਫ਼ਾਈਲੁਨ	ਮੁਫ਼ਾਈਲੁ	
ISSS	ISSS	ISSI	(ਕਸਰ)
1222	1222	1221	

37. ਬਹਿਰ- ਹਜ਼ਜ਼ ਮੁਸੱਦਸ ਮਕਬੂਜ਼ (ਕਬਜ਼ ਜ਼ਿਹਾਫ਼ ਨਾਲ)

ਮੁਫ਼ਾਇਲੁਨ	ਮੁਫ਼ਾਇਲੁਨ	ਮੁਫ਼ਾਇਲੁਨ
ISIS	ISIS	ISIS
(ਕਬਜ਼)	(ਕਬਜ਼)	(ਕਬਜ਼)
1212	1212	1212

38. ਬਹਿਰ- ਹਜ਼ਜ਼ ਮੁਸੱਦਸ ਅਖ਼ਰਮ ਮਹਿਜ਼ੂਫ਼ (ਖ਼ਰਮ ਤੇ ਹਜ਼ਫ਼ ਜ਼ਿਹਾਫ਼ ਨਾਲ)

ਮੁਫ਼ਾਈਲੁਨ	ਮੁਫ਼ਾਈਲੁਨ	ਫ਼ਿਅਲੁਨ	
ISSS	ISSS	SS	(ਖ਼ਰਮ+ਹਜ਼ਫ਼)
1222	1222	22	

39. ਬਹਿਰ- ਹਜ਼ਜ਼ ਮੁਸੱਦਸ ਅਬਤਰ(ਬਤਰ ਜ਼ਿਹਾਫ਼ ਨਾਲ)

ਮੁਫ਼ਾਈਲੁਨ	ਮੁਫ਼ਾਈਲੁਨ	ਫ਼ਿਅ	
ISSS	ISSS	S	(ਬਤਰ)
1222	1222	2	

40. ਬਹਿਰ -ਹਜ਼ਜ਼ ਮੁਸੱਦਸ ਮੁਸਬੱਗ (ਤਸਬੀਗ ਜ਼ਿਹਾਫ਼ ਨਾਲ)

ਮੁਫ਼ਾਈਲੁਨ	ਮੁਫ਼ਾਈਲੁਨ	ਮੁਫ਼ਾਈਲਾਨ	
ISSS	ISSS	ISSSI	(ਤਸਬੀਗ)
1222	1222	12221	

41. ਬਹਿਰ- ਹਜ਼ਜ਼ ਮੁਸੱਦਸ ਅਖ਼ਰਬ ਮਕਬੂਜ਼ ਮਕਸੂਰ (ਖ਼ਰਬ ਕਬਜ਼ ਤੇ ਕਸਰ ਜ਼ਿਹਾਫ਼ ਨਾਲ)

ਮਫ਼ਊਲੁ	ਮੁਫ਼ਾਇਲੁਨ	ਮੁਫ਼ਾਈਲੁ
SSI	ISIS	ISSI
(ਖ਼ਰਬ)	(ਕਬਜ਼)	(ਕਸਰ)
221	1212	1221

42. ਬਹਿਰ- ਹਜ਼ਜ਼ ਮੁਸੱਦਸ ਅਖ਼ਰਬ ਮਕਬੂਜ਼ ਮਹਿਜ਼ੂਫ਼ (ਖ਼ਰਬ ਕਬਜ਼ ਤੇ ਹਜ਼ਫ਼ ਜ਼ਿਹਾਫ਼ ਨਾਲ)

ਮਫ਼ਊਲੁ	ਮੁਫ਼ਾਇਲੁਨ	ਫ਼ਊਲੁਨ
(ਖ਼ਰਬ)	(ਕਬਜ਼)	(ਹਜ਼ਫ)

SSI ISIS ISS

43. ਬਹਿਰ–ਹਜ਼ਜ਼ ਮੁਸੱਦਸ ਅਖ਼ਰਬ ਮਕਬੂਜ਼ ਮਹਿਜ਼ੂਫ਼ ਅਸਲਮ

(ਖ਼ਰਬ ਕਬਜ਼ ਹਜ਼ਫ਼ ਤੇ ਸ਼ਲਮ ਜ਼ਿਹਾਫ਼ਾਂ ਨਾਲ)

ਮਫ਼ਊਲੁ	ਮੁਫ਼ਾਇਲੁਨ	ਫ਼ਿਅਲੁਨ
SSI	ISIS	SS
(ਖ਼ਰਬ)	(ਕਬਜ਼)	(ਹਜ਼ਫ਼+ਸ਼ਲਮ)
221	1212	22

44. ਬਹਿਰ – ਹਜ਼ਜ਼ ਮੁਰੱਬਾ ਸਾਲਿਮ

ਮੁਫ਼ਾਈਲੁਨ	ਮੁਫ਼ਾਈਲੁਨ
ISSS	ISSS
1222	1222

45. ਬਹਿਰ– ਬਹਿਰ ਹਜ਼ਜ਼ ਮੁਰੱਬਾ ਮਹਿਜ਼ੂਫ਼ (ਹਜ਼ਫ਼ ਜ਼ਿਹਾਫ਼ ਨਾਲ)

ਮੁਫ਼ਾਈਲੁਨ	ਫ਼ਊਲੁਨ
ISSS	ISS (ਹਜ਼ਫ਼)
1222	122

46.ਬਹਿਰ–ਹਜ਼ਜ਼ ਮੁਰੱਬਾ ਮਕਬੂਜ਼ (ਕਬਜ਼ ਜ਼ਿਹਾਫ਼ ਨਾਲ)

ਮੁਫ਼ਾਇਲੁਨ ਮੁਫ਼ਾਇਲੁਨ

ISIS----------------ISIS

(ਕਬਜ਼) (ਕਬਜ਼)

1212 1212

47.ਬਹਿਰ– ਹਜ਼ਜ਼ ਮੁਰੱਬਾ ਮਕਸੂਰ (ਕਸਰ ਜ਼ਿਹਾਫ਼ ਨਾਲ)

ਮੁਫ਼ਾਈਲੁਨ	ਮੁਫ਼ਾਇਲੁ
ISSS	ISSI (ਕਸਰ)
1222	1221

48. ਬਹਿਰ –ਹਜ਼ਜ਼ ਮੁਰੱਬਾ ਅਖ਼ਰਬ (ਖ਼ਰਬ ਜ਼ਿਹਾਫ਼ ਨਾਲ)

ਮਫ਼ਊਲੁ	ਮੁਫ਼ਾਈਲੁਨ
SSI	ISSS
(ਖ਼ਰਬ)	
221	1222

49. ਬਹਿਰ – ਹਜ਼ਜ਼ ਮੁਰੱਬਾ ਅਖ਼ਰਮ ਮਹਿਜ਼ੂਫ਼ (ਖਰਮ ਤੇ ਹਜ਼ਫ਼ ਜ਼ਿਹਾਫ਼ ਨਾਲ)

ਮੁਫ਼ਾਈਲੁਨ	ਫ਼ਿਅਲੁਨ	
ISSS	SS	(ਖ਼ਰਮ + ਹਜ਼ਫ਼)
1222	22	

50. ਬਹਿਰ– ਹਜ਼ਜ਼ ਮੁਰੱਬਾ ਅਸ਼ਤਰ (ਸ਼ਤਰ ਜ਼ਿਹਾਫ਼ ਨਾਲ)

ਫ਼ਾਇਲੁਨ	ਮੁਫ਼ਾਈਲੁਨ
SIS	ISSS
(ਸ਼ਤਰ)	
212	1222

51.ਬਹਿਰ– ਹਜ਼ਜ਼ ਮੁਰੱਬਾ ਅਬਤਰ (ਬਤਰ ਜ਼ਿਹਾਫ਼ ਦੇ ਨਾਲ)

ਮੁਫ਼ਾਈਲੁਨ	ਫ਼ਿਅ	
ISSS	S	(ਬਤਰ)
1222	2	

52. ਬਹਿਰ– ਹਜ਼ਜ਼ ਮੁਰੱਬਾ ਮੁਸਬੱਗ (ਤਸਬੀਗ ਜ਼ਿਹਾਫ਼ ਨਾਲ)

ਮੁਫ਼ਾਈਲੁਨ	ਮੁਫ਼ਾਈਲਾਂ	
ISSS	ISSSI	(ਤਸਬੀਗ)
1222	12221	

ਪਿਆਰੇ ਦੋਸਤੋ ਆਪਾਂ ਬਹਿਰ ਹਜ਼ਜ਼ ਵਿੱਚ ਹੁਣ ਤੁਕ ਅੱਠ ਰੁਕਨਾਂ ਤੱਕ ਦੀਆਂ ਬਹਿਰਾਂ ਬਾਰੇ ਵਿਚਾਰ ਚਰਚਾ ਕਰ ਚੁੱਕੇ ਹਾਂ ਪਰ ਇਹਨਾਂ ਤੋਂ ਇਲਾਵਾ ਅਸੀਂ ਸੋਲਾਂ ਰੁਕਨੀਆਂ ਬਹਿਰਾਂ ਵੀ ਵਰਤ ਸਕਦੇ ਹਾਂ, ਪਰ ਇੰਨੀਆਂ ਲੰਮੀਆਂ ਬਹਿਰਾਂ ਨੂੰ ਨਾ ਕੋਈ ਲਿਖਦਾ ਹੀ ਹੈ, ਨਾ ਕੋਈ ਗਾਉਂਦਾ ਜੇ ਕੋਈ ਲਿਖਣਾ ਚਾਹੇ ਤਾਂ ਸੋਲਾਂ ਰੁਕਨਾਂ ਵਾਲੀਆ, ਬਾਰਾਂ ਰੁਕਨਾਂ ਵਾਲੀਆਂ, ਦਸ ਰੁਕਨਾਂ ਵਾਲੀਆਂ .ਗਜ਼ਲਾਂ ਵੀ ਲਿਖ ਸਕਦਾ ਹੈ ਸੋਲਾਂ ਰੁਕਨੀ .ਗਜ਼ਲਾ ਵਾਲੀ ਬਹਿਰ ਨੂੰ , ਸਾਜ਼ਦਾਂ, ਬਾਰਾਂ ਰੁਕਨੀ ਬਹਿਰ ਨੂੰ ਮੁਅੱਸ਼ਰ ਤੇ ਦਸ ਦਸ ਰੁਕਨੀਆਂ ਬਹਿਰਾਂ ਨੂੰ ਮੁਅੱਬਾ ਕਿਹਾ ਜਾਂਦਾ ਹੈ ਵਰਤਣ ਨੂੰ ਤਾਂ ਤੁਸੀਂ ਇੱਕ ਰੁਕਨੀਂ ਬਹਿਰ ਵੀ ਵਰਤ ਸਕਦੇ ਹੋ, ਇੱਕ ਰੁਕਨੀ ਬਹਿਰ ਨੂੰ ਮੁਸੰਨਾ ਕਿਹਾ ਜਾਂਦਾ ਹੈ

ਬਹਿਰ ਰਮਲ ਦੇ ਜ਼ਿਹਾਫ਼ੇ ਰੂਪਾਂ ਦਾ ਵੇਰਵਾ -

ਬਹਿਰ ਰਮਲ ਦੇ ਜ਼ਿਹਾਫ਼ੇ ਰੂਪਾਂ ਦਾ ਵੇਰਵਾ– ਅਰਬੀ ਜ਼ੁਬਾਨ ਵਿੱਚ ਰਮਲ ਦਾ ਅਰਥ ਹੁੰਦਾ ਹੈ, ਫੂਹੜੀ ਜਿਸਨੂੰ ਸਫ਼ ਵੀ ਕਿਹਾ ਜਾਂਦਾ ਹੈ ਫੂਹੜੀ ਇਸ ਬਹਿਰ ਦਾ ਇਸ ਕਰਕੇ ਨਾਂ ਪਿਆ ਕਿਉਂਕਿ ਇਸ ਰੁਕਨ ਦੇ ਸਬਬ ਤੇ ਵਤਦ ਇੱਕ ਦੂਜੇ ਵਿੱਚ ਇਸ ਤਰ੍ਹਾਂ ਫਸੇ ਹੁੰਦੇ ਹਨ ਜਿਸ ਤਰ੍ਹਾਂ ਫੂਹੜੀ ਬੁਣੀ ਹੁੰਦੀ ਹੈ ਇਹ ਬਹਿਰ ਵੀ ਪੰਜਾਬੀ ਵਿੱਚ ਬਹੁਤ ਪ੍ਰਚੱਲਤ ਹੈ, ਕਿਉਂਕਿ ਇਸ ਰੁਕਨ ਦੀ ਬਣਤਰ ਦੇ ਅਨੁਸਾਰ ਪੰਜਾਬੀ ਦੇ ਸ਼ਬਦ ਆਮ ਮਿਲ ਜਾਂਦੇ ਹਨ ਹੁਣ ਬਹਿਰ ਰਮਲ ਦੇ ਜ਼ਿਹਾਫ਼ੇ ਰੂਪਾਂ ਦਾ ਵੇਰਵਾ ਪੇਸ਼ ਕਰਦੇ ਹਾਂ–

1. ਬਹਿਰ– ਰਮਲ ਰਮਲ ਮੁਸੰਮਨ ਸਾਲਿਮ

ਫ਼ਾਇਲਾਤੁਨ	ਫ਼ਾਇਲਾਤੁਨ	ਫ਼ਾਇਲਾਤੁਨ	ਫ਼ਾਇਲਾਤੁਨ
S1SS	S1SS	S1SS	S1SS
2122	2122	2122	2122

2. ਬਹਿਰ – ਰਮਲ ਮੁਸੰਮਨ ਮਕਸੂਰ (ਕਸਰ ਜ਼ਿਹਾਫ਼ ਨਾਲ)

ਫ਼ਾਇਲਾਤੁਨ ਫ਼ਾਇਲਾਤੁਨ ਫ਼ਾਇਲਾਤੁਨ ਫ਼ਾਇਲਾਤੁ

SISS SISS SISS SISI (ਕਸਰ)

2122 2122 2122 2121

3. ਰਮਲ-ਮੁਸੰਮਨ ਮਹਿਜ਼ੂਫ਼ (ਹਜ਼ਫ਼ ਜ਼ਿਹਾਫ਼ ਦੇ ਨਾਲ)

ਫ਼ਾਇਲਾਤੁਨ ਫ਼ਾਇਲਾਤੁਨ ਫ਼ਾਇਲਾਤੁਨ ਫ਼ਾਇਲੁਨ

SISS SISS SISS SIS (ਹਜ਼ਫ਼)

2122 2122 2122 212

4. ਬਹਿਰ-ਰਮਲ ਮੁਸੰਮਨ ਮਕਤੂਅ ਮਹਿਜ਼ੂਫ਼ (ਕਤਅ ਤੇ ਹਜ਼ਫ਼)

ਫ਼ਾਇਲਾਤੁਨ ਫ਼ਾਇਲਾਤੁਨ ਫ਼ਾਇਲਾਤੁਨ ਫ਼ਿਅਲੁਨ

SISS SISS SISS SS

ਬਹਿਰ (ਕਤਅ +ਹਜ਼ਫ਼)

2122 2122 2122 22

5. ਬਹਿਰ ਰਮਲ ਮੁਸੰਮਨ ਅਬਤਰ (ਬਤਰ ਜ਼ਿਹਾਫ਼ ਨਾਲ)

ਫ਼ਾਇਲਾਤੁਨ ਫ਼ਾਇਲਾਤੁਨ ਫ਼ਾਇਲਾਤੁਨ ਫ਼ਿਅ

SISS SISS SISS S (ਬਤਰ)

2122 2122 2122 2

6. ਬਹਿਰ – ਰਮਲ ਮੁਸੰਮਨ ਮਸ਼ਕੂਲ (ਸ਼ਕਲ ਜ਼ਿਹਾਫ਼ ਨਾਲ)

ਫ਼ਿਇਲਾਤੁ ਫ਼ਾਇਲਾਤੁਨ ਫ਼ਿਇਲਾਤ ਫ਼ਾਇਲਾਤੁਨ

IISI SISS IISI SISS

(ਸ਼ਕਲ) (ਸ਼ਕਲ)

1121 2122 1121 2122

7. ਬਹਿਰ– ਰਮਲ ਮੁਸੰਮਨ ਮਖ਼ਬੂਨ ਮਹਿਜ਼ੂਫ਼ (ਖ਼ਬਨ ਤੇ ਹਜ਼ਫ਼ ਜ਼ਿਹਾਫ਼ ਨਾਲ)

ਫ਼ਾਇਲਾਤੁਨ ਫ਼ਿਇਲਾਤੁਨ ਫ਼ਿਇਲਾਤੁਨ ਫ਼ਿਇਲੁਨ

IISS IISS IISS IIS

(ਖ਼ਬਨ) (ਖ਼ਬਨ) (ਖ਼ਬਨ + ਹਜ਼ਫ਼)

8.ਬਹਿਰ– ਰਮਲ-ਮਖ਼ਬੂਨ ਮਕਸੂਰ (ਖ਼ਬਨ ਤੇ ਕਸਰ ਜ਼ਿਹਾਫ਼ ਨਾਲ)

ਫ਼ਾਇਲਾਤੁਨ ਫ਼ਇਲਾਤੁਨ ਫ਼ਿਇਲਾਤੁਨ ਫਿਇਲਾਤੁ

SISS IISS IISS IISI

(ਖ਼ਬਨ) (ਖ਼ਬਨ) (ਖ਼ਬਨ+ਕਸਰ)

2122 1122 1122 1121

9. ਬਹਿਰ-ਰਮਲ ਮਸ਼ਅਸ਼ (ਤਸ਼ਈਸ਼ ਜ਼ਿਹਾਫ਼ ਨਾਲ)

ਫ਼ਾਇਲਾਤੁਨ ਮਫ਼ਊਲੁਨ ਫ਼ਾਇਲਾਤੁਨ ਮਫ਼ਊਲੁਨ

SISS SSS SISS SSS

(ਤਸ਼ਈਸ਼) (ਤਸ਼ਈਸ਼)

2122 222 2122 222

10. ਬਹਿਰ-ਰਮਲ ਮੁਸੰਮਨ ਮਖ਼ਬੂਨ ਮਕਸੂਰ ਮਸ਼ਅਸ਼ (ਖ਼ਬਨ ਕਸਰ ਤੇ ਤਸ਼ਈਸ਼ ਜ਼ਿਹਾਫ਼ਾਂ ਨਾਲ)

ਫ਼ਾਇਲਾਤੁਨ ਫ਼ਿਇਲਾਤੁਨ ਫ਼ਿਇਲਾਤੁਨ ਮਫ਼ਊਲੁ

SISS IISS IISS SSI

(ਖ਼ਬਨ) (ਖ਼ਬਨ) (ਕਸਰ+ਤਸ਼ਈਸ਼)

2122 1122 1122 221

11.ਬਹਿਰ– ਰਮਲ ਮੁਸੰਮਨ ਮਖ਼ਬੂਨ ਮਹਿਜ਼ੂਫ਼ ਮਕਤੂਅ (ਖ਼ਬਨ ਹਜ਼ਫ਼ ਤੇ ਕਤਅ ਜ਼ਿਹਾਫ਼ਾਂ ਨਾਲ)

ਫ਼ਾਇਲਾਤੁਨ ਫ਼ਿਇਲਾਤੁਨ ਫ਼ਿਇਲਾਤੁਨ ਫ਼ਿਅਲੁਨ

SISS IISS IISS SS

(ਖ਼ਬਨ) (ਖ਼ਬਨ) (ਹਜ਼ਫ+ ਕਤਅ)

2122 1122 1122 22

12. ਬਹਿਰ– ਰਮਲ ਮੁਸੰਮਨ ਮੁਸਬੱਗ (ਤਸਬੀਗ)

ਫ਼ਾਇਲਾਤੁਨ ਫ਼ਾਇਲਾਤੁਨ ਫ਼ਾਇਲਾਤੁਨ ਫ਼ਾਇਲਾਤਾਨ

SISS SISS SISS SISSI

2122 2122 2122 21221

13. ਬਹਿਰ ਰਮਲ ਮੁਸੰਮਨ ਮਕਫ਼ੂਫ਼ ਮਹਿਜ਼ੂਫ਼

ਫ਼ਾਇਲਾਤੁ ਫ਼ਾਇਲਾਤੁ ਫ਼ਾਇਲਾਤੁ ਫ਼ਾਇਲੁਨ

SISI SISI SISI SIS

(ਕਫ਼) (ਕਫ਼) (ਕਫ਼) (ਹਜ਼ਫ਼)

2121 2121 2121 212

14. ਬਹਿਰ ਰਮਲ ਮੁਸੰਮਨ ਮਰਬੂਅ (ਰਬਅ ਜ਼ਿਹਾਫ਼ ਨਾਲ)

ਫ਼ਾਇਲਾਤੁਨ ਫ਼ਾਇਲਾਤੁਨ ਫ਼ਾਇਲਾਤੁਨ ਫ਼ਿਅਲ

SISS SISS SISS IS (ਰਬਅ)

2122 2122 2122 12

15. ਬਹਿਰ– ਰਮਲ ਮੁਸੰਮਨ ਮਜ਼ਹੂਫ਼ (ਜ਼ਹਫ਼ ਜ਼ਿਹਾਫ਼ ਨਾਲ)

ਫ਼ਾਇਲਾਤੁਨ ਫ਼ਾਇਲਾਤੁਨ ਫਾਇਲਾਤੁਨ ਫ਼ਿਅ

SISS SISS SISS S (ਜ਼ਹਫ਼)

2122 2122 2122 2

16. ਬਹਿਰ – ਰਮਲ ਮੁਸੰਮਨ ਮਜ਼ਹੂਫ਼ ਮੁਸੱਬਗ (ਜ਼ਹਫ਼ ਤੇ ਤਸਬੀਗ ਜ਼ਿਹਾਫ਼ਾਂ ਨਾਲ)

ਫ਼ਾਇਲਾਤੁਨ ਫ਼ਾਇਲਾਤੁਨ ਫ਼ਾਇਲਾਤੁਨ ਫ਼ਾਅ
SISS SISS SISS IS (ਜ਼ਹਫ਼+ਤਸਬੀਗ)
2122 2122 2122 21

17. ਬਹਿਰ – ਰਮਲ ਮੁਸੰਮਨ ਮਕਤੂਅ ਮੁਸੱਬਗ (ਕਤਅ ਤੇ ਤਸਬੀਗ ਜ਼ਿਹਾਫ਼ ਨਾਲ)

ਫ਼ਾਇਲਾਤੁਨ ਫ਼ਾਇਲਾਤੁਨ ਫ਼ਾਇਲਾਤੁਨ ਫ਼ਿਅਲਾਂ
SISS SISS SISS SSI
(ਕਤਅ + ਤਸਬੀਗ)
2122 2122 2122 221

18. ਬਹਿਰ– ਰਮਲ ਮੁਸੱਦਸ ਸਾਲਿਮ

ਫ਼ਾਇਲਾਤੁਨ ਫ਼ਾਇਲਾਤੁਨ ਫ਼ਾਇਲਾਤੁਨ
SISS SISS SISS
2122 2122 2122

19. ਬਹਿਰ– ਰਮਲ ਮੁਸੱਦਸ ਮਕਸੂਰ (ਕਸਰ ਜ਼ਿਹਾਫ਼ ਨਾਲ)

ਫ਼ਾਇਲਾਤੁਨ ਫ਼ਾਇਲਾਤੁਨ ਫ਼ਾਇਲਾਤੁ
SISS SISS SSI (ਕਸਰ)
2122 2122 2121

20. ਬਹਿਰ ਰਮਲ– ਮੁਸੱਦਸ ਮਹਿਜ਼ੂਫ਼ (ਹਜ਼ਫ਼ ਜ਼ਿਹਾਫ਼ ਨਾਲ)

ਫ਼ਾਇਲਾਤੁਨ ਫ਼ਾਇਲਾਤੁਨ ਫ਼ਾਇਲੁਨ
SISS SISS SIS (ਹਜ਼ਫ਼)
2122 2122 212

21. ਬਹਿਰ– ਰਮਲ ਮੁਸੱਦਸ ਮਕਤੂਅ ਮਹਿਜ਼ੂਫ਼ (ਕਤਅ ਤੇ ਹਜ਼ਫ਼ ਜ਼ਿਹਾਫ਼)

ਫ਼ਾਇਲਾਤੁਨ ਫ਼ਾਇਲਾਤੁਨ ਫ਼ਿਅਲੁਨ
SISS SISS SS (ਕਤਅ+ ਹਜ਼ਫ਼)
2122 2122 22

22. ਬਹਿਰ– ਰਮਲ ਮੁਸੱਦਸ ਅਬਤਰ (ਬਤਰ ਜ਼ਿਹਾਫ਼ ਨਾਲ)

ਫ਼ਾਇਲਾਤੁਨ ਫ਼ਾਇਲਾਤੁਨ ਫ਼ਿਅ
SISS SISS S (ਬਤਰ)
2122 2122 2

23. ਬਹਿਰ – ਰਮਲ ਮੁਸੱਦਸ ਮਸ਼ਕੂਲ (ਸ਼ਕਲ ਜ਼ਿਹਾਫ਼ ਨਾਲ)

ਫ਼ਿਇਲਾਤੁ ਫ਼ਾਇਲਾਤੁਨ ਫ਼ਿਇਲਾਤੁ

IISI SISS IISI
(ਸ਼ਕਲ) (ਸ਼ਕਲ)
1121 2122 1121

24. ਬਹਿਰ– ਰਮਲ ਮੁਸੱਦਸ ਮਖ਼ਬੂਨ ਮਹਿਜ਼ੂਫ਼ (ਖ਼ਬਨ ਤੇ ਹਜ਼ਫ ਜ਼ਿਹਾਫ਼ਾਂ ਨਾਲ)

ਫ਼ਾਇਲਾਤੁਨ ਫ਼ਿਇਲਾਤੁਨ ਫ਼ਿਇਲੁਨ
SISS IISS IIS
(ਖ਼ਬਨ) (ਖ਼ਬਨ + ਹਜ਼ਫ਼)
2122 1122 112

25. ਬਹਿਰ ਰਮਲ ਮੁਸੱਦਸ ਮਖ਼ਬੂਨ ਮਕਸੂਰ (ਖ਼ਬਨ ਤੇ ਕਸਰ ਜ਼ਿਹਾਫ਼ਾਂ ਨਾਲ)

ਫ਼ਾਇਲਾਤੁਨ ਫ਼ਿਇਲਾਤੁਨ ਫ਼ਿਇਲਾਤੁ
SISS IISS IISI
(ਖ਼ਬਨ) (ਖ਼ਬਨ + ਕਸਰ)
2122 1122 1121

26. ਬਹਿਰ– ਰਮਲ ਮੁਸੱਦਸ ਮਖ਼ਬੂਨ ਮਕਸੂਰ ਮਸ਼ਅਸ਼ (ਖ਼ਬਨ ਕਸਰ ਤੇ ਤਸ਼ਈਸ਼ ਜ਼ਿਹਾਫ਼ਾਂ ਨਾਲ)

ਫ਼ਾਇਲਾਤੁਨ ਫ਼ਿਇਲਾਤੁਨ ਮਫ਼ਊਲੁ
SISS IISS SSI
(ਖ਼ਬਨ) (ਕਸਰ + ਤਸ਼ਈਸ਼)
2122 1122 221

27. ਬਹਿਰ– ਰਮਲ ਮੁਸੱਦਸ ਮਖ਼ਬੂਨ ਮਹਿਜ਼ੂਫ਼ ਮਕਤੂਅ (ਖ਼ਬਨ ਹਜ਼ਫ਼ ਤੇ ਕਤਅ ਜ਼ਿਹਾਫ਼ਾਂ ਨਾਲ)

ਫ਼ਾਇਲਾਤੁਨ ਫ਼ਿਇਲਾਤੁਨ ਫ਼ਿਅਲੁਨ
SISS IISS SS
(ਖ਼ਬਨ) (ਹਜ਼ਫ਼+ ਮਕਤੂਅ)
2122 1122 22

28. ਬਹਿਰ–ਰਮਲ ਮੁਸੱਦਸ ਮਸ਼ਅਸ਼ (ਤਸ਼ਈਸ਼ ਜ਼ਿਹਾਫ਼ ਨਾਲ)

ਫ਼ਾਇਲਾਤੁਨ ਫ਼ਾਇਲਾਤੁਨ ਮਫ਼ਊਲੁਨ (ਤਸ਼ਈਸ਼)
SISS SISS SSS
2122 2122 222

29. ਬਹਿਰ ਰਮਲ ਮੁਸੱਦਸ ਮੁਸੱਬਗ਼ (ਤਸਬੀਗ਼ ਜ਼ਿਹਾਫ਼ ਨਾਲ)

ਫ਼ਾਇਲਾਤੁਨ ਫ਼ਾਇਲਾਤੁਨ ਫ਼ਾਇਲਾਤਾਨ

SISS   SISS   SISSI   (ਤਸਬੀਗ਼)
2122   2122   21221

30. ਬਹਿਰ– ਰਮਲ ਮੁਸੱਦਸ ਮਜ਼ਹੂਫ਼ (ਜ਼ਹਫ਼ ਜ਼ਿਹਾਫ਼ ਨਾਲ)

ਫ਼ਾਇਲਾਤੁਨ   ਫ਼ਾਇਲਾਤੁਨ   ਫ਼ਿਅ
SISS   SISS   S   (ਜ਼ਹਫ਼)
2122   2122   2

31. ਬਹਿਰ – ਰਮਲ ਮੁਸੱਦਸ ਮਰਬੂਅ (ਰਬਅ ਜ਼ਿਹਾਫ਼ ਨਾਲ)

ਫ਼ਾਇਲਾਤੁਨ   ਫ਼ਾਇਲਾਤੁਨ   ਫ਼ਿਅਲ
SISS   SISS   IS   (ਰਬਅ)
2122   2122   12

32. ਬਹਿਰ – ਰਮਲ ਮੁਸੱਦਸ ਮਕਤੂਅ ਮੁਸੱਬਗ (ਕਤਅ ਤੇ ਤਸਬੀਗ਼ ਜ਼ਿਹਾਫ਼ ਨਾਲ)

ਫ਼ਾਇਲਾਤੁਨ   ਫ਼ਾਇਲਾਤੁਨ   ਫ਼ਿਅਲਾਂ
SISS   SISS   SSI   (ਕਤਅ + ਤਸਬੀਗ਼)
2122   2122   221

33. ਬਹਿਰ –ਰਮਲ ਮੁਸੱਦਸ ਮਜ਼ਹੂਫ਼ ਮੁਸੱਬਗ (ਜ਼ਹਫ਼ ਤੇ ਤਸਬੀਗ਼ ਜ਼ਿਹਾਫ਼ ਨਾਲ)

ਫ਼ਾਇਲਾਤੁਨ   ਫਾਇਲਾਤੁਨ   ਫ਼ਾਅ
SISS   SISS   SI   (ਜ਼ਹਫ਼ + ਤਸਬੀਗ਼)
2122   2122   21

34. ਬਹਿਰ ਰਮਲ ਮੁਸੱਦਸ ਮਕਫ਼ੂਫ਼ ਮਹਿਜ਼ੂਫ਼ (ਕਫ਼ ਤੇ ਹਜ਼ਫ਼ ਜ਼ਿਹਾਫ਼ ਨਾਲ)

ਫ਼ਾਇਲਾਤੁ   ਫ਼ਾਇਲਾਤੁ   ਫ਼ਾਇਲੁਨ
SISI   SISI   SIS
(ਕਫ਼)   (ਕਫ਼)   (ਹਜ਼ਫ਼)
2121   2121   212

35. ਬਹਿਰ– ਰਮਲ ਮੁਰੱਬਾ ਸਾਲਿਮ

ਫ਼ਾਇਲਾਤੁਨ   ਫ਼ਾਇਲਾਤੁਨ
SISS   SISS
2122   2122

36. ਬਹਿਰ ਰਮਲ ਮੁਰੱਬਾ ਮਕਸੂਰ (ਕਸਰ ਜ਼ਿਹਾਫ਼ ਨਾਲ)

ਫ਼ਾਇਲਾਤੁਨ   ਫ਼ਾਇਲਾਤੁ

SISS   SISI   (ਕਸਰ)
2122   2121

37. ਬਹਿਰ– ਰਮਲ ਮੁਰੱਬਾ ਮਹਿਜ਼ੂਫ਼ (ਹਜ਼ਫ਼ ਜ਼ਿਹਾਫ਼)

ਫ਼ਾਇਲਾਤੁਨ   ਫ਼ਾਇਲੁਨ
SISS   SIS   (ਹਜ਼ਫ਼)
2122   212

38. ਬਹਿਰ– ਰਮਲ ਮੁਰੱਬਾ ਮੁਰੱਬਾ ਮਕਤੂਅ ਮਹਿਜ਼ੂਫ਼ (ਕਤਅ ਤੇ ਹਜ਼ਫ਼ ਜ਼ਿਹਾਫ਼ ਨਾਲ)

ਫ਼ਾਇਲਾਤੁਨ   ਫ਼ਿਅਲੁਨ
SISS   SS   (ਕਤਅ+ਹਜ਼ਫ਼)
2122   22

39. ਬਹਿਰ –ਰਮਲ ਮੁਰੱਬਾ ਅਬਤਰ (ਬਤਰ ਜ਼ਿਹਾਫ਼ ਨਾਲ)

ਫ਼ਾਇਲਾਤੁਨ   ਫ਼ਿਅ
SISS   S   (ਬਤਰ)
2122   2

40.ਬਹਿਰ–ਰਮਲ ਮੁਰੱਬਾ ਮਸ਼ਕੂਲ (ਸ਼ਕਲ ਜ਼ਿਹਾਫ਼ ਨਾਲ)

ਫ਼ਿਇਲਾਤੁ   ਫ਼ਾਇਲਾਤੁਨ
IISI   SISS
(ਸ਼ਕਲ)
1121   2122

41. ਬਹਿਰ ਰਮਲ ਮੁਰੱਬਾ ਮਖ਼ਬੂਨ ਮਹਿਜ਼ੂਫ਼ (ਖ਼ਬਨ ਤੇ ਹਜ਼ਫ਼ ਜ਼ਿਹਾਫ਼ਾਂ ਨਾਲ)

ਫ਼ਾਇਲਾਤੁਨ   ਫ਼ਿਇਲੁਨ
SISS   IIS   (ਖ਼ਬਨ + ਹਜ਼ਫ਼)
2122   112

42. ਬਹਿਰ–ਰਮਲ ਮੁਰੱਬਾ ਮਖ਼ਬੂਨ ਮਕਸੂਰ (ਖ਼ਬਨ ਤੇ ਕਸਰ ਜ਼ਿਹਾਫ਼ਾਂ ਨਾਲ)

ਫ਼ਾਇਲਾਤੁਨ   ਫ਼ਿਇਲਾਤੁ
SISS   IISI   (ਖ਼ਬਨ+ ਕਸਰ)
2122   1121

43.ਬਹਿਰ–ਰਮਲ ਮੁਰੱਬਾ ਮਸ਼ਅਸ਼ (ਤਸ਼ਈਸ਼ ਜ਼ਿਹਾਫ਼ ਨਾਲ)

ਫ਼ਾਇਲਾਤੁਨ ਮਫ਼ਊਲੁਨ

SISS SSS (ਤਸ਼ਈਸ਼)

2122 222

44. ਬਹਿਰ-ਰਮਲ ਮੁਰੱਬਾ ਮਰਬੂਅ (ਰਬਅ ਜ਼ਿਹਾਫ਼ ਨਾਲ)

ਫ਼ਾਇਲਾਤੁਨ ਫ਼ਿਅਲ

SISS IS (ਰਬਅ)

2122 12

45. ਬਹਿਰ ਰਮਲ-ਮੁਰੱਬਾ ਮਜ਼ਹੂਫ਼ (ਜ਼ਹਫ਼ ਜ਼ਿਹਾਫ਼ ਨਾਲ)

ਫ਼ਾਇਲਾਤੁਨ ਫ਼ਅ

SISS S (ਜ਼ਹਫ਼)

2122 2

46. ਬਹਿਰ-ਰਮਲ ਮੁਰੱਬਾ ਮਜ਼ਹੂਫ਼ ਮਸੱਬਗ਼ (ਜ਼ਹਫ਼ ਤੇ ਤਸਬੀਗ਼ ਜ਼ਿਹਾਫ਼ਾਂ ਨਾਲ)

ਫ਼ਾਇਲਾਤੁਨ ਫ਼ਾਅ

SISS SI (ਜ਼ਹਫ਼)

2122 21

47. ਬਹਿਰ-ਰਮਲ ਮੁਰੱਬਾ ਮਕਤੂਅ ਮੁਸੱਬਗ਼ (ਕਤਅ ਤੇ ਤਸਬੀਗ਼ ਜ਼ਿਹਾਫ਼)

ਫ਼ਾਇਲਾਤੁਨ ਫ਼ਿਅਲਾਂ

SISS SSI (ਕਤਅ + ਤਸਬੀਗ਼)

2122 221

ਬਹਿਰ ਰਜਜ਼ ਦੇ ਜ਼ਿਹਾਫ਼ੇ ਰੂਪਾਂ ਦਾ ਵੇਰਵਾ-ਅਰਬੀ ਭਾਸ਼ਾ ਵਿੱਚ ਅਰੂਜ਼ ਦਾ ਅਰਥ ਹੈ ਦਾ ਦੋ ਕਦਮ ਤੁਰਕੇ, ਰੁਕ ਜਾਣਾ ਇਸ ਬਹਿਰ ਦਾ ਇਹ ਨਾਂ ਇਸ ਕਰਕੇ ਪਿਆ ਕਿ ਇਸਦੇ ਰੁਕਨਾਂ ਦੀ ਚਾਲ, ਊਂਠ ਦੀ ਚਾਲ ਵਾਂਗ ਹੈ ਇਸ ਰੁਕਨ ਦੇ ਮੁੱਢ ਵਿੱਚ ਦੋ ਸਬੱਬ ਖ਼ਫ਼ੀਫ਼ ਆਉਂਦੇ ਹਨ ਤੇ ਫੇਰ ਵਤਦ ਮਜਮੂਅ ਇਹ ਬਹਿਰ ਅਰਬ ਲੋਕ ਵੀਰ-ਰਸੀ ਰਚਨਾਵਾਂ ਲਿਖਣ ਵਾਸਤੇ ਵਰਤਦੇ ਸਨ, ਜਿਸ ਤਰ੍ਹਾਂ ਪੰਜਾਬੀ ਵਿੱਚ ਵਾਰ ਛੰਦ ਵੀਰ- ਰਸੀ ਕਵਿਤਾਵਾਂ ਲਿਖਣ ਵਾਸਤੇ ਵਰਤਿਆ ਜਾਂਦੈ ਹੁਣ ਆਪਾਂ ਇਸ ਬਹਿਰ ਦੇ ਜ਼ਿਹਾਫ਼ੇ ਰੂਪਾਂ ਦਾ ਵੇਰਵਾ ਦਿੰਦੇ ਹਾਂ

1. ਬਹਿਰ ਰਜਜ਼ ਮੁਸੰਮਨ ਸਾਲਿਮ-

ਮੁਸਤਫ਼ਇਲੁਨ ਮੁਸਤਫ਼ਇਲੁਨ ਮੁਸਤਫ਼ਇਲੁਨ ਮੁਸਤਫ਼ਇਲੁਨ

SSIS SSIS SSIS SSIS

2212 2212 2212 2212

2. ਬਹਿਰ-ਰਜਜ਼ ਮੁਸੰਮਨ ਮੁਰੱਫ਼ਲ (ਤਰਫ਼ੀਲ ਜ਼ਿਹਾਫ਼ ਨਾਲ)

ਮੁਸਤਫ਼ਇਲੁਨ ਮੁਸਤਫ਼ਇਲੁਨ ਮੁਸਤਫ਼ਇਲੁਨ ਮੁਸਤਫ਼ਇਲਾਤੁਨ

SSIS SSIS SSIS SSISS (ਤਰਫ਼ੀਲ)

2212 2212 2212 22122

3. ਬਹਿਰ- ਰਜਜ਼ ਮੁਸੰਮਨ ਮੁਜਾਲ (ਇਜਾਲ ਜ਼ਿਹਾਫ਼ ਨਾਲ)

ਮੁਸਤਫ਼ਇਲੁਨ ਮੁਸਤਫ਼ਇਲੁਨ ਮੁਸਤਫ਼ਇਲੁਨ ਮੁਸਤਫ਼ਇਲਾਂ

SSIS SSIS SSIS SSISI (ਇਜਾਲ)

2212 2212 2212 22121

4. ਬਹਿਰ- ਰਜਜ਼ ਮੁਸੰਮਨ ਮਖ਼ਬੂਨ (ਖ਼ਬਨ ਜ਼ਿਹਾਫ਼ ਨਾਲ)

ਮੁਸਤਫ਼ਇਲੁਨ ਮੁਸਤਫ਼ਇਲੁਨ ਮੁਸਤਫ਼ਇਲੁਨ ਮੁਫ਼ਾਇਲੁਨ

SSIS SSIS SSIS ISIS (ਖ਼ਬਨ)

2212 2212 2212 1212

5. ਬਹਿਰ-ਰਜਜ਼ ਮੁਸੰਮਨ ਮਕਤੂਅ (ਕਤਅ ਜ਼ਿਹਾਫ਼ ਨਾਲ)

ਮੁਸਤਫ਼ਇਲੁਨ ਮੁਸਤਫ਼ਇਲੁਨ ਮੁਸਤਫ਼ਇਲੁਨ ਮਫ਼ਊਲੁਨ

SSIS SSIS SSIS SSS (ਕਤਅ)

2212 2212 2212 222

6. ਬਹਿਰ- ਰਜਜ਼ ਮੁਸੰਮਨ ਮਹਜੂਜ (ਹਜਜ) ਜ਼ਿਹਾਫ਼ ਨਾਲ)

ਮੁਸਤਫ਼ਇਲੁਨ ਮੁਸਤਫ਼ਇਲੁਨ ਮੁਸਤਫ਼ਇਲੁਨ ਫ਼ਿਅਲੁਨ

SSIS SSIS SSIS SS (ਹਜਜ)

2212 2212 2212 22

7. ਬਹਿਰ- ਰਜਜ਼ ਮੁਸੰਮਨ ਮੁਖ਼ਲਅ (ਖ਼ਲਅ ਜ਼ਿਹਾਫ਼ ਨਾਲ)

ਮੁਸਤਫ਼ਇਲੁਨ ਮੁਸਤਫ਼ਇਲੁਨ ਮੁਸਤਫ਼ਇਲੁਨ ਫ਼ਿਅਲ

SSIS SSIS SSIS IS (ਖ਼ਲਅ)

2212 2212 2212 12

8. ਬਹਿਰ - ਰਜਜ਼ ਮੁਸੰਮਨ ਮਖ਼ਬੂਲ (ਖ਼ਬਲ ਜ਼ਿਹਾਫ਼ ਨਾਲ)

ਮੁਸਤਫ਼ਇਲੁਨ ਮੁਸਤਫ਼ਇਲੁਨ ਮੁਸਤਫ਼ਇਲੁਨ ਫ਼ਿਇਲੁਤੁਨ

SSIS SSIS SSIS IIIS (ਖ਼ਬਲ)

2212 2212 2212 1112

9. ਬਹਿਰ-ਰਜਜ਼ ਮੁਸੰਮਨ ਮਤਵੀ (ਤੈ ਜ਼ਿਹਾਫ਼ ਨਾਲ)

ਮੁਸਤਫ਼ਇਲੁਨ ਮੁਸਤਫ਼ਇਲੁਨ ਮੁਸਤਫ਼ਇਲੁਨ ਮੁਫ਼ਤੁਇਲੁਨ

SSIS SSIS SSIS SIIS (ਤੈ)

2212 2212 2212 2112

10. ਬਹਿਰ–ਰਜਜ਼ ਮੁਸੰਮਨ ਮਰਫ਼ੂਅ (ਰਫ਼ਅ ਜ਼ਿਹਾਫ਼ ਨਾਲ)
ਮੁਸਤਫ਼ਇਲੁਨ ਮੁਸਤਫ਼ਇਲੁਨ ਮੁਸਤਫ਼ਇਲੁਨ ਫ਼ਾਇਲੁਨ
SSIS SSIS SSIS SIS (ਰਫ਼ਅ)
2212 2212 2212 212

11. ਬਹਿਰ ਰਜਜ਼ ਮਖ਼ਬੂਨ ਮਤਵੀ (ਖ਼ਬਨ ਤੇ ਤੈ ਜ਼ਿਹਾਫ਼ ਨਾਲ)
ਮੁਫ਼ਾਇਲੁਨ ਮੁਫ਼ਤੁਇਲੁਨ ਮੁਫ਼ਾਇਲੁਨ ਮੁਫ਼ਤੁਇਲੁਨ
ISIS SIIS ISIS SIIS
(ਖ਼ਬਨ) (ਤੈ) (ਖ਼ਬਨ) (ਤੈ)
1212 2112 1212 2112

